Distributed in Toronto, Calgary, Vancouver, Winnipeg and Edmonton and Online Worldwide.

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-7, ਅੰਕ-10, ਸਤੰਬਰ 2017

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220

Registration No. 210836300






-ਬੂਟਾ ਸਿੰਘ ਨਵਾਂਸ਼ਹਿਰ
94634-74342

ਆਖ਼ਿਰਕਾਰ 25 ਅਗਸਤ ਨੂੰ 'ਡੇਰਾ ਸੱਚਾ ਸੌਦਾ' ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਸੀ.ਬੀ.ਆਈ. ਦੀ ਅਦਾਲਤ ਵਲੋਂ ਕਸੂਰਵਾਰ ਕਰਾਰ ਦੇ ਦਿੱਤਾ ਗਿਆ। ਤਿੰਨ ਦਿਨ ਬਾਦ ਉਸਨੂੰ 20 ਸਾਲ ਬਾਮੁਸ਼ੱਕਤ ਕੈਦ ਅਤੇ 30 ਲੱਖ ਰੁਪਏ ਦੀ ਸਜ਼ਾ ਸੁਣਾਈ ਗਈ ਹੈ। ਇਸ ਨਾਲ ਜਿਥੇ ਉਸਦਾ ਦੈਵੀ ਮੁਖੌਟਾ ਲਹਿਕੇ ਉਸਦਾ ਮੁਜਰਿਮ ਕਿਰਦਾਰ ਬੇਪਰਦ ਹੋ ਗਿਆ ਉੱਥੇ ਉਸਦੀ 'ਬਹਾਦਰੀ' ਦੀ ਅਸਲੀਅਤ ਵੀ ਸਾਹਮਣੇ ਆ ਗਈ ਜਿਸਦਾ ਅਸ਼ਲੀਲ ਦਿਖਾਵਾ ਉਹ ਆਪਣੀਆਂ ਵਾਹਯਾਤ ਫਿਲਮਾਂ ਵਿਚ ਗੱਜ-ਵੱਜਕੇ ਕਰਦਾ ਆ ਰਿਹਾ ਸੀ। ਉਸ ਉੱਪਰ ਆਪਣੇ ਡੇਰੇ ਦੀਆਂ ਸਾਧਣੀਆਂ ਨਾਲ ਜਬਰਜਨਾਹ ਦਾ ਸੰਗੀਨ ਮੁਕੱਦਮਾ ਚੱਲ ਰਿਹਾ ਸੀ। ਇਸ ਤੋਂ ਬਿਨਾਂ, ਉਸ ਉੱਪਰ 'ਪੂਰਾ ਸੱਚ' ਅਖ਼ਬਾਰ ਦੇ ਸੰਪਾਦਕ ਰਾਮਚੰਦਰ ਛਤਰਪਤੀ ਅਤੇ ਡੇਰੇ ਦੇ ਸਾਬਕਾ ਪ੍ਰਬੰਧਕੀ ਮੈਂਬਰ ਰਣਜੀਤ ਸਿੰਘ ਨੂੰ ਕਤਲ ਕਰਾਉਣ ਅਤੇ ਡੇਰੇ ਦੇ ਚਾਰ ਸੌ ਸੇਵਾਦਾਰਾਂ ਨੂੰ ਨਪੁੰਸਕ ਬਣਾਉਣ ਦੇ ਤਿੰਨ ਹੋਰ ਸੰਗੀਨ ਮੁਕੱਦਮੇ ਵੀ ਸੁਣਵਾਈ ਅਧੀਨ ਹਨ। ਇਸ ਫ਼ੈਸਲੇ ਦਾ ਇਕ ਪੱਖ ਇਹ ਵੀ ਹੈ ਕਿ ਉਹ ਹਾਕਮ ਜਮਾਤੀ ਸਿਆਸਤਦਾਨ ਕਟਹਿਰੇ ਵਿਚ ਖੜ੍ਹੇ ਹੋਣ ਤੋਂ ਸਾਫ਼ ਬਚ ਗਏ ਜਿਨ੍ਹਾਂ ਦਾ ਇਸ ਮੁਜਰਿਮ ਨਾਲ ਗੰਢ-ਚਿਤਰਾਵਾ ਸੀ ਅਤੇ ਉਹ ਅਸਿੱਧੇ ਤੌਰ 'ਤੇ ਇਸਦੇ ਜੁਰਮਾਂ ਵਿਚ ਹਿੱਸੇਦਾਰ ਸਨ। ਮੀਡੀਆ ਦੇ ਵੱਡੇ ਹਿੱਸੇ ਦੀ ਘਿਣਾਉਣੀ ਭੂਮਿਕਾ ਵੀ ਸਾਹਮਣੇ ਆ ਗਈ। ਚਾਪਲੂਸ ਟੀ.ਵੀ. ਚੈਨਲਾਂ ਦਾ ਕਮਾਲ ਦੇਖੋ, ਸਜ਼ਾ ਸੁਣਾਏ ਜਾਣ ਤੋਂ ਬਾਦ ਉਹ ਰਾਤੋਰਾਤ 'ਬਾਬਾ' ਤੋਂ 'ਗੁੰਡਾ' ਬਣ ਗਿਆ।

ਜਿਸ ਮੁਕੱਦਮੇ ਦਾ ਫ਼ੈਸਲਾ ਸੁਣਾਇਆ ਗਿਆ ਹੈ ਉਸਦਾ ਆਗਾਜ਼ ਡੇਰੇ ਦੀ ਇਕ ਸਾਧਣੀ ਵਲੋਂ ਮਈ 2002 'ਚ ਡੇਰਾ ਮੁਖੀ ਉੱਪਰ ਜਿਨਸੀ ਸ਼ੋਸ਼ਣ ਦਾ ਇਲਜ਼ਾਮ ਲਗਾਉਂਦੇ ਹੋਏ ਪ੍ਰਧਾਨ ਮੰਤਰੀ ਨੂੰ ਇਕ ਬੇਨਾਮ ਚਿੱਠੀ ਲਿਖੇ ਜਾਣ ਨਾਲ ਹੋਇਆ ਸੀ ਜਿਸਦੀ ਨਕਲ ਪੰਜਾਬ-ਹਰਿਆਣਾ ਹਾਈਕੋਰਟ ਦੇ ਚੀਫ਼ ਜਸਟਿਸ ਨੂੰ ਭੇਜਕੇ ਡੇਰੇ ਵਿਚ ਸਾਧਣੀਆਂ ਦੇ ਜਿਨਸੀ ਸ਼ੋਸ਼ਣ ਦੇ ਘੁਟਾਲੇ ਦੀ ਜਾਂਚ ਦੀ ਮੰਗ ਕੀਤੀ ਗਈ ਸੀ। 'ਰੱਬ ਦਾ ਦੂਤ' ਵਲੋਂ ਸੱਤਾ ਦੇ ਗਲਿਆਰਿਆਂ ਵਿਚ ਆਪਣੇ ਜ਼ਬਰਦਸਤ ਰਸੂਖ਼ ਸਮੇਤ ਹਰ ਹਰਬਾ ਇਸਤੇਮਾਲ ਕਰਕੇ ਇਸ ਮਾਮਲੇ ਨੂੰ ਦਬਾਉਣ ਦੀ ਪੂਰੀ ਵਾਹ ਲਾਈ ਗਈ। ਇਹ ਮਾਮਲੇ ਉਠਾਉਣ ਵਾਲਿਆਂ ਅਤੇ ਉਨ੍ਹਾਂ ਦਾ ਸਾਥ ਦੇਣ ਵਾਲਿਆਂ ਨੂੰ ਧਮਕੀਆਂ ਦੇਣ ਤੋਂ ਲੈਕੇ

(ਬਾਕੀ ਸਫ਼ਾ 15)



4
ਅਮੀਰ ਕੈਨੇਡਾ ਦੇ ਗਰੀਬ ਬਜ਼ੁਰਗ



10
ਭਾਅ ਜੀ ਗੁਰਸ਼ਰਨ ਸਿੰਘ ਨੂੰ ਯਾਦ ਕਰਦਿਆਂ



25
ਗੋਰਖਪੁਰ ਹਸਪਤਾਲ ਦੁਖਾਂਤ: ਇੱਕ ਮੁੱਢਲੀ ਪੜਚੋਲ

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 9 ਸਤੰਬਰ ਦਿਨ ਸ਼ਨੀਵਾਰ ਨੂੰ 8ਵਾਂ ਤਰਕਸ਼ੀਲ ਨਾਟਕ ਸਮਾਗਮ 1.30 ਤੋਂ 5.00 ਵਜੇ ਤੱਕ ਜੈਨਸਸ ਸੈਂਟਰ ਵਿਖੇ ਹੋਵੇਗਾ।

19

SUPER VISA INSURANCE


PUNJAB INSURANCE INC.



Sherjang Singh Rana
416.910.9000

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Sandeep Ahuja
416.660.1010

### 'ਗੁਜਰਾਤ ਫ਼ਾਈਲਜ਼' ਦਾ ਪੰਜਾਬੀ ਅਨੁਵਾਦ ਲੋਕਾਂ ਦੇ ਭਾਰੀ ਇਕੱਠ ਵਿਚ ਲੋਕ-ਅਰਪਿਤ

# ਭਾਰਤ 'ਚ ਭਗਵੇਂ ਹਮਲੇ ਖਿਲਾਫ, ਵੱਖੋ-ਵੱਖੋ ਘੱਟ-ਗਿਣਤੀਆਂ ਦੇ ਏਕੇ ਦੀ ਲੋੜ : ਰਾਣਾ ਅਯੂਬ








ਬਰੈਂਪਟਨ, (ਡਾ. ਸੁਖਦੇਵ ਸਿੰਘ ਝੰਡ/ ਡਾ. ਹਰਦੀਪ ਸਿੰਘ ਅਟਵਾਲ) : ਬੀਤੇ ਸ਼ਨੀਵਾਰ 19 ਅਗਸਤ ਨੂੰ 'ਪਰੋ-ਪੀਪਲ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ', 'ਸਰੋਕਾਰਾਂ ਦੀ ਆਵਾਜ਼' ਅਤੇ 'ਕੈਨੇਡੀਅਨਜ਼ ਅਗੇਨਸਟ ਟਾਰਚਰ' ਵੱਲੋਂ ਹੋਰ ਅਗਾਂਹ-ਵਧੂ ਸੰਸਥਾਵਾਂ ਦੇ ਸਹਿਯੋਗ ਨਾਲ ਸੈਂਚਰੀ ਗਾਰਡਨ ਰੀਕਰੀਏਸ਼ਨ ਸੈਂਟਰ ਵਿਚ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਪੁਸਤਕ 'ਗੁਜਰਾਤ ਫ਼ਾਈਲਜ਼: ਅਨਾਟਮੀ ਆਫ਼ ਕੱਵਰ-ਅੱਪ' ਨਾਲ ਭਾਰਤ ਵਿਚ ਤਹਿਲਕਾ ਮਚਾਉਣ ਵਾਲੀ ਲੇਖਿਕਾ ਅਤੇ ਸਾਬਕਾ-ਪੱਤਰਕਾਰ ਰਾਣਾ ਅਯੂਬ ਨੇ ਲੋਕਾਂ ਨੂੰ ਸੰਬੋਧਨ ਕੀਤਾ। ਸਮਾਗਮ ਵਿਚ ਰਾਣਾ ਅਯੂਬ ਦੀ ਇਸ ਅੰਗਰੇਜ਼ੀ ਪੁਸਤਕ ਦਾ ਪੰਜਾਬੀ ਅਨੁਵਾਦ 'ਗੁਜਰਾਤ ਫ਼ਾਈਲਾਂ : ਪਰਦਾਪੋਸ਼ੀ ਦੀ ਚੀਰ ਫ਼ਾੜ' ਵੀ ਲੋਕ-ਅਰਪਿਤ ਕੀਤਾ ਗਿਆ ਇਸ ਦਾ ਅਨੁਵਾਦ ਬੂਟਾ ਸਿੰਘ ਨਵਾਂ-ਸ਼ਹਿਰ ਵੱਲੋਂ ਕੀਤਾ ਗਿਆ ਹੈ। ਇਸ ਦੇ ਨਾਲ ਹੀ ਹਿਊਗ ਜੇ. ਐੱਮ. ਜੌਹਨਸਟਨ ਦੀ ਕਾਮਾਗਾਟਾਮਾਰੂ ਦੁਖਾਂਤ ਬਾਰੇ ਅੰਗਰੇਜ਼ੀ ਵਿਚ ਲਿਖੀ ਗਈ ਪੁਸਤਕ ਦਾ ਪੰਜਾਬੀ ਅਨੁਵਾਦ 'ਕਾਮਾਗਾਟਾਮਾਰੂ ਦੀ ਯਾਤਰਾ ਵੀ ਰੀਲੀਜ਼ ਕੀਤੀ ਗਈ। ਸਮਾਗਮ ਦੌਰਾਨ ਰਾਣਾ ਅਯੂਬ ਨੇ ਬੋਲਦਿਆਂ ਕਿਹਾ ਕਿ ਭਾਰਤ ਵਿਚ ਘੱਟ-ਗਿਣਤੀਆਂ ਨਾਲ ਸਬੰਧਿਤ ਲੋਕਾਂ ਨੂੰ ਆਪਸ ਵਿਚ ਲੜਨ ਦੀ ਬਜਾਏ ਇਕ-ਮੁੱਠ ਹੋਣ ਦੀ ਸਖ਼ਤ ਜ਼ਰੂਰਤ ਹੈ। ਤਾਂ ਹੀ ਉਹ ਮੌਜੂਦਾ ਭਗਵੇਂ ਦਹਿਸ਼ਤਗਰਦਾਂ ਵੱਲੋਂ ਉਨ੍ਹਾਂ ਉੱਪਰ ਹੋ ਰਹੇ ਲਗਾਤਾਰ ਹਮਲਿਆਂ ਦੀ ਰਾਜਨੀਤੀ ਤੋਂ ਦੇਸ਼ ਨੂੰ ਬਚਾ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਨਵੰਬਰ 1984 ਵਿਚ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿਚ ਹੋਏ ਸਿੱਖ-ਵਿਰੋਧੀ ਹਮਲਿਆਂ ਦੇ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਜ਼ਾਵਾਂ ਮਿਲੀਆਂ ਹੁੰਦੀਆਂ ਤਾਂ ਗੁਜਰਾਤ ਵਿਚ 1993 ਅਤੇ 2002 ਵਿਚ ਮੁਸਲਿਮ-ਵਿਰੋਧੀ ਦੰਗਿਆਂ ਦੀਆਂ ਮਾਰੂ-ਘਟਨਾਵਾਂ ਨਾ ਵਾਪਰਦੀਆਂ ਅਤੇ ਨਾ ਹੀ ਗਿਰਜੇ ਸਾੜ੍ਹਨ ਤੇ ਈਸਾਈਆਂ ਨੂੰ ਮਾਰਨ ਅਤੇ ਸਾੜ੍ਹਨ ਦੀਆਂ ਹਿਰਦੇਵੇਧਕ ਘਟਨਾਵਾਂ ਹੁੰਦੀਆਂ।

ਆਪਣੇ ਸੰਬੋਧਨ ਵਿਚ ਅੱਗੇ ਚੱਲਕੇ ਉਨ੍ਹਾਂ ਹੋਰ ਕਿਹਾ ਕਿ ਉੱਥੇ ਭਾਰਤ ਵਿਚ ਪਹਿਲਾਂ 60 ਸਾਲ ਕਾਂਗਰਸ ਨੇ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਆਪਸ ਵਿਚ ਲੜਾ ਕੇ ਰਾਜ ਕੀਤਾ ਹੈ ਅਤੇ ਹੁਣ ਭਾਰਤੀ ਜਨਤਾ ਪਾਰਟੀ ਵੀ ਉਨ੍ਹਾਂ ਹੀ ਲੀਹਾਂ 'ਤੇ ਚੱਲਦਿਆਂ ਹੋਇਆਂ ਘੱਟ-ਗਿਣਤੀਆਂ ਅਤੇ ਦਲਿਤਾਂ ਨੂੰ ਭਗਵੀਂ ਦਹਿਸ਼ਤ ਨਾਲ ਰਾਜ ਚਲਾਉਣ ਵਾਲੀ ਰਾਜਨੀਤੀ 'ਤੇ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ 'ਤਹਿਲਕਾ' ਮੈਗਜ਼ੀਨ ਵਿਚ ਕੰਮ ਕਰਦਿਆਂ ਉਨ੍ਹਾਂ 2010 ਵਿਚ ਭੇਸਵਟਾਕੇ ਮੈਥਿਲੀ ਤਿਆਗੀ ਨਾਮਕ ਹਿੰਦੂ ਲੜਕੀ ਅਤੇ ਭਾਜਪਾ ਕਾਰਕੁੰਨਾਂ ਦੇ ਰੂਪ ਵਿਚਕ ਈ 'ਸਟਿੰਗ-ਆਪਰੇਸ਼ਨਜ਼' ਦੌਰਾਨ ਸਰਕਾਰੀ ਅਫ਼ਸਰਾਂ ਅਤੇ ਵੱਖ-ਵੱਖ ਲੋਕਾਂ ਨਾਲ ਗੱਲਬਾਤ ਕਰਕੇ ਗੁਜਰਾਤ ਵਿਚ ਹੋਏ ਮੁਸਲਿਮ-ਵਿਰੋਧੀ ਦੰਗਿਆਂ ਨਾਲ ਸਬੰਧਿਤ ਤੱਥ ਇਕੱਠੇ ਕਰਕੇ ਚਰਚਿਤ ਦਸਤਾਵੇਜ਼ 'ਗੁਜਰਾਤਫ਼ਾਈਲਜ਼: ਅਨਾਟਮੀ ਆਫ਼ ਏ ਕੱਵਰ-ਅੱਪ' ਤਿਆਰ ਕੀਤਾ ਜੋ ਕੇਵਲ ਇਕ ਪੁਸਤਕ ਹੀ ਨਹੀਂ ਹੈ ਸਗੋਂ ਗੁਜਰਾਤ ਵਿਚ ਘੱਟ-ਗਿਣਤੀ ਮੁਸਲਮਾਨਾਂ ਉੱਪਰ ਹੋਏ ਅੱਤਿਆਂਚਾਰਾਂ ਦੀ ਸੱਚੀ ਗਾਥਾ ਹੈ। ਉਨ੍ਹਾਂ ਦੱਸਿਆ ਕਿ ਇਹ ਪੁਸਤਕ 13 ਵੱਖ-ਵੱਖ ਭਾਸ਼ਾਵਾਂ ਵਿਚ ਛਪ ਚੁੱਕੀ ਹੈ ਅਤੇ ਹੁਣ ਤੱਕ ਡੇਢ ਲੱਖ ਤੋਂ ਉੱਪਰ ਵਿਕ ਚੁੱਕੀ ਹੈ। ਲੱਗਭੱਗ ਅੱਧੇ ਘੰਟੇ ਦੇ ਆਪਣੇ ਸੰਬੋਧਨ ਤੋਂ ਬਾਅਦ ਰਾਣਾ ਅਯੂਬ ਨੇ ਇਸ ਮੌਕੇ ਭਾਰੀ ਇਕੱਠ ਵਿਚ ਸ਼ਾਮਲ ਲੋਕਾਂ ਦੇ ਸੁਆਲਾਂ ਦੇ ਜੁਆਬ ਬੜੇ ਤਸੱਲੀਪੂਰਵਕ ਦਿੱਤੇ।

ਸਮਾਗਮ ਦਾ ਮੰਚ-ਸੰਚਾਲਨ 'ਸਰੋਕਾਰਾਂ ਦੀ ਆਵਾਜ਼' ਮੁੱਖ ਸੰਪਾਦਕ ਹਰਬੰਸ ਸਿੰਘ ਵੱਲੋਂ ਬਾਖ਼ੂਬੀ ਨਿਭਾਈਆ ਗਿਆ। 'ਸਰੋਕਾਰਾਂ ਦੀਆਵਾਜ਼' ਦੇ ਸਹਿ-ਸੰਪਾਦਕ ਡਾ. ਹਰਦੀਪ ਸਿੰਘ ਅਟਵਾਲ ਵੱਲੋਂ ਬੜੀ ਸੁਰੀਲੀ ਆਵਾਜ਼ ਵਿਚ ਸੁਰਜੀਤ ਪਾਤਰ ਦੀ ਸਦਾ-ਬਹਾਰ ਗ਼ਜ਼ਲ "ਕੁਝ ਕਿਹਾ ਤਾਂ ਹਨ੍ਹੇਰਾ ਜਰ੍ਹੇਗਾ ਕਿਵੇਂ" ਸੁਣਾਈ ਗਈ ਅਤੇ ਨਾਟਕਕਾਰ ਹਰਜੀਤ ਬੇਦੀ ਨੇ ਭਾਰਤ ਵਿੱਚ ਦੰਗਿਆਂ ਅਤੇ ਧਰਮਾਂ ਦੀ ਰਾਜਨੀਤੀ ਬਾਰੇ ਇਕ-ਪਾਤਰੀ ਇਕਾਂਗੀ ਦੇ ਪਾਗ਼ਲ ਆਦਮੀ ਦੇ ਜਜਬਾਤੀ ਰੋਲ ਸਵ. ਭਾਅ ਜੀ ਗੁਰਸ਼ਰਨ ਸਿੰਘ ਜੀ ਦੇ ਅੰਦਾਜ਼ ਵਿਚ ਪੇਸ਼ ਕੀਤਾ। ਰਾਣਾ ਅਯੂਬ ਤੋਂ ਬਾਅਦ 'ਕੈਨੇਡੀਅਨਜ਼ ਅਗੇਨਸਟਟਾਰਚਰ' ਦੀ ਸਰਗਰਮ ਲੀਡਰ ਨੈਲਾਸਈਅਦ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਵਿਚ ਘੱਟ ਗਿਣਤੀਆਂ ਦੇ ਵਿਰੁਧ ਹੋ ਰਹੇ ਅੱਤਿਆਚਾਰਾਂ ਦੇ ਵਿਰੁੱਧ ਉਨ੍ਹਾਂ ਦੇ ਗਰੁੱਪ ਵੱਲੋਂ ਮੁਜ਼ਾਹਰੇ ਕਰਕੇ ਗਾਹੇ-ਬਗਾਹੇ ਆਵਾਜ਼ ਉਠਾਈ ਜਾਂਦੀ ਹੈ ਅਤੇ ਲੋਕਾਂ ਨੂੰ ਇਸ ਦੇ ਪ੍ਰਤੀ ਜਗਰੂਕ ਕੀਤਾ ਜਾਂਦਾ ਹੈ। ਇਸ ਮੌਕੇ ਸ੍ਰੀ ਨੱਛਤਰ ਸਿੰਘ ਬਦੇਸ਼ਾ ਵੱਲੋਂ ਪੰਜਾਬੀ ਸਾਹਿਤ ਦੀ ਸਟਾਲ ਲਗਾਈ ਗਈ 'ਤੇ ਦੋਹਾਂ ਪੁਸਤਕਾਂ ਦੀ ਖ਼ੂਬ ਵਿਕਰੀ ਹੋਈ। ਇਸ ਮੌਕੇ ਓਨਟਾਰੀਓ ਦੇ ਐੱਮ. ਪੀ. ਪੀਜ਼ ਵਿੱਕ ਢਿੱਲੋਂ, ਹਰਿੰਦਰ ਮੱਲ੍ਹੀ, ਪੰਜਾਬ ਤੋਂ 'ਆਪ' ਦੇ ਵਿਧਾਇਕ ਕੰਵਰ ਸੰਧੂ, ਸ਼ਮਸ਼ਾਦਸ਼ਮਸ਼, ਬਲਦੇਵ ਔਲਖ, ਚਰਨਜੀਤ ਬਰਾੜ ਸੀਨੀਅਰ ਸੀਟੀਜਨਜ ਕਲੱਬ ਦੇ ਸ੍ਰੀ ਪਰਮਜੀਤ ਬੜਿੰਗ, ਸਮੇਤ ਸੈਂਕੜੇ ਲੋਕ ਹਾਜ਼ਰ ਸਨ। ਸਰੋਕਾਰਾਂ ਦੀ ਅਵਾਜ਼ ਦੇ ਸ੍ਰੀ ਦਵਿੰਦਰ ਸਿੰਘ ਤੂੜ ਵੱਲੋਂ ਸਮਾਗਮ ਵਿਚ ਭਰਪੂਰ ਹਾਜ਼ਰੀ ਲਈ ਹਾਜ਼ਰੀਨ ਦਾ ਹਾਰਦਿਕ ਧੰਨਵਾਦ ਕੀਤਾ ਅਤੇ ਇਸ ਸਮਾਗਮ ਨੂੰ ਸਫ਼ਲ ਬਨਾਉਣ ਲਈ ਪੰਜਾਬੀ ਮੀਡੀਏ ਅਤੇ ਸਪਾਂਸਰ ਸਹਿਯੋਗੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।






**SARO KARAN DI AWAZ**

**Publisher**
Pro-People Arts Project Media Group 29 Mapleview Ave, Brampton
Ontario, CA, L6R 1M2

**Chief Editor**
**Harbans Singh**
416-817-7142
ppapmg@gmail.com

**Managing Director**
**Devinder Toor, Toronto**
416-902-9372
ppapmg@gmail.com

**Sub Editor**
**Master Bhajan Singh**
Calgary (Alberta)
403-455-4220
btarksheel@gmail.com

**Sub Editor**
**Dr. Hardeep Singh, Milton (Ontario)**
416-209-6363
deephsingh@gmail.com

**Literary Advisor**
**Gurbachan Singh Brar**
Calgary (NE) Alberta
403-470-2628
brargurbachan@yahoo.ca

**Sports Advisor**
Sukhvir Grewal
403-402-0770
sukhsports@gmail.com

**Advisory Board**
**Narbhinder Singh (India)**
935-443-0211

**Buta Singh Nawan Shahr (India)**
946-347-4342
atoozed@gmail.com

**Randeep Singh (India)**
09855695905
rvs0001@gmail.com

**Jaswant Zirakh (India)**
98151-69825
jaswantzirakh@gmail.com

**Jagmohan Singh Dhudike**

**Parshotam Dosanjh, Surrey (BC)**
1-604-512-8371

**Sukhdev Singh Sandhu (Toronto)**

**Master Balbir Singh Gill (Toronto)**
**Jaspreet Dhaliwal (Toronto)**

**Baljinder Singh**
Graphic Desinger
+91-98782-29598
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।












# ਅਮੀਰ ਕੈਨੇਡਾ ਦੇ ਗਰੀਬ ਬਜ਼ੁਰਗ



ਹਰੀਪਾਲ
403-714-4816



ਜਦੋਂ ਕੈਨੇਡਾ ਦੀ ਗੱਲ ਕਰਦੇ ਹਾਂ ਜਾਂ ਕੈਨੇਡਾ ਦੇ ਲੋਕਾਂ ਬਾਰੇ ਕੋਈ ਗੱਲ ਛਿੜਦੀ ਹੈ ਤਾਂ ਇਕ ਬੜੀ ਵਧੀਆ ਜਿਹੀ ਪਿਕਚਰ ਦਿਮਾਗ ਵਿਚ ਬਣਦੀ ਹੈ ਕਿ ਕੈਨੇਡਾ ਸਾਫ਼ ਸੜਕਾਂ ਵਧੀਆ, ਕਾਨੂੰਨ ਖੁੱਲ੍ਹਾ ਡੁੱਲ੍ਹਾ ਮੁਲਕ ਤਾਂ ਲੱਗਦਾ ਹੈ ਕਿ ਕੈਨੇਡਾ ਦੇ ਸਭ ਵਰਗਾਂ ਦੇ ਲੋਕ ਬੜੇ ਅਮੀਰ ਅਤੇ ਖੁਸ਼ਹਾਲ ਹੋਣਗੇ ਪਰ ਅਸਲ ਵਿਚ ਅਜਿਹਾ ਨਹੀਂ ਹੈ। ਕੈਨੇਡਾ ਜਿਥੇ ਕਿ ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ, ਕੈਨੇਡਾ ਪੈਨਸ਼ਨ ਪਲਾਨ ਅਤੇ ਗਰੰਟਡ ਇਨਕਮ ਸਪਲੀਮੈਂਟ ਜਿਹੀਆਂ ਸਹੂਲਤਾਂ ਹਨ ਵਾਕਿਆ ਹੀ ਬਜ਼ੁਰਗ ਲੋਕ ਆਪਦੇ ਬੁਢਾਪੇ ਦੇ ਸਾਲ ਜਿਨ੍ਹਾਂ ਨੂੰ ਪੱਛਮ ਵਿਚ ਗੋਲਡਨ ਯੀਅਰ ਕਿਹਾ ਜਾਂਦਾ ਹੈ, ਬੜੀ ਵਧੀਆ ਜ਼ਿੰਦਗੀ ਕੱਢ ਰਹੇ ਹੋਣਗੇ ਪਰ ਅਜਿਹਾ ਨਹੀਂ ਹੈ, ਕਿਉਂ ਨਹੀਂ ਹੈ, ਆਓ ਜ਼ਰਾ ਇਸ ਬਾਰੇ ਵਿਚਾਰ ਕਰੀਏ।

ਬਜ਼ੁਰਗਾਂ ਵਿਚ ਗਰੀਬੀ ਦਰ ਅਸਲ ਬਹੁਤ ਹੀ ਤੇਜ਼ੀ ਨਾਲ ਵਧੀ ਰਹੀ ਹੈ। 2013 ਦੀ ਜਨ-ਗਨਣਾ ਰਿਪੋਰਟ ਦੇ ਹਿਸਾਬ, ਸਿੰਗਲ ਬਜ਼ੁਰਗ ਔਰਤਾਂ, ਆਦੀ ਵਾਸੀ ਬਜ਼ੁਰਗ, ਇਮੀਗਰੈਂਟ ਸੀਨੀਅਰਜ਼, ਡਿਸਏਬਲ ਸੀਨੀਅਰਜ਼, ਗੇਅ ਅਤੇ ਲੈਸਬੀਅਨ ਸੀਨੀਅਰਜ਼ ਬੁਰੀ ਤਰ੍ਹਾਂ ਗਰੀਬੀ ਦੀ ਗ੍ਰਿਫ਼ਤ ਵਿਚ ਆ ਚੁੱਕੇ ਹਨ। ਇਕ ਸਟੱਡੀ ਦੇ ਮੁਤਾਬਿਕ ਕੈਨੇਡਾ ਦੇ ਛੇ ਲੱਖ ਬਜ਼ੁਰਗਾਂ ਦੀ ਹਾਲਤ ਬਹੁਤ ਤਰਸਮਈ ਹੈ। ਜਿਹੜੇ ਕਿ ਆਪਦੀ ਆਮਦਨ ਦੇ ਨਾਲ ਜਾਂ ਆਪਦੀ ਪੈਨਸ਼ਨ ਦੇ ਨਾਲ ਆਪਣੀ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੇ।

ਅੱਜ ਕੱਲ੍ਹ ਬਹੁਤ ਕੰਪਨੀਆਂ ਹਨ ਜਿਨ੍ਹਾਂ ਦੇ ਮੁਲਾਜ਼ਮ ਕੈਨੇਡਾ ਪੈਨਸ਼ਨ ਪਲੈਨ ਤੋਂ ਵਾਂਝੇ ਹਨ ਕਿਉਂਕਿ ਬਹੁਤ ਕੰਪਨੀਆਂ ਕੈਨੇਡਾ ਪੈਨਸ਼ਨ ਫੰਡਨ ਵਿੱਚ ਯੋਗਦਾਨ ਨਹੀਂ ਕਰਨਾ ਚਾਹੁੰਦੀਆਂ। ਬਿਜ਼ਨਸ ਚੱਲ ਰਹੀ ਹੈ ਤੇ ਚੰਗਾ ਨਫ਼ਾ ਕਮਾ ਰਹੀ ਹੈ ਪਰ ਵਰਕਰਾਂ ਲਈ ਕੋਈ ਕੈਨੇਡਾ ਪੈਨਸ਼ਨ ਨਹੀਂ ਹੈ ਕਿਉਂ ਨਹੀਂ ਹੈ ? ਕਿਉਂਕਿ ਕੰਪਨੀਆਂ ਨਫ਼ਾ ਤਾਂ ਜਿੰਨਾ ਮਰਜ਼ੀ ਕਮਾ ਲੈਣ ਪਰ ਵਰਕਰਾਂ ਨੂੰ ਕੁਝ ਨਾ ਦੇਣ। ਇਸ ਸਭ ਕਾਸੇ ਦੇ ਸਾਡੇ ਸਿਆਸੀ ਲੀਡਰਾਂ ਨੂੰ ਪਤਾ ਹੈ ਅਤੇ ਉਨ੍ਹਾਂ ਦੇ ਨੱਕ ਥੱਲੇ ਇਹ ਸਭ ਹੋ ਰਿਹਾ ਹੈ ਤਾਂ ਕਿਉਂ ਨਹੀਂ ਕਾਨੂੰਨ ਬਣਾਏ ਜਾਂਦੇ ਕਿ ਕੈਨੇਡਾ ਪੈਨਸ਼ਨ ਫੰਡ ਵਿਚ ਕੰਟਰੀਬਿਊਟ ਕਰਨ ਲਈ ਇਨ੍ਹਾਂ ਕੰਪਨੀਆਂ ਨੂੰ ਮਜ਼ਬੂਰ ਕੀਤਾ ਜਾਵੇ ਪਰ ਨਹੀਂ ਕਿਉਂਕਿ ਇਥੋਂ ਇਕ ਵਾਰ ਫਿਰ ਇਹ ਸਿੱਧ ਹੁੰਦਾ ਹੈ ਕਿ ਇਹ ਰਾਜਨੀਤਕ ਪਾਰਟੀਆਂ ਵਰਕਰਾਂ ਦੀਆਂ ਨਹੀਂ ਸਗੋਂ ਕੰਪਨੀਆਂ ਦੀ ਯਾਨੀ ਕਿ ਸਰਮਾਏਦਾਰਾਂ ਦੀ ਨੁਮਾਇੰਦਗੀ ਕਰਦੀਆਂ ਹਨ। ਦੂਜੇ ਨੰਬਰ 'ਤੇ ਬੁਢਾਪਾ ਪੈਨਸ਼ਨ (ਓ.ਏ.ਐਸ.) ਅਤੇ ਗਰੰਟਡ ਸਪਲੀਮੈਂਟ ਇਨਕਮ (ਜੀ.ਆਈ.ਐਸ.) ਵਧਦੀ ਮਹਿੰਗਾਈ ਦਰ ਦੇ ਮੁਤਾਬਿਕ ਨਹੀਂ ਵਧਾਏ ਜਾਂਦੇ।

ਮੌਜੂਦਾ ਲਿਬਰਲ ਸਰਕਾਰ ਦਾ ਇਹ ਵਾਅਦਾ ਕਿ ਗਰੰਟਡ ਇਨਕਮ ਸਪਲੀਮੈਂਟ ਜਾਂ ਜੀ. ਆਈ. ਐਸ. ਨੂੰ ਸਿੰਗਲ ਸੀਨੀਅਰਜ਼ ਲਈ 10 ਪ੍ਰਤੀਸ਼ਤ ਵਾਧਾ ਕਰ ਦਿੱਤਾ ਜਾਵੇਗਾ, ਪਰ ਇਹ ਬਜ਼ੁਰਗਾਂ ਦੀ ਹਾਲਤ ਸੁਧਾਰਨ ਦੇ ਨੇੜੇ ਤੇੜੇ ਵੀ ਨਹੀਂ ਜਾਂਦਾ। ਬਰੌਡਬੈਂਟ ਇੰਸਟੀਚਿਊਟ ਦੀ ਨਵੀਂ ਰਿਪੋਰਟ ਦੇ ਮੁਤਾਬਕ ਆਉਣ ਵਾਲੇ ਸਮੇਂ ਵਿਚ ਕੈਨੇਡੀਅਨ ਬਜ਼ੁਰਗਾਂ ਕੋਲ ਇੰਨੀ ਬੱਚਤ ਅਤੇ ਪੈਨਸ਼ਨਾਂ ਦੇ ਲਾਭ ਨਹੀਂ ਹੋਣੇ ਕਿ ਉਹ ਦੋ ਵਕਤ ਦੀ ਰੋਟੀ ਖਾ ਸਕਣ ਅਤੇ ਸਿਰ 'ਤੇ ਛੱਤ ਦਾ ਅਨੰਦ ਮਾਣ ਸਕਣ। ਅੱਜ ਕੱਲ੍ਹ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਕੰਪਨੀਆਂ ਨੂੰ ਇਹ ਖੁੱਲ੍ਹ ਮਿਲੀ ਹੋਈ ਹੈ ਕਿ ਉਹ ਸੀ. ਪੀ. ਪੀ. ਵਿਚ ਆਪਦਾ ਹਿੱਸਾ ਪਾਉਣ ਤੋਂ ਬਿਨਾਂ ਵੀ ਆਪਦਾ ਨਫ਼ਾ ਕਮਾਉਂਦੇ ਹਨ ਅਤੇ ਰਜਿਸਟਰਡ ਰਿਟਾਇਰਮੈਂਟ ਫੰਡ (ਆਰ. ਆਰ. ਐਸ. ਪੀ.) ਅਤੇ ਟੈਕਸ ਸੇਵਿੰਗ ਅਕਾਊਂਟ ਦਾ ਫਾਇਦਾ ਵੀ ਗਰੀਬ ਜਾਂ ਆਮ ਵਰਕਰ ਨਹੀਂ ਸਗੋਂ ਅਮੀਰ ਲੋਕ ਹੀ ਉਠਾ ਰਹੇ ਹਨ। ਬਹੁਤ ਸਾਰੇ ਕੈਨੇਡੀਅਨ ਪਰਿਵਾਰਾਂ ਕੋਲ ਇੰਨੇ ਪੈਸੇ ਨਹੀਂ ਹਨ ਕਿ ਉਹ ਆਰ. ਆਰ. ਐਸ. ਪੀ. ਜਾਂ ਟੈਕਸ ਸੇਵਿੰਗ ਅਕਾਊਂਟ ਦਾ ਫਾਇਦਾ ਲੈ ਸਕਣ। ਇਸ ਦਾ ਨਤੀਜਾ ਇਹ ਹੋਵੇਗਾ ਕਿ ਸੀ. ਪੀ.ਪੀ., ਓ. ਏ. ਐਸ. ਜਾਂ ਜੀ. ਆਈ. ਐਸ. 'ਤੇ ਨਿਰਭਰ ਹੋਣ ਵਾਲੇ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਜੀਵਨ ਜਿਊਣ ਲਈ ਮਜਬੂਰ ਹੋਣਗੇ। ਜੇਕਰ ਸਾਡੇ ਪੈਨਸ਼ਨ ਸਿਸਟਮ ਵਿਚ ਮੇਜਰ ਸੁਧਾਰ ਨਾ ਕੀਤੇ ਗਏ ਤਾਂ ਅਗਲੇ ਦਸਾਂ ਤੋਂ ਲੈ ਕੇ ਪੰਦਰਾਂ ਸਾਲਾਂ ਵਿਚ ਕੈਨੇਡਾ ਦੀ ਅਬਾਦੀ ਦਾ ਬਹੁਤ ਵੱਡਾ ਹਿੱਸਾ ਗਰੀਬੀ ਵਿਚ ਰਹਿ ਰਿਹਾ ਹੋਵੇਗਾ।

ਇਹ ਬਹੁਤ ਜ਼ਰੂਰੀ ਹੈ, ਮਹੱਤਵਪੂਰਨ ਹੈ ਕਿ ਸੂਝਵਾਨ ਕੈਨੇਡੀਅਨ ਲੋਕਾਂ ਨੂੰ ਕਿ ਸਰਕਾਰਾਂ ਨੂੰ ਹੁਣ ਤੋਂ ਹੀ ਮਜਬੂਰ ਕਰਨ ਤਾਂ ਕਿ ਕੈਨੇਡਾ ਦੇ ਪੈਨਸ਼ਨ ਸਿਸਟਮ ਵਿਚ ਵੱਡੇ ਵੱਡੇ ਸੁਧਾਰ ਕੀਤੇ ਜਾਣ। ਇਕ ਹੋਰ ਬੜੀ ਹੈਰਾਨੀ ਦੀ ਗੱਲ ਹੈ ਕਿ ਬਜ਼ੁਰਗਾਂ ਦੀ ਗਰੀਬੀ ਬਾਰੇ ਇਨਫਾਰਮੇਸ਼ਨ ਬਹੁਤ ਘੱਟ ਇਕੱਠੀ ਕੀਤੀ ਗਈ ਹੈ। ਗਰੀਬੀ ਇਸ ਕਦਰ ਮਨੁੱਖਾਂ ਦੀ ਜ਼ਿੰਦਗੀ ਤੇ ਅਸਰ ਪਾਉਂਦੀ ਕਿ ਬੇਘਰ ਲੋਕਾਂ ਦੀ ਔਸਤ ਉਮਰ ਸਿਰਫ਼ 38 ਸਾਲ ਹੈ। ਕੈਨੈਡਾ ਵਿਚ ਹਰ ਚੌਥਾ ਬਜ਼ੁਰਗ ਗਰੀਬੀ ਦੀ ਲਾਈਨ ਤੋਂ ਹੇਠਾਂ ਹੈ।

ਬਜ਼ੁਰਗ ਹੋਣ ਦਾ ਮਤਲਬ ਹੈ ਕਿ ਕੰਮ ਤੋਂ ਬਾਅਦ ਅਤੇ ਜੀਵਨ ਅੰਤ ਦੇ ਵਿਚਾਲੇ ਦੇ ਕੁਝ ਸਾਲ ਤਾਂ ਬੰਦਾ ਅਰਾਮ ਨਾਲ ਜੀਅ ਲਵੇ ਪਰ ਅਜਿਹਾ ਨਹੀਂ ਹੈ। ਪਰ 1996 ਦੀ ਸੈਂਸਜ਼ ਦੀ ਰਿਪੋਰਟ ਅਨੁਸਾਰ ਢਾਈ ਲੱਖ ਤੋਂ ਉਪਰ ਬਜ਼ੁਰਗ ਬੁਢਾਪੇ ਵਿਚ ਵੀ ਔਡ ਜੌਬਾਂ 'ਤੇ ਕੰਮ ਕਰ ਰਹੇ ਹਨ ਜਿਵੇਂ ਫਾਰਮਾਂ 'ਚ ਕੰਮ, ਸਫ਼ਾਈ ਦਾ ਕੰਮ, ਟੈਕਸੀ ਟਰੱਕ ਦਾ ਕੰਮ ਜਾਂ ਗਰੋਸਰੀ ਸਟੋਰਾਂ 'ਤੇ ਕੰਮ। ਸਾਡੇ ਅਮੀਰ ਮੁਲਕ ਵਿਚ 40 ਹਜ਼ਾਰ ਉਹ ਬਜ਼ੁਰਗ ਹਨ ਜਿਨ੍ਹਾਂ ਦੀ ਉਮਰ 70 ਅਤੇ 74 ਦੇ ਵਿਚਾਲੇ ਹੈ, ਨੂੰ ਕੰਮ ਕਰਨਾ ਪੈਂਦਾ ਹੈਅਤੇ 75 ਸਾਲ ਤੋਂ ਉਪਰ ਵਾਲੇ 16ਗ਼ ਬਜ਼ੁਰਗਾਂ ਨੂੰ ਵੀ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਕੰਮ ਕਰਨਾ ਪੈਂਦਾ ਹੈ। ਜਦੋਂ ਵੀ ਸਰਕਾਰਾਂ ਬਜਟ ਬੇਲੈਂਸ ਕਰਨ ਲਈ ਕੱਟ ਲਾਉਂਦੀਆਂ ਨ ਤਾਂ ਸਭ ਤੋਂ ਪਹਿਲਾਂ ਕੁਹਾੜਾ ਬਜ਼ੁਰਗਾਂ ਦੀ ਪੈਨਸ਼ਨ ਅਤੇ ਵੈਲਫੇਅਰ ਸਿਸਟਮ 'ਤੇ ਪੈਂਦਾ ਹੈ। ਬਹੁਤ ਸਾਰੇ ਯੂਰਪੀਨ ਮੁਲਕਾਂ ਦੀ ਹਾਲਤ ਤਾਂ ਔਸਟੈਰੀਟੀ ਲਾਗੂ ਕਰਨ ਵਲੇ ਇਸ ਤਰ੍ਹਾਂ ਹੋਈ ਸੀ ਕਿ ਉਨ੍ਹਾਂ ਨੂੰ ਆਪਣੇ ਪਾਲਤੂ ਕੁੱਤੇ ਬਿਲੀਆਂ ਤੱਕ ਵੀ ਵੇਚਣੇ ਪਏ। ਕਈ ਪੱਛਮੀ ਮੁਲਕਾਂ ਦੀ ਹਾਲਤ ਇਹ ਵੀ ਹੈ ਕਿ ਡਾਕਟਰੀ ਸਹੂਲਤਾਂ ਕਰਕੇ ਜਦੋਂ ਕਿ ਮਨੁੱਖ ਦੀ ਔਸਤ ਉਮਰ ਵਧ ਗਈ ਹੈ ਤਾਂ ਲਾਜ਼ਮੀ ਹੈ ਰਿਟਾਇਰਮੈਂਟ ਸਪੈਨ ਵੀ ਵਧ ਗਿਆ ਹੈ ਜਿਸ ਕਰਕੇ ਪੈਨਸ਼ਨ ਦਾ ਸਮਾਂ ਕਾਫ਼ੀ ਲੰਬਾ ਹੋ ਜਾਂਦਾ ਹੈ ਤਾਂ ਸਰਕਾਰਾਂ ਇਸ ਗੱਲੋਂ ਵੀ ਤੰਗ ਹਨ ਕਿ ਉਨ੍ਹਾਂ ਨੂੰ ਹੁਣ ਬਹੁਤ ਚਿਰ ਪੈਨਸ਼ਨ ਦੇਣੀ ਪੈਂਦੀ ਹੈ। ਜਿਵੇਂ ਕਿ ਪਹਿਲਾਂ ਪਹਿਲਾਂ ਜਦ 65 ਸਾਲ ਦੀ ਉਮਰ ਰਿਟਾਇਰਮੈਂਟ ਲਈ ਨਿਰਧਾਰਤ ਹੋਈ ਤਾਂ ਔਸਤ ਪੈਨਸ਼ਨ ਦੀ ਉਮਰ ਪੰਜ ਤੋਂ ਦਸ ਸਾਲ ਸੀ ਜਿਹੜੀ ਕਿ ਵਧ ਕਿ ਹੁਣ 15 ਤੋਂ 20 ਤੱਕ ਚਲੀ ਗਈ ਹੈ ਜਿਸ ਕਰਕੇ ਹੀ ਸਰਕਾਰਾਂ ਚਾਹੁੰਦੀਆਂ ਹਨ ਕਿ ਹੁਣ ਰਿਟਾਇਰਮੈਂਟ ਦੀ ਹੱਦ 65 ਤੋਂ ਵਧਾ ਕੇ 70 ਸਾਲ ਕੀਤੀ ਜਾਣੀ ਚਾਹੀਦੀ ਹੈ।

**ਕੁਝ ਕੌੜੀਆਂ ਸਚਾਈਆਂ :** ਕੈਨੇਡਾ ਵਿਚ ਹਰ ਰੋਜ਼ ਦਸ ਵਿਅਕਤੀ ਆਤਮ ਹੱਤਿਆ ਕਰਦੇ ਹਨ। ਯਾਨੀਕਿ 3600 ਤੋਂ ਉਪਰ ਵਿਅਕਤੀ ਕੈਨੈਡਾ ਵਿਚ ਇਕ ਸਾਲ ਵਿਚ ਆਤਮ ਹੱਤਿਆ ਕਰਦੇ ਹਨ, ਇਨ੍ਹਾਂ ਵਿਚੋਂ ਆਤਮ ਹੱਤਿਆ ਕਰਨ ਵਾਲਾ ਸਭ ਤੋਂ ਵੱਡਾ ਗਰੁੱਪ ਬਜ਼ੁਰਗਾਂ ਦਾ ਹੈ। ਹੇਠਾਂ ਕੁਝ ਕਾਰਨ ਇਸ ਬਾਰੇ ਲਿਖ ਰਹੇ ਹਾਂ :

1. ਇਕੱਲਾਪਾ - ਉਹ ਬਹੁਤ ਇਕੱਲੇ ਹੁੰਦੇ ਹਨ, ਬੱਚਿਆਂ ਕੋਲ, ਵਿਹਲ ਹੀ ਨਹੀਂ ਕਿ ਉਨ੍ਹਾਂ ਨੂੰ ਲਗਾਤਾਰ ਵਕਤ ਕੱਢਕੇ ਮਿਲਦੇ ਰਹਿਣ ਕਿਉਂਕਿ ਬੱਚੇ ਵੀ ਕਿਸ਼ਤਾਂ ਅਤੇ ਬਿੱਲਾਂ ਦੇ ਚੱਕਰ ਵਿਚ ਹੀ ਭੱਜੇ ਫਿਰਦੇ ਹਨ।

2. ਆਰਥਿਕ ਤੰਗੀ-ਇਹ ਵੀ ਬਹੁਤ ਵੱਡਾ ਕਾਰਨ ਹੈ ਕਿ ਉਹ ਕਾਫ਼ੀ ਖੁਸ਼ੀਆਂ ਤੋਂ ਵਾਂਝੇ ਰਹਿ ਜਾਂਦੇ ਹਨ।

3. ਮਾਨਸਿਕ ਦਬਾਅ

4. ਸੁਪਨਿਆਂ ਦਾ ਟੁੱਟ ਜਾਣਾ - ਜਵਾਨੀ ਵਿਚ ਉਨ੍ਹਾਂ ਨੇ ਆਪਣੇ ਸ਼ਾਨਦਾਰ ਬੁਢਾਪੇ ਬਾਰੇ ਜੋ ਸੁਪਨੇ ਲਏ ਹੁੰਦੇ ਹਨ ਸਭ ਬਿਖਰ ਜਾਂਦੇ ਹਨ।

5. ਅਸੁਰੱਖਿਆ ਦੀ ਭਾਵਨਾ - ਬਹੁਤ ਵਾਰ ਹੀ ਅਮਲੀਆਂ ਲੁਟੇਰਿਆਂ ਵਲੋਂ ਉਨ੍ਹਾਂ 'ਤੇ ਅਟੈਕ ਕੀਤਾ ਜਾਂਦਾ ਹੈ। ਬਹੁਤ ਘਟਨਾਵਾਂ ਹੁੰਦੀਆਂ ਹਨ ਜਿਥੇ ਇਕੱਲੇ ਕਹਿਰੇ ਰਹਿੰਦੇ ਬਜ਼ੁਰਗਾਂ ਨੂੰ ਥੋੜ੍ਹੇ ਬਹੁਤੇ ਪੈਸੇ ਪਿਛੇ ਮਾਰ ਦਿੱਤਾ ਜਾਂਦਾ ਹੈ। ਬੁਢਾਪਾ ਅਤੇ ਕਮਜ਼ੋਰੀ ਕਰਕੇ ਉਹ ਆਪਦੀ ਸੁਰੱਖਿਆ ਵੀ ਆਪ ਨਹੀਂ ਕਰ ਸਕਦੇ।

ਇੰਡੋ ਕੈਨੇਡੀਅਨ ਬਜ਼ੁਰਗਾਂ ਦੀ ਹਾਲਤ

ਬੇਸ਼ੱਕ ਕੈਨੇਡੀਅਨ ਗੋਰਿਆਂ ਨੂੰ ਲੱਗਦਾ ਹੈ ਕਿ ਪਰਵਾਸੀ ਲੋਕ ਵੱਡੀਆਂ ਵੱਡੀਆਂ ਫੈਮਿਲੀਆਂ ਵਿਚ ਰਹਿ ਰਹੇ ਹਨ ਇਸ ਕਰਕੇ ਪੈਸੇ ਦੀ ਬੱਚਤ ਕਰਕੇ ਪਰਵਾਸੀ ਬਜ਼ੁਰਗਾਂ ਦੀ ਹਾਲਤ ਗੋਰੇ ਬਜ਼ੁਰਗਾਂ ਨਾਲੋਂ ਚੰਗੀ ਹੋਵੇਗੀ ਪਰ ਅਜਿਹਾ ਵੀ ਨਹੀਂ ਹੈ। ਪੈਸੇ ਦੀ ਦੌੜ ਨੂੰ ਜੇਕਰ ਇਥੋਂ ਦੇ ਗੋਰੇ ਅਤੇ ਜੰਮਪਲ ਲੋਕ ਛੱਡ ਰਹੇ ਹਨ ਤਾਂ ਇਹ ਪਰਵਾਸੀ ਹਨ ਜੋ ਇਸ ਦੌੜ ਦੇ ਸ਼ਾਹ-ਅਸਵਾਰ ਹਨ। ਬਜ਼ੁਰਗਾਂ ਨੂੰ ਮੰਗਾਇਆ ਜਾਂਦਾ ਹੈ ਬੱਚੇ ਸੰਭਾਉਣ ਲਈ । ਜਦ ਬਜ਼ੁਰਗਾਂ ਦੀ ਇਹ ਡਿਊਟੀ ਸ਼ੁਰੂ ਹੋ ਜਾਂਦੀ ਹੈ ਤਾਂ ਨਾਲ ਹੀ ਦੱਸਿਆ ਜਾਂਦਾ ਹੈ ਪਾਰਟ ਟਾਈਮ ਜਾਂ ਫੁੱਲ ਟਾਈਮ ਸਫ਼ਾਈ ਵਗੈਰਾ ਜਾਂ ਫਾਰਮਾਂ ਦਾ ਕੰਮ ਸ਼ੁਰੂ ਕਰ ਦੇਵੇ। ਹੁਣ ਬਜ਼ੁਰਗ ਔਰਤ ਬੱਚੇ ਸਾਂਭਦੀ ਹੈ, ਸਾਰਾ ਦਿਨ ਰਸੋਈ ਦਾ ਕੰਮ ਕਰਦੀ ਹੈ ਅਤੇ ਬਜ਼ੁਰਗ ਆਦਮੀ ਕਲੀਨ-ਅੱਪ ਜਾਂ ਫਾਰਮਾਂ 'ਚ ਫੁੱਲ ਟਾਈਮ ਕੰਮ ਸ਼ੁਰੂ ਕਰਦਾ ਹੈ। ਜਦ ਬੱਚੇ ਵੱਡੇ ਹੋ ਜਾਂਦੇ ਹਨ ਤਾਂ ਬੁੜਾ ਬੁੜੀ ਨੂੰ ਫੁੱਲ ਟਾਈਮ ਕੰਮ 'ਤੇ ਭੇਜ ਦਿੱਤਾ ਜਾਂਦਾ ਹੈ। ਬਜ਼ੁਰਗ ਹੱਸ ਕੇ ਆਪਦੀਆਂ ਕਮਾਈ ਚੈਕਾਂ ਕੁਰਬਾਨ ਕਰਦੇ ਰਹਿੰਦੇ ਹਨ। ਬਾਕੀ ਹੋਰ ਵੀ ਜਿਹੜੀਆਂ ਪਰਵਾਸੀ ਕਮਿਊਨਿਟੀਆਂ ਹਨ ਉਨ੍ਹਾਂ ਦੇ ਬਜ਼ੁਰਗ ਦੀ ਵੀ ਹਾਲਤ ਲਗਭਗ ਇਹੋ ਜਿਹੀ ਹੀ ਹੈ। ਜੇਕਰ ਅਸੀਂ ਡਾਊਨ ਟਾਊਨ ਦੇਖੀਏ, ਏਅਰ ਪੋਰਟ ਦੇਖੀਏ ਜਾਂ ਕੈਨੇਡਾ ਦੇ ਫਾਰਮ ਤਾਂ ਬਹੁਤ ਇੰਡੋ ਕੈਨੇਡੀਅਨ ਬਜ਼ੁਰਗ ਹੀ ਕੰਮ ਕਰਦੇ ਦਿਸਦੇ ਹਨ। ਬਹੁਤ ਬਜ਼ੁਰਗਾਂ ਦੀ ਤਾਂ ਸਰੀਰਕ ਹਾਲਤ ਵੀ ਇੰਨੀ ਚੰਗੀ ਨਹੀਂ ਹੁੰਦੀ ਫੇਰ ਬਿਲਡਿੰਗਾਂ ਜਾਂ ਏਅਰ ਪੋਰਟਾਂ 'ਤੇ ਝਾੜੂ ਮਾਰਦੇ ਹਨ, ਫਾਰਮਾਂ ਵਿਚ ਮਿੱਟੀ ਨਾਲ ਮਿੱਟੀ ਹੁੰਦੇ ਹਨ ਅਤੇ ਜਿਨ੍ਹਾਂ ਦੀ ਖਾਤਰ ਉਹ ਬੁਢਾਪੇ ਦੇ ਹੱਡਾਂ ਨੂੰ ਗਾਲ੍ਹਦੇ ਹਨ ਉਨ੍ਹਾਂ ਕੋਲ ਆਪਣੇ ਮਾਪਿਆਂ ਬਾਰੇ ਸੋਚਣ ਦੀ ਵਿਹਲ ਹੀ ਨਹੀਂ ਹੈ।

**ਮੁਨਾਫ਼ੇ ਦਾ ਸੌਦਾ :** ਸਰਮਾਏਦਾਰੀ ਸਿਸਟਮ ਦੇਖੋ ਇਸ ਦੁਖਾਂਤ ਵਿਚੋਂ ਵੀ ਨਫ਼ਾ ਭਾਲਦਾ ਹੈ। ਮਹਿੰਗੇ ਮਹਿੰਗੇ ਸੀਨੀਅਰ ਹੋਮ ਬਣਾਏ ਜਾ ਰਹੇ ਹਨ, ਜਿਵੇਂ ਕਿਹਾ ਜਾਂਦਾ ਹੈ ਕਿ ਫਾਈਵ ਸਟਾਰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਸੀਨੀਅਰ ਘਰਾਂ ਦੇ ਮਾਲਕਾਂ ਨੂੰ ਸਰਕਾਰ ਵਲੋਂ ਵੀ ਗੱਫੇ ਦਿੱਤੇ ਜਾਂਦੇ ਹਨ। ਇਸ ਕਰਕੇ ਇਨ੍ਹਾਂ ਸੀਨੀਅਰ ਘਰਾਂ ਦੇ ਮਾਲਕਾਂ ਵਲੋਂ ਨਾਨ-ਪਰਾਫਿਟ ਸੀਨੀਅਰ ਹੋਮ ਦਾ ਬੁਰੀ ਤਰ੍ਹਾਂ ਵਿਰੋਧ ਕੀਤਾ ਜਾਂਦਾ ਹੈ। ਫਿਊਨਲ ਹੋਮ ਵੀ ਬਹੁਤ ਤਕੜੀ ਬਿਜ਼ਨਸ ਬਣ ਗਿਆ ਹੈ ਜਿਥੇ ਕਿ ਘੰਟੇ ਕੁ ਦੇ ਸਮੇਂ ਦਾ ਅੱਠ ਜਾਂ ਦਸ ਹਜ਼ਾਰ ਲਿਆ ਜਾਂਦਾ ਹੈ। ਕਫ਼ਨ ਵੀ ਘਰ ਵਾਲੇ ਆਪਦੇ ਵਿੱਤ ਮੁਤਾਬਿਕ ਮਹਿੰਗਾ ਸਸਤਾ ਖਰੀਦ ਕਰਦੇ ਹਨ। ਮੁਰਦਿਆਂ ਦੇ ਕਫ਼ਨ ਵੇਚਣ ਵਾਲੇ ਇਸ ਵਪਾਰ ਨੂੰ ਸਰਕਾਰੀ ਖਜ਼ਾਨੇ ਵਿਚ ਵੀ ਗਰਾਂਟਾਂ ਦੇ ਗੱਫੇ ਦਿੱਤੇ ਜਾਂਦੇ ਹਨ। ਬਜ਼ੁਰਗ ਆਪਣੀ ਇਕੱਲਤਾ ਨੂੰ ਦੂਰ ਕਰਨ ਲਈ ਕਿਰਾਏ 'ਤੇ ਮਰਦ ਜਾਂ ਇਸਤਰੀ ਦੋਸਤ ਹਾਇਰ ਕਰ ਸਕਦੇ ਹਨ ਜਿਹੜੇ ਕਿ ਉਨ੍ਹਾਂ ਨਾਲ ਘੁੰਮਣ ਫਿਰਨ ਡਿਨਰ ਕਰਨ ਜਾਂ ਫ਼ਿਲਮ ਵਗੈਰਾ ਦੇਖਣ ਦਾ ਕੰਮ ਕਰਦੇ ਹਨ। ਬਜ਼ੁਰਗਾਂ ਲਈ ਕੁੱਤੇ ਬਿਲੀਆਂ ਵੀ ਕਿਰਾਏ 'ਤੇ ਦਿੱਤੀਆਂ ਜਾਂਦੀਆਂ ਹਨ। ਜਦੋਂ ਸ਼ਾਮ ਕੁਝ ਨਫ਼ੇ ਲਈ ਹੀ ਕੀਤਾ ਜਾਵੇਗਾ ਤਾਂ ਫਿਰ ਮਨੁੱਖੀ ਰਿਸ਼ਤਿਆਂ ਦਾ ਕੀ ਬਣੇਗਾ।

**ਅੰਤ ਵਿਚ :** ਸਾਨੂੰ ਲੋਕਾਂ ਨੂੰ ਚੇਤਨ ਕਰਨਾ ਹੋਵੇਗਾ ਕਿ ਬੁਢਾਪਾ ਬਿਜ਼ਨਸ ਨਹੀਂ ਹੈ ਅਤੇ ਨਾ ਹੀ ਇਹ ਬਜ਼ੁਰਗ ਕਿਸੇ ਤਰਸ ਦੇ ਪਾਤਰ ਹਨ। ਜਿਨ੍ਹਾਂ ਬਜ਼ੁਰਗਾਂ ਨੇ ਇਸ ਦੇਸ਼ ਦੇ ਸਮਾਜ ਲਈ ਆਪਣੀ ਸਾਰੀ ਜਾਨ ਲਾ ਦਿੱਤੀ ਉਨ੍ਹਾਂ ਦੇ ਕੁਝ ਹੱਕ ਵੀ ਹਨ। ਉਨ੍ਹਾਂ ਦਾ ਬੁਢਾਪਾ ਵੀ ਅਮੀਰਾਂ ਦੀ ਤਰ੍ਹਾਂ ਸ਼ਾਨਦਾਰ ਅਤੇ ਸੌਖਾ ਹੋਣਾ ਚਾਹੀਦਾ ਹੈ। ਨਾਨ-ਪਰਾਫਿਟ ਸੀਨੀਅਰ ਹੋਮ ਬਣੇ ਹੋਣੇ ਚਾਹੀਦੇ ਹਨ ਜਿਸ ਵਿਚ ਬਜ਼ੁਰਗ ਆਪਦੀ ਪੈਨਸ਼ਨ ਦੇ ਵਿੱਤ ਮੁਤਾਬਿਕ ਖਰਚਾ ਝੱਲ ਸਕਣ। ਸਸਕਾਰ ਘਰ ਵੀ ਨਾਨ-ਪਰਾਫਿਟ ਹੋਣੇ ਚਾਹੀਦੇ ਹਨ ਜੋ ਕਿ ਜ਼ਰੂਰਤ ਅਤੇ ਵਿੱਤ ਮੁਤਾਬਿਕ ਚਲਾਏ ਜਾਣ ਨਾ ਕਿ ਨਫ਼ੇ ਲਈ। ਬਜ਼ੁਰਗਾਂ ਦੀ ਪੈਨਸ਼ਨ ਕੀਮਤ ਸੂਚਕ ਅੰਕ ਦੇ ਹਿਸਾਬ ਵਧਣੀ ਚਾਹੀਦੀ ਹੈ। ਬਜ਼ੁਰਗਾਂ ਨਾਲ ਮਿਸ ਬੀਹੇਵ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਬਹੁਤੀ ਵਾਰੀ ਤਾਂ ਡਰੱਗੀਆਂ ਜਾਂ ਅਮਲੀਆਂ ਦੇ ਹਮਲੇ ਦਾ ਸ਼ਿਕਾਰ ਇਹ ਵਿਚਾਰੇ ਬਜ਼ੁਰਗ ਹੀ ਹੁੰਦੇ ਹਨ। ਬੁਢਾਪਾ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ ਬਜ਼ੁਰਗ ਕਦੇ ਵੀ ਖੁਦਕਸ਼ੀਆਂ ਬਾਰੇ ਨਾ ਸੋਚਣ ਸਗੋਂ ਹੋਰ ਲੰਬਾ ਚਿਰ ਜਿਊਣ ਲਈ ਸੋਚਣ।

ਸਾਡੇ ਰਾਜਨੀਤਕ ਲੀਡਰ ਜਿਹੜੇ ਕਿ ਆਪ ਦੀਆਂ ਵੋਟਾਂ ਪੱਕੀਆਂ ਕਰਨ ਲਈ ਧਾਰਮਿਕ ਅਦਾਰਿਆਂ ਨੂੰ ਧਾਰਮਿਕ ਸਕੂਲਾਂ ਨੂੰ ਗਰਾਂਟਾਂ ਦੇ ਗੱਫੇ ਬਖ਼ਸ਼ਦੇ ਹਨ ਤੇ ਚੜ੍ਹੇ ਸੂਰਜ, ਸਿਟੀ ਕੌਂਸਲਰ, ਐਮ. ਐਲ. ਏ. ਜਾਂ ਐਮ. ਪੀ. ਆਪਦੀਆਂ ਤਨਖਾਹਾਂ ਵਧਾ ਲੈਂਦੇ ਹਨ ਕੀ ਉਨ੍ਹਾਂ ਨੂੰ ਬਜ਼ੁਰਗਾਂ ਦੀ ਇੰਨੀ ਤਰਸਯੋਗ ਹਾਲਤ ਨਹੀਂ ਦਿੱਸਦੀ। ਲੋਕ ਜਦੋਂ ਤੱਕ ਕੋਹਲੂ ਦੇ ਬੈਲ ਵਾਂਗੂੰ ਚੱਕਰ ਕੱਢਦੇ ਰਹਿਣਗੇ ਅਤੇ ਨਹੀਂ ਸੋਚਣਗੇ ਕਿ ਉਨ੍ਹਾਂ ਦੇ ਆਲੇ ਦੁਆਲੇ ਕੀ ਹੋ ਰਿਹਾ ਹੈ, ਕੈਨੇਡੀਅਨ ਸਮਾਜ ਹੋਰ ਮੁਲਕਾਂ ਦੀ ਤਰ੍ਹਾਂ ਨਿਘਾਰ ਵੱਲ ਹੀ ਜਾਵੇਗਾ। ਧਰਮਾਂ ਭਰਮਾਂ ਵਿਚ ਜਿਹੜਾ ਟਾਇਮ ਵਿਅਰਥ ਕੀਤਾ ਜਾਂਦਾ ਹੈ, ਇਹ ਸਮਾਂ ਇਨ੍ਹਾਂ ਬਜ਼ੁਰਗਾਂ ਦੀ ਹਾਲਤ ਸੁਧਾਰਨ ਬਾਰੇ ਲਾਉਣਾ ਚਾਹੀਦਾ ਹੈ ਕਿਉਂਕਿ ਆਖਿਰ ਬਜ਼ੁਰਗ ਤਾਂ ਸਭ ਨੇ ਹੋਣਾ ਹੈ।

### ਬਚਿਆ ਜਾ ਸਕਦਾ ਸੀ ਪੰਚਕੂਲਾ 'ਚ ਹੋਏ ਜਾਨੀ ਨੁਕਸਾਨ ਤੋਂ

# ਸਰਕਾਰ, ਭਾਜਪਾ ਸੰਘ ਅਤੇ ਡੇਰਾ ਪ੍ਰਬੰਧਕ ਮੁਜਰਮਾਂ ਦੇ ਕਟਹਿਰੇ 'ਚ

ਨਰਿੰਦਰਕੁਮਾਰਜੀਤ

ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ ਗੁਰਮੀਤ ਰਾਮ ਰਹੀਮ ਸਿੰਘ ਨੂੰ ਪੰਚਕੂਲਾ ਦੀ ਸੀਬੀਆਈ ਅਦਾਲਤ ਵਲੋਂ ਸਜ਼ਾ ਸੁਣਾਏ ਜਾਣ ਤੋਂ ਬਾਅਦ, ਉਥੇ ਅਤੇ ਪੰਜਾਬ ਅਤੇ ਹਰਿਆਣਾ ਦੇ ਵੱਖ ਵੱਖ ਇਲਾਕਿਆਂ ਵਿਚ ਜੋ ਹਿੰਸਾ ਦਾ ਤਾਂਡਵ ਹੋਇਆ ਹੈ ਉਸ ਲਈ ਮੁੱਖ ਤੌਰ 'ਤੇ ਆਰ.ਐਸ.ਐਸ ਅਤੇ ਭਾਜਪਾ, ਹਰਿਆਣਾ ਦੀ ਖੱਟਰ ਸਰਕਾਰ ਅਤੇ ਡੇਰੇ ਸੱਚਾ ਸੌਦਾ ਦੇ ਪ੍ਰਬੰਧਕ ਮੁਖ ਤੌਰ ਤੇ ਜ਼ੁੰਮੇਵਾਰ ਹਨ। ਇਹ ਸਥਿਤੀ ਏਨੀ ਸਪਸ਼ਟ ਹੈ ਕਿ ਪੰਜਾਬ ਅਤੇ ਹਰਿਆਣਾ ਆਈ ਕੋਰਟ ਨੂੰ ਵੀ ਤਥਾਂ ਦੇ ਮਦੇਨਜਰ ਖੁਦ ਇਹ ਕਹਿਣਾ ਪਿਆ ਕਿ ਜਦੋਂ ਪੰਚਕੂਲਾ ਜਲ ਰਿਹਾ ਸੀ ਤਾਂ ਹਰਿਆਣੇ ਦੀ ਸਰਕਾਰ ਆਪਣੀ ਵੋਟ ਗਿਣਤੀਆਂ ਤਹਿਤ ਚੁੱਪ ਧਾਰੀ ਬੈਠੀ ਸੀ। ਹਿੰਸਕ ਭੀੜ ਨੂੰ ਪਹਿਲਾਂ ਇਕਠੇ ਹੋਣ, ਅਤੇ ਫੇਰ ਉਤਪਾਤ ਮਚਾਉਣ ਦੀ ਖੁੱਲ੍ਹ ਦੇਣ ਤੋਂ ਬਾਅਦ ਪੁਲਸ ਅਤੇ ਨੀਮ ਫੌਜੀ ਬਲ ਓਨੀ ਹੀ ਵਹਿਸ਼ਤ ਨਾਲ ਭੀੜਾਂ 'ਤੇ ਟੁਟ ਪਏ ਅਤੇ ਨਤੀਜੇ ਵਜੋਂ ਲਗਭਗ ਤਿੰਨ ਦਰਜਨ ਵਿਅਕਤੀ ਗੋਲੀਆਂ ਨਾਲ ਭੁੰਨ ਸੁਟੇ ਅਤੇ ਢਾਈ ਸੌ ਤੋਂ ਉਪਰ ਗੋਲੀਆਂ ਨਾਲ ਹੀ ਜਖਮੀ ਕਰ ਦਿਤੇ। ਜੇਕਰ ਹਰਿਆਣਾ ਸਰਕਾਰ ਨੇ ਸ਼ੁਰੂ ਵਿਚ ਹੀ ਇਹਤਿਆਤੀ ਕਦਮ ਚੁੱਕੇ ਹੁੰਦੇ ਤਾਂ ਜਾਨ-ਮਾਲ ਦੇ ਇਸ ਨੁਕਸਾਨ ਨੂੰ ਰੋਕਿਆ ਜਾ ਸਕਦਾ ਸੀ।

ਪ੍ਰੰਤੂ, ਬੀਤੇ ਸਮੇਂ ਦਾ ਤਜਰਬਾ ਸਾਨੂੰ ਇਹ ਦਿਖਾਉਂਦਾ ਹੈ ਕਿ ਅਜਿਹੇ ਮਾਮਲਿਆਂ ਵਿਚ ਸਰਕਾਰ ਦੀ ਨੀਤ ਸਾਫ ਨਹੀਂ ਹੁੰਦੀ। ਉਹ ਪਹਿਲਾਂ ਸਥਿਤੀ ਨੂੰ ਹਥੋਂ ਨਿਕਲ ਜਾਣ ਤੱਕ ਜਾਣ ਬੁੱਝ ਕੇ ਵਿਗਾੜਦੀ ਹੈ ਅਤੇ ਫਿਰ ਲੋਕਾਂ 'ਤੇ ਅੰਨ੍ਹਾ ਜਬਰ ਕਰਕੇ ਅਮਨ-ਕਾਨੂੰਨ ਬਹਾਲ ਕਰਨ ਦਾ ਪਖੰਡ ਕਰਦੀ ਹੈ। ਇਸ ਅਮਲ 'ਚ ਅਨੇਕਾਂ ਨਿਰਦੋਸ਼ ਲੋਕਾਂ ਦੀਆ ਜਾਨਾਂ ਦੀ ਬਲੀ ਲੈਂਦੀ ਹੈ। ਇਸ ਖਿਤੇ ਵਿਚ ਪਹਿਲਾਂ ਸਾਕਾ ਨੀਲਾ ਤਾਰਾ, ਫਿਰ ਰਾਮਪਾਲ ਸਾਧ ਦੇ ਆਸ਼ਰਮ ਦੀ ਘਟਨਾ ਤੇ ਹੁਣ ਪੰਚਕੂਲਾ ਕਾਂਡ, ਇਹ ਅਜਿਹੇ ਕਾਲੇ ਕਾਰਨਾਮਿਆਂ ਦੀ ਲੜੀ ਦਾ ਹੀ ਹਿਸਾ ਹੈ।

ਕਹਿਣ ਨੂੰ ਤਾਂ ਸਰਕਾਰ ਨੇ ਕਾਨੂੰਨ ਅਨੁਸਾਰ ਅਮਲ ਕਰਨਾ ਹੁੰਦਾ ਹੈ ਅਤੇ ਅਜਿਹਾ ਕਰਦਿਆਂ ਉਹ ਆਪਣੇ ਸਿਆਸੀ ਤੁਅਸਬ ਅਤੇ ਬਦਲਾਖੋਰੀ ਦੀ ਭਾਵਨਾ ਤੋਂ ਆਪਣੇ ਆਪ ਨੂੰ ਦੂਰ ਰਖਣਾ ਹੁੰਦਾ ਹੈ। ਪਰ, ਉਪਰੋਕਤ ਸਾਰੇ ਮਾਮਲਿਆਂ ਵਿਚ ਆਮ ਕਰਕੇ ਅਤੇ ਹੁਣ ਪੰਚਕੂਲਾ ਦੇ ਮਾਮਲੇ ਵਿਚ ਖਾਸ ਕਰਕੇ ਸਰਕਾਰ ਦਾ ਰੁਖ ਇਸ ਤੋਂ ਸਰਾਸਰ ਉਲਟ ਜਾਹਰ ਹੋਇਆ ਹੈ। ਜਾਣਕਾਰੀ ਅਨੁਸਾਰ ਨੀਮ ਫੌਜੀ ਬਲਾਂ ਪਾਸ ਪੈਲਟ ਗੰਨਾਂ ਮੌਜੂਦ ਸਨ ਪਰ ਇਹਨਾਂ ਨੂੰ ਵਰਤਿਆ ਨਹੀਂ ਗਿਆ। ਇਸ ਨਾਲ ਜਾਨੀ ਨੁਕਸਾਨ ਘਟਾਇਆ ਜਾ ਸਕਦਾ ਸੀ। ਸਰਕਾਰ ਦਾ ਇਹ ਵਿਹਾਰ ਮਾਰੇ ਗਏ ਲੋਕਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਉਣ ਦੇ ਮਾਮਲੇ ਵਿਚ ਵੀ ਵਰਤੀ ਗਈ ਅਣਗਹਿਲੀ ਅਤੇ ਬੇਪਰਵਾਹੀ ਰਾਂਹੀ ਜਾਹਰ ਹੋਇਆ ਹੈ। ਪੰਜਾਬੀ ਟ੍ਰਿਬਿਊਨ ਦੀ ਖਬਰ ਅਨੁਸਾਰ ਲਾਸ਼ਾਂ ਦੀਆਂ ਜੇਬਾਂ 'ਚ ਪਏ ਮੋਬਾਈਲ ਫੋਨ ਸਾਰੀ ਰਾਤ ਵਜਦੇ ਰਹੇ ਪਰ ਕਿਸੇ ਸਰਕਾਰੀ ਅਧਿਕਾਰੀ ਨੇ ਫੋਨ ਕਰਨ ਵਾਲਿਆਂ ਨਾਲ ਰਾਬਤਾ ਕਰਕੇ ਲਾਸ਼ਾਂ ਟਿਕਾਣੇ ਸਿਰ ਪਹੁੰਚਾਉਣ ਦੀ ਜਹਿਮਤ ਨਹੀਂ ਉਠਾਈ। ਸਰਕਾਰ ਦਾ ਇਹ ਰਵਈਆ ਅਤਿ ਸੰਵੇਦਨਹੀਣ, ਵਹਿਸ਼ੀ ਤੇ ਘਿਨਾਉਣਾ ਹੈ। ਅਜਿਹਾ ਵਿਹਾਰ ਤਾਂ ਦੁਸ਼ਮਣ ਦੇਸ ਦੇ ਸਿਪਾਹੀਆਂ ਨਾਲ ਵੀ ਨਹੀਂ ਕੀਤਾ ਜਾਂਦਾ।

ਇਥੇ ਸਾਨੂੰ ਇਹ ਗੱਲ ਵੀ ਨੋਟ ਕਰਨੀ ਚਾਹੀਦੀ ਹੈ ਕਿ ਡੇਰੇ ਦੇ ਬਹੁਤੇ ਪੈਰੋਕਾਰ, ਡੇਰੇ ਦੇ ਪ੍ਰਬੰਧਕਾਂ ਵਲੋਂ ਗੁੰਮਰਾਹ ਕਰਕੇ ਅਤੇ ਭੜਕਾ ਕੇ ਲਿਆਂਦੇ ਗਏ ਸਨ। ਇਸ ਵਿਚ ਖੱਟਰ ਸਰਕਾਰ ਵਲੋਂ ਵਰਤੀ ਗਈ ਢਿਲ, ਉਹਨਾਂ ਦੇ ਹੌਸਲੇ ਹੋਰ ਬੁਲੰਦ ਕਰਨ ਲਈ ਜ਼ੁੰਮੇਵਾਰ ਹੈ। ਡੇਰੇ ਪ੍ਰਬੰਧਕਾਂ ਦੀ ਭੜਕਾਹਟ ਅਤੇ ਸਰਕਾਰ ਦੀ ਖੁੱਲ੍ਹ ਇਸ ਸਾਰੀ ਹਿੰਸਾ ਦਾ ਵਿਆਪਕ ਅਧਾਰ ਬਣੇ ਹਨ। ਬਲਾਤਕਾਰ ਦੇ ਮੁਲਜਮ ਨੂੰ ਸਰਸੇ ਤੋਂ ਲੈਕੇ ਪੰਚਕੂਲਾ ਤੱਕ ਸੈਂਕੜੇ ਗਡੀਆਂ ਦੇ ਕਾਫਲੇ ਵਿਚ ਸਜਾਧਜਾ ਕੇ ਸ਼ਾਨੋ ਸ਼ੋਕਤ ਨਾਲ ਲਿਆਉਣਾ ਅਤੇ ਰਾਹ ਵਿਚ ਉਸਨੂੰ ਆਪਣੇ ਪੈਰੋਕਾਰਾਂ ਨੂੰ ਹੋਰ ਵੀ ਭੜਕਾਉਣ ਦੇ ਮੌਕੇ ਦੇਣੇ ਖੱਟਰ ਸਰਕਾਰ ਦੀ ਮੁਜਰਮਾਨਾ ਕਾਰਵਾਈ ਹੈ। ਜਮਹੂਰੀ ਲੋਕਾਂ ਦਾ ਇਹ ਵੀ ਫਰਜ ਬਣਦਾ ਹੈ ਕਿ ਜਿਥੇ ਉਹ ਸਰਕਾਰ, ਭਾਜਪਾ, ਆਰਐਸਐਸ ਅਤੇ ਡੇਰਾ ਪ੍ਰਬੰਧ ਦੀਆਂ ਲੋਕ ਵਿਰੋਧੀ ਕਾਰਵਾਈਆਂ ਤੇ ਆਪਣੇ ਗੁਸੇ ਦਾ ਇਜਹਾਰ ਕਰਨ ਉਥੇ ਇਸ ਗੱਲ ਨੂੰ ਵੀ ਨਜ਼ਰਅੰਦਾਜ ਨਾ ਕਰਨ ਕਿ ਇਕਠੇ ਹੋਏ ਡੇਰਾ ਸ਼ਰਧਾਲੂਆਂ 'ਚੋਂ ਬਹੁਤੇ ਗੁੰਮਰਾਹ ਹੋਏ ਸਧਾਰਣ ਲੋਕ ਸਨ। ਜੇ ਪ੍ਰਸ਼ਾਸਨ ਉਹਨਾਂ ਨੂੰ ਸੁਚਜੇ ਢੰਗ ਨਾਲ ਨਜਿਠਦਾ ਤਾਂ ਇਹ ਸਾਰੀਆਂ ਦੁਖਦਾਈ ਘਟਨਾਵਾਂ ਤੋਂ ਬਚਿਆ ਜਾ ਸਕਦਾ ਸੀ। ਸਾਕਾ ਨੀਲਾ ਤਾਰਾ ਤੋਂ ਬਾਅਦ ਦੀਆ ਘਟਨਾਵਾਂ ਤੋਂ ਸਬਕ ਲੈਂਦਿਆਂ ਸਾਨੂੰ ਇਹ ਗੱਲ ਧਿਆਨ 'ਚ ਰਖਣੀ ਚਾਹਦੀ ਹੈ ਕਿ ਉਸ ਵਾਂਗੂੰ ਪੰਚਕੂਲਾ ਵੀ ਕਿਤੇ ਲੋਕਾਂ ਦੇ ਇਕ ਹਿਸੇ ਲਈ ਨਾਸੂਰ ਨਾ ਬਣ ਜਾਵੇ ਜਿਸ ਨਾਲ ਲੋਕਾਂ ਦਰਮਿਆਨ ਵੰਡ ਜਾਂ ਪਾਟਕ ਦੀ ਇਕ ਲਕੀਰ ਖਿਚੀ ਜਾਵੇ। ਇਸ ਲਈ ਜਮਹੂਰੀ ਜਨਤਕ ਜਥੇਬੰਦੀਆਂ ਨੂੰ ਚਾਹਦਾ ਹੈ ਕਿ ਹੁਣ ਜਦੋਂ ਇਹ ਲਾਸ਼ਾਂ ਪੰਜਾਬ ਅਤੇ ਹਰਿਆਣਾ ਦੇ ਦਰਜਨਾਂ ਪਿੰਡਾਂ 'ਚ ਜਾਣਗੀਆਂ ਅਤੇ ਆਰਐਸਐਸ, ਭਾਜਪਾ ਅਤੇ ਹੋਰ ਸਿਆਸੀ ਪਾਰਟੀਆਂ ਇਹਨਾਂ ਤੋਂ ਵੋਟ ਲਾਹਾ ਲੈਣ ਲਈ ਤਰ੍ਹਾਂ ਤਰ੍ਹਾਂ ਦੇ ਪਖੰਡ ਕਰਨਗੀਆਂ ਤਾਂ ਇਹਨਾਂ ਜਥੇਬੰਦੀਆ ਨੂੰ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਚੁਆਤੀ ਲਾਉਣ ਵਾਲੀਆਂ ਧਿਰਾਂ ਦੇ ਖਿਲਾਫ ਲੋਕਾਂ ਨੂੰ ਚੌਕਸ ਕਰਨ ਚਾਹੀਦਾ ਹੈ ਅਤੇ ਲੋਕਾਂ ਦੀ ਏਕਤਾ ਦੀ ਹਰ ਹਾਲਤ 'ਚ ਬਚਾਉਣ ਲਈ ਤਾਣ ਲਾਉਣਾ ਚਾਹੀਦਾ ਹੈ।

ਪਖੰਡੀ ਸਾਧਾਂ ਤੋਂ ਧੀਆਂ ਭੈਣਾਂ ਦੀਆਂ ਇੱਜਤਾਂ ਬਚਾਉਣ ਲਈ ਆਵਾਜ਼ ਉਠਾਓ!

ਫਰੀਦਕੋਟ ਦੀ ਇੱਕ ਨਬਾਲਗ ਲੜਕੀ ਨੂੰ ਅਕਾਲੀਆਂ ਅਤੇ ਪੁਲਸ ਦੇ ਪਾਲਤੂ ਗੁੰਡਿਆਂ ਵੱਲੋਂ ਦੋ ਵਾਰ ਅਗਵਾ ਕੀਤੇ ਜਾਣ ਸਬੰਧੀ ਕੇਸ ਦੀ ਜਦੋਂ ਮੈਂ ਪੈਰਵੀ ਕਰ ਰਿਹਾ ਸੀ ਤਾਂ ਇੱਕ ਇੰਸਪੈਕਟਰ ਰੈਂਕ ਦੇ ਪੁਲਸ ਅਫਸਰ ਨਾਲ ਗੱਲ ਬਾਤ ਕਰਨ ਦਾ ਮੌਕਾ ਮਿਲਿਆ ਜਿਸ ਨੂੰ ਚਲਾਣ ਪੇਸ਼ ਕਰਨ ਤੋਂ ਪਹਿਲਾਂ ਤਫਤੀਸ਼ ਸੌਂਪੀ ਗਈ ਸੀ? ਉਸ ਨੇਂ ਮੈਨੂੰ ਕਿਹਾ ਕਿ ਇਹ ਦੋਵੇਂ ਫਾਈਲਾਂ ਮੈਨੂੰ ਬਹੁਤ ਡਰਾਉਂਦੀਆਂ ਹਨ, ਰਾਤ ਨੂੰ ਮੈਨੂੰ ਨੀਂਦ ਨਹੀਂ ਆਉਂਦੀ, ਇੱਕ ਪਾਸੇ ਉੱਚ ਅਧਿਕਾਰੀਆਂ ਦਾ ਕੇਸ ਨੂੰ ਰਫ਼ਾ ਦਫ਼ਾ ਕਰਨ ਲਈ ਲਗਾਤਾਰ ਦਬਾ ਪੈ ਰਿਹਾ ਹੈ, ਦੂਜੇ ਪਾਸੇ... ਮੈਂ ਸੋਚ ਰਿਹਾ ਹਾਂ ਕਿ ਕੱਲ੍ਹ ਨੂੰ ਮੇਰੀ ਆਵਦੀ ਧੀ ਨੇਂ ਵੀ ਜਵਾਨ ਹੋਣਾ ਹੈ, ਜੇ ਇਹਨਾਂ ਗੁੰਡਿਆਂ ਨੂੰ ਮੂੰਹ ਪੈ ਗਿਆ ਤਾਂ ਮੇਰੀ ਧੀ ਦੀ ਵੀ ਕੀ ਸੁਰਖਿਆ ਹੋਵੇਗੀ।



ਸਾਡੀ ਕਾਫੀ ਲੰਬੇ ਚੌੜੀ ਗੱਲ ਬਾਤ ਹੋਈ। ਆਖਰ ਉਸ ਨੇਂ ਆਵਦੀ ਧੀ ਦੇ ਭਵਿੱਖ ਨੂੰ ਧਿਆਨ ਵਿਚ ਰੱਖਦਿਆਂ, ਉੱਚ ਅਫਸਰਾਂ ਦਾ ਦਬਾਅ ਮੰਨਣ ਤੋਂ ਇਨਕਾਰ ਕਰ ਦਿੱਤਾ। ਇਹ ਵੀ ਮੌਕਾ ਮੇਲ ਹੀ ਸੀ ਕਿ ਉਸ ਸਮੇਂ ਇੱਕ ਸੰਵੇਦਨਸ਼ੀਲ ਅਤੇ ਸਾਹਿਤਕਾਰ ਪੁਲਸ ਮੁਖੀ ਓਥੇ ਪੋਸਟ ਹੋ ਗਿਆ, ਜਿਸਨੇਂ ਸਹੀ ਲੀਹ ਤੇ ਤਫਤੀਸ਼ ਨੂੰ ਅੱਗੇ ਤੋਰਨ ਚ ਮੱਦਦ ਕੀਤੀ? ਪੁਲਸ ਦੇ ਉੱਚ ਅਧਿਕਾਰੀਆਂ ਦਾ ਰਵਈਆ ਬਦਲਣ ਚ ਕਿਸਾਨਾਂ, ਖੇਤ ਮਜ਼ਦੂਰਾਂ, ਵਿਦਿਆਰਥੀਆਂ, ਮੁਲਾਜ਼ਮਾਂ, ਅਤੇ ਸ਼ਹਿਰ ਦੇ ਇਨਸਾਫ ਪਸੰਦ ਲੋਕਾਂ ਨੇਂ ਲਾਮਬੰਦੀ ਕਰਕੇ ਲਾਮਿਸਾਲ ਯੋਗਦਾਨ ਪਾਇਆ।

ਗੁਰਮੀਤ ਰਾਮ ਰਹੀਮ ਦਾ ਮਾਮਲਾ ਉਸ ਤੋਂ ਗੰਭੀਰ ਹੈ। ਉਸਦੇ ਲੱਖਾਂ ਸ਼ਰਧਾਲੂ, ਸਿਆਸੀ ਸਰਪ੍ਰਸਤ, ਵੋਟਾਂ ਵਟੋਰੂ ਟੋਲੇ ਉਸਦੀ ਹਿਮਾਇਤ ਤੇ ਡਟੇ ਹੋਏ ਹਨ। ਅਤੇ ਇਹ ਸਾਰਾ ਟੋਲਾ ਲੜ ਰਿਹਾ ਹੈ ਉਹਨਾਂ ਵਿਚਾਰੀਆਂ ਮਾਸੂਮ ਲੜਕੀਆਂ ਨਾਲ ਜੋ ਗੁਰਮੀਤ ਰਾਮ ਰਹੀਮ ਹੱਥੋਂ ਪੀੜਿਤ ਹੋਈਆਂ। ਇਹ ਅੱਤ ਦੀ ਬੇਮੇਚੀ ਟੱਕਰ ਹੈ। ਇੱਕ ਪਾਸੇ ਅਥਾਹ ਧਨ ਦੌਲਤ, ਸਿਆਸੀ ਤਾਕਤ, ਕਰੋੜਾਂ ਸ਼ਰਧਾਲੂਆਂ ਦੀ ਫੌਜ ਹੈ, ਜਿਸ ਨੇਂ ਕਦੀ ਕੋਈ ਕੈਦਾ ਕ ?ਨੂਨ ਨਹੀਂ ਮੰਨਿਆ, ਅਦਾਲਤਾਂ ਦੇ ਹੁਕਮਾਂ ਦੀਆਂ ਵੀ ਧੱਜੀਆਂ ਉਡਾਈਆਂ। ਦੂਜੇ ਪਾਸੇ ਮਜ਼ਲੂਮ ਕੁੜੀਆਂ ਹਨ, ਜੋ ਇਸ ਧਾਰਮਿਕ ਸਲਤਨਤ ਦੇ ਖੌਫ ਹੇਠ ਦਿਨ ਕਟੀ ਕਰ ਰਹੀਆਂ ਹਨ। ਇਸ ਧਾਰਮਿਕ ਸਲਤਨਤ ਦੇ ਥੰਮ ਬਣੇ ਟੋਲੇ ਚੋਂ ਕਿਸੇ ਨੂੰ ਸ਼ਾਇਦ ਕਦੇ ਇਹ ਸੋਚਣ ਦੀ ਵੇਹਲ ਨਹੀਂ ਮਿਲੀ ਕਿ ਜੇ ਇਹ ਸਾਰਾ ਕੁਝ ਉਹਨਾਂ ਦੀਆਂ ਆਪਣੀਆਂ ਧੀਆਂ ਨਾਲ ਵਾਪਰਿਆ ਹੁੰਦਾ ਤਾਂ ਕੀ ਫਿਰ ਵੀ ਉਹਨਾਂ ਦਾ ਇਹੋ ਰਵਈਆ ਹੁੰਦਾ। ਸ਼ੁਰੂ ਤੋਂ ਹੀ ਇਸ ਟੋਲੇ ਦਾ ਅਮਲ ਜੁਰਮ ਵਿਰੁੱਧ ਉਠੀ ਹਰ ਆਵਾਜ਼ ਦੀ ਤਾਕਤ ਦੇ ਜ਼ੋਰ ਸੰਘੀ ਨੱਪਣ ਦਾ ਰਿਹਾ ਹੈ। ਇਹੋ ਹਾਲ ਰਾਜਨੀਤਿਕ ਆਗੂਆਂ ਅਤੇ ਉਹਨਾਂ ਦੀ ਸਹਿ ਤੇ ਕੰਮ ਕਰ ਰਹੇ ਗੁੰਡਾ ਗਰੋਹਾਂ ਦਾ ਹੈ।

ਦੋਸਤੋ ਇਹ ਮਾਮਲਾ ਸ਼ੁਗਲ ਮੇਲੇ ਦਾ, ਹਲਕੀਆਂ ਟਿੱਪਣੀਆਂ ਜਾਂ ਭੜਕਾਊ ਬਿਆਨਬਾਜ਼ੀ ਕਰਨ ਦਾ ਨਹੀਂ। ਜਦੋਂ ਕਈ ਵਿਦਵਾਨ ਲੋਕ ਵੀ ਅਜਿਹੀਆਂ ਟਿੱਪਣੀਆਂ ਕਰਦੇ ਹਨ ਤਾਂ ਦੁੱਖ ਹੁੰਦਾ ਹੈ। ਡੇਰਿਆਂ, ਗੁਰਦਵਾਰਿਆਂ, ਮੰਦਿਰਾਂ, ਮਸਜਿਦਾਂ ਅਤੇ ਹੋਰ ਪੂਜਾ ਘਰਾਂ ਚ ਜਾਣ ਵਾਲਿਆਂ ਦੀ ਗਿਣਤੀ ਕਰੋੜਾਂ ਚ ਹੈ। ਕੋਈ ਵੀ ਧਰਮ ਇਸ ਗੱਲ ਦੀ ਗਰੰਟੀ ਨਹੀਂ ਕਰਦਾ ਕਿ ਉਸ ਦੇ ਪੂਜਾ ਅਸਥਾਨਾਂ ਚ ਉਪਦੇਸ਼ਿਕਾਂ, ਪੁਜਾਰੀਆਂ, ਜਥੇਦਾਰਾਂ, ਅਤੇ ਧਰਮ ਗੁਰੂਆਂ ਦੀ ਫੌਜ ਦੁੱਧ ਧੋਤੀ ਹੈ। ਇਹਨਾਂ ਪਖੰਡੀ ਸਾਧਾਂ ਅਤੇ ਧਰਮ ਗੁਰੂਆਂ ਤੋਂ ਧੀਆਂ ਭੈਣਾਂ ਦੀਆਂ ਇੱਜਤਾਂ ਬਚਾਉਣ ਲਈ ਆਪਾਂ ਨੂੰ ਹੀ ਰਲ ਕੇ ਅੱਗੇ ਆਉਣਾ ਪਊ। ਪੀੜਿਤਾਂ ਨੂੰ ਹਿਮਾਇਤ ਅਤੇ ਹੌਂਸਲਾ ਦੇਣਾ ਪਊ, ਉਹਨਾਂ ਦੀ ਰਖਵਾਲੀ ਦਾ ਜ਼ਿੰਮਾ ਓਟਣਾ ਪਊ। ਪਖੰਡੀ ਧਰਮ ਗੁਰੂਆਂ ਦੀ ਸੱਤਾ ਨੂੰ ਚੁਣੌਤੀ ਦੇਣੀ ਪਊ!

# ਡਾ. ਕਫੀਲ ਅਹਿਮਦ ਖਿਲਾਫ਼ ਸੰਘੀਆਂ ਦਾ ਝੂਠ-ਪ੍ਰਚਾਰ

ਅਮਰੀਕਾ ਦੇ ਉੱਘੇ ਲੇਖਕ ਮਾਰਕ ਟਵੇਨ ਨੇ ਕਿਹਾ ਹੈ ਕਿ ਮੂਰਖਾਂ ਨਾਲ ਬਹਿਸ ਨਾ ਕਰੋ, ਉਹ ਪਹਿਲਾਂ ਤੁਹਾਨੂੰ ਆਪਣੀ ਮੂਰਖਤਾ ਦੇ ਪੱਧਰ ਉੱਤੇ ਡੇਗ ਲੈਣਗੇ ਅਤੇ ਫਿਰ ਆਪਣੇ ਤਜ਼ਰਬੇ ਨਾਲ ਤੁਹਾਨੂੰ ਹਰਾ ਦੇਣਗੇ। ਜੇ ਅਸੀਂ ਮੂਰਖਤਾ ਦੀ ਥਾਂ ਨੀਚਤਾ ਸ਼ਬਦ ਰੱਖ ਦਈਏ ਤਾਂ ਵੀ ਇਹ ਗੱਲ ਉਨੀ ਹੀ ਠੀਕ ਬੈਠਦੀ ਹੈ। ਨੀਚ ਤੇ ਝੂਠੇ ਲੋਕਾਂ ਦਾ ਸਭ ਤੋਂ ਵੱਡਾ ਹਥਿਆਰ ਹੁੰਦਾ ਹੈ ਕਿ ਆਪਣੇ ਵਿਰੋਧੀ ਦੇ ਚਰਿਤਰ ਉੱਤੇ ਚਿੱਕੜ ਸੁੱਟੋ, ਤੇ ਇਸ ਕੰਮ ਵਿੱਚ ਸੰਘੀਆਂ ਤੋਂ ਉੱਤੇ ਕੌਣ ਹੋ ਸਕਦਾ ਹੈ।



ਕੁਝ ਦਿਨ ਪਹਿਲਾਂ ਗੋਰਖਪੁਰ ਮੈਡੀਕਲ ਕਾਲਜ ਵਿੱਚ ਜਦੋਂ ਆਕਸੀਜਨ ਦੀ ਸਪਲਾਈ ਠੱਪ ਹੋਣ ਨਾਲ ਬੱਚਿਆਂ ਦੀ ਮੌਤ ਹੋ ਰਹੀ ਸੀ, ਉਸ ਸਮੇਂ ਹਸਪਤਾਲ ਦਾ ਇੱਕ ਡਾਕਟਰ ਡਾ. ਕਾਫ਼ੀਲ ਅਹਿਮਦ ਰਾਤ ਭਰ ਭੱਜ-ਦੌੜ ਕਰਦਾ ਹੋਇਆ ਆਕਸੀਜਨ ਸਿਲੰਡਰ 'ਕੱਠੇ ਕਰਦਾ ਰਿਹਾ ਤਾਂ ਕਿ ਕਿਵੇਂ-ਨ-ਕਿਵੇਂ ਸਪਲਾਈ ਚੱਲਦੀ ਰਹੇ। ਉਸ ਵੱਲੋਂ ਨਿਭਾਈ ਭੂਮਿਕਾ ਨੇ ਜਿੱਥੇ ਉਸਨੂੰ ਲੋਕਾਂ ਕੋਲੋਂ ਤਾਰੀਫ਼ ਦਵਾਈ, ਉੱਥੇ ਉਸ ਦੇ ਇਸ ਕੰਮ ਨੇ ਉੱਤਰਪ੍ਰਦੇਸ਼ ਦੀ ਯੋਗੀ-ਸਰਕਾਰ ਵੱਲੋਂ ਮਾਮਲੇ ਨੂੰ ਢਕਣ ਲਈ ਬੋਲੇ ਗਏ ਸ਼ੁਰੂਆਤੀ ਝੂਠ ਨੂੰ ਇਕਦਮ ਨਿਕੰਮਾ ਸਾਬਿਤ ਕਰ ਦਿੱਤਾ। ਉੱਤਰਪ੍ਰਦੇਸ਼ ਦੇ ਮੰਤਰੀ-ਅਫ਼ਸਰਸ਼ਾਹਾਂ ਨੇ ਕਿਹਾ ਕਿ ਆਕਸੀਜਨ ਦੀ ਕੋਈ ਕਮੀ ਹੋਈ ਹੀ ਨਹੀਂ ਸੀ, ਪਰ ਕਿਉਂਕਿ ਡਾ. ਕਫੀਲ ਰਾਤ ਭਰ ਸਿਲੰਡਰ 'ਕੱਠੇ ਕਰਦਾ ਰਿਹਾ ਸੀ, ਇਸ ਲਈ ਇਹ ਝੂਠ ਵੇਚਣਾ ਯੋਗੀ ਤੇ ਉਸਦੇ ਕਰਿੰਦਿਆਂ ਲਈ ਔਖਾ ਟੇਢੀ ਖੀਰ ਸਾਬਿਤ ਹੋਇਆ। ਦੂਸਰਾ, ਮੁਸਲਮਾਨਾਂ ਖਿਲਾਫ਼ ਨਫ਼ਰਤ ਭੜਕਾਅ ਕੇ ਸਿਆਸਤ ਦੀਆਂ ਰੋਟੀਆਂ ਸੇਕਣ ਵਾਲੇ ਯੋਗੀ ਲਈ ਇਹ ਕਿਵੇਂ ਗਵਾਰਾ ਹੋ ਸਕਦਾ ਸੀ ਕਿ ਕੋਈ ਮੁਸਲਿਮ ਡਾਕਟਰ ਆਮ ਲੋਕਾਂ ਦੀ ਤਾਰੀਫ਼ ਖੱਟੇ ਤੇ ਉਹਨਾਂ ਦੀ ਫਿਰਕਾਪ੍ਰਸਤੀ ਦਾ ਜ਼ਹਿਰ ਫੈਲਾਉਣ ਲਈ ਕੀਤੀ ਮਿਹਨਤ ਨੂੰ ਕਿਸੇ ਪਾਸਿਓਂ ਕੋਈ ਡੈਂਟ ਪਾਵੇ। ਫਿਰ ਕੀ ਸੀ ਸ਼ੁਰੂ ਹੋ ਗਿਆ, ਸੰਘੀ ਸ਼ੋਸ਼ਲ-ਮੀਡੀਆ ਸੈੱਲ ਦਾ ਪ੍ਰਚਾਰ-ਤੰਤਰ।

ਡਾ. ਕਫੀਲ ਉੱਤੇ ਤਰ੍ਹਾਂ-ਤਰ੍ਹਾਂ ਦੇ ਇਲਜ਼ਾਮ ਲਗਾਏ ਗਏ ਤੇ ਯੋਗੀ ਸਰਕਾਰ ਨੇ ਪ੍ਰਾਈਵੇਟ-ਪ੍ਰੈਕਟਿਸ ਦਾ ਬਹਾਨਾ ਘੜ ਉਸਨੂੰ ਪਦ ਤੋਂ ਲਾਂਭੇ ਕਰਕੇ ਆਪਣਾ ਨਿਕੰਮੇਪਣ ਢਕਣ ਦੀ ਕੋਸ਼ਿਸ਼ ਕੀਤੀ। ਡਾ. ਕਾਫੀਲ ਨੂੰ ਬਲਾਤਕਾਰ-ਛੇੜਖਾਨੀ ਦਾ ਅਪਰਾਧੀ ਦੱਸਿਆ ਗਿਆ, ਪਰ ਝੂਠ ਦੇ ਪੈਰ ਕਦੋਂ ਹੁੰਦੇ ਹਨ। ਇਹ ਝੂਠੇ ਇਹ ਭੁੱਲ ਗਏ ਕਿ ਅਜਿਹੇ ਜੁਰਮਾਂ ਦਾ ਅਪਰਾਧੀ ਸਰਕਾਰੀ ਨੌਕਰੀ ਵਿੱਚ ਆ ਹੀ ਨਹੀਂ ਸਕਦਾ। ਇਹਨਾਂ ਦੇ ਇਸ ਝੂਠ ਦੀ ਪੋਲ ਜਲਦੀ ਖੁੱਲ੍ਹ ਗਈ। ਫਿਰ ਇਹਨਾਂ ਨੇ ਕਿਹਾ ਕਿ ਡਾ. ਕਾਫ਼ੀਲ ਨੇ ਮੀਡੀਆ "ਮੈਨੇਜ" ਕੀਤਾ ਹੈ!! ਕਮਾਲ ਹੈ, ਮੋਦੀ ਦੇ ਚਾਟੜੇ ਇਹ ਕਹਿ ਰਹੇ ਹਨ ਕਿ ਮੀਡੀਆ ਮੈਨੇਜ ਕੀਤਾ ਹੈ! ਫਿਰ ਜਦੋਂ ਇਹ ਗੱਲ ਵੀ ਨਾ ਬਣੀ ਤਾਂ ਕਿਹਾ ਗਿਆ ਕਿ ਡਾ. ਕਾਫ਼ੀਲ ਹਸਪਤਾਲ ਦੇ ਆਕਸੀਜਨ ਸਿਲੰਡਰ ਚੋਰੀ ਕਰਕੇ ਆਪਣੇ ਹਸਪਤਾਲ ਲੈ ਕੇ ਜਾਂਦਾ ਸੀ। ਪਰ ਇਹ ਝੂਠ ਵੀ ਜਮਾਂਦਰੂ ਅਧਰੰਗ ਦਾ ਸ਼ਿਕਾਰ ਸੀ। ਉੱਥੇ ਆਕਸੀਜਨ ਸਪਲਾਈ ਮੁੱਖ ਪਲਾਂਟ ਤੋਂ ਪਾਈਪਾਂ ਰਾਹੀਂ ਹੁੰਦੀ ਹੈ, ਨਾ ਕਿ ਸਿਲੰਡਰਾਂ ਰਾਹੀਂ। ਫਿਰ ਇਸ ਤੋਂ ਬਾਅਦ ਪ੍ਰਾਈਵੇਟ ਪ੍ਰੈਕਟਿਸ ਦਾ ਬਹਾਨਾ ਘੜਿਆ ਗਿਆ, ਪਰ ਇੱਥੇ ਵੀ ਝੂਠ। ਪਹਿਲੀ ਗੱਲ ਤਾਂ ਡਾ. ਕਾਫ਼ੀਲ ਮੈਡੀਕਲ ਕਾਲਜ ਦਾ ਰੈਗੂਲਰ ਕਰਮਚਾਰੀ ਨਹੀਂ ਹੈ, ਉਸਨੂੰ ਕਾਲਜ ਨੇ ਠੇਕੇ ਉੱਤੇ ਰੱਖਿਆ ਹੋਇਆ ਹੈ। ਦੂਜੀ ਗੱਲ, ਕੀ ਯੋਗੀ-ਸਰਕਾਰ ਨੂੰ ਆਕਸੀਜਨ ਸਪਲਾਈ ਰੁਕਣ ਤੋਂ ਬਾਅਦ ਪਤਾ ਲੱਗਾ ਕਿ ਡਾ. ਕਾਫ਼ੀਲ ਪ੍ਰਾਈਵੇਟ ਪ੍ਰੈਕਟਿਸ ਕਰਦਾ ਹੈ। ਇਸ ਤੋਂ ਅੱਗੇ, ਕੀ ਬਾਕੀ ਰੈਗੂਲਰ ਡਾਕਟਰ ਦੁੱਧ-ਧੋਤੇ ਹਨ, ਬਿਲਕੁਲ ਵੀ ਨਹੀਂ। ਫਿਰ ਸਿਰਫ਼ ਡਾ. ਕਾਫ਼ੀਲ ਖਿਲਾਫ਼ ਕਾਰਵਾਈ, ਸਾਫ਼ ਜ਼ਾਹਿਰ ਹੈ ਕਿ ਪ੍ਰਾਈਵੇਟ ਪ੍ਰੈਕਟਿਸ ਵਾਲ਼ਾ ਮੁੱਦਾ ਹੈ ਹੀ ਨਹੀਂ। ਮੁੱਦਾ ਹੈ ਫਿਰਕਾਪ੍ਰਸਤੀ ਦਾ ਏਜੰਡਾ ਅੱਗੇ ਵਧਾਉਣਾ ਅਤੇ ਆਪਣਾ ਨੰਗਾ ਢਿੱਡ ਲੁਕਾਉਣਾ।

ਸਰਕਾਰੀ ਡਾਕਟਰਾਂ ਦੁਆਰਾ ਪ੍ਰਾਈਵੇਟ ਪ੍ਰੈਕਟਿਸ ਲਈ ਵੀ ਅਸਲ ਦੋਸ਼ੀ ਕੌਣ ਹੈ, ਇਸ ਬਾਰੇ ਅਸੀਂ ਅਗਲੀ ਪੋਸਟ ਵਿੱਚ ਗੱਲ ਰੱਖਾਂਗੇ।।

# ਉਮੀਦਵਾਰ ਦੀ ਜ਼ਿੰਮੇਵਾਰੀ ਬਣੇ ਲੋਕਾਂ ਦੀ ਆਵਾਜ਼

ਉਮੀਦਵਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਲੋਕਾਂ ਦੀ ਆਵਾਜ਼ ਬਣੇ ਜਦੋਂ ਉਹਨਾਂ ਨੂੰ ਜਰੂਰਤ ਹੁੰਦੀ ਹੈ। ਮੈਂ ਅੱਜ ਕੁੱਝ ਮੱਦਿਆਂ ਤੇ ਗੱਲ ਕਰੂੰਗਾ ਅਤੇ ਆਉਣ ਵਾਲੇ ਸਮਿਆਂ ਵਿੱਚ ਇਹਨਾਂ ਮੁੱਦਿਆਂ ’ਤੇ ਕੁੱਝ ਹੋਰ ਵੀ ਮੁੱਦਿਆਂ ’ਤੇ ਕਰਨ ਨੂੰ ਤਿਆਰ ਹਾਂ, ‘ਮੈਂ ਤਿੰਨ ਬੱਚਿਆਂ ਦਾ ਪਿਤਾ ਇੱਕ ਦਲੇਰ ਮਾਂ ਦਾ ਪੁੱਤਰ ਅਤੇ ਇੱਕ ਦਲੇਰ ਪਤਨੀ ਦਾ ਪਤੀ ਹੋਣ ਦੇ ਨਾਂ ਤੇ ਹੀ ਵਿਸ਼ਵਾਸ਼ ਰੱਖਦਾ ਹਾਂ ਕਿ ਔਰਤਾਂ ਨੂੰ ਬਰਾਬਰਤਾ ਦਾ ਹੱਕ ਮਿਲਣਾ ਚਾਹੀਦਾ ਹੈ। ਤਾਂ ਜੋ ਉਹ ਸਮਾਜ ਵਿੱਚ ਇੱਜਤ ਨਾਲ ਵਿਚਰਦਿਆਂ ਬਿਨਾਂ ਕਿਸੇ ਡਰ ਭੈਅ ਦੇ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਸਕਣ।

● **ਨਸ਼ਿਆਂ ਨੂੰ ਰੋਕਣ ਸਬੰਧੀ** :- ਨਸ਼ਿਆਂ ਦੀ ਵਰਤੋਂ ਕਰਨ ਵਾਲੇ ਵਿਅਕਤੀ ਅਤੇ ਬਹੁਤ ਸਾਰੇ ਪਰਿਵਾਰ ਬਰਬਾਦ ਹੋ ਰਹੇ ਹਨ। ਹੁਣ ਕੈਨੇਡਾ ਅਤੇ ਅਮਰੀਕਾ ਵਿੱਚ ਵੀ ਸਭ ਤੋਂ ਵੱਡੀ ਸਮੱਸਿਆ ਨਸ਼ੇ ਦੀ ਹੈ। ਨਸ਼ੇ ਦੀ ਜ਼ਿਆਦਾ ਮਾਤਰਾ ਵਿੱਚ ਵਰਤੋਂ ਕਰਨ ਦੇ ਕਾਰਨ ਪੁਲਿਸ, ਫਾਇਰਫਾਈਟਰ ਅਤੇ ਪੈਰਾਮੈਡੀਕਸ ਨੂੰ ਬਹੁਤ ਹੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਮਿਊਨਟੀ ਲੀਡਰ ਤੇ ਇਲੈਕਟਿਡ ਅਫਸਰਾਂ ਨੂੰ ਪੁਲਿਸ, ਫਾਇਰਫਾਈਟਰ ਅਤੇ ਪੈਰਾਮੈਡੀਕਸ ਨੂੰ ਸਹਿਯੋਗ ਦੇਣ ਦੇ ਨਾਲ-ਨਾਲ ਪ੍ਰਭਵਿਤ ਪਰਿਵਾਰਾਂ ਨੂੰ ਵੀ ਸਹਿਯੋਗ ਦੇਣਾ ਚਾਹੀਦਾ ਹੈ। ਮੈਂ ਪੰਜਾਬੀ ਕਮਿਊਨਿਟੀ ਹੈਲਥ ਸਰਵਿਸ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਜੋ ਕੌਂਸਲਿਗ ਰਾਹੀਂ ਪ੍ਰਭਾਵਿਤ ਪਰਿਵਾਰਾਂ ਨੂੰ ਸਹਾਰਾ ਦਿੰਦੇ ਹਨ। ਡਰੱਗ ਅਵੇਅਰਨੈਸ ਫਾਊਡੇਸ਼ਨ ਵਾਲੇ ਵੀ ਵਧਾਈ ਦੇ ਪਾਤਰ ਹਨ ਜੋ ਸਮਾਜ ਵਿਚ ਨਸ਼ੇ ਪ੍ਰਤੀ ਜਾਗਰੂਕਤਾ ਪੈਦਾ ਕਰਦੇ ਹਨ।

● **ਬੱਸ ਪਾਸ ਸਬੰਧੀ**:- ਮੈਂ ਕੈਲਗਰੀ ਟਰਾਂਜ਼ਿਟ ਵਿੱਚ 70 ਸਾਲ ਤੋਂ ਵੱਧ ਬਜ਼ੁਰਗ ਅਤੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੁਫਤ ਸੇਵਾ ਕਰਨ ਦੀ ਹਾਮੀ ਭਰੀ ਹੈ। ਇਸ ਬਾਰੇ ਲੰਮੀ ਅਤੇ ਸੰਤੁਲਿਤ ਖੋਜ ਕਰਨ ਤੋਂ ਬਾਅਦ ਮੈਂ ਇਹ ਮਹਿਸੂਸ ਕੀਤਾ ਹੈ ਕਿ ਇਹ ਸੇਵਾ ਮੁਫਤ ਕੀਤੀ ਜਾ ਸਕਦੀ ਹੈ।

● **ਜੈਨੇਸਿਸ ਸੈਂਟਰ ਸਬੰਧੀ**:- ਜੈਨੇਸਿਸ ਸੈਂਟਰ ਸਾਡੀ ਕਮਿਊਨਟੀ ਦੀ ਖਿੱਚ ਦਾ ਕੇਂਦਰ ਹੈ। ਇਥੇ ਮਿਲਦੀਆਂ ਸਹੂਲਤਾਂ ਵਿੱਚ ਵਾਧਾ ਹੋਣਾ ਜ਼ਰੂਰੀ ਹੈ ਤਾਂ ਜੋ ਹਰ ਉਮਰ ਵਰਗ ਦੇ ਲੋਕ ਬੱਚੇ ਬਜ਼ੁਰਗ ਅਤੇ ਔਰਤਾਂ ਆਪਣੀ ਸੁਵਿਧਾ ਦੇ ਅਨੁਸਾਰ ਵਰਤੋਂ ਕਰ ਸਕਣ। ਇਸ ਦਿਸ਼ਾ ਵਿੱਚ ਪਹਿਲ ਦੇ ਆਧਾਰ ਤੇ ਮੇਰਾ ਕੰਮ ਹੈ ਕਿ ਜੈਨੇਸਿਸ ਸੈਂਟਰ ਦੇ ਅੰਦਰ ਜਿੰਮਨੇਜ਼ੀਅਮ ਅਤੇ ਬਾਹਰਲੇ ਕੇਂਦਰ ਵਿੱਚ ਸਪੋਰਟਸ ਸੈਂਟਰ ਬਣਾਇਆ ਜਾਵੇ। ਤਾਂ ਕਿ ਨੈਲਸਨ ਮੰਡੇਲਾ ਹਾਈ ਸਕੂਲ ਦੇ ਵਿਦਿਆਰਥੀ ਅਤੇ ਆਮ ਜਨਤਾ ਇਹਨਾਂ ਸਹੂਲਤਾਂ ਦਾ ਪੂਰਾ ਲਾਭ ਲੈ ਸਕਣ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਅਰਨੈਸਟ ਮੈਨਿੰਗ ਹਾਈ ਸਕੂਲ ਵਿੱਚ ਇਹ ਸਹੂਲਤਾਂ ਪਹਿਲਾਂ ਹੀ ਮੌਜੂਦ ਹਨ। ਇਸ ਕੰਮ ਨੂੰ ਪੂਰਾ ਕਰਨ ਵਾਸਤੇ ਸਾਰੇ ਹੀ ਸਰਕਾਰੀ ਅਦਾਰੇ ਅਤੇ ਪਬਲਿਕ ਸਕੂਲ ਟਰੱਸਟੀ ਮਿਲ ਕੇ ਕੰਮ ਕਰਨ ਤਾਂ ਜੋ ਸਾਨੂੰ ਸਾਡਾ ਬਣਦਾ ਹੱਕ ਮਿਲ ਸਕੇ। ਮੈਂ ਇਹ ਨਹੀਂ ਚਾਹੁੰਦਾ ਕਿ ਸਾਡੇ ਮਿਹਨਤਕਸ਼ ਅਧਿਆਪਕ ਅਤੇ ਵਲੰਟੀਅਰ ਆਪਣੀ ਜੇਬ ਵਿੱਚੋਂ ਪੈਸੇ ਖਰਚ ਕਰਨ। ਇਸ ਪ੍ਰਜੈਕਟ ਨੂੰ ਸਹੀ ਤਰੀਕੇ ਨਾਲ ਕਰਨ ਲਈ ਮੈਂ ਆਪਣੀ ਪੜ੍ਹਾਈ ਅਤੇ ਤਜ਼ਰਬੇ ਨਾਲ ਉਸ ਯੋਜਨਾ ਦੀ ਵਰਤੋਂ ਕਰਾਂਗਾ ਜਿਸ ਨਾਲ ਸਾਰੇ ਹੀ ਹਿੱਤਾਂ ਦਾ ਖਿਆਲ ਰੱਖਿਆ ਜਾ ਸਕੇ, ਤਾਂ ਕਿ ਇਥੋਂ ਦੇ ਰਹਿਣ ਵਾਲੇ ਸਾਰੇ ਹੀ ਵਸਨੀਕਾਂ ਦੀ ਜ਼ਰੂਰਤ ਦਾ ਧਿਆਨ ਰੱਖਦਿਆਂ ਹੋਇਆਂ ਇਸਦਾ ਡਿਜ਼ਾਇਨ ਤਿਆਰ ਕੀਤਾ ਜਾ ਸਕੇ। ਇਸ ਤਰ੍ਹਾਂ ਦੇ ਪ੍ਰੋਗਰਾਮ ਸਾਡੇ ਬੱਚਿਆਂ ਨੂੰ ਨਾ ਸਿਰਫ ਚੰਗੀ ਸਿਹਤ ਅਤੇ ਤੰਦਰੁਸਤੀ ਦਿੰਦੇ ਹਨ ਬਲਕਿ ਨਸ਼ੇ ਤੋਂ ਦੂਰ ਰੱਖਣ ਵਿੱਚ ਵੀ ਸਹਾਈ ਹੁੰਦੇ ਹਨ।

● **ਐਫੋਰਡੇਵਿਲਜ਼ ਹੋਮਜ਼ ਅਤੇ ਸੀਨੀਅਰ ਸੈਂਟਰ ਸਬੰਧੀ**:- ਮੇਰਾ ਦੂਸਰੇ ਭਾਈਚਾਰੇ ਦੇ ਲੋਕਾਂ ਨਾਲ ਮਿਲ ਕੇ ਕੰਮ ਕਰਨ ਦਾ ਢੰਗ ਤਜ਼ਰਬਾ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਸਾਡੇ ਬਜ਼ੁਰਗਾਂ ਲਈ ਸਹੀ ਤਰੀਕੇ ਨਾਲ ਸੀਨੀਅਰ ਹਾਊਸਿੰਗ ਫੈਸਿਲਟੀ ਪ੍ਰਜੈਕਟ ਬਣੇ ਜਿਸ ਤਰ੍ਹਾਂ ਚੀਨੀ ਭਾਈਚਾਰੇ ਨੇ ਬਣਾਇਆ ਹੈ। ਜਿਸ ਵਿੱਚ ਆਪਣੇ ਸੱਭਿਆਚਾਰ ਅਨੁਸਾਰ ਰਵਾਇਤੀ ਭੋਜਨ ਅਤੇ ਬੋਲੀ ਬੋਲਣ ਵਾਲੇ ਡਾਕਟਰ ਨਰਸਾਂ ਦਾ ਪ੍ਰਬੰਧ ਹੋਵੇ। ਸਿਟੀ ਆਫ ਕੈਲਗਰੀ ਨੇ ਜੈਨੇਸਿਸ ਕੇਂਦਰ ਵਿੱਚ ਅਟੇਨਏਬਲ ਹੋਮਜ ਦੀ ਡਿਵਲਪਮੈਂਟ ਦਾ ਪ੍ਰਜੈਕਟ ਪਾਸ ਕੀਤਾ ਹੈ। ਜਿਸ ਵਿਚ ਥੋੜ੍ਹਾ ਭੁਗਤਾਨ ਕਰ ਕੇ ਘਰ ਜਾਂ ਅਪਾਰਟਮੈਂਟ ਖਰੀਦਿਆ ਜਾ ਸਕਦਾ ਹੈ। ਕੈਨੇਡਾ ਵਿੱਚ ਆਉਣ ਵਾਲੇ ਹਰ ਪਰਿਵਾਰ ਦੀ ਸੱਚੀ ਕਹਾਣੀ ਵਾਗੂੰ ਮੇਰੇ ਮਾਤਾ ਪਿਤਾ ਦੀ ਸਭ ਤੋਂ ਪਹਿਲਾਂ ਰਿਹਾਇਸ ਇੱਕ ਛੋਟਾ ਜਿਹਾ ਕਮਰਾ ਸੀ ਜਿਸ ਵਿੱਚ ਰਹਿੰਦਿਆਂ ਹੋਇਆਂ ਉਹਨਾਂ ਨੇ ਸਖਤ ਮਿਹਨਤ ਕਰ ਕੇ ਸਾਨੂੰ ਪੜ੍ਹਾ ਲਿਖਾ ਕੇ ਕਾਮਯਾਬ ਬਣਾਇਆ। ਹੁਣ ਮੈਨੂੰ ਮੇਰੀ ਜ਼ਿੰਮੇਵਾਰੀ ਅਹਿਸਾਸ ਦਿਵਾਉਂਦੀ ਹੈ ਕਿ ਜੋ ਵੀ ਪਰਿਵਾਰ ਦੂਸਰੇ ਦੇਸ਼ਾਂ ਅਤੇ ਦੂਸਰੇ ਸਹਿਰਾਂ ਵਿੱਚੋਂ ਆਉਂਦੇ ਹਨ ਉਹਨਾਂ ਨੂੰ ਘਰ ਦੀ ਕੋਈ ਵੀ ਸਮੱਸਿਆ ਨਾ ਆਵੇ ਤਾਂ ਜੋ ਜਦੋਂ ਉਹ ਕੈਲਗਰੀ ਵਿੱਚ ਆਉਣ ਤੇ ਆਪਣੀ ਪੂੰਜੀ ਅਨੁਸਾਰ ਸਸਤੇ ਅਤੇ ਵਧੀਆ ਘਰ ਲੈ ਸਕਣ। ਹਾਊਸਿੰਗ ਅਫੋਰਡਏਬਲਟੀ ਦੇ ਉੱਪਰ ਮੇਰਾ ਇਹ ਵੀ ਉਪਰਾਲਾ ਹੋਵੇਗਾ ਕਿ ਮਨਜ਼ੂਰਸ਼ੁਦਾ ਬੇਸਮੈਂਟਾਂ ਹੋਣ ਅਤੇ ਉਹਨਾਂ ਦੀ ਪ੍ਰਵਾਨਗੀ ਦਾ ਤਰੀਕਾ ਸਰਲ ਸਪੱਸਟ ਤੇ ਪਾਰਦਰਸ਼ਤਾ ਵਾਲਾ ਹੋਵੇ ਤਾਂ ਜੋ ਬਿਨੈਕਾਰਾਂ ਦੀ ਮੁਸ਼ਕਿਲਾਂ ਘੱਟ ਤੋਂ ਘੱਟ ਹੋ ਸਕਣ। ਮੈਂ ਇਹ ਨਹੀਂ ਚਾਹੁੰਦਾ ਕਿ ਸਸਤੇ ਕਫਾਇਤੀ ਘਰਾਂ ਦੀ ਕੋਈ ਸਮੱਸਿਆ ਕੈਲਗਰੀ ਵਿੱਚ ਹੋਵੇ ਜਿਸ ਤਰ੍ਹਾਂ ਇਹ ਸਮੱਸਿਆ ਬੀ ਸੀ (ਸਰੀ) ਅਤੇ ਟਰਾਂਟੋ ਏਰੀਆ ਵਿੱਚ ਹੋਈ ਹੈ।

● **ਮੇਰੇ ਆਪਣੇ ਬਾਰੇ**:- ਮੈਂ ਨਾਰਥ ਈਸਟ ਏਰੀਆ ਕੈਲਗਰੀ ਦਾ ਹੀ ਜੰਮਪਲ ਹਾਂ ਅਤੇ ਆਪਣੀ ਜ਼ਿੰਦਗੀ ਦੇ ਬਹੁਤ ਸਾਰੇ ਸਾਲ ਇਸ ਇਲਾਕੇ ਦੇ ਵਿੱਚ ਕੱਢੇ ਹਨ। ਇਸ ਇਲਾਕੇ ਦੇ ਵਿੱਚ ਰਹਿੰਦਿਆਂ ਆਪਣੀ ਸਿਟੀ ਪਲੈਨਿੰਗ ਦੀ ਮਾਸਟਰ ਡਿਗਰੀ ਯੂਨੀਵਰਸਿਟੀ ਆਫ ਕੈਲਗਰੀ ਤੋਂ ਪਾਸ ਕੀਤੀ ਹੈ। ਇਸ ਤੋਂ ਇਲਾਵਾ ਮੈਂ ਪਲੈਨਿੰਗ ਫਾਰ ਐਥਨਿਕ ਡਿਵਰਸਿਟੀ (ਨਸਲੀ ਭੇਦਭਾਵ) ਨਾਲ ਸਬੰਧਿਤ ਪੰਜਾਬੀ ਸਿੱਖ ਕਮਿਊਨਟੀ ਅਤੇ ਨਿਊ ਮਾਡਲ ਆਫ ਹਾਊਸਿੰਗ ਅਫੋਰਡਏਬਲਟੀ ਦੇ ਖੇਤਰ ਵਿੱਚ ਖੋਜ ਕੀਤੀ ਹੈ। ਇਸ ਬਾਰੇ ਇੱਕ ਕਿਤਾਬ ਮੈਂ ਲਿਖੀ ਹੈ ਉਹ ਗੁਰਦੁਆਰਾ ਦਸ਼ਮੇਸ਼ ਕਲਚਰ ਦੀ ਲਾਇਬ੍ਰੇਰੀ ਵਿੱਚ ਮੌਜੂਦ ਹੈ।

● **ਮੇਰੀ ਬੇਨਤੀ**:- ਮੈਂ ਜੌਰਜ ਚਾਹਲ ਤੁਹਾਡੇ ਸਾਰਿਆਂ ਦਾ ਸਹਿਯੋਗ ਲੈਣ ਵਾਸਤੇ ਅਪੀਲ ਕਰਦਾ ਹਾਂ ਕਿ ਆਉਣ ਵਾਲੀਆਂ ਮਿਊਂਸੀਪਲ ਚੋਣਾਂ ਵਿੱਚ ਆਪਣਾ ਇੱਕ ਇੱਕ ਕੀਮਤੀ ਵੋਟ ਪਾ ਕੇ ਮੈਨੂੰ ਕਾਮਯਾਬ ਬਣਾਉ ਤਾਂ ਜੋ ਮੈਂ ਸਿਟੀ ਆਫ ਕੈਲਗਰੀ ਵਿੱਚ ਤੁਹਾਡੀ ਅਗਵਾਈ ਕਰਦਿਆਂ ਹੋਇਆਂ ਉੱਤਰ ਪੂਰਬ ਇਲਾਕੇ ਨੂੰ ਬਣਦੇ ਹੱਕ ਦਿਵਾ ਸਕਾ ਅਤੇ ਵਾਰਡ ਦੇ ਅਧੂਰੇ ਕੰਮਾਂ ਨੂੰ ਸਹੀ ਢੰਗ ਨਾਲ ਪੂਰਾ ਕਰ ਸਕਾਂ।



# Rana Ayyub Honoured In Canada in Communal Harmony



Courageous author and journalist Rana Ayyub – who exposed the involvement of the Indian officials in the systematic killings of Muslims was honoured by Radical Desi in Surrey on Saturday.

She was presented with Courage in Journalism Award at a well attended event held at Dr. Ambedkar room in the Surrey Central Library. Those who presented her the award included Amandeep Singh- a lawyer and a human rights activist who was recently honoured by Radical Desi for drafting the petition seeking release of disabled Delhi University Professor G.N. Saibaba who continues to be persecuted by the Indian state for standing up for minorities and the oppressed communities. Others who joined Singh for presenting the award were one of the Radical Desi founders Parshottam Dosanjh and the leader of the Prof. Mohan Singh Memorial Foundation Sahib Thind.

Ayyub is the author and publisher of Gujarat Files – based on her undercover investigation of the administrative and police officers who were responsible for the murders of the members of the minority community had risked her life by taking part in sting operation for Tehlka magazine.

She was sent to Gujarat following the anti Muslim pogrom of 2002 and spate of murders of Muslim men by the police in staged shootouts.

Thousands of Muslims were targeted by the goons led by BJP activists. Human rights activists and survivours continue to allege the complicity of the then Chief Minister of Gujarat Narendra Modi in the mass murders. The bloodshed was followed by series of murders of Muslim men by the police in fake encounters. The slain men were frequently branded as Jihadist extremists.

Ayyub told the gathering how she posed herself as a Hindu woman with strong family affiliations with the BJP and befriended people in the police and administration. She later spoke to them about the violence against Muslims and found how thickly the BJP government and Modi were involved in these crimes. Being a Muslim woman,she was playing with the fire by secretly recording these conversations in an extremely hostile environment.

She added that the event being held in Dr. Ambedkar room was a fitting tribute to the author of the Indian constitution that is under attack by the BJP government and also because her book brings out the fact that how Dalits or so called untouchables were used for getting the dirty job done by the Hindutva forces.

She called upon the members of Indian diaspora to break silence over the growing threat of Hindutva extremism under Modi and urged all minorities to join hands to fight back against repression.

There was a pin drop silence in the room as she shared her story. Her speech was followed by a Questions and Answers session after which she signed the copies of her book.

Those in attendance included well known community activists, such as Chinmoy Banerjee of South Asian Network of Secularism and Democracy, former BC Human Rights Commissioner Harinder Mahil, Indians Abroad for Pluralist India founder and documentary filmmaker Ajay Bhardwaj, Sikh Nation volunteer Sunil Kumar, research scholar and activist Kamal Arora, besides Progressive Pakistani activists Shahzad Nazir Khan, Saif Khalid, Masood Punjabi and Fauzia Rafique.

# Rana Ayyub To Be Honoured In Surrey



Courageous author and journalist Rana Ayyub – who exposed the involvement of the Indian officials in the systematic killings of Muslims will be honoured by Radical Desi in Surrey, Canada this Saturday.

The writer of Gujarat Files – based on her undercover investigation of the administrative and police officers who were responsible for the murders of the members of the minority community had risked her life by taking part in sting operation for Tehlka magazine.

She was sent to Gujarat following the anti Muslim pogrom of 2002 and spate of murders of Muslim men by the police in staged shootouts.

The violence against Muslims was followed by the burning of a train carrying Hindu pilgrims leaving more than 50 people dead. The Gujarat government under right wing Hindu nationalist Bhartiya Janata Party (BJP) had blamed the Muslim fundamentalists for the incident.

Thousands of Muslims were targeted by the goons led by BJP activists. Human rights activists and survivours continue to allege the complicity of the then Chief Minister of Gujarat Narendra Modi in the mass murders. The bloodshed was followed by series of murders of Muslim men by the police in fake encounters. The slain men were frequently branded as Jihadist extremists.

Rana posed herself as a Hindu woman with strong family affiliations with the BJP and befriended people in the police and administration. She later spoke to them about the violence against Muslims and found how thickly the BJP government and Modi were involved in these crimes. Being a Muslim woman,she was playing with the fire by secretly recording these conversations in an extremely hostile environment.

The first challenge came to her from none other than Tehlka that chickened out as she was close to secretly interviewing Modi- who became the Prime Minister of India in 2014. She was told by her bosses that they cannot afford to get into any trouble with the future Prime Minister.

Later, she unsuccessfully tried to get her book published, but due to political pressure nobody dared to publish her work. Finally she had to go for self publishing. Rana took personal bank loan to get her book printed and circulated. Until now she has published more than 1,50,000 prints in different languages.

But her fight did not end there. She was unable to get a full time job in the media as most potential employers wanted her not to talk against Modi. So much so, the Indian officials tried to get her event cancelled in Doha while on many occasions she got threats from the BJP supporters.

Rana believes that the history of Gujarat episode remains relevant today as the violence against minorities, particularly Muslims has now spread across India under Modi government.

She feels that the majoritarianism is the root cause of the problem as the previous Congress government also tried to divide people on the basis of religion. She never forgets to make a connection between the 1984 and 2002. Thousands of Sikhs were murdered by the mobs led by the so called secularist Congress party in India in 1984 after the then Prime Minister Indira Gandhi was assassinated by her Sikh bodyguards.

Rana was only nine when she experienced first hand the pain of sectarian killings in 1993. She lived in Mumbai that was rocked with anti Muslim violence by Hindu fanatics. She still remembers how a Sikh family came to their rescue and saved her family from death when the Hindu fundamentalists targeted Muslims at the behest of the police that remained a mute spectator.

She will be speaking at an event being organized by Radical Desi and Indians Abroad for Pluralist India on Saturday August 12 at 2pm in Dr. Amebdkar room of the Surrey Central Library. Following her talk,she will be presented with Courageous Journalism Award. Both English and Punjabi editions of her book will be available at the event and Rana will be present for book signing.

# The visiting journalist from India Rana Ayyub has been denied an opportunity to address the congregation at the Ross Street Sikh temple in Vancouver, Canada

The visiting journalist from India Rana Ayyub has been denied an opportunity to address the congregation at the Ross Street Sikh temple in Vancouver, Canada.




Ayyub has published Gujarat Files, a book based on her undercover investigation of the complicity of the government in anti Muslim pogrom of Gujarat in 2002 and the killings of the Muslim men in staged police shootouts.

The current Indian Prime Minister Narendra Modi used to be the Chief Minister of Gujarat when Ayyub was sent there for a sting operation by Tehelka magazine. Human rights activists and survivours of the anti Muslim massacre maintain that Modi was directly involved in violence. Notably, Modi was denied entry by numerous countries, including US in the aftermath of the bloody events of 2002. However, he visited Canada after being elected as Prime Minister in 2015 and was welcomed at the Ross Street Sikh temple that year despite protests by number of activists.

Ayyub is here on the invitation of Radical Desi magazine that presented her with "Courage in Journalism Award" at a well attended public event in Surrey. After all, she risked her life by going undercover to find how politicians belonging to Modi's Hindu nationalist Bhartiya Janata Party (BJP) and the police and the administrative officers were involved in violence against Muslims. She has spoken at more than 500 events worldwide and more than 1,60,000 copies of her book has been sold.

Since Ross Street Sikh temple is managed by Khalsa Diwan Society- the oldest Sikh body that was established to fight against racism and British occupation of India, Radical Desi had requested the management of the gurdwara to let her address the congregation. It was brought to the knowledge of the temple president Malkiat Singh Dhami that she will speaking about the glorious history of the revolutionaries who had established the gurdwara and growing religious extremism in India. After a long wait, Radical Desi was told that the the temple executives are not receptive as Ayyub has a "controversial background".




It is unfortunate that Ayyub was not allowed to speak to the congregation of a temple whose founders fought against injustice and wished to establish a secular and egalitarian society. Letting Ayyub speak and standing up for her for exposing a sectarian government under which attacks on religious minorities have grown would have been a real tribute to our elders whose legacy remains relevant as the world is grappling with bigotry.

**For more information Gurpreet Singh : 778 862 2454**



















# ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਲਈ ਰਾਜਸੀ ਪਾਰਟੀਆਂ ਕਸੂਰਵਾਰ ਕਰਾਰ

ਲੁਧਿਆਣਾ ਦੇ ਪਿੰਡ ਜੀਰਖ ਵਿਖੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਸਾਂਝੇ ਇਕੱਠ ਨੂੰ ਸੰਬੋਧਨ ਕਰਦਿਆਂ ਪੀਏਯੂ ਦੇ ਉੱਘੇ ਅਰਥ ਸ਼ਾਸਤਰੀ, ਆਰਥਿਕ ਤੇ ਸਮਾਜਿਕ ਵਿਭਾਗ ਦੇ ਮੁਖੀ ਪ੍ਰੋ. ਸੁਖਪਾਲ ਸਿੰਘ ਨੇ ਤੱਥ ਭਰਪੂਰ ਖੋਜਾਂ ਦੇ ਅਧਾਰ ਤੇ ਕਿਸਾਨਾਂ-ਮਜ਼ਦੂਰਾਂ ਦੇ ਕਰਜ਼ਿਆਂ ਅਤੇ ਖੁਦਕੁਸ਼ੀਆਂ ਦੇ ਅਸਲ ਕਾਰਨਾਂ ਬਾਰੇ ਸਪੱਸ਼ਟ ਕੀਤਾ। ਪ੍ਰੋ. ਸੁਖਪਾਲ ਨੇ ਕਿਹਾ ਕਿ ਜਿਹੜੇ ਲੋਕ ਇਹ ਪ੍ਰਚਾਰਦੇ ਹਨ ਕਿ ਕਿਸਾਨਾਂ/ ਮਜ਼ਦੂਰਾਂ ਨੇ ਕੰਮ ਕਰਨਾ ਛੱਡ ਦਿੱਤਾ ਹੈ, ਨਜਾਇਜ਼ ਖ਼ਰਚੇ ਵਧਾ ਲਏ ਹਨ, ਨਸ਼ੇ ਕਰਨ ਲੱਗ ਗਏ ਹਨ, ਉਹ ਅਸਲੀਅਤ ਨੂੰ ਛੁਪਾ ਰਹੇ ਹਨ।



ਉਨ੍ਹਾਂ ਸਾਲ 2000 ਤੋਂ 2010 ਤੱਕ ਖੁਦਕੁਸ਼ੀਆਂ ਦੇ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ ਇਨ੍ਹਾਂ 10 ਸਾਲਾਂ ਵਿੱਚ 7000 ਲੋਕਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ ਜਿਨ੍ਹਾਂ ਵਿੱਚ 4000 ਕਿਸਾਨ ਅਤੇ 3000 ਮਜ਼ਦੂਰ ਸਨ। ਇਨ੍ਹਾਂ ਵਿਚੋਂ 63 ਫੀਸਦ ਨਸ਼ਾ ਨਹੀਂ ਸੀ ਕਰਦੇ ਅਤੇ ਵਿਹਲੇ ਵੀ ਨਹੀਂ ਸੀ ਰਹਿੰਦੇ। ਪ੍ਰੋ. ਸੁਖਪਾਲ ਸਿੰਘ ਨੇ ਹੁਣੇ ਹੀ ਇਕ ਸੱਤ ਜ਼ਿਲ੍ਹਿਆਂ ਦੀ ਪਟਿਆਲਾ ਯੂਨੀਵਰਸਿਟੀ ਵੱਲੋਂ ਜਾਰੀ ਕੀਤੀ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਕਿ 737 ਲੋਕਾਂ ਵੱਲੋਂ ਖੁਦਕੁਸ਼ੀਆਂ ਕੀਤੀਆਂ ਜਿਨ੍ਹਾਂ ਵਿੱਚ 397 ਮਜ਼ਦੂਰ ਅਤੇ 340 ਕਿਸਾਨ ਸਨ। ਇਸ ਤੋਂ ਸਪੱਸ਼ਟ ਹੈ ਕਿ ਮਜ਼ਦੂਰਾਂ ਵਿੱਚ ਖੁਦਕੁਸ਼ੀਆਂ ਦਾ ਰੁਝਾਨ ਕਿਸਾਨਾਂ ਨਾਲ਼ੋਂ ਵੀ ਵਧ ਰਿਹਾ ਹੈ। ਉਨ੍ਹਾਂ ਖ਼ੁਦਕੁਸ਼ੀਆਂ ਦੇ ਕਾਰਨਾਂ ਨੂੰ ਸਮਾਜਿਕ ਦੀ ਥਾਂ ਆਰਥਿਕ ਅਤੇ ਰਾਜਨੀਤਕ ਦੱਸਿਆ। ਉਨ੍ਹਾਂ ਇਹ ਵੀ ਕਿਹਾ ਕਿ ਖੇਤੀ ਦੇ ਕੰਮ ਵਿੱਚ ਮਸ਼ੀਨਰੀ ਦੀ ਵਰਤੋਂ ਵਧਣ ਨਾਲ ਮਜ਼ਦੂਰ ਇਸ ਕੰਮ ਤੋਂ ਵਿਹਲੇ ਹੋ ਗਏ ਹਨ ਅਤੇ ਇਸ ਦੇ ਬਦਲ ਵਿੱਚ ਕਿਸੇ ਹੋਰ ਖੇਤੀ ਸਨਅਤ/ਫ਼ੈਕਟਰੀ ਆਦਿ ਦਾ ਨਿਰਮਾਣ ਨਹੀਂ ਹੋਇਆ, ਜਿੱਥੇ ਉਸ ਨੂੰ ਵਧੇਰੇ ਕੰਮ ਮਿਲਦਾ। ਆਪਣਾ ਨਿਰਬਾਹ ਕਰਨ ਲਈ ਕਿਸਾਨਾਂ ਤੇ ਮਜ਼ਦੂਰਾਂ ਦੋਵਾਂ ਨੂੰ ਹੀ ਕਰਜ਼ੇ ਦਾ ਸਹਾਰਾ ਲੈਣਾ ਪੈਂਦਾ ਹੈ। ਆਮਦਨ ਘੱਟ ਹੋਣ ਕਰ ਕੇ ਕਰਜ਼ਾ ਵਾਪਸ ਨਹੀਂ ਮੁੜਦਾ ਜੋ ਕੌੜ ਵੇਲ ਵਾਂਗ ਵਧਦਾ ਰਹਿੰਦਾ ਹੈ। ਕਿਸਾਨਾਂ ਦੇ ਦੁੱਖ ਬਾਰੇ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਸੁਦਾਗਰ ਘੁਡਾਣੀ ਨੇ ਕਿਹਾ ਕਿ ਖੇਤੀ ਲਾਗਤ ਇੰਨੀ ਵਧ ਗਈ ਹੈ ਕਿ ਖੇਤੀ ਲਗਾਤਾਰ ਘਾਟੇ ਵਿੱਚ ਜਾ ਰਹੀ ਹੈ। ਸਰਕਾਰਾਂ ਬਣਾਉਣ ਤੋਂ ਪਹਿਲਾਂ ਸਾਰੀਆਂ ਸਿਆਸੀ ਪਾਰਟੀਆਂ ਕਿਸਾਨਾਂ/ ਮਜ਼ਦੂਰਾਂ ਨਾਲ ਵੱਡੇ ਵੱਡੇ ਲੁਭਾਊ ਵਾਅਦੇ ਕਰ ਕੇ ਵੋਟਾਂ ਤਾਂ ਲੈ ਲੈਂਦੀਆਂ ਹਨ ਪਰ ਸਰਕਾਰ ਬਣਾਉਣ ਬਾਅਦ ਸਭ ਮੁੱਕਰ ਜਾਂਦੇ ਹਨ। ਉਨਾਂ ਕਿਸਾਨਾਂ ਤੇ ਮਜ਼ਦੂਰਾਂ ਨੂੰ ਇਕੱਠੇ ਹੋਕੇ ਆਪਣੀ ਜ਼ਿੰਦਗੀ ਬੇਹਤਰ ਬਣਾਉਣ ਲਈ ਸਰਕਾਰਾਂ ਤੇ ਜਥੇਬੰਦਕ ਦਬਾਅ ਬਣਾਉਣ ਲਈ ਸੱਦਾ ਦਿੱਤਾ। ਗੁਰਮੇਲ ਸਿੰਘ ਕੈਨੇਡਾ ਨੇ ਸੁਝਾਅ ਦਿੰਦਿਆਂ ਕਿਹਾ ਕਿ ਕਿਸਾਨਾਂ ਨੂੰ ਖੇਤੀ ਖ਼ਰਚੇ ਘਟਾਉਣ ਲਈ ਸਾਂਝੇ ਫ਼ਾਰਮਾਂ ਵਿੱਚ ਖੇਤੀ ਕਰਨ ਵੱਲ ਵਧਣਾ ਚਾਹੀਦਾ ਹੈ। ਸਟੇਜ ਸੰਚਾਲਨ ਜਸਵੰਤ ਜੀਰਖ ਨੇ ਨਿਭਾਇਆ। ਇਸ ਸਮੇਂ ਸਰਪੰਚ ਬਲਦੇਵ ਸਿੰਘ, ਮੈਂਬਰ ਕਰਮਜੀਤ ਸਿੰਘ, ਸਤਨਾਮ ਸਿੰਘ, ਸਰੂਪ ਸਿੰਘ ਸਹਾਰਨਮਾਜਰਾ, ਜਰਨੈਲ ਸਿੰਘ, ਮੇਜਰ ਸਿੰਘ, ਮੇਹਰ ਸਿੰਘ, ਬੁੱਧ ਸਿੰਘ ਸ਼ਾਮਲ ਸਨ।










# ਭਾਅ ਜੀ ਗੁਰਸ਼ਰਨ ਸਿੰਘ ਨੂੰ ਯਾਦ ਕਰਦਿਆਂ



ਕੰਵਲਜੀਤ ਖੰਨਾ

ਸਾਡੇ ਸਮਿਆਂ ਦੇ ਕਵੀ ਯੋਧ ਸਿੰਘ ਨੇ ਉਨ੍ਹਾਂ ਦੇ ਵਿਛੋੜੇ ਤੇ ਲਿਖਿਆ ਸੀ 'ਤੂੰ ਜਾਗ ਸੈਂ-ਇੱਕ ਰਾਗ ਸੈਂ- ਸਰਘੀਆਂ ਦੀ ਭੈਰਵੀਂ ਇੱਕ ਘੋਲ ਸੈਂ-ਬਸ ਬੋਲ ਸੈਂ- ਨੂਰ ਦਾ ਭਰਿਆ ਇੱਕ ਡੋਲ ਸੈਂ। ਨੂਰ ਦੇ ਭਰਿਆ ਡੋਲ ਸੈਂ।' ਨੂਰ ਦੇ ਭਰੇ ਉਸ ਡੋਲ ਨੇ ਲਾ ਉਮਰ ਹਨੇਰਿਆਂ ਨੂੰ ਵੰਗਾਰਿਆ, ਲਲਕਾਰਿਆ। ਕਲਾ ਦੇ ਹਥਿਆਰ ਨੂੰ ਸਮਾਜ ਬਦਲੀ ਦੀ ਇਨਕਲਾਬੀ ਲਹਿਰ ਦੇ ਵਧਾਰੇ ਲਈ ਵਰਤਣ, ਲੋਕ ਚੇਤਨਾ ਨੂੰ ਸਾਣ ਤੇ ਲਾਉਣ ਦਾ ਭਾਅ ਜੀ ਗੁਰਸ਼ਰਨ ਸਿੰਘ ਸਮੁੱਚਾ ਜੀਵਨ ਇਤਿਹਾਸ ਇੱਕ ਖੁੱਲੀ ਕਿਤਾਬ ਵਾਂਗ ਸਾਡੇ ਸਾਹਮਣੇ ਹੈ। ਜਿਸ ਲਈ ਉਨ੍ਹਾਂ ਕਿਹਾ ਸੀ ਅਜ਼ਾਦੀ ਸਾਡੀ ਵਿਰਾਸਤ ਹੈ। ਸਮਾਜਵਾਦ ਲਈ ਸੰਘਰਸ਼ ਸਾਡੀ ਸਿਆਸਤ ਹੈ। ਕਰਾਂਤੀ ਸਾਡੀ ਇਬਾਦਤ ਹੈ।

ਅਜਿਹੀ ਅਜੀਜ਼ ਸ਼ਖ਼ਸੀਅਤ ਦੀ ਸਰੀਰਕ ਗੈਰਹਾਜ਼ਰੀ 'ਚ ਉਸ ਲੋਕ ਨਾਇਕ ਦੇ ਆਦਰਸ਼, ਸੁਪਨੇ, ਗੰਭੀਰਤਾ, ਸੰਵੇਦਨਸ਼ੀਲਤਾ ਸਾਡਾ ਆਇਤਲ ਹੈ। ਸੱਚੇ-ਸੁੱਚੇ ਭਾਅ ਜੀ ਗੁਰਸ਼ਰਨ ਸਿੰਘ ਸੱਚਾ-ਸੁੱਚੇ ਇਨਕਲਾਬੀ ਕਾਰਕੁੰਨ ਸਨ। 'ਮੇਰੇ ਲੋਗੋ ਸਿਰਫ ਤੇ ਸਿਰਫ ਬਰਾਬਰਤਾ, ਹਰ ਤਰ੍ਹਾਂ ਦੀ ਸਮਾਜਕ ਬਰਾਬਰਤਾ ਮੇਰਾ ਸੁਪਨਾ ਹੈ।' ਆਰਥਕ ਪਾੜਾ, ਗਰੀਬ ਤੇ ਅਮੀਰ ਦਾ ਫਰਕ ਸਾਡੇ ਭਾਅ ਜੀ ਇਸ ਧਰਤੀ ਤੋਂ ਮਿਟਾਉਣਾ ਚਾਹੁੰਦੇ ਸਨ। ਬਰਾਬਰਤਾ ਵਾਲਾ ਸਮਾਜ ਜਿੱਥੇ ਕੋਈ ਉੱਚਾ ਨਾ ਹੋਵੇ ਕੋਈ ਨੀਵਾਂ ਨਾ ਹੋਵੇ, ਕੋਈ ਤਕੜਾ ਨਾ ਹੋਵੇ ਕੋਈ ਮਾੜਾ ਨਾ ਹੋਵੇ। ਉਹ ਹਰ ਪਿੰਡ ਨੂੰ ਚੰਡੀਗੜ੍ਹ ਵਰਗਾ ਲੋਚਦੇ ਸਨ। 'ਉਥੇ ਸਾਰੀਆਂ ਸਹੂਲਤਾਂ ਤੇ ਮੇਰੇ ਪਿੰਡਾਂ 'ਚ ਕੁੱਝ ਵੀ ਨਹੀਂ- ਨਹੀਂ ਨਹੀਂ ਮੇਰੇ ਲੋਗੋ ਇਹ ਗਲਤ ਹੈ- ਬਿਲਕੁੱਲ, ਬਿਲਕੁੱਲ, ਬਿਲਕੁੱਲ, ਬਿਲਕੁੱਲ ਗਲਤ-ਸੋ ਫੀਸਦੀ ਗਲਤ। ਪੈਦਾ ਕਰੀਏ ਅਸੀਂ, ਬਣਾਈਏ ਅਸੀਂ ਤੋਂ ਐਸ਼ਾਂ ਕਰੇ ਕੋਈ ਹੋਰ'-ਮੰਚ ਤੇ ਬੋਲਦਿਆਂ ਲਾਲ ਸੁਰਖ ਅੱਖਾਂ ਅੰਗਿਆਰਾਂ ਵਾਂਗ ਮਘਦੀਆਂ ਸਨ- ਬੋਲ ਨਗਾਰੇ ਦੀ ਚੋਟ ਵਾਂਗ ਗੜਕਦੇ ਸਨ- ਬਾਹਾਂ ਹਵਾ 'ਚ ਉੱਲਰਦੀਆਂ ਕੁੱਝ ਫੜਣ ਦੀ ਕੋਸ਼ਿਸ਼ ਕਰਦੀਆਂ ਸਨ। ਫਿਰ ਉਦੋਂ ਪੰਡਾਲ 'ਚ ਸੁੰਨ ਵਰਤ ਜਾਂਦੀ ਸੀ ਠੰਡੇ-ਬਰਫੀਲੇ ਪਾਣੀ ਦੀ ਢਾਰਸ ਵਾਂਗ, ਠੰਡੀ ਮਿੱਠੀ ਰੁਮਕਦੀ ਹਵਾ ਦੇ ਬੁਲ੍ਹੇ ਵਾਂਗ ਇੱਕ-ਇੱਕ ਸ਼ਬਦ ਸਰੋਤੇ ਨੂੰ ਸਕੂਨ ਬਖਸ਼ਦਾ ਸੀ। ਚੈਨ ਵਰਤਾਉਦਾ ਸੀ ਰਾਹ ਵਿਖਾਉਦਾ ਸੀ- ਮੁਕਤੀ ਦਾ, ਜੁਗਤੀ ਦਾ।

ਸਾਡੇ ਭਾਅ ਜੀ ਨੇ ਇਸ ਪਰਾਏ, ਲਾਸ਼ਾ ਤੇ ਉਸਰੇ, ਕਿਰਤੀ ਦੇ ਖ਼ੂਨ ਨਾਲ ਪਸਰ ਰਹੇ ਨਿਜਾਮ ਨੂੰ, ਇਸ ਨਿਜਾਮ ਦੀਆਂ ਅਲਾਮਤਾਂ ਨੂੰ ਸਾਰੀ ਉਮਰ ਰੱਜ ਕੇ ਨਫ਼ਰਤ ਕੀਤੀ- ਰਾਜੀਨਾਵਾਂ ਨਹੀਂ ਕੀਤਾ। ਉਨ੍ਹਾਂ ਸਾਰੀ ਉਮਰ ਆਪਣੇ ਪਵਿੱਤਰ ਅਕੀਦੇ ਨਾਲ ਵਫਾਦਾਰੀ ਕਮਾਈ। ਨਿਰਸੰਦੇਹ ਇੱਕ ਸੱਚਾਸੁੱਚਾ ਯੋਧਾ ਸੀ ਸਾਡਾ ਭਾਅ ਜੀ ਗੁਰਸ਼ਰਨ ਸਿੰਘ। ਆਪਣੇ ਨਾਟਕਾਂ ਰਾਹੀਂ, ਰਚਨਾਵਾਂ ਰਾਹੀਂ, ਪੁਸਤਕਾਂ ਰਾਹੀਂ, ਸਰਦਲ, ਸਮਤਾ ਤੇ ਚਿੰਤਕ ਰਾਹੀਂ ਚਾਨਣ ਵੰਡਦਾ, ਲੰਮੇ ਰਾਹਾਂ ਦਾ ਅਣਥੱਕ ਪਾਂਧੀ ਅੰਤਲੇ ਸਾਹਾਂ ਤੱਕ ਸ਼ਰੀਰਕ ਅਪਾਹਿਜਤਾ ਦਾ ਗੁਲਾਮ ਨਹੀਂ ਬਣਿਆ ਸੀ। ਜੇ ਲੱਤਾਂ ਕੰਮ ਨਹੀਂ ਕਰਦੀਆਂ ਸਨ ਤੇ ਦਿਲ ਤੇ ਦਿਮਾਗ ਦੁੱਗਣਾ-ਤਿਗਣਾ ਦੌੜਦੇ ਸਨ। ਆਖਰੀ ਸਮਿਆਂ ਤੇ ਬੈੱਡ ਤੇ ਪਿਆ ਵੀ ਆਏ-ਗਏ ਨੂੰ ਫਿਕਰ ਦੀ ਬਾਂਹ ਫੜੀ ਰੱਖਣ ਲਈ ਪ੍ਰੇਰਣ ਵਾਲਾ, ਠਕੋਰਨ ਵਾਲਾ ਸੂਰਜ ਅੱਜ ਸਾਡੇ ਵਿਚਕਾਰ ਨਹੀਂ-ਪਰ ਸਵਾਲ,



ਚੁਣੌਤੀਆਂ ਹੋਰ ਵਡੇਰੀਆਂ ਤੇ ਆਦਮਖੋਰ ਬਣ ਚੁੱਕੀਆਂ ਹਨ।

ਐਮਰਜੈਂਸੀ ਦੇ ਫਾਸ਼ੀ ਜਾਬਰ ਦੌਰ ਦਾ ਡੱਟਕੇ ਸਾਹਮਣਾ ਕਰਨ ਵਾਲੇ ਭਾਅ ਗੁਰਸ਼ਰਨ ਸਿੰਘ ਦੀ ਗੈਰਹਾਜ਼ਰੀ 'ਚ ਫਿਰਕੂ ਫਾਸ਼ੀਵਾਦ ਦੇ ਦੌਰ 'ਚ 'ਕਿਵ ਕੂੜਿ ਤੁਟਿ ਪਾਲਿ, ਨਿਉਟਿਆਂ ਦੀ ਓਟ, ਜਿਨ ਸੱਚਿ ਪੱਲਿ ਹੋਇ', ਚਾਂਦਨੀ ਚੋਕ ਤੋਂ ਸਰਹਿੰਦ ਤੱਕ ਨਵੇਂ ਨਾਟਕਾਂ ਦੀ ਜਰੂਰਤ ਹੈ। ਹਿੰਦੁਸਤਾਨ ਹਿੰਦੂਆਂ ਦਾ ਦੇ ਫਾਸ਼ਿਸ਼ਟ ਐਲਾਨਾਂ ਤੇ ਅਮਲਾਂ ਦੌਰਾਨ ਨਵੇਂ ਗੁਰਸ਼ਰਨ ਸਿੰਘਾਂ ਦੀ ਲੋੜ ਹੈ। ਭਾਅ ਜੀ ਗੁਰਸ਼ਰਨ ਸਿੰਘ ਨੇ ਅਪਣੇ ਨਾਟਕਾਂ ਰਾਹੀਂ ਦਿੱਤੂ ਮਜਹਬੀ, ਮਿਲਖੀ ਘੁਮਿਆਰ, ਛਿੱਬੂ ਸਾਂਸੀ ਨੂੰ ਵਿਦਰੋਹ ਦੀ ਜੁਬਾਨ ਦਿੱਤੀ ਤੇ ਉਨ੍ਹਾਂ ਨੂੰ 'ਇੱਕੋ ਮਿੱਟੀ ਦੇ ਪੁੱਤ' ਹੋਣ ਕਰਕੇ ਸਾਡੇ ਸਾਂਝੇ ਦੁਸ਼ਮਣ ਖਿਲਾਫ਼ ਨਵਾਂ ਜਜਬਾ ਲੈਣ ਦਾ ਸੱਦਾ ਦਿੱਤਾ ਸੀ ਜਿਸ ਨੂੰ ਸਾਡਾ ਸੈਮੂਅਲ ਜੋਨ ਆਪਣੇ ਨਾਟਕਾਂ 'ਕਿਰਤੀ' ਅਤੇ 'ਆਜੋ ਦੇਈਏ ਹੋਕਾ' ਰਾਹੀਂ ਜਿਓਂਦਾ ਰੱਖ ਕੇ ਮਸ਼ਾਲ ਉੱਚੀ ਚੁੱਕ ਰਿਹਾ ਹੈ। ਭਾਰਤੀ ਸਮਾਜ ਦੀ ਸਭ ਤੋਂ ਵੱਡੀ ਲਾਹਨਤ 'ਜਾਤ ਪ੍ਰਬੰਧ' ਖਿਲਾਫ਼ ਭਾਅ ਗੁਰਸ਼ਰਨ ਸਿੰਘ, ਦੇ ਜਾਤ ਰਹਿਤ ਸਮਾਜ ਦੇ ਸੁਪਨੇ 'ਚ ਰੰਗ ਭਰ ਰਿਹਾ ਹੈ।

ਜਾਤ ਨਫ਼ਰਤ, ਸਮਾਜਕ ਬਾਈਕਾਟਾਂ ਦੀ ਦਲਿਤ ਵਿਰੋਧੀ ਧਾਰਵਾਂ ਖਿਲਾਫ ਤੇ ਫੋਕੇ ਜੱਟਵਾਦ ਤੇ ਉੱਚ ਜਾਤ ਹੰਕਾਰ ਦੀ ਘੰਡੀ ਭੰਨਣ ਦਾ ਮਕਸਦ ਪੂਰਾ ਕਰਨ ਲਈ ਇਸ ਲਾਹਨਤ ਖਿਲਾਫ ਜਮਾਤੀ ਸੰਘਰਸ਼ ਦੀ ਮਸ਼ਾਲ ਨੂੰ ਉੱਚੀ ਚੁੱਕਣ ਦੀ ਜਰੂਰਤ ਹੈ। ਭਾਅ ਜੀ ਨੇ ਆਪਣੀ ਨਾਟਕ ਕਲਾ ਰਾਹੀਂ, ਆਪਣੇ ਨਾਟਕਾਂ ਲਈ ਔਰਤ ਵਰਗ ਨਾਲ ਹਰ ਪੱਧਰ ਤੇ ਹੋ ਰਹੇ ਵਿਤਕਰੇ ਵਿਰੁੱਧ ਔਰਤਾਂ ਨੂੰ ਬਾਗੀ ਹੋਣ, ਵਿਦਰੋਹੀ ਬਨਣ ਤੇ ਹਰ ਜਦੋਜਹਿਦ 'ਚ ਮੂਹਰੇ ਹੋ ਡੱਟਣ ਦਾ ਸੱਦਾ ਦਿੱਤਾ। ਬੇਗਮੋ ਦੀ ਧੀ, ਸਰਪੰਚਣੀ, ਸਮਾਜ ਤੇ ਅਜਿਹੇ ਹੋਰ ਨਾਟਕਾਂ ਰਾਹੀਂ ਜਿੱਥੇ ਔਰਤ ਹੱਕਾਂ ਦੀ ਉਨ੍ਹਾਂ ਗੱਲ ਕੀਤੀ ਉੱਥੇ ਔਰਤ ਮੁਕਤੀ ਲਈ ਚੱਲੇ ਹਰ ਸੰਘਰਸ਼ ਦੀ ਉਨ੍ਹਾਂ ਡੱਟ ਕੇ ਬਾਂਹ ਫੜੀ।

ਉਹ ਔਰਤਾਂ ਦੀ ਤਹਿਰੀਕ ਦੇ ਸੱਚੇ ਸਾਥੀ ਸਨ। ਪੰਜਾਬੀਆਂ ਦੀ ਗਾਲ੍ਹ ਦੀ ਆਮ ਪ੍ਰਚਲਤ ਆਦਤ, ਔਰਤ ਖਿਲਾਫ ਮਰਦ ਦੇ ਦਾਬੇ, ਭਰੂਣ ਹੱਤਿਆ, ਦਾਜ ਹੱਤਿਆ ਖਿਲਾਫ ਉਨ੍ਹਾਂ ਆਪਣੇ ਨਾਟਕ ਹਥਿਆਰ ਨੂੰ ਬਖੂਬੀ ਵਰਤਿਆ। ਉਨ੍ਹਾਂ ਦੇ ਨਾਟਕ ਸਮਾਗਮਾਂ 'ਚ ਔਰਤਾਂ ਦੀ ਹਿਸੇਦਾਰੀ ਉਨ੍ਹਾਂ ਲਈ ਵੱਡੀ ਸੰਤੁਸ਼ਟੀ ਸੀ। ਮਹਿਲਕਲਾਂ ਕਿਰਨਜੀਤ ਕਾਂਡ ਵਿਰੋਧੀ ਸੰਘਰਸ਼ ਨਾਲ ਉਨਾਂ ਦਾ ਲਗਾਅ, ਤਿੰਨ ਲੋਕ ਆਗੂਆਂ ਦੀ ਨਜਾਇਜ ਉਮਰ ਕੈਦ, ਖਿਲਾਫ ਚੱਲੇ ਲੰਮੇ ਸੰਘਰਸ਼ 'ਚ ਉਨਾਂ ਦੀ ਹਿੱਸੇਦਾਰੀ ਅਸਲ 'ਚ ਔਰਤ ਮੁਕਤੀ ਦੀ ਜੰਗ 'ਚ ਔਰਤਾਂ ਲਈ ਬਰਾਬਰਤਾ, ਔਰਤ ਦੀ ਪੁੱਗਤ ਤੇ ਔਰਤਾਂ ਖਿਲਾਫ ਹਰ ਤਰ੍ਹਾਂ ਦੇ ਅੱਤਿਆਚਾਰ ਦਾ ਖਾਤਮਾ ਉਨਾਂ ਦਾ ਮਿਸ਼ਨ ਸੀ।

ਗੰਦੇ ਲੋਚਰ ਸੱਭਿਆਚਾਰ ਖਿਲਾਫ਼, ਅਸ਼ਲੀਲ ਕੈਸਟ ਕਲਚਰ ਖਿਲਾਫ, ਹਰ ਤਰ੍ਹਾਂ ਦੀ ਜਾਤ ਪ੍ਰਸਤੀ, ਲਿੰਗ ਭੇਦ ਖਿਲਾਫ ਉਨ੍ਹਾਂ ਦੀ ਨਾਟ ਕਟਾਰ ਤਿੱਖੇ ਵਾਰ ਕਰਦੀ ਸੀ। ਉਨ੍ਹਾਂ ਗੰਦੇ, ਅਸ਼ਲੀਲ, ਦੋਅਰਥੀ ਚਮਕੀਲਾ ਮਾਰਕਾ ਗਾਣਿਆਂ ਖਿਲਾਫ਼ ਅਗਾਂਹਵਧੂ, ਲੋਕਪੱਖੀ, ਇਨਕਲਾਬੀ ਗੀਤਾਂ ਦੀ ਕੈਸਟ ਇੱਕ ਬਦਲ ਵੱਜੋਂ ਉਭਾਰਣ ਦਾ ਨਿਰੰਤਰ ਉੱਦਮ ਕੀਤਾ। ਇਸ ਮਕਸਦ ਲਈ 1984 'ਚ ਉਸਾਰੇ ਪੰਜਾਬ ਲੋਕ ਸੱਭਿਆਚਾਰਕ ਮੰਚ ਨੂੰ, ਇਸ ਦੀਆਂ ਸਰਗਰਮੀਆਂ ਨੂੰ, ਉਨ੍ਹਾਂ ਆਪਣੇ ਖ਼ੂਨ ਨਾਲ ਸਿੰਜਿਆ ਸੀ। ਪ: ਲ: ਸ: ਮੰਚ ਵੱਲੋਂ ਸਥਾਪਤ ਲੋਕ ਪੱਖੀ ਗੀਤ ਸੰਗੀਤ ਟਰਸੱਟ ਰਾਹੀਂ ਬਦਲਵਾਂ ਕੈਸਟ ਕਲਚਰ ਉਭਾਰਨ ਲਈ ਉਨ੍ਹਾਂ ਦੇ ਯਤਨ ਅੱਭੁਲ ਹਨ। ਐਕਸ਼ਨ ਗੀਤਾਂ, ਕੋਰੀਉਗ੍ਰਾਫੀਆਂ ਰਾਹੀਂ ਉਨ੍ਹਾਂ ਲੋਕ ਮਨਾਂ ਨੂੰ ਹਲੂਨਣ, ਝੰਜੋੜਣ ਦਾ ਅਥਾਹ ਯਤਨ ਕੀਤਾ। ਅਜੋਕੇ ਸੱਭਿਆਚਾਰਕ ਦ੍ਰਿਸ਼ ਤੇ ਬੱਸਾਂ ਤੋਂ ਲੈ ਕੇ ਬੈਡਰੂਮਾਂ ਤੱਕ ਪਰੋਸਿਆ ਜਾ ਰਿਹਾ ਗੰਦਾ ਕਲਚਰ ਜਿਵੇਂ ਸਮਾਜਕ ਮੁੱਲਾਂ, ਕਦਰਾਂ-ਕੀਮਤਾਂ, ਰਿਸ਼ਤਿਆਂ ਦਾ ਘਾਣ ਕਰ ਰਿਹਾ ਹੈ। ਮੁਬਾਇਲ ਫੋਨਾਂ, ਵਟਸਐਪ, ਯੂ-ਟਿਊਬ ਤੇ ਦੁਨੀਆਂ ਭਰ ਦੇ ਗੰਦ ਨੇ ਜਵਾਨੀ ਦੇ ਦਿਲੋ ਦਿਮਾਗ ਤੇ, ਸੋਚ ਪ੍ਰਬੰਧ ਤੇ ਜਿੰਨਾ ਖਤਰਨਾਕ ਹੱਲਾ ਵਿੱਢਿਆ ਹੋਇਆ ਹੈ। ਦੇਸ਼ ਦੇ ਪੁਲਸ ਥਾਣਿਆਂ ਤੇ ਵੋਮੈਨ ਸੈਲਾਂ 'ਚ ਕੁਰਲਾਉਦੀਆਂ, ਵੈਣ ਪਾਉਦੀਆਂ ਧੀਆਂ ਜਿੱਥੇ ਘਰਾਂ 'ਚ ਵੱਧ ਰਹੀਆਂ ਥੁੜ੍ਹਾਂ ਦੇ ਕੀਰਨੇ ਪਾਉਂਦੀਆਂ ਨੇ, ਉੱਥੇ ਨਸ਼ਿਆਂ ਦਾ ਤਿੱਖਾ ਹੋ ਰਿਹਾ ਕੁਹਾੜਾ, ਗੈਰ ਔਰਤਾਂ ਨਾਲ ਪੱਛਮੀ ਤਰਜ ਤੇ ਪਨਪ ਰਹੇ ਰਿਸ਼ਤੇ, ਬਲਾਤਕਾਰ ਘਰਾਂ 'ਚ ਤਿੱਖਾ ਹੋ ਰਿਹਾ ਤਣਾਅ, ਲੜਾਈ ਝਗੜੇ, ਇੱਕਲਾਪਣ, ਨਿੱਜ ਤੇ ਸਵਾਰਥ ਕਿੰਨਾਂ ਕੁੱਝ ਹੈ- ਸੱਭਿਆਚਾਰ ਦੇ













ਖੇਤਰ 'ਚ ਪੀਡੀਆਂ ਹੋ ਰਹੀਆਂ ਗੁੰਝਲਾਂ ਦਾ ਸਿਰਾ ਲੱਭਣ ਤੇ ਲੜ ਫੜਾਉਣ ਲਈ ਸੱਚੀ-ਮੁੱਚੀ ਗੁਰਸ਼ਰਨ ਸਿੰਘ ਵਰਗੇ ਨਵੇਂ ਸਿਰਜਕਾਂ ਦੀ ਲੋੜ ਹੈ, ਨਵੇਂ ਮੁਹਾਵਰਿਆਂ ਦੀ ਜ਼ਰੂਰਤ ਹੈ ਤੇ ਨਵੀਆਂ ਰਚਨਾਵਾਂ, ਨਵੇਂ ਨਾਟਕਾਂ ਦੀ ਇਹ ਲੜੀ ਸੱਭਿਆਚਾਰਕ ਫਰੰਟ ਤੇ ਹੱਲੇ ਨੂੰ ਰੋਕਣ ਦਾ ਇੱਕ ਯਤਨ ਹੋਵੇਗੀ।

ਸਾਹਿਤ ਸੱਭਿਆਚਾਰ ਦੇ ਖੇਤਰ 'ਚ ਆਈ ਖੜੋਤ, ਉੱਤਰ ਆਧੁਨਿਕ ਸੋਚ ਪ੍ਰਬੰਧ, ਤੇ ਨਿੱਜ ਕਿੰਨ੍ਹੇ ਹੀ ਚੈਲੰਜ ਹਨ, ਜਿਨ੍ਹਾਂ ਨਾਲ ਮੱਥਾ ਲਾਉਣ ਲਈ ਕਿੰਨ੍ਹੇ ਹੀ ਗੁਰਸ਼ਰਨ ਸਿੰਘਾਂ ਦੀ ਜਰੂਰਤ ਹੋਵੇਗੀ। ਨਸ਼ਿਆਂ ਦੀ ਦਲਦਲ 'ਚ ਖੁੱਭੇ ਪੰਜਾਬ ਲਈ ਕਿੰਨੇ ਹੀ ਹੋਰ 'ਮਿੱਟੀ ਰੁਦਨ ਕਰੇ' 'ਇਨ੍ਹਾਂ ਜਖਮਾਂ ਦਾ ਕੀ ਕਰੀਏ, 'ਇੱਕ ਹੋਰ ਕਾਰਗਲ', ਦੁਖਦੀ ਰਗ ਪੰਜਾਬ ਦੀ ਜਿਹੀਆਂ ਸੰਵੇਦਨਸ਼ੀਲ ਰਚਨਾਵਾਂ ਦੀ ਜ਼ਰੂਰਤ ਹੈ। ਨਵੀਂ ਸੂਚਨਾ ਤਕਨਾਲੋਜੀ ਨੇ ਸੰਸਾਰ ਨੂੰ ਇੱਕ ਪਿੰਡ 'ਚ ਤਾਂ ਬਦਲ ਦਿੱਤਾ ਹੈ ਪਰ ਕਿੰਨੇ ਪਿੰਡ ਉਜਾੜ ਦਿੱਤੇ ਹਨ, ਹਿਸਾਬ ਲਾਉਣ ਤੇ ਹਿਸਾਬ ਬਰਾਬਰ ਕਰਨ ਲਈ ਇੱਕ ਨਹੀਂ ਕਿੰਨੇ ਹੀ ਗੁਰਸ਼ਰਨ ਸਿੰਘ ਲੋੜੀਂਦੇ ਹਨ।

ਇਨਕਲਾਬੀ ਨਾਟਕ, ਸਾਹਿਤ ਸਮੱਗਰੀ ਛਾਪਣ ਤੇ ਵੰਡਣ ਤੋਂ ਵੀ ਵੱਧ ਕੇ ਸਾਡੀ ਭਾਅ ਜੀ ਗੁਰਸ਼ਰਨ ਸਿੰਘ ਹੋਰਾਂ ਦਾ ਸਭ ਤੋਂ ਵੱਡਾ ਫਿਕਰ ਸੀ- ਇਨਕਲਾਬੀ ਲਹਿਰ ਦੀ ਏਕਤਾ। 1982 'ਚ ਭਾਅ ਜੀ ਦੇ ਉੱਦਮ ਸਦਕਾ ਇਨਕਲਾਬੀ ਏਕਤਾ ਕੇਂਦਰ ਹੋਂਦ 'ਚ ਆਇਆ, ਜਿਸ ਨੇ ਕੁੱਝ ਅਰਸਾ ਫਿਰਕੂ ਤੇ ਦਹਿਸ਼ਤਗਰਦੀ ਦੇ ਅੰਨੇ ਕਾਲੇ ਦੋਰ 'ਚ ਦੋਹਾਂ ਦਹਿਸ਼ਤਗਰਦੀਆਂ ਖਿਲਾਫ਼ ਝੰਡਾ ਉੱਚਾ ਚੁੱਕਿਆ। ਯਾਰੋ ਤੁਹਾਡੇ ਮਤਭੇਦ ਲੱਖ ਹੋਣ ਪਰ ਸਾਂਝੇ ਦੁਸ਼ਮਣ ਖਿਲਾਫ ਸਾਂਝੀ ਲੜਾਈ ਉਨ੍ਹਾਂ ਦੀ ਤੜਪ ਸੀ। ਯਾਰੋ ਕੁੱਝ ਨਾ ਕੁੱਝ ਕਰੀ ਜਾਵੋ। ਜਦੋਂ ਵੀ ਮਿਲਦੇ ਸਨ, ਉਨ੍ਹਾਂ ਦੇ ਮਨ 'ਚ ਸੈਂਕੜੇ ਪਲਾਨਾਂ ਉਹ ਹਰ ਧਿਰ ਦੇ ਸਾਥੀ ਨਾਲ ਸਾਂਝੀ ਕਰਦੇ ਸਨ। ਮੱਤਭੇਦ ਰੱਖੋ-ਇਹ ਗੈਰ ਹਕੀਕੀ ਨਹੀਂ ਪਰ ਸਾਂਝ ਬਣਾ ਕੇ ਰੱਖੋ। 17 ਕਿਸਾਨ ਮਜ਼ਦੂਰ-ਜੱਥੇਬੰਦੀਆਂ ਦੀਆਂ ਘੋਲ ਸਰਗਰਮੀਆਂ, 27 ਸਤਬੰਰ 2007 ਦੀ ਸ਼ਹੀਦ ਭਗਤ ਸਿੰਘ ਜਨਮ ਸ਼ਤਾਬਦੀ ਤੇ ਬਰਨਾਲਾ ਸਮਾਗਮ, ਕਿਰਨਜੀਤ ਮਹਿਲਕਲਾਂ ਦੇ ਕਤਲ ਤੇ ਤਿੰਨ ਲੋਕ ਆਗੂਆਂ ਦੀ ਉਮਰ ਕੈਦ ਸਜਾ ਖਿਲਾਫ਼ ਲੰਮਾ ਸਾਂਝਾ ਸੰਘਰਸ਼ ਉਨ੍ਹਾਂ ਨੂੰ ਸਕੂਨ ਦਿੰਦਾ ਸੀ।

ਉਹ ਬੋਲਦੇ ਸਨ-ਹੁਣ ਠੀਕ ਐ ਹੁਣ ਲੱਗਦੈ ਕੁੱਝ ਨਾ ਕੁੱਝ ਬਣ ਜਾਊ। 2010 'ਚ ਪੰਜਾਬ ਸਰਕਾਰ ਵੱਲੋਂ ਥੋਪੇ 'ਚ ਜਾ ਰਹੇ ਜਮਹੂਰੀ ਹੱਕਾਂ ਖਿਲਾਫ ਲਿਆਂਦੇ ਕਾਲੇ ਕਾਨੂੰਨ ਵਿਰੁੱਧ ਸਾਂਝੇ ਸੰਘਰਸ਼ ਨੇ ਉਨ੍ਹਾਂ ਦੀ ਕਰਮਭੂਮੀ ਚੰਡੀਗੜ੍ਹ ਵਿਖੇ ਸਾਰਾ ਦਿਨ ਸੜਕਾਂ ਜਾਮ ਕਰਕੇ ਆਪਣੇ ਲੋਕ ਨਾਇਕ ਨੂੰ ਸ਼ਰਧਾਂਜਲੀ ਦਿੱਤੀ ਸੀ। ਸੈਕਟਰ 45 'ਚ ਇਨਕਲਾਬੀ ਲਹਿਰ ਆਪਣੇ ਸੰਗਰਾਮੀ ਨਾਇਕ ਨੂੰ ਅੰਤਿਮ ਵੇਰ ਮੋਢਾ ਦੇ ਰਹੀ ਸੀ ਤੇ ਚੰਡੀਗੜ੍ਹ ਦੇ ਮੁੱਖ ਲਾਂਘਿਆਂ ਤੇ ਸੰਘਰਸ਼ਸ਼ੀਲ ਕਿਰਤੀ ਕਾਲੇ ਕਾਨੂੰਨ ਨੂੰ ਲੱਤ ਮਾਰਕੇ ਨਾਅਰੇ ਬੁਲੰਦ ਕਰ ਰਹੇ ਸਨ- ਇਨਕਲਾਬੀ ਰੰਗਮੰਚ ਦੇ ਸੂਹੇ ਸੂਰਜ ਨੂੰ ਲਾਲ ਸਲਾਮ। ਚੰਡੀਗੜ੍ਹ ਦੇ ਨਾਕਿਆਂ ਤੇ ਅਤੇ ਚੰਡੀਗੜ੍ਹ ਦੇ ਸੈਕਟਰ 35 ਦੇ ਸਮਸ਼ਾਨ ਘਾਟ 'ਚ ਉੱਠਦੇ ਨ੍ਹਾਰਿਆਂ ਦੀ ਗੂੰਜ ਇੱਕ-ਮਿੱਕ ਹੋ ਰਹੀ ਸੀ। ਗਲਵਕੜੀ ਪਾ ਰਹੀ ਸੀ, ਹਾਕਮਾਂ ਲੁਟੇਰਿਆਂ ਦੇ ਕਾਲਜੇ ਧੂਹ ਪਾ ਰਹੀ ਸੀ। ਸੱਚ-ਮੁੱਚੀ ਵਿਛੋੜੇ ਦਾ ਸਮਾਂ ਮਿਲਣ ਦਾ ਸਮਾਂ ਵੀ ਹੁੰਦਾ ਹੈ। ਭਾਅ ਜੀ ਦੇ ਵਿਛੋੜੇ ਤੇ ਇੱਕਜੁਟ ਕਿਰਤੀ ਲਹਿਰ ਦੀ ਉਸਾਰੀ ਸਾਡੇ ਭਾਅ ਜੀ ਨੂੰ ਅੰਤਿਮ ਸਮੇਂ ਸ਼ਰਧਾਂਜਲੀ ਦੇ ਰਹੀ ਸੀ। ਰਾਜਨੀਤਕ, ਸਮਾਜਿਕ ਪਿੜ 'ਚ ਨਵੇਂ ਹੱਲਿਆਂ ਸੰਗ ਭਿੜਣ, ਵਿਸੇਸ਼ਕਰ ਫਿਰਕੂ ਫਾਸ਼ੀਵਾਦ ਖਿਲਾਫ ਟੱਕਰਨ ਲਈ ਭਾਅ ਜੀ ਦੀ ਲੋੜਵੰਦੀ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਬੇਹੱਦ ਜ਼ਰੂਰੀ ਹੈ-ਅਤਿਅੰਤ ਜ਼ਰੂਰੀ ਹੈ। ਆਓ ਗੁਰਸ਼ਰਨ ਸਿੰਘ ਵਰਗੇ ਬਨਣ ਦੀ ਕੋਸ਼ਿਸ਼ ਕਰੇਏ।

# ਸੁਕਮਾ ਦੌਰੇ ਬਾਰੇ ਸੀ. ਡੀ. ਆਰ. ਓ. ਦਾ ਬਿਆਨ

*[ਹਾਲ ਹੀ ਵਿਚ 12-13 ਅਗਸਤ ਨੂੰ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਦੇ ਤਾਲਮੇਲ ਕੇਂਦਰ ਦੀ ਸਾਂਝੀ ਟੀਮ ਛੱਤੀਸਗੜ੍ਹ ਦੇ ਸੁਕਮਾ ਜ਼ਿਲ੍ਹੇ ਵਿਚ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਦੇ ਤੱਥ ਜਾਨਣ ਲਈ ਉੱਥੇ ਗਈ ਸੀ। ਜਾਂਚ ਟੀਮ ਵਿਚ ਇਨ੍ਹਾਂ ਜਥੇਬੰਦੀਆਂ ਦੇ ਵਫ਼ਦ ਸ਼ਾਮਲ ਸਨ: ਏ.ਪੀ.ਡੀ.ਆਰ. (ਕੋਲਕਾਤਾ), ਸੀ.ਐੱਲ.ਸੀ. (ਤੇਲੰਗਾਨਾ), ਸੀ.ਐੱਲ.ਸੀ. (ਆਂਧਰ ਪ੍ਰਦੇਸ), ਏ.ਐੱਫ.ਡੀ.ਆਰ. (ਪੰਜਾਬ), ਸੀ.ਡੀ.ਡੀ.ਆਰ ਤਾਮਿਲਨਾਡੂ, ਸੀ.ਪੀ.ਡੀ.ਆਰ. ਮਹਾਰਾਸ਼ਟਰ, ਪੀ.ਯੂ.ਡੀ.ਆਰ.-ਦਿੱਲੀ। ਟੀਮ ਵਿਚ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਦੋ ਨੁਮਾਇੰਦੇ ਪ੍ਰਿਤਪਾਲ ਸਿੰਘ ਅਤੇ ਐਡਵੋਕੇਟ ਐੱਨ.ਕੇ.ਜੀਤ ਵੀ ਸ਼ਾਮਲ ਸਨ। ਟੀਮ ਨੂੰ ਸੁਕਮਾ ਪੁਲਿਸ ਵਲੋਂ ਅਣਐਲਾਨੇ ਤੌਰ 'ਤੇ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਉਨ੍ਹਾਂ ਨੂੰ ਜਾਂਚ ਲਈ ਪਿੰਡਾਂ ਵਿਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਬਹਾਨਾ ਇਹ ਬਣਾਇਆ ਗਿਆ ਕਿ 15 ਅਗਸਤ ਨੂੰ ਮਾਓਵਾਦੀ ਛਾਪਾਮਾਰਾਂ ਵਲੋਂ ਹਮਲਿਆਂ ਦਾ ਅੰਦੇਸ਼ਾ ਹੈ ਇਸ ਕਰਕੇ ਟੀਮ ਮੈਂਬਰਾਂ ਦਾ ਉੱਥੇ ਜਾਣਾ ਸੁਰੱਖਿਅਤ ਨਹੀਂ। ਉਨ੍ਹਾਂ ਨੂੰ ਪਾਲਨਾਰ ਦੇ ਕੰਨਿਆਂ ਹੋਸਟਲ ਦੀਆਂ ਲੜਕੀਆਂ ਨੂੰ ਮਿਲਣ ਤੋਂ ਵੀ ਰੋਕ ਦਿੱਤਾ ਗਿਆ ਜਿਨ੍ਹਾਂ ਉੱਪਰ ਰੱਖੜੀ ਵਾਲੇ ਦਿਨ ਸੀ.ਆਰ.ਪੀ.ਐੱਫ. ਦੇ ਜਵਾਨਾਂ ਵਲੋਂ ਜਿਨਸੀ ਹਮਲਾ ਕਰਨ ਦਾ ਮਾਮਲਾ ਚਰਚਾ ਵਿਚ ਆਇਆ ਸੀ। ਪੁਲਿਸ ਵਲੋਂ ਰਿਹਾਅ ਕੀਤੇ ਜਾਣ ਤੋਂ ਬਾਦ ਟੀਮ ਨੇ ਜੋ ਬਿਆਨ ਜਾਰੀ ਕੀਤਾ ਹੈ ਉਸਦਾ ਸੰਖੇਪ ਸਾਰ ਸਾਂਝਾ ਕੀਤਾ ਜਾ ਰਿਹਾ ਹੈ - ਸੂਬਾ ਕਮੇਟੀ ਜਮਹੂਰੀ ਅਧਿਕਾਰ ਸਭਾ ਪੰਜਾਬ]*

-ਬੂਟਾ ਸਿੰਘ ਨਵਾਂਸ਼ਹਿਰ
94634-74342

ਕੋਆਰਡੀਨੇਸ਼ਨ ਆਫ ਡੈਮੋਕਰੇਟਿਕ ਰਾਈਟਸ ਆਰਗੇਨਾਈਜੇਸ਼ਨਜ਼ (ਸੀ. ਡੀ. ਆਰ. ਓ.) ਦੀ 18 ਮੈਂਬਰੀ ਟੀਮ ਤੱਥਾਂ ਦੀ ਜਾਂਚ ਲਈ ਬਸਤਰ ਦੇ ਦੌਰੇ 'ਤੇ ਗਈ ਸੀ। ਟੀਮ ਇਸੇ ਸਾਲ ਨਗਰਨਾਰ ਸਟੀਲ ਪਲਾਂਟ ਦੇ ਨਿੱਜੀਕਰਨ, ਪਾਲਨਾਰ ਕੰਨਿਆ ਹੋਸਟਲ ਵਿਚ 16 ਲੜਕੀਆਂ ਨਾਲ ਛੇੜਛਾੜ ਅਤੇ ਜਿਨਸੀ ਹਿੰਸਾ ਅਤੇ ਬੁਰਕਾਪਾਲ ਦੇ ਪਿੰਡ ਵਾਸੀਆਂ ਉੱਪਰ ਸੀ.ਆਰ.ਪੀ.ਐੱਫ. ਅਤੇ ਪੁਲਿਸ ਦੇ ਅੱਤਿਆਚਾਰਾਂ ਦੀਆਂ ਖ਼ਬਰਾਂ ਦੀ ਪੁਸ਼ਟੀ ਕਰਨ ਅਤੇ ਤੱਥ ਜਾਨਣ ਦੇ ਉਦੇਸ਼ ਨਾਲ ਗਈ ਸੀ।

ਬਸਤਰ ਵਿਚ ਆਦਿਵਾਸੀ-ਕਿਸਾਨਾਂ ਦੀ ਜ਼ਮੀਨ ਐਕਵਾਇਰ ਕਰਨ (ਬੈਲਾਡਿਲਾ ਐਕਵਾਇਰ) ਨੂੰ ਲੈਕੇ ਸੰਨ 1950ਵਿਆਂ ਤੋਂ ਲੈਕੇ ਵਿਰੋਧ ਹੋ ਰਿਹਾ ਹੈ। ਖ਼ਾਸ ਕਰਕੇ ਛੱਤੀਸਗੜ੍ਹ ਸੂਬਾ ਬਣਨ ਤੋਂ ਬਾਦ ਇਹ ਸੰਘਰਸ਼ ਤਿੱਖਾ ਹੋਇਆ ਹੈ। ਨਗਰਨਾਰ ਸਟੀਲ ਪਲਾਂਟ ਦਾ ਇਤਿਹਾਸ ਇਸੇ ਦੀ ਇਕ ਅਹਿਮ ਕੜੀ ਹੈ।

ਨਗਰਨਾਰ ਵਿਚ ਸੀ. ਡੀ. ਆਰ. ਓ. ਦੀ ਟੀਮ ਨੇ ਸਰਪੰਚ ਅਤੇ ਸਟੀਲ ਪਲਾਂਟ ਯੂਨੀਅਨ ਦੇ ਅਹੁਦੇਦਾਰਾਂ ਨਾਲ ਗੱਲਬਾਤ ਕੀਤੀ। ਸਰਪੰਚ ਅਤੇ ਯੂਨੀਅਨ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਇਸ ਪਲਾਂਟ ਦੀ ਸ਼ੁਰੂਆਤ ਮੁਕੰਡ ਸਟੀਲ ਕੰਪਨੀ ਵਲੋਂ 1992 ਵਿਚ ਕੀਤੀ ਗਈ ਸੀ। ਲੋਕਾਂ ਦੇ ਵਿਰੋਧ ਦੇ ਮੱਦੇਨਜ਼ਰ ਇਹ ਯੋਜਨਾ ਅੱਗੇ ਨਹੀਂ ਤੁਰ ਸਕੀ। ਸੰਨ 2000 ਵਿਚ ਛੱਤੀਸਗੜ੍ਹ ਸੂਬਾ ਬਣਨ ਤੋਂ ਬਾਦ ਛੱਤੀਸਗੜ੍ਹ ਸਰਕਾਰ ਨੇ ਮੁਕੰਡ ਪ੍ਰੋਜੈਕਟ ਨੂੰ ਅੱਗੇ ਵਧਾਉਦੇ ਹੋਏ ਇਹ ਪ੍ਰੋਜੈਕਟ ਐੱਨ. ਐੱਮ. ਡੀ. ਸੀ. ਨੂੰ ਸੌਂਪ ਦਿੱਤਾ ਜੋ ਕਿ ਸਰਕਾਰੀ ਖੇਤਰ ਦੀ ਅਹਿਮ ਕੰਪਨੀ ਹੈ। ਇਸ ਵਲੋਂ ਤਿੰਨ ਪੜਾਵਾਂ ਵਿਚ ਤੇਰਾਂ ਪੰਚਾਇਤਾਂ ਦੀ ਜ਼ਮੀਨ ਐਕਵਾਇਰ ਕੀਤੀ ਗਈ। 2001 ਵਿਚ 1100 ਏਕੜ ਅਤੇ 2010 ਵਿਚ 1000 ਏਕੜ ਜ਼ਮੀਨ ਅੱਠ ਪਿੰਡਾਂ ਤੋਂ ਲਈ ਗਈ। 2001 ਮੁੜ ਵਸੇਬਾ ਯੋਜਨਾ ਦੇ ਤਹਿਤ ਇਨ੍ਹਾਂ ਪਿੰਡਾਂ ਵਾਲਿਆਂ ਨੂੰ ਲਿਖਤੀ ਭਰੋਸੇ ਵਿਚ ਨਗਰਨਾਰ ਸਟੀਲ ਪਲਾਂਟ ਵਿਚ ਪਿੰਡ ਵਾਸੀਆਂ ਦੀ ਨੌਕਰੀ ਦੀ ਗਾਰੰਟੀ ਕੀਤੀ ਗਈ ਸੀ।

2001 ਵਿਚ ਜਿਨ੍ਹਾਂ ਦੀ ਜ਼ਮੀਨ ਖੋਹੀ ਗਈ, ਉਨ੍ਹਾਂ 303 ਲੋਕਾਂ ਵਿੱਚੋਂ ਸਿਰਫ਼ 100 ਨੂੰ 2002 ਵਿਚ ਨੌਕਰੀ ਦਿੱਤੀ ਗਈ। ਬਾਕੀ 200 ਲੋਕਾਂ ਨੂੰ 2010 ਵਿਚ ਲੰਮੇ ਸੰਘਰਸ਼ ਤੋਂ ਬਾਦ ਨੌਕਰੀ ਮਿਲੀ। 2010 ਵਿਚ ਜਿਨ੍ਹਾਂ ਨੇ ਜ਼ਮੀਨ ਦਿੱਤੀ 1052 ਲੋਕਾਂ ਵਿੱਚੋਂ ਨੌਕਰੀ ਲਈ ਸਿਰ 838 ਦੀ ਰਜਿਸਟ੍ਰੇਸ਼ਨ ਕੀਤੀ ਗਈ, ਪਰ ਹੁਣ ਤਕ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਨੌਕਰੀ ਨਹੀਂ ਮਿਲੀ।

2001 ਤੋਂ 2010 ਦੌਰਾਨ ਭਰਤੀ ਦੌਰਾਨ ਔਰਤਾਂ ਨੂੰ ਰਜਿਸਟ੍ਰੇਸ਼ਨ ਤੋਂ ਬਾਹਰ ਰੱਖਿਆ ਗਿਆ। ਜ਼ਮੀਨ ਖੁੱਸਣ ਵਾਲਿਆਂ ਦੀ ਬਹੁਗਿਣਤੀ ਪ੍ਰਮੁੱਖ ਤੌਰ 'ਤੇ ਆਦਿਵਾਸੀ ਭਾਈਚਾਰੇ ਦੀ ਸੀ ਅਤੇ ਕੁਝ ਐੱਸ.ਸੀ. ਭਾਈਚਾਰੇ ਵਿੱਚੋਂ ਸਨ।

2001 ਵਿਚ ਜ਼ਮੀਨ ਦਾ ਮੁਆਵਜ਼ਾ 8-16 ਹਜ਼ਾਰ ਰੁਪਏ ਪ੍ਰਤੀ ਏਕੜ ਸੀ। 2010 ਵਿਚ ਇਹ ਰਕਮ ਵਧਾਕੇ 10-13 ਲੱਖ ਪ੍ਰਤੀ ਏਕੜ ਦਿੱਤਾ ਗਿਆ। ਓਦੋਂ ਜ਼ਮੀਨ ਸਹਿਜੇ ਹੀ ਐਕਵਾਇਰ ਕਰ ਲਈ ਗਈ ਸੀ। ਹੁਣ 2017 ਵਿਚ ਮੁਆਵਜ਼ਾ 40 ਲੱਖ ਪ੍ਰਤੀ ਏਕੜ ਭਾਵ ਚਾਰ ਗੁਣਾਂ ਦਿੱਤਾ ਜਾ ਰਿਹਾ ਹੈ ਫਿਰ ਵੀ ਲੋਕ ਜ਼ਮੀਨ ਛੱਡਣ ਲਈ ਤਿਆਰ ਨਹੀਂ ਕਿਉਕਿ ਸਰਕਾਰ ਨਾਲ ਹੀ ਇਸ ਪਲਾਂਟ ਦਾ ਨਿੱਜੀਕਰਨ ਵੀ ਕਰ ਰਹੀ ਹੈ। 2001 ਅਤੇ 2010 ਵਿਚ 2200 ਏਕੜ ਜ਼ਮੀਨ ਲੈਣ ਤੋਂ ਬਾਦ 2017 ਵਿਚ ਕੰਪਨੀ 2300 ਏਕੜ ਹੋਰ ਜ਼ਮੀਨ ਐਕਵਾਇਰ ਕਰਨਾ ਚਾਹੁੰਦੀ ਹੈ। 13 ਗ੍ਰਾਮ ਪੰਚਾਇਤਾਂ ਨੇ ਇਹ ਫ਼ੈਸਲਾ ਲਿਆ ਹੈ ਕਿ ਐੱਨ. ਐੱਮ. ਡੀ. ਸੀ. ਨੂੰ ਇਕ ਇੰਚ ਵੀ ਜ਼ਮੀਨ ਨਹੀਂ ਦੇਣਗੇ ਜਿਸਦਾ ਮੁੱਖ ਕਾਰਨ ਇਸਦੇ ਨਿੱਜੀਕਰਨ ਦਾ ਐਲਾਨ ਹੈ। ਅਜੀਬ ਗੱਲ ਇਹ ਹੈ ਕਿ ਇਹ ਪਲਾਂਟ ਅਜੇ ਉਸਾਰੀ ਅਧੀਨ ਹੈ ਲੇਕਿਨ ਇਸ ਨੂੰ ਵੇਚਣ ਦੀ ਯੋਜਨਾ ਸਰਕਾਰ ਨੇ ਪਹਿਲਾਂ ਹੀ ਬਣਾ ਲਈ ਹੈ। ਪ੍ਰਭਾਵਿਤ ਪਿੰਡਾਂ ਦੇ ਵਾਸੀਆਂ ਦਾ ਇਹ ਕਹਿਣਾ ਹੈ ਕਿ ਅਸੀਂ ਇਹ ਪਲਾਂਟ ਬਣਾਏ ਜਾਣ ਦਾ ਸ਼ੁਰੂ 'ਚ ਹੀ ਵਿਰੋਧ ਕੀਤਾ ਸੀ ਲੇਕਿਨ ਸਰਕਾਰੀ ਭਰੋਸੇ ਅਤੇ ਸਰਕਾਰੀ ਪ੍ਰੋਜੈਕਟ ਹੋਣ ਕਾਰਨ ਅਸੀਂ ਇਹ ਪਲਾਂਟ ਲਗਾਉਣ ਜ਼ਮੀਨ ਦੇਣੀ ਮੰਨ ਗਏ ਸੀ।

ਸੀ.ਡੀ.ਆਰ.ਓ. ਦੀ ਮੰਗ ਹੈ ਕਿ-

1. 2300 ਏਕੜ ਜ਼ਮੀਨ ਐਕਵਾਇਰ ਕਰਨ ਨੂੰ ਰੋਕਿਆ ਜਾਵੇ ਕਿਉਕਿ ਲੋਕ ਇਸਦਾ ਵਿਰੋਧ ਕਰ ਰਹੇ ਹਨ।

2. ਪਲਾਂਟ ਦਾ ਨਿੱਜੀਕਰਨ ਰੋਕਿਆ ਜਾਵੇ।

3. ਸਭ ਤਰ੍ਹਾਂ ਦੇ ਸਮਝੌਤੇ ਪੂਰੀ ਤਰ੍ਹਾਂ ਲਾਗੂ ਕੀਤੇ ਜਾਣ ਜਿਨ੍ਹਾਂ ਵਿਚ ਰੋਜ਼ਗਾਰ, ਮੁਆਵਜ਼ਾ ਅਤੇ ਮੁੜ ਵਸੇਬੇ ਲਈ ਆਰਥਕ ਮਦਦ ਦੇਣਾ ਸ਼ਾਮਲ ਹੈ।

4. ਐੱਨ.ਐੱਮ.ਡੀ.ਸੀ. ਅਤੇ ਉਨ੍ਹਾਂ ਦੇ ਠੇਕੇਦਾਰ ਕਿਰਤ ਕਾਨੂੰਨ ਦਾ ਪਾਲਣ ਕਰਨ।

5. ਆਦਿਵਾਸੀਆਂ ਦੀ ਜ਼ਮੀਨ ਲੈਂਦੇ ਵਕਤ ਕਾਨੂੰਨੀ ਵਿਵਸਥਾ ਨੂੰ ਲਾਗੂ ਕੀਤਾ ਜਾਵੇ।

6. ਪਲਾਂਟ ਨਾਲ ਲੋਕਾਂ ਦੀ ਸਿਹਤ ਅਤੇ ਵਾਤਾਵਰਣ ਦਾ ਨੁਕਸਾਨ ਨਾ ਹੋਵੇ ਇਸਦੀ ਗਾਰੰਟੀ ਯਕੀਨੀ ਬਣਾਈ ਜਾਵੇ।

ਪਾਲਨਾਰ ਵਿਚ ਜਦੋਂ ਸੀ.ਡੀ.ਆਰ.ਓ. ਦੀ ਟੀਮ 'ਕੰਨਿਆ ਹੋਸਟਲ' ਪਹੁੰਚੀ ਅਤੇ ਲੜਕੀਆਂ ਅਤੇ ਹੋਸਟਲ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਨਿਯਮਾਂ ਦਾ ਹਵਾਲਾ ਦੇਕੇ ਗੱਲ ਕਰਨ ਤੋਂ ਨਾਂਹ ਕਰ ਦਿੱਤੀ ਗਈ। ਰੱਖੜੀ ਦੇ ਨਾਂ 'ਤੇ ਜੋ ਪ੍ਰੋਗਰਾਮ ਕੀਤਾ ਜਾ ਰਿਹਾ ਸੀ ਉਹ ਜਿਨਸੀ ਹਿੰਸਾ ਦੀ ਵਾਰਦਾਤ ਵਿਚ ਤਬਦੀਲ ਹੋ ਗਿਆ। ਉਸ ਨੂੰ ਲੈਕੇ ਸਾਡੇ ਸਵਾਲ ਹਨ ਜਿਨ੍ਹਾਂ ਦੇ ਬਾਰੇ ਅਸੀਂ ਤੱਥ ਜਾਨਣਾ ਚਾਹੁੰਦੇ ਸੀ-

1. ਨਾਬਾਲਗ ਲੜਕੀਆਂ ਦੇ ਹੋਸਟਲ ਵਿਚ ਨਿੱਜੀ ਟੀ.ਵੀ. ਚੈਨਲ ਵਲੋਂ ਪ੍ਰੋਗਰਾਮ ਦੀ ਮਨਜ਼ੂਰੀ ਕਿਸਨੇ ਦਿੱਤੀ? ਜਿਸ ਵਿਚ ਸੀਨੀਅਰ ਪੁਲਿਸ ਅਤੇ ਸੀ.ਆਰ.ਪੀ.ਐੱਫ. ਅਤੇ ਹੋਰ ਅਧਿਕਾਰੀ ਮੌਜੂਦ ਸਨ। ਸੁਕਮਾ ਜ਼ਿਲ੍ਹਾ ਅਧਿਕਾਰੀ ਦੇ ਅਨੁਸਾਰ ਇਸ ਤਰ੍ਹਾਂ ਦੇ ਪ੍ਰੋਗਰਾਮ ਦੀ ਮਨਜ਼ੂਰੀ ਉਸ ਵਲੋਂ ਦਿੱਤੀ ਨਹੀਂ ਗਈ ਸੀ।

2. ਇਹ ਵਾਰਦਾਤ ਓਦੋਂ ਹੋਈ ਜਦੋਂ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿਚ 31 ਜੁਲਾਈ ਨੂੰ ਰੱਖੜੀ ਦਾ ਤਿਓਹਾਰ ਮਨਾਇਆ ਜਾ ਰਿਹਾ ਸੀ। ਇਹ ਕਿਵੇਂ ਸੰਭਵ ਹੈ ਕਿ ਇਸ ਵਾਰਦਾਤ ਦੇ ਸਬੰਧ ਵਿਚ ਸੀਨੀਅਰ ਅਧਿਕਾਰੀਆਂ ਨੂੰ ਜਾਣਕਾਰੀ ਨਹੀਂ ਸੀ।

3. ਐੱਸ.ਪੀ. ਅਤੇ ਡੀ.ਐੱਮ. ਨੂੰ ਅਗਲੇ ਦਿਨ (1 ਅਗਸਤ) ਘਟਨਾ ਦੀ ਜਾਣਕਾਰੀ ਮਿਲ ਚੁੱਕੀ ਸੀ ਲੇਕਿਨ ਐੱਫ.ਆਈ.ਆਰ. ਛੇ ਦਿਨ ਬਾਦ 7 ਅਗਸਤ ਨੂੰ ਦਰਜ਼ ਕਰਾਈ ਗਈ, ਕਿਉ?

4. ਅਗਵਾਈ ਦੀ ਜ਼ਿੰਮੇਵਾਰੀ ਦੇ ਤਹਿਤ ਵਾਰਡਨ, ਐੱਸ. ਪੀ. , ਸੀ. ਆਰ. ਪੀ. ਐੱਫ. ਦੇ ਅਫ਼ਸਰ ਅਤੇ ਸਰਪੰਚ ਜ਼ਿੰਮੇਵਾਰ ਹਨ। ਉਨ੍ਹਾਂ ਨੇ ਨਾ ਕੇਵਲ ਇਸ ਪ੍ਰੋਗਰਾਮ ਨੂੰ ਹੋਣ ਦਿੱਤਾ ਸਗੋਂ ਇਸ ਵਿਚ ਸ਼ਾਮਲ ਸਨ ਜੋ ਕਾਨੂੰਨੀ ਤੌਰ 'ਤੇ ਜੁਰਮ ਹੈ। ਇਸ ਵਿਚ ਹੋਸਟਲ ਦੀਆਂ ਨਾਬਾਲਗ ਬੱਚੀਆਂ ਨੂੰ ਜ਼ਬਰਦਸਤੀ ਸ਼ਾਮਲ ਕੀਤਾ ਗਿਆ। ਇਸ ਤੋਂ ਬਿਨਾ, ਐੱਸ. ਪੀ. ਅਤੇ ਡੀ. ਐੱਮ. ਨੇ ਐੱਫ. ਆਈ. ਆਰ. ਦਰਜ ਕਰਨ ਵਿਚ ਕੋਤਾਹੀ ਕੀਤੀ ਜੋ ਨਿਰਭੈਅ ਸੰਕਟ ਦੇ ਅਨੁਸਾਰ ਜੁਰਮ ਦੀ ਸ਼੍ਰੇਣੀ ਵਿਚ ਆਉਂਦਾ ਹੈ।

5. ਸਾਡਾ ਇਹ ਵੀ ਮੰਨਣਾ ਹੈ ਕਿ ਇਨ੍ਹਾਂ 16 ਨਾਬਾਲਗ ਵਿਦਿਆਰਥਣਾਂ ਦੇ ਨਾਲ ਕੇਵਲ ਦੋ ਸਿਪਾਹੀਆਂ ਵਲੋਂ ਇਸ ਘ੍ਰਿਣਤ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੋਵੇਗਾ ਇਹ ਪੂਰੀ ਤਰ੍ਹਾਂ ਸੱਚ ਨਹੀਂ ਹੈ। ਇਹ ਗ਼ੈਰਕਾਨੂੰਨੀ ਵਾਰਦਾਤ ਅਤੇ ਐੱਫ. ਆਈ. ਆਰ. ਦਰਜ ਕਰਨ ਵਿਚ ਕੋਤਾਹੀ ਸਾਡੇ ਸ਼ੱਕ ਨੂੰ ਪੁਖ਼ਤਾ ਕਰਦੀ ਹੈ ਕਿ ਤੱਥਾਂ ਨੂੰ ਛੁਪਾਇਆ ਜਾ ਰਿਹਾ ਹੈ। ਹਾਲਾਂਕਿ ਐੱਫ. ਆਈ. ਆਰ. ਦਰਜ਼ ਹੋ ਗਈ ਹੈ ਲੇਕਿਨ ਟੀਮ ਦਾ ਮੰਨਣਾ ਹੈ ਕਿ ਉਸ ਵਿਚ ਕਾਨੂੰਨ ਦੀਆਂ ਹੋਰ ਧਾਰਾਵਾਂ ਜੋੜਨੀਆਂ ਜ਼ਰੂਰੀ ਹਨ ਜਿਨ੍ਹਾਂ ਵਿਚ 34 (ਜੁਰਮ ਦੀ ਮਨਸ਼ਾ) ਅਤੇ ਧਾਰਾ 452 (ਮੁਜਰਮਾਨਾ ਘੁਸਪੈਠ) ਜੋੜੀ ਜਾਣੀ ਚਾਹੀਦੀ ਹੈ। ਸੀ. ਡੀ. ਆਰ. ਓ. ਮੰਗ ਕਰਦੀ ਹੈ ਇਸ ਦੀ ਜਾਂਚ ਅਦਾਲਤ ਦੀ ਦੇਖ-ਰੇਖ ਵਿਚ ਸੀ. ਬੀ. ਆਈ. ਤੋਂ ਕਰਵਾਈ ਜਾਵੇ ਕਿਉਕਿ ਇਸ ਵਿਚ ਉੱਚ ਪੱਧਰ ਦੇ ਅਧਿਕਾਰੀ ਸ਼ਾਮਲ ਹਨ। ਅਧਿਕਾਰੀਆਂ ਦੇ ਗ਼ੈਰਜ਼ਿੰਮੇਦਾਰਾਨਾ ਵਿਹਾਰ ਦੇ ਮੱਦੇਨਜ਼ਰ ਐੱਸ. ਸੀ. ਐੱਸ. ਟੀ. ਅੱਤਿਆਚਾਰ ਐਕਟ ਅਤੇ ਪੌਸਕੋ ਐਕਟ ਦੀਆਂ ਧਾਰਾਵਾਂ ਜੋੜੀਆਂ ਜਾਣ।

ਸੀ. ਡੀ. ਆਰ. ਓ. ਟੀਮ ਦਾ ਬੁਰਕਾਪਾਲ ਜਾਣ ਦਾ ਮਕਸਦ ਪਿੰਡ ਵਾਸੀਆਂ ਤੋਂ ਇਹ ਪਤਾ ਕਰਨਾ ਸੀ ਕਿ ਜ਼ਿਆਦਤੀਆਂ ਦੀਆਂ ਜੋ ਅਕਸਰ ਖ਼ਬਰਾਂ ਆ ਰਹੀਆਂ ਹਨ ਉਨ੍ਹਾਂ ਦੇ ਤੱਥ ਕੀ ਹਨ। ਬੁਰਕਾਪਾਲ ਦੀ ਘਟਨਾ ਇਕ ਦਰਦਨਾਕ ਘਟਨਾ ਸੀ ਪਰੰਤੂ ਐਸੀਆਂ ਖ਼ਬਰਾਂ ਆ ਰਹੀਆਂ ਹਨ ਕਿ ਉਸਤੋਂ ਬਾਦ ਸੀ. ਆਰ. ਪੀ. ਐੱਫ. ਅਤੇ ਪੁਲਿਸ ਨੇ ਪਿੰਡ ਵਾਸੀਆਂ ਨੂੰ ਫੜਕੇ ਗ਼ੈਰਕਾਨੂੰਨੀ ਤੌਰ 'ਤੇ ਪੁਲਿਸ ਹਿਰਾਸਤ ਵਿਚ ਰੱਖਿਆ ਹੈ ਜਿਸਦੀ ਖ਼ਬਰ ਪਰਿਵਾਰਾਂ ਨੂੰ ਵੀ ਨਹੀਂ। ਜਦੋਂ ਪਿੰਡ ਦੀਆਂ ਔਰਤਾਂ ਵਲੋਂ ਸੋਨੀ ਸੋਰੀ ਨਾਲ ਸੰਪਰਕ ਕਰਕੇ ਇਹ ਖ਼ਬਰ ਜਨਤਕ ਕੀਤੀ ਤਾਂ ਪੁਲਿਸ ਨੇ ਦਸ ਦਿਨ ਬਾਦ 40 ਪਿੰਡ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਗੱਲ ਮੰਨੀ। ਜਦੋਂਕਿ ਖ਼ਬਰਾਂ ਹਨ ਕਿ ਨੇੜਲੇ ਪਿੰਡਾਂ ਤੋਂ 80 ਲੋਕਾਂ ਨੂੰ ਫੜਿਆ ਗਿਆ ਹੈ। ਸੀ.ਡੀ.ਆਰ.ਓ. ਸਪਸ਼ਟ ਕਰਦੀ ਹੈਂ ਕਿ ਟੀਮ ਵਲੋਂ ਪੁਲਿਸ ਤੋਂ ਰਹਿਣ ਦੀ ਥਾਂ ਦੀ ਮੰਗ ਨਹੀਂ ਕੀਤੀ ਗਈ ਲੇਕਿਨ ਐੱਸ. ਪੀ. ਦਾ ਬਿਆਨ ਹਾਸੋਹੀਣਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਟੀਮ ਨੇ ਉਨ੍ਹਾਂ ਤੋਂ ਰਿਹਾਇਸ਼ ਦਾ ਇੰਤਜ਼ਾਮ ਕਰਨ ਦੀ ਮੰਗ ਕੀਤੀ ਸੀ (ਦ ਹਿੰਦੂ, 14 ਅਗਸਤ 2017)।

ਸੁਕਮਾ ਐੱਸ.ਪੀ. ਨੇ ਕਿਹਾ ਕਿ ਸੀ.ਡੀ.ਆਰ.ਓ. ਦੀ ਟੀਮ 15 ਅਗਸਤ ਤੋਂ ਬਾਦ ਬੇਰੋਕ-ਟੋਕ ਨਾ ਕੇਵਲ ਬੁਰਕਾਪਾਲ ਸਗੋਂ ਸੁਕਮਾ ਜ਼ਿਲ੍ਹੇ ਦਾ ਦੌਰਾ ਕਰ ਸਕਦੀ ਹੈ।

ਨਰਭਿੰਦਰ
93544-30211

# ਡੇਰਾ ਸੱਚਾ ਸੌਦਾ : ਡੇਰੇ ਦੀ ਕਹਾਣੀ ਤੱਥਾਂ ਦੀ ਜ਼ੁਬਾਨੀ





ਤੇ ਆਖਿਰ 15 ਸਾਲਾਂ ਅਤੇ 200 ਪੇਸ਼ੀਆਂ ਤੋਂ ਪਿਛੋਂ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਸਿੰਘ ਉਰਫ਼ ਗੁਰਮੀਤ ਰਾਮ ਰਹੀਮ ਸਿੰਘ ਨੂੰ ਸਾਧਵੀਆਂ ਦੇ ਸਰੀਰਕ ਸ਼ੋਸ਼ਣ (ਭਾਵ ਬਲਾਤਕਾਰ) ਕਰਨ ਦਾ ਦੋਸ਼ੀ ਠਹਿਰਾਇਆ ਗਿਆ। ਸੀ. ਬੀ. ਆਈ. ਦੇ ਇਕ ਸਾਬਕ ਜਾਂਚ ਕਰਤਾ ਮੁਤਾਬਕ ਇਹ ਕੇਸ ਅਤਿਗੁੰਝਲਦਾਰ ਅਤੇ ਕਠਿਨ ਸੀ ਜਿਸ 'ਚ ਦੋਸ਼ੀ ਇਕ ਆਰਥਿਕ ਪੱਖੋਂ ਹੀ ਤਾਕਤਵਰ ਨਹੀਂ ਸੀ ਸਗੋਂ ਉਹਦੀ ਰਾਜਨੀਤਕ ਪਹੁੰਚ ਅਤੇ ਤਾਕਤ ਵੀ ਬੇਅਥਾਹ ਸੀ ਭਾਵ ਹਰ ਸੱਤਾਧਾਰੀ ਜਾਂ ਸੱਤਾ ਤੋਂ ਬਾਹਰ ਪਾਰਟੀ ਉਹਦੀ ਪਿੱਠ ਉਤੇ ਸੀ। ਇਸ ਤੋਂ ਇਲਾਵਾ ਉਹਦਾ ਇਕ ਮਜ਼ਬੂਤ ਧਾਰਮਿਕ ਸਾਮਰਾਜ ਵੀ ਉਸਾਰਿਆ ਹੋਇਆ ਸੀ ਤੇ ਹੈ ਜਿਸਨੇ ਜਾਂਚ ਕਰਨ ਸਮੇਂ ਅਤੇ ਪਿਛੋਂ ਕੇਸ ਨੂੰ ਵੀ ਲਗਾਤਾਰ ਪ੍ਰਭਾਵਿਤ ਕੀਤਾ। ਸਭ ਤੋਂ ਵੱਧ ਦੋਸ਼ੀ ਬਾਬਾ ਇਕ ਚਤੁਰ ਚਲਾਕ ਅਤੇ ਅਪਰਾਧਿਕ ਪ੍ਰਵਿਰਤੀਆਂ ਵਾਲਾ ਸਰਗਨਾ ਸੀ।

ਇਸ ਸਰੀਰਕ ਸ਼ੋਸ਼ਣ ਦੇ ਕੇਸ ਨੇ ਮਈ 2002 ਤੋਂ ਲੈ ਕੇ ਬਾਬੇ ਵਲੋਂ ਸ਼ੋਸ਼ਣ ਦਾ ਸ਼ਿਕਾਰ ਲੜਕੀ ਦੇ ਭਰਾ ਰਣਜੀਤ ਸਿੰਘ ਅਤੇ ਪੱਤਰਕਾਰ ਰਾਮ ਚੰਦਰ ਛੱਤਰਪਤੀ ਸਮੇਤ ਕਈ ਜਾਨਾਂ ਖਾਧੀਆਂ ਕਰੋੜਾਂ ਰੁਪਏ ਦਾ ਨੁਕਸਾਨ ਕੀਤਾ ਅਤੇ ਆਖਿਰ ਵਿਚ ਦੋਸ਼ੀ ਠਹਿਰਾਏ ਜਾਣ ਪਿਛੋਂ ਵੀ ਤਿੰਨ ਦਰਜਨ ਤੋਂ ਉਪਰ ਮਨੁੱਖੀ ਜ਼ਿੰਦਗੀਆਂ ਨੂੰ ਖੋਹ ਲਿਆ। ਹਜ਼ਾਰਾਂ ਕਰੋੜਾਂ ਦੀ ਸੰਪਤੀ ਦੇ ਨੁਕਸਾਨ ਸਮੇਤ ਪੰਜਾਬ ਹਰਿਆਣਾ ਹੀ ਨਹੀਂ ਦਿੱਲੀ ਸਮੇਤ ਉਤਰੀ ਭਾਰਤੀ ਦੀ ਜ਼ਿੰਦਗੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਪ੍ਰਭਾਵਿਤ ਸ਼ਹਿਰਾਂ 'ਚੋਂ ਵਿਸ਼ੇਸ਼ ਕਰਕੇ ਸਿਰਸਾ ਸ਼ਹਿਰੀਆਂ ਦੀ ਰਾਏ ਹੈ ਕਿ "ਜੇ ਫੌਜ ਤੇ ਪੈਰਾ ਮਿਲਟਰੀ ਫੋਰਸਾਂ ਸਮੇਂ ਸਿਰ ਦਖ਼ਲ ਨਾ ਦਿੰਦੀਆਂ ਤਾਂ ਪੂਰਾ ਸ਼ਹਿਰ ਹੀ ਸੜ ਕੇ ਸੁਆਹ ਹੋ ਜਾਣਾ ਸੀ।

**ਆਖਿਰ ਕਹਾਣੀ ਕੀ ਹੈ :** ਡੇਰਾ ਸੱਚਾ ਸੌਦਾ ਦੀ ਸਥਾਪਨਾ 1948 'ਚ ਹੋਈ ਸੀ। ਬਲੋਚਸਤਾਨ (ਪਾਕਿਸਤਾਨ) ਦੇ ਇਕ ਵਪਾਰੀ ਖੇਮਾ ਮੱਲ ਅਧਿਆਤਮਕਤਾ ਦੀ ਭਾਲ 'ਚ ਰਾਧਾ ਸੁਆਮੀ ਡੇਰਾ ਬਿਆਸ ਆ ਗਏ ਅਤੇ ਫਿਰ ਸਿਕੰਦਰਪੁਰ (ਸਿਰਸਾ) ਜਿਹੜਾ ਰਾਧਾ ਸੁਆਮੀ ਬਾਬੇ ਦਾ ਜੱਦੀ ਪਿੰਡ ਸੀ, ਦੇ ਡੇਰੇ ਨੂੰ ਸੰਭਾਲਣ ਲੱਗੇ। ਬੇਪ੍ਰਵਾਹ ਤੇ ਤਖੱਲਸ ਨਾਲ ਜਾਣੇ ਜਾਂਦੇ ਇਸ ਸ਼ਖਸ ਦਾ ਰਾਧਾ ਸੁਆਮੀਆਂ ਨਾਲ ਕੋਈ ਮਾਮੂਲੀ ਟਕਰਾਅ ਆ ਗਿਆ ਅਤੇ ਉਨ੍ਹਾਂ ਸਿਰਸੇ ਤੋਂ ਬਾਹਰ ਬੇਗੂ ਰੋਡ ਉਤੇ ਟਿਕਾਣਾ ਬਣਾ ਲਿਆ। ਦੱਸਿਆ ਜਾਂਦਾ ਹੈ ਕਿ ਇਸ ਬੇਪ੍ਰਵਾਹ ਮਸਤਾਨਾ ਜਿਨ੍ਹਾਂ ਨੂੰ ਪਿਛੋਂ ਸ਼ਾਹ ਮਸਤਾਨਾ ਕਿਹਾ ਜਾਣ ਲੱਗਾ, ਦੀ ਇਕ ਬੀਬੀ ਐਸੀ ਭਗਤਨੀ ਬਣੀ ਕਿ ਉਹਨੇ ਆਪਣੀ ਪੰਜ ਏਕੜ ਜ਼ਮੀਨ ਹੀ ਉਨ੍ਹਾਂ ਨੂੰ ਦਾਨ ਕਰ ਦਿੱਤੀ। ਪਹਿਲਾਂ ਡੇਰਾ ਇਸੇ ਜ਼ਮੀਨ 'ਚ ਹੀ ਉਸਰਿਆ। ਉਨ੍ਹੀਂ ਦਿਨੀਂ ਇਹ ਸਿਰੇ ਤੋਂ ਦੋ ਕਿਲੋਮੀਟਰ ਦੂਰ ਹੁੰਦਾ ਸੀ। ਇਸ ਡੇਰੇ ਦੀ ਆਪਣੀ ਕੋਈ ਧਾਰਮਿਕ ਪਹਿਚਾਨ ਨਹੀਂ ਸੀ। ਜਿਵੇਂ ਪੰਜਾਬ ਦੇ ਡੇਰਿਆਂ ਦੀ ਰਹੀ ਹੈ। ਇਹ ਸਿਖ ਧਰਮ ਵਿਚ ਵੀ ਆਸਥਾ ਰੱਖਦੇ ਸਨ ਅਤੇ ਹਿੰਦੂ ਦੇਵੀ ਦੇਵਤਿਆਂ ਦੀ ਉਪਾਸ਼ਨਾ ਵੀ ਕਰਦੇ ਸਨ। ਮੁਸਲਮਾਨ ਫਕੀਰਾਂ ਵਾਂਗੂੰ ਰਹਿਣ-ਸਹਿਣ ਰੱਖਣ ਵਾਲੇ ਇਨ੍ਹਾਂ ਡੇਰਿਆਂ ਦੀ ਇਕ ਆਪਣੀ ਅਲੱਗ ਦੁਨੀਆਂ ਸੀ। ਭਾਵ ਕਿਸੇ ਇਕ ਧਾਰਮਿਕ ਬੰਧਸ ਵਿਚ ਨਹੀਂ ਸਨ। 1960 'ਚ ਸ਼ਾਹ ਮਸਤਾਨਾ ਦੀ ਮੌਤ ਅਚਨਚੇਤ ਹੋ ਗਈ। ਜਦੋਂ ਉਹ ਦਿੱਲੀ ਗਏ ਸਨ। ਇਸ ਪਿਛੋਂ ਗੱਦੀ ਦੇ ਯੋਗ ਉਮੀਦਵਾਰ ਇਕ ਵਕੀਲ ਨਾਂ ਦੇ ਚੇਲੇ ਸਨ, ਪਰ ਜਦੋਂ ਰਾਧਾ ਸੁਆਮੀ ਮੁਖੀ ਰਸਮ ਕਿਰਿਆ ਉਤੇ ਆਏ ਤਾਂ ਉਨ੍ਹਾਂ ਨੇ ਗੱਦੀ ਸ਼ਾਹ ਸਤਨਾਮ ਸਿੰਘ ਨੂੰ ਸੌਂਪ ਦਿੱਤੀ। ਸ਼ਾਹ ਸਤਨਾਮ ਸਿੰਘ ਜੁਆਨੀ 'ਚ ਅਪਰਾਧਿਕ (5 ਕਤਲ ਕੇਸਾਂ) ਕੇਸਾਂ ਵਿਚ ਗਲਤਾਨ ਸਨ ਅਤੇ ਅਖੀਰਲੀ ਉਮਰੇ ਡੇਰੇ 'ਚ ਆਪਣੀ ਜ਼ਿੰਦਗੀ ਦਾ ਸਫ਼ਰ ਪੂਰਾ ਕਰ ਰਹੇ ਸਨ। ਉਨ੍ਹਾਂ ਨੇ ਦੇਸੀ ਤੇ ਪੇਂਡੂ ਭਾਸ਼ਾ ਵਿਚ, ਜਿਸ 'ਚ ਪੰਜਾਬੀ ਬਾਗੜੀ ਭਾਸ਼ਾ ਦਾ ਮਿਸ਼ਰਨ ਸ਼ਾਮਲ ਹੈ- ਅਧਿਆਤਮਕਤਾ ਦੀ ਵਿਆਖਿਆ ਵੀ ਕੀਤੀ ਅਤੇ ਉਨ੍ਹਾਂ ਦੀ ਇਹ ਵਿਆਖਿਆ ਹੀ ਡੇਰੇ ਦੀ ਅਧਿਆਤਮਕਤਾ ਦਾ ਆਧਾਰ ਬਣੀ ਤੇ ਬਣੀ ਹੋਈ ਹੈ। ਉਧਰ ਗੱਦੀਓਂ ਵਾਂਝੇ ਵਕੀਲ ਨੇ ਪਿੰਡ ਜਗਮਾਲ ਵਾਲੀ ਵਿਚ ਆਪਣਾ ਇਕ ਡੇਰਾ (ਸੱਚਾ ਸੌਦਾ) ਜਮ੍ਹਾ ਲਿਆ ਅਤੇ ਇਉਂ ਸ਼ਾਹ ਮਸਤਾਨੇ ਦੇ ਡੇਰੇ ਸੱਚੇ ਸੌਦੇ ਦੀਆਂ ਦੋ ਬ੍ਰਾਂਚਾਂ ਸਥਾਪਤ ਹੋ ਗਈਆਂ। ਦੋਹਾਂ ਵਿਚ ਹੋੜ ਭਾਵ ਮੁਕਾਬਲਾ ਵੀ ਸੀ।

80-90 ਦੇ ਦਹਾਕੇ 'ਚ ਜਦੋਂ ਪੰਜਾਬ ਸੰਤਾਪ ਹੰਢਾ ਰਿਹਾ ਸੀ ਤਾਂ ਸਿਰਸੇ ਵਾਲੇ ਡੇਰੇ ਵਿਚ ਕੁਝ ਖਾਲਿਤਸਾਨੀਆਂ ਨੇ ਸ਼ਰਨ ਵੀ ਲੈਣੀ ਸ਼ੁਰੂ ਕੀਤੀ। ਜਿਨ੍ਹਾਂ 'ਚ ਗੁਰਜੰਟ ਰਾਜਸਥਾਨੀ ਦਾ ਨਾਂ ਵੀ ਚਰਚਾ 'ਚ ਹੈ। ਇਨ੍ਹਾਂ 'ਖਾੜਕੂਆਂ' ਨੇ ਸ਼ਾਹ ਸਤਨਾਮ ਦੇ ਇਸ਼ਾਰੇ ਉਤੇ ਡੇਰਾ ਜਗਮਾਲ ਵਾਲੀ ਦੇ ਪੈਰੋਕਾਰਾਂ ਉਤੇ ਹਮਲਾ ਵੀ ਕੀਤਾ ਜਿਸ 'ਚ ਜਗਦੇਵ ਸਿੰਘ ਨਾਂ ਦਾ ਇਕ ਪੈਰੋਕਾਰ (ਜਗਮਾਲ ਵਾਲੀ ਡੇਰਾ ਦਾ) ਮਾਰਿਆ ਗਿਆ। ਸ਼ਹਿਰ ਵਿਚ ਉਸ ਦੇ ਨਾਂ ਉਤੇ ਇਕ ਚੌਕ ਵੀ ਸਥਿਤ ਹੈ ਜਿਥੇ ਉਹਦਾ ਬੁੱਤ ਲੱਗਾ ਹੈ। ਇਸੇ ਦੌਰਾਨ ਹੀ ਅਚਾਨਕ ਸ਼ਾਹ ਸਤਨਾਮ ਆਪਣੇ ਕਾਫ਼ਲੇ ਨਾਲ ਰਾਜਸਥਾਨ ਦੇ ਪਿੰਡ ਗੁਰੂਸਰ ਮੋੜਿਆ ਗਏ ਅਤੇ ਉਥੋਂ ਮੱਘਰ ਸਿੰਘ ਦੇ ਨੌਜਵਾਨ ਲੜਕੇ ਗੁਰਮੀਤ ਸਿੰਘ ਨੂੰ ਡੇਰੇ ਲੈ ਆਏ ਅਤੇ ਆਪਣਾ ਅਗਲਾ ਗੱਦੀ ਨਸ਼ੀਨ ਉਸ ਨੂੰ ਥਾਪ ਦਿੱਤਾ। ਗੁਰਮੀਤ ਹੀ ਪਿਛੋਂ ਰਾਮ ਰਹੀਮ ਗੁਰਮੀਤ ਸਿੰਘ ਬਣਿਆ। ਡੇਰਾ ਮੁਖੀ ਵਜੋਂ ਇਸ ਨਿਯੁਕਤੀ ਬਾਰੇ ਕਈ ਕਹਾਣੀਆਂ ਚਲਦੀਆਂ ਹਨ ਜਿਸ 'ਚ ਇਹ ਗੁਰਮੀਤ ਨੂੰ ਗੁਰਜੰਟ ਰਾਜਸਥਾਨੀ ਦਾ ਭਾਣਜਾ ਵੀ ਕਿਹਾ ਜਾਂਦਾ ਹੈ ਅਤੇ ਸ਼ਾਹ ਸਤਨਾਮ ਦੀ ਮੌਤ ਉਤੇ ਵੀ ਸ਼ੱਕੀ ਸੂਈ ਉਠਦੀ ਰਹੀ ਹੈ। ਕਿਉਂਕਿ ਗੱਦੀ ਨਸ਼ੀਨੀ ਹੋਣ ਪਿਛੋਂ ਦੋ ਮਹੀਨੇ ਵਿਚ ਹੀ ਸ਼ਾਹ ਸਤਨਾਮ ਸਰੀਰ ਛੱਡ ਗਏ ਸਨ।

23 ਸਤੰਬਰ 1990 ਤੋਂ ਲੈ ਕੇ ਹੀ ਇਹ 'ਬਾਬਾ' ਗੁਰਮੀਤ ਸਿੰਘ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਇਸ ਸਮੇਂ ਦੌਰਾਨ ਡੇਰੇ ਦਾ ਵਿਸਥਾਰ ਹੋਇਆ ਅਤੇ ਡੇਰੇ ਦੀ ਸਮਾਜਿਕ ਤੇ ਅਧਿਆਤਮਕ ਚਕਾਚੌਂਧ ਦੇ ਨਾਲ ਨਾਲ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਵਾਲੀ ਸੂਈ ਵੀ ਸਾਹਮਣੇ ਆਈ। ਇਹ ਦੌਰ ਇਕ ਖਿਲਾਅ ਦਾ ਦੌਰ ਸੀ ਜਿਸ 'ਚ ਲੋਕਾਈ ਢੇਰ ਸਮੱਸਿਆਵਾਂ 'ਚੋਂ ਲੰਘ ਰਹੀ ਸੀ। ਦੂਸਰੇ ਪਾਸੇ ਨੌਜਵਾਨ ਹਿੰਸਕ ਲਹਿਰਾਂ ਤੋਂ ਪ੍ਰਭਾਵਿਤ ਹੋ ਰਹੇ ਸਨ। ਸਭੇ ਰਾਜਸੀ ਪਾਰਟੀਆਂ ਨਿਪੁੰਸਕ ਹੋ ਗਈਆਂ ਸਨ। ਆਰਥਿਕ ਵਿਕਾਸ ਰੁਕ ਗਿਆ ਸੀ। ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਜਾਂਦੇ ਰਹੇ ਸਨ। ਇਸ ਖਿਲਾਅ ਵਾਲੇ ਦੌਰ 'ਚ ਗਰੀਬ ਲੋਕਾਈ ਨੂੰ ਧਾਰਮਿਕ ਗੋਲੀਆਂ ਦੇ ਕੇ ਉਨ੍ਹਾਂ ਦੀ ਆਸਥਾ ਨੂੰ ਹਥਿਆਉਣ ਕਰਨ ਲਈ ਦੇਸ਼ ਭਰ ਵਿਚ ਕਈ ਬਾਬਿਆਂ ਦੇ ਡੇਰੇ ਖੁੰਬਾਂ ਵਾਂਗੂੰ ਉਗ ਰਹੇ ਸਨ। ਇਸੇ ਦੌਰ 'ਚ ਪੰਜਾਬ ਤੇ ਹਰਿਆਣਾ ਦੇ ਵਿਸ਼ੇਸ਼ ਕਰਕੇ ਮਾਲਵੇ ਦੇ ਖਿਤਿਆਂ 'ਚੋਂ ਉਹ ਗਰੀਬ ਵਰਗ ਜਿਹਨੂੰ ਕਿਸੇ ਸਮਾਜਿਕ ਛੱਤਰੀ ਜਾਂ ਸਹਾਰੇ ਦੀ ਲੋੜ ਸੀ, ਇਸ ਡੇਰੇ ਵੱਲ ਧਾ ਪਈ। ਕਿਉਂਕਿ ਮਾਲਵੇ ਖਿੱਤੇ ਵਿਚ ਗਰੀਬ ਲੋਕਾਈ ਪਹਿਲਾਂ ਕਿਸੇ ਧਾਰਮਿਕਤਾ ਨਾਲ ਬੱਧੀ ਹੋਈ ਨਹੀਂ ਸੀ ਅਤੇ 80ਵਿਆਂ ਵਿਚ ਸਿੱਖ ਧਰਮ ਪਿੰਡਾਂ ਦੇ ਖਾਂਦੇ ਪੀਂਦੇ ਜਾਂ ਪੁੱਗਤ ਵਾਲੇ ਪਰਿਵਾਰਾਂ ਦੀ ਗ੍ਰਿਫ਼ਤ ਵਿਚ ਆਇਆ ਹੋਇਆ ਸੀ। ਆਪਣੀ ਸਮਾਜ ਹੋਂਦ ਅਤੇ ਪਹਿਚਾਣ ਲਈ ਸਮਾਜਿਕ ਮਾਣ ਸਨਮਾਨ ਤੋਂ ਵਾਂਝੀ ਇਹ ਗਰੀਬ ਲੋਕਾਈ ਵਾਲੀ ਆਬਾਦੀ ਡੇਰਾ ਸੱਚਾ ਸੌਦਾ ਦੀ ਉਪਾਸ਼ਕ ਬਣੀ ਅਤੇ ਇਹਨੇ ਡੇਰੇ ਦੀ ਮਹਿਮਾ ਨੂੰ ਵਿਸਥਾਰ ਦਿੱਤਾ।

ਦੂਸਰੇ ਪਾਸੇ ਇਸ ਡੇਰੇ ਨੂੰ ਵਿਸਥਾਰ ਦੇਣ ਵਿਚ ਗੁਰਮੀਤ ਰਾਮ ਰਹੀਮ ਸਿੰਘ ਦੀ ਭੂਮਿਕਾ ਨਹੀਂ ਸੀ ਇਸ ਡੇਰੇ ਨੂੰ ਜਿਵੇਂ ਯੋਜਨਾਬੱਧ ਢੰਗ ਨਾਲ ਵਿਉਂਤ ਕੇ ਵਿਕਸਿਤ ਕੀਤਾ ਗਿਆ ਤੇ ਜਾ ਰਿਹਾ ਹੈ ਇਸ ਪਿਛੇ ਇਹ ਕਿਹਾ ਜਾਂਦਾ ਹੈ ਕਿ ਇਕ ਇੱਕੀ ਮੈਂਬਰੀ ਕਮੇਟੀ ਹੈ ਇਸ ਕਮੇਟੀ ਵਿਚ ਕੌਣ ਭਾਰੂ ਹੈ, ਇਹ ਇਕ ਖੋਜ ਦਾ ਵਿਸ਼ਾ ਹੈ ਕਿਉਂਕਿ ਇਸ ਡੇਰੇ ਦਾ ਆਧੁਨਿਕ ਆਰਥਿਕ ਆਲ ਜੰਜਾਲ ਸਮਾਜਿਕ ਤੇ ਰਾਜਨੀਤਕ ਤਾਣਾ-ਬਾਣਾ ਅਪਰਾਧਿਕ ਗਤੀਵਿਧੀਆਂ ਲਈ ਗਰੀਨ ਫੋਰਸ ਦੇ ਨਾਂ ਦੀ ਇਕ ਪ੍ਰਾਈਵੇਟ ਆਰਮੀ, ਆਪਣਾ ਇਕ ਖੁਫ਼ੀਆ ਤੰਤਰ, ਮੀਡੀਆ ਤੰਤਰ ਆਦਿ ਆਦਿ ਭਾਵ ਪੂਰਾ ਸਾਮਰਾਜ ਉਸਾਰਨ ਗੁਰਮੀਤ ਦੇ ਦਿਮਾਗ ਦੀ ਉਪਜ ਨਹੀਂ ਹੋ ਸਕਦਾ ਤੇ ਨਾ ਹੈ।

**ਸਾਧਵੀ ਕਾਂਡ :** ਇਸ ਕਾਂਡ ਦੀ ਸ਼ੁਰੂਆਤ ਮਈ 2002 ਵਿਚ ਸ਼ੁਰੂ ਹੋਈ ਜਦੋਂ ਇਕ ਗੁੰਮਨਾਮ ਚਿੱਠੀ ਉਸ ਸਮੇਂ ਦੇ ਪ੍ਰਧਾਨ ਮੰਤਰੀ, ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜੱਜ ਤੇ ਹੋਰਾਂ ਉਚ ਅਧਿਕਾਰੀਆਂ ਨੂੰ ਲਿਖੀ ਗਈ ਜਿਸ 'ਚ ਡੇਰੇ ਵਿਚ ਔਰਤਾਂ ਦੇ ਸਰੀਰਕ ਸ਼ੋਸ਼ਣ ਦਾ ਵਿਸਥਾਰ ਸੀ ਅਤੇ ਗੁਰਮੀਤ ਰਾਮ ਰਹੀਮ ਸਿੰਘ ਉਤੇ ਉਂਗਲ ਉਠਾਈ ਗਈ ਸੀ। ਇਸ ਤੋਂ ਪਹਿਲਾਂ ਡੇਰਾ 1998 'ਚ ਚਰਚਾ ਦਾ ਵਿਸ਼ਾ ਬਣਿਆ ਸੀ ਜਦੋਂ ਡੇਰੇ ਦੀ ਇਕ ਤੇਜ਼ ਰਫ਼ਤਾਰ ਗੱਡੀ ਨੇ ਇਕ ਬੱਚਾ ਦਰੜ ਦਿੱਤਾ ਸੀ। ਬੱਚੇ ਦੀ ਮੌਤ ਉਤੇ ਸ਼ਹਿਰ ਵਾਸੀਆਂ ਅਤੇ ਬੱਚੇ ਦੇ ਮਾਪਿਆਂ ਨੇ ਰੋਸ ਪ੍ਰਗਟ ਕੀਤਾ ਸੀ ਤਾਂ ਡੇਰੇ ਦੇ ਲੱਠ ਮਾਰ ਆ ਧਮਕੇ ਸਨ। ਸਥਿਤੀ ਤਣਾਅਪੂਰਨ ਰਹੀ ਸੀ। ਇਸੇ ਦੌਰਾਨ ਡੇਰਾ ਆਪਣੇ ਆਲੇ ਦੁਆਲੇ ਜ਼ਮੀਨਾਂ ਨੂੰ ਔਣੀ ਪੌਣੀ ਕੀਮਤ ਉਤੇ ਹਥਿਆ ਰਿਹਾ ਸੀ ਅਤੇ ਬੇਗੂ ਤੇ ਨੇੜਲੇ ਪਿੰਡਾਂ ਦੇ ਗਰੀਬ ਕਿਸਾਨਾਂ ਨੂੰ ਉਜਾੜ ਰਿਹਾ ਸੀ। ਇਹ ਇਕ ਵੱਖਰੀ ਕਹਾਣੀ ਹੈ। ਉਪਰੋਕਤ ਚਿੱਠੀ ਦਾ ਅੰਸ਼ ਅਮਰ ਉਜਾਲਾ 'ਚ ਮੁਕਤਸਰ ਤੋਂ ਛਪਿਆ ਸੀ ਅਤੇ ਫਿਰ ਸਿਰਸਾ ਤੋਂ ਨਿਕਲਦੇ ਪਰਚੇ 'ਪੂਰਾ ਸੱਚ' ਜਿਹਦੇ ਸੰਪਾਦਕ ਰਾਮ ਚੰਦਰ ਛੱਤਰਪਤੀ ਸਨ, ਨੇ ਅਕਤੂਬਰ 2002 ਵਿਚ ਇਸ ਨੂੰ ਮੁਕੰਮਲ ਛਾਪ ਦਿੱਤਾ ਸੀ। ਇਹ ਚਿੱਠੀ ਉਦੋਂ ਨਵਾਂ ਜ਼ਮਾਨਾ ਵਿਚ ਵੀ ਛਪੀ ਸੀ। ਇਸੇ ਦੌਰਾਨ 10 ਜੁਲਾਈ 2002 ਨੂੰ ਡੇਰੇ ਦੇ ਇਕ ਪ੍ਰਬੰਧਕ ਰਣਜੀਤ ਸਿੰਘ ਦੀ ਉਸ ਦੇ ਪਿੰਡ ਖਾਨਪੁਰ ਕੋਲੀਆਂ (ਕੁਰੂਕਸ਼ੇਤਰ) ਵਿਚ ਦੋ ਨੌਜਵਾਨਾਂ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਰਣਜੀਤ ਸਿੰਘ ਡੇਰੇ ਦੇ ਪ੍ਰਬੰਧਕਾਂ 'ਚੋਂ ਇਕ ਸੀ ਅਤੇ ਉਹ ਡੇਰੇ ਦੀਆਂ ਸਰਗਰਮੀਆਂ ਤੋਂ ਨਿਰਾਸ਼ ਹੋ ਕੇ ਪਿੰਡ ਚਲਾ ਗਿਆ ਸੀ। ਰਣਜੀਤ ਸਿੰਘ ਦੀ ਭੈਣ ਸਾਧਵੀ ਸੀ ਅਤੇ ਉਹ ਵੀ ਸਰੀਰਕ ਸ਼ੋਸ਼ਣ ਦੀਆਂ ਸ਼ਿਕਾਰ ਔਰਤਾਂ ਵਿਚੋਂ ਇਕ ਸੀ।

ਇਸੇ ਦੌਰਾਨ 24 ਅਕਤੂਬਰ 2002 ਨੂੰ ਪੱਤਰਕਾਰ ਛੱਤਰਪਤੀ ਉਤੇ ਜਾਨਲੇਵਾ ਹਮਲਾ ਹੋਇਆ ਸੀ ਅਤੇ ਉਹਨੂੰ ਦੋ ਡੇਰਾ ਹਮਾਇਤੀਆਂ ਨੇ ਗੋਲੀਆਂ ਨਾਲ ਵਿੰਨ ਦਿੱਤਾ ਸੀ, ਜਿਸ ਦੀ 21 ਨਵੰਬਰ ਨੂੰ ਮੌਤ ਹੋ ਗਈ ਸੀ। 25 ਅਕਤੂਬਰ ਅਤੇ ਫਿਰ 22 ਨਵੰਬਰ ਨੂੰ ਸਿਰਸਾ ਬੰਦ ਰਿਹਾ ਸੀ ਅਤੇ ਸਿਰਸਾ ਦੇ ਲੋਕਾਂ ਨੇ ਡੇਰੇ ਦੇ ਵਿਰੋਧ 'ਚ ਅਵਾਜ਼ ਉਠਾਈ ਸੀ। ਇਨ੍ਹਾਂ ਘਟਨਾਵਾਂ ਪਿਛੋਂ ਇਕ ਪਾਸੇ ਰਣਜੀਤ ਸਿੰਘ ਦੇ ਪਰਿਵਾਰ ਨੇ ਅਤੇ ਦੂਸਰੇ ਪਾਸੇ ਰਾਮਚੰਦਰ ਛੱਤਰਪਤੀ ਦੇ ਪਰਿਵਾਰ ਨੇ ਹਾਈਕੋਰਟ ਦਾ ਦਰਵਾਜ਼ਾ ਖਟਕਾਇਆ ਸੀ ਅਤੇ ਜਾਂਚ ਦੀ ਮੰਗ ਕੀਤੀ ਸੀ। ਹਾਈਕੋਰਟ ਵਲੋਂ ਸਿਰਸਾ ਦੇ ਮੈਜਿਸਟ੍ਰੇਟ ਤੋਂ ਰਿਪੋਰਟ ਮੰਗੀ ਸੀ। ਜਿਸ ਨੇ ਡੇਰੇ ਵਿਚਲੀ ਰਹੱਸਮਈ ਖੇਜ਼ ਹਾਲਤ ਦੀ ਜਾਣਕਾਰੀ ਦਿੱਤੀ ਸੀ। ਆਖਿਰ ਇਹ ਕੇਸ ਸੀ. ਬੀ. ਆਈ. ਨੂੰ ਸੌਂਪਿਆ ਗਿਆ ਸੀ ਪਰ ਇਸ ਕੇਸ ਦੀ ਜਾਂਚ ਵਿਚ ਵੀ ਕਈ ਮੁਸ਼ਕਿਲਾਂ ਸਨ। ਪੀੜਤ ਔਰਤਾਂ ਦੀ ਪਹਿਚਾਣ ਕਰਨਾ, ਸਬੂਤ ਜੁਟਾਉਣਾ ਅਤੇ ਕੇਸ ਤਿਆਰ ਕਰਨ ਲਈ ਡੇਰੇ ਦੇ ਅੰਦਰ ਸੀ. ਬੀ. ਆਈ. ਜਾਂਚ ਅਧਿਕਾਰੀਆਂ ਦਾ ਪ੍ਰਵੇਸ਼ ਕਰਨਾ। ਖੈਰ ਸੀ. ਬੀ. ਆਈ. ਨੇ ਇਸ ਕੇਸ ਵਿਚ ਜਿਵੇਂ ਭੂਮਿਕਾ ਨਿਭਾਈ ਅਤੇ ਉਹ ਵੀ ਹਾਈਕੋਰਟ ਦੀ ਨਿਗਰਾਨੀ ਹੇਠ ਉਹ ਦੀ ਆਪਣੀ ਮਿਸਾਲ ਹੈ। ਇਸ ਦੌਰਾਨ ਸੀ. ਬੀ. ਆਈ. ਨੂੰ ਧਮਕੀਆਂ ਤੇ ਆਰਥਿਕ ਪੇਸ਼ਕਸ਼ਾਂ ਵੀ ਹੋਈਆਂ ਜਿਹਦਾ ਜ਼ਿਕਰ ਸੀ. ਬੀ. ਆਈ. ਦੀਆਂ ਰਿਪੋਰਟਾਂ 'ਤੇ ਚਿੱਠੀਆਂ ਵਿਚ ਵੀ ਹੈ। ਸੀ. ਬੀ. ਆਈ. ਦੇ ਅੱਗੇ 16 ਸਾਧਵੀਆਂ ਨੇ ਸਰੀਰਕ ਸ਼ੋਸ਼ਣ ਦਾ ਜ਼ਿਕਰ ਕੀਤਾ ਪਰ ਅਦਾਲਤ ਤੱਕ ਸਿਰਫ ਦੋ ਸਾਧਵੀਆਂ ਹੀ ਬੇਖੌਫ਼ ਹੋ ਕੇ ਗਵਾਹੀ ਦੇਣ ਪਹੁੰਚੀਆਂ। ਇਨ੍ਹਾਂ 'ਚੋਂ ਇਕ ਮ੍ਰਿਤਕ ਰਣਜੀਤ ਸਿੰਘ ਦੀ ਭੈਣ ਸੀ।

**ਰਣਜੀਤ ਸਿੰਘ ਨੇ ਡੇਰੇ ਨਾਲੋਂ ਨਾਤਾ ਕਿਉਂ ਤੋੜਿਆ ?**

ਅਸੀਂ ਦੱਸਿਆ ਕਿ ਰਣਜੀਤ ਸਿੰਘ ਤੇ ਉਹਦਾ ਪਰਿਵਾਰ ਡੇਰੇ ਵਿਚ ਅਥਾਹ ਆਸਥਾ ਰੱਖਦਾ ਸੀ ਅਤੇ ਡੇਰੇ ਹੀ ਰਹਿੰਦਾ ਸੀ। ਇਸ ਡੇਰੇ 'ਚ ਪਹਿਲਾਂ ਉਹਦੀ ਭੂਆ ਵੀ ਸੀ। ਰਣਜੀਤ ਸਿੰਘ ਦੀ ਭੈਣ ਕਾਲਜ 'ਚ ਪੜ੍ਹਦੀ ਸੀ ਅਤੇ ਹੁਸ਼ਿਆਰ ਲੜਕੀ ਸੀ। ਪਰ ਆਸਥਾ ਦਾ ਆਪਣਾ ਜਨੂੰਨ ਹੁੰਦਾ ਹੈ। ਰਣਜੀਤ ਨੇ ਉਸ ਨੂੰ ਕਾਲਜ 'ਚੋਂ ਹਟਾ ਕੇ ਸਿਰਸਾ ਡੇਰੇ ਲੈ ਆਂਦਾ ਅਤੇ ਫਿਰ ਗੁਰਮੀਤ ਰਾਮ ਰਹੀਮ ਦੇ ਆਦੇਸ਼ ਉਤੇ ਸਾਧਵੀ ਬਣਾ ਦਿੱਤਾ ਅਤੇ ਡੇਰਾ ਮੁਖੀ ਨੇ ਉਸ ਨੂੰ ਡਰਾ ਧਮਕਾ ਅਤੇ ਸਾਬੋਤਾਜ ਕਰਕੇ ਆਪਣੀ ਗ੍ਰਿਫ਼ਤ ਵਿਚ ਫਸਾ ਲਿਆ। ਇਸ ਵਿਚ ਆਲੇ ਦੁਆਲੇ ਦੀਆਂ ਸਾਧਵੀਆਂ ਦਾ ਉਤੇਜਨਜਨਕ ਮਾਹੌਲ ਵੀ ਸੀ। ਇਥੇ ਇਹ ਦੱਸ ਦੇਈਏ ਕਿ ਡੇਰਾ ਵਿਚ ਇਕ ਗੁਫਾ ਨਾਂ ਦੀ ਇਮਾਰਤ ਹੈ ਜਿਥੇ ਦੋਸ਼ੀ ਬਾਬਾ ਦੀ ਰਿਹਾਇਸ਼ਗਾਹ ਹੈ। ਇਸ ਗੁਫ਼ਾ ਵਿਚ ਸਿਰਫ਼ ਸਾਧਵੀਆਂ ਦਾ ਹੀ ਪ੍ਰਵੇਸ਼ ਹੁੰਦਾ ਹੈ ਅਤੇ ਇਸ 'ਗੁਫ਼ਾ' (ਦਰਅਸਲ ਇਹ ਅਤਿ ਆਧੁਨਿਕ ਸਾਜੋ ਸਮਾਨ ਨਾਲ ਲੈਸ ਕੰਪਿਊਟਰਾਈਜ਼ ਅਤੇ ਏ. ਸੀ. ਬਿਲਡਿੰਗ ਹੈ ਅਤੇ ਸਨਸਨੀਖੇਜ਼ ਕਿਸਮ ਦੀ ਇਸ ਇਮਾਰਤ ਦੀ ਸਮੁੱਚੀ ਨਿਗਰਾਨੀ ਸਾਧਵੀਆਂ ਕੋਲ ਹੀ ਹੈ। ਬਾਹਰ ਜਿਹੜੇ ਡੇਰਾ ਪ੍ਰੇਮੀ (ਭੰਗੀਦਾਰ) ਨਿਗਰਾਨ ਹੁੰਦੇ ਹਨ ਉਹ ਵੀ ਨਿਪੁੰਸਕ ਸਾਧ ਹੀ ਹੁੰਦੇ ਹਨ। ਨਿਪੁੰਸਕ ਸਾਧਾਂ ਦੇ ਕੇਸ ਅਲੱਗ ਵਿਸ਼ਾ ਹੈ।) ਵਿਚ ਹੀ ਡੇਰੇ ਦੇ ਮੁਖੀ ਦੇ ਸ਼ਾਹੀ ਚੋਜ ਹੁੰਦੇ ਹਨ। ਇਥੇ ਡੇਰੇ ਦੀਆਂ ਸਾਧਵੀਆਂ ਲਈ ਪਾਰਦਰਸ਼ੀ ਪਹਿਰਾਵਾ ਅਤੇ ਚੁਸਤੀ ਫੁਰਤੀ ਦਾ ਆਲਮ ਪੁਰਾਤਨ ਮਹਾਂਰਾਜਿਆਂ ਜਾਂ ਆਧੁਨਿਕ ਅਮੀਰਜ਼ਾਦਿਆਂ ਵਰਗਾ ਤੇ ਮਾਫ਼ੀਆ ਸਰਗਨਿਆਂ 'ਡਾਨ' ਵਰਗਿਆਂ ਨੂੰ ਮਾਤ ਪਾਉਂਦਾ ਹੈ।

ਗੱਲ ਰਣਜੀਤ ਦੀ ਭੈਣ ਤੱਕ ਸੀਮਤ ਨਾ ਰਹੀ। ਗੁਰਮੀਤ ਨੇ ਇਸੇ ਪਰਿਵਾਰ ਦੀ ਇਕ ਹੋਰ ਨੌਜਵਾਨ ਲੜਕੀ ਨੂੰ ਸਾਧ ਬਣਾਉਣ ਲਈ ਰਣਜੀਤ ਸਿੰਘ ਨੂੰ ਸਹਿਮਤ ਕਰ ਲਿਆ ਪਰ ਇਸ ਸਮੇਂ ਤੱਕ ਰਣਜੀਤ ਡੇਰੇ ਅੰਦਰਲੀ ਹਕੀਕਤ ਨੂੰ ਜਾਣ ਚੁੱਕਾ ਸੀ। ਉਹਦਾ ਪਰਿਵਾਰ ਅਤੇ ਰਣਜੀਤ ਡੇਰਾ ਛੱਡ ਕੇ ਪਿੰਡ ਆ ਗਏ। ਮੁੱਖ ਕਮੇਟੀ ਦਾ ਮੈਂਬਰ ਹੋਣ ਕਰਕੇ ਰਣਜੀਤ ਕੋਲ ਡੇਰੇ ਦੇ ਬਹੁਤ ਭੇਦ ਸਨ। ਜਦੋਂ ਇਕ ਗੁੰਮਨਾਮ ਚਿੱਠੀ ਜਾਰੀ ਹੋਈ ਤਾਂ ਡੇਰੇ ਵਾਲਿਆਂ ਨੂੰ ਇਕ ਸ਼ੱਕ ਹੋਇਆ ਕਿ ਰਣਜੀਤ ਹੁਣ ਡੇਰੇ ਦਾ ਪਰਦਾਫਾਸ਼ ਕਰੇਗਾ। ਉਨ੍ਹਾਂ ਰਣਜੀਤ ਦਾ ਕਤਲ ਕਰਵਾ ਦਿੱਤਾ। ਰਣਜੀਤ ਸਿੰਘ ਦੇ ਪਿਤਾ ਜੋਗਿੰਦਰ ਸਿੰਘ ਜਿਹੜਾ ਹਰਕੋ ਬੈਂਕ ਦਾ ਡਾਇਰੈਕਟਰ ਅਤੇ ਲੈਂਡ ਮਾਰਗੇਜ ਬੈਂਕ ਦਾ ਚੇਅਰਮੈਨ ਸੀ, ਨੇ ਇਸ ਕਤਲ ਪਿਛੋਂ ਡੇਰਾ ਮੁਖੀ ਤੇ ਸਿੱਧਾ ਦੋਸ਼ ਲਾਇਆ ਤੇ ਹਾਈਕੋਰਟ ਪਹੁੰਚ ਕੀਤੀ। 2003 ਨੂੰ ਰਣਜੀਤ ਸਿੰਘ ਦੇ ਕਤਲ ਦੀ ਜਾਂਚ ਵੀ ਸੀ. ਬੀ. ਆਈ. ਨੂੰ ਸੌਂਪ ਦਿੱਤੀ ਅਤੇ 10 ਨਵੰਬਰ ਨੂੰ ਸੀ. ਬੀ. ਆਈ. ਨੇ ਐਫ. ਆਈ. ਆਰ. ਦਰਜ ਕੀਤੀ। ਇਸੇ ਦੌਰਾਨ ਪੱਤਰਕਾਰ ਛੱਤਰਪਤੀ ਦੇ ਕਤਲ ਦੀ ਜਾਂਚ ਵੀ ਸੀ. ਬੀ. ਆਈ. ਦੇ ਹੱਥ ਆ ਚੁੱਕੀ ਸੀ।

ਤਿੰਨਾਂ ਕੇਸਾਂ-ਸਾਧਵੀਆਂ ਦਾ ਸਰੀਰਕ ਸ਼ੋਸ਼ਣ, ਰਣਜੀਤ ਤੇ ਛਤਰਪਤੀ ਹੱਤਿਆ ਕਾਂਡ ਦੀ ਸੀ. ਬੀ. ਆਈ. ਵਲੋਂ ਦੇ ਵਿਰੋਧ 'ਚ ਡੇਰੇ ਨੇ ਸੁਪਰੀਮ ਕੋਰਟ ਵਿਚ ਨਵੰਬਰ 2004 ਵਿਚ

ਇਹ ਜਾਂਚ ਰੋਕਣ ਦੀ ਅਪੀਲ ਕੀਤੀ ਪਰ ਸੁਪਰੀਮ ਕੋਰਟ ਨੇ ਰੱਦ ਕਰਕੇ ਸੀ. ਬੀ. ਆਈ. ਨੂੰ ਜਾਂਚ ਕਰਨ ਦੇ ਆਦੇਸ਼ ਦੇ ਦਿੱਤੇ।

ਸੀ. ਬੀ. ਆਈ. ਨੇ ਦਸੰਬਰ 2002 ਵਿਚ ਗੁਰਮੀਤ ਰਾਮ ਰਹੀਮ ਉਤੇ ਧਾਰਾ 376-506 ਅਤੇ 509 ਹੇਠ ਕੇਸ ਦਰਜ ਕੀਤਾ। 2005-06 ਵਿਚ ਇਕ ਹੋਰ ਸਾਧਵੀ ਸਤੀਸ਼ ਡਾਗਰ ਵੀ ਸੀ. ਬੀ. ਆਈ. ਦੇ ਸਾਹਮਣੇ ਆਈ ਜਿਹੜੀ ਸਰੀਰਕ ਸ਼ੋਸ਼ਣ ਨਾਲ ਪੀੜਤ ਸੀ। ਜੁਲਾਈ 2007 ਵਿਚ ਸੀ. ਬੀ. ਆਈ. ਨੇ ਅੰਬਾਲਾ ਵਿਸ਼ੇਸ਼ ਕੋਰਟ ਵਿਚ ਚਾਰਜਸ਼ੀਟ ਫਾਇਲ ਕੀਤੀ। ਪਿਛੋਂ ਇਹ ਅਦਾਲਤ ਪੰਚਕੂਲਾ ਵਿਚ ਤਬਦੀਲ ਹੋ ਗਈ ਸੀ।

ਦਿਲਚਸਪ ਤੱਥ ਇਹ ਕਿ ਡੇਰਾ ਪ੍ਰਬੰਧਕਾਂ ਨੂੰ ਜਦੋਂ ਇਹ ਪੱਕਾ ਹੋ ਚੁੱਕਾ ਸੀ ਕਿ ਸੀ. ਬੀ. ਆਈ. ਚਾਰਜਸ਼ੀਟ ਲਾਜ਼ਮੀ ਪੇਸ਼ ਕਰੇਗੀ ਤਾਂ ਇਸ ਕੇਸ ਉਤੇ ਦਬਾਅ ਬਣਾਉਣ ਦਾ ਇਕ ਹੋਰ ਨਾਟਕ ਖੇਡਿਆ। ਮਈ 2007 ਵਿਚ ਡੇਰਾ ਮੁਖੀ ਰਾਮ ਰਹੀਮ ਨੇ ਸਲਾਬਤਪੁਰ ਡੇਰੇ ਵਿਚ ਗੁਰੂ ਗੋਬਿੰਦ ਸਿੰਘ ਦੇ ਪਹਿਰਾਵੇ ਦੀ ਨਕਲ ਅਤੇ ਅੰਮ੍ਰਿਤ ਛਕਾਉਣ ਦੀ ਨਕਲ ਕਰਕੇ ਜਾਮ-ਏ-ਇਸਾਂ ਪਿਲਾਉਣ ਦੀ ਖੇਡ ਖੇਡੀ। ਇਹਦਾ ਪੰਜਾਬ ਵਿਚ ਡਟਵਾਂ ਵਿਰੋਧ ਹੋਇਆ। 13 ਮਈ ਨੂੰ ਸਿੱਖਾਂ ਨੇ ਇਹ ਦਾ ਪੁਤਲਾ ਫੂਕਿਆ। 14 ਮਈ ਨੂੰ ਡੇਰਾ ਹਮਾਇਤੀਆਂ ਅਤੇ ਸਿੱਖਾਂ ਦਰਮਿਆਨ ਝੜਪਾਂ ਹੋਈਆਂ। ਮਾਲਵਾ ਇਕ ਨਵੇਂ ਤਣਾਅ ਦਾ ਸ਼ਿਕਾਰ ਹੋ ਗਿਆ। 17 ਮਈ ਨੂੰ ਸੁਨਾਮ ਵਿਚ ਡੇਰਾ ਹਮਾਇਤੀਆਂ ਨੇ ਸਿੱਖਾਂ ਦੇ ਵਿਰੋਧ ਪ੍ਰਦਰਸ਼ਨ ਉਤੇ ਗੋਲੀ ਚਲਾ ਦਿੱਤੀ ਜਿਸ 'ਚ ਕੋਮਲ ਸਿੰਘ ਨੌਜਵਾਨ ਮਾਰਿਆ ਗਿਆ। ਸਿੱਖਾਂ ਨੇ ਪੰਜ ਤਖ਼ਤਾਂ ਦੇ ਜਥੇਦਾਰਾਂ ਨੇ ਇਸ ਦੇ ਬਾਈਕਾਟ ਵਿਰੁੱਧ ਫਤਵਾ ਜਾਰੀ ਕੀਤਾ। 2007 ਵਿਚ ਮੁੱਲੇਵਾਲ ਵਿਚ ਵੀ ਇਕ ਡੇਰਾ ਪ੍ਰੇਮੀ ਨੇ ਫਾਇਰ ਕਰਕੇ ਅੱਠ ਲੋਕਾਂ ਨੂੰ ਜ਼ਖ਼ਮੀ ਕਰ ਦਿੱਤਾ।

ਸਿੱਖਾਂ ਤੇ ਡੇਰਾ ਹਮਾਇਤੀਆਂ ਦਰਮਿਆਨ ਟਕਰਾਅ ਪੈਦਾ ਕਰਾਉਣ ਵਾਲੀਆਂ ਸ਼ਕਤੀਆਂ ਦੀ ਪਹਿਚਾਨ ਹੋਣੀ ਜ਼ਰੂਰੀ ਹੈ ਪਰ ਇਹ ਸਾਫ਼ ਹੈ ਕਿ ਆਪਣੀ ਗੱਦੀ ਸੰਭਾਲਣ 1990 ਤੋਂ ਲੈ ਕੇ 2007 ਤੱਕ ਭਾਵ 17 ਸਾਲਾਂ ਵਿਚ ਗੁਰਮੀਤ ਦੇ ਹੇਠ ਅਧਿਆਤਮਕਤਾ ਆਸਥਾ ਦਾ ਜਿਹੜਾ ਸਾਮਰਾਜ ਉਸਰ ਚੁੱਕਾ ਸੀ। ਇਹਨੂੰ ਉਹ ਨੇ ਰਾਜਸੀ ਖਿਡਾਰੀਆਂ ਨੂੰ ਲਲਚਾਉਣ, ਭਰਮਾਉਣ ਤੇ ਕੈਸ਼ ਕਰਨ ਲਈ ਬਾਖੂਬੀ ਵਰਤਿਆ ਅਤੇ ਇਸ ਕੋਈ ਵੀ ਪਿਛੇ ਨਹੀਂ ਰਿਹਾ। ਕਾਂਗਰਸ ਨੇ ਇਹਨੂੰ ਪਹਿਲਾਂ ਖੂਬ ਸ਼ਹਿ ਦਿੱਤੀ ਤੇ ਹੁਣ ਵੀ ਜਾਰੀ ਹੈ। ਪੰਜਾਬ ਦਾ ਅਕਾਲੀ ਦਲ ਵੀ ਪਿਛੇ ਨਹੀਂ ਰਿਹਾ। ਸਵਰਗੀ ਮੈਡਮ ਬਾਦਲ (ਸੁਰਿੰਦਰ ਕੌਰ) ਅਤੇ ਸੁਖਬੀਰ ਬਾਦਲ ਦੇ ਡੇਰੇ ਨਮਸਤਕ ਹੋਣ ਦੀਆਂ ਤਸਵੀਰਾਂ ਜੱਗ ਜ਼ਾਹਿਰ ਹਨ। ਬਾਦਲ ਤਾਂ ਜਿੱਤਦੇ ਹੀ ਸੱਚਾ ਸੌਦਾ ਦੇ 'ਵੋਟ ਅਸ਼ੀਰਵਾਦ' ਨਾਲ ਹਨ। ਅੰਦਰਖਾਤੇ ਆਰਥਿਕ ਲੈਣ ਦੇਣ ਵੀ ਹੈ। ਪਿਛੋਂ ਆਰ. ਐਸ. ਐਸ. ਤੇ ਭਾਜਪਾ ਨੇ ਵੀ ਡੇਰੇ ਉਤੇ ਡੋਰੇ ਪਾ ਲਈ। ਹੋਰਾਂ ਛੋਟੀਆਂ ਮੋਟੀਆਂ ਪਾਰਟੀਆਂ ਅਤੇ ਲੀਡਰਾਂ ਨੇ ਵੀ ਡੇਰੇ 'ਚ ਪੂਛ ਹਿਲਾਉਣ ਵਿਚ ਕਸਰ ਨਹੀਂ ਛੱਡੀ। ਇਹੀ ਕਾਰਨ ਹੈ ਕਿ ਸਰਕਾਰੀ ਮਸ਼ੀਨਰੀ ਉਹ ਪੰਜਾਬ ਦੀ ਹੋਵੇ ਜਾਂ ਹਰਿਆਣਾ ਦੀ ਜਾਂ ਹੋਰ ਪ੍ਰਦੇਸ਼ਾਂ ਦੀ ਸਮੇਤ ਕੇਂਦਰ ਸਰਕਾਰ ਦੇ ਸੱਚੇ ਸੌਦੇ ਨਮਸਤਕ ਹੁੰਦੀ ਰਹੀ। ਬੱਸ ਭੀੜ ਦੇ ਜਲੌਅ 'ਚ ਹੀ ਚਕਾਚੌਂਧ ਹੁੰਦੀ ਰਹੀ ਤੇ ਹੈ।

4 ਅਕਤੂਬਰ 2007 ਨੂੰ ਪਹਿਲੀ ਵੇਰ ਡੇਰਾ ਮੁਖੀ ਸੀ. ਬੀ. ਆਈ. ਦੀ ਅਦਾਲਤ ਵਿਚ ਪੇਸ਼ ਹੋਇਆ। ਅੰਬਾਲਾ ਦੇ ਹੁੱਡਾ ਸੈਕਟਰ 9 ਦੇ ਮੈਦਾਨ ਵਿਚ ਬਾਬੇ ਨੇ 25 ਹਜ਼ਾਰ ਹਮਾਇਤੀ ਇਕੱਠੇ ਕਰ ਰੱਖੇ ਸਨ। ਜੱਜਾਂ ਤੇ ਕੋਰਟ ਵਿਚ ਮਾਨਸਿਕ ਦਬਾਅ ਬਣਾਉਣ ਦਾ ਇਹ ਇਕ ਤਰੀਕਾ ਸੀ। ਜਿਹੜਾ ਲਗਾਤਾਰ 200 ਤਰੀਕਾਂ ਉਤੇ ਹੀ ਵੇਖਣ ਨੂੰ ਮਿਲਦਾ ਰਿਹਾ। ਸਰਕਾਰ ਤੇ ਪ੍ਰਸ਼ਾਸਨ ਨੂੰ ਚਾਹੀਦਾ ਸੀ ਕਿ ਜਿਸ ਦਿਨ ਬਲਾਤਕਾਰ ਵਰਗੇ ਸੰਗੀਨ ਜੁਰਮ ਆਦਿਕ ਹੋਏ ਸਨ ਇਸ ਨੂੰ ਜੇਲ੍ਹ 'ਚ ਬੰਦ ਕਰ ਦਿੰਦੇ ਪਰ ਰਾਜਸੀ ਦਵਸ ਹੀ ਐਧਾ ਸੀ ਕਿ ਸਰਕਾਰ ਨੇ ਨਾ ਸਿਰਫ਼ ਜ਼ਮਾਨਤ ਦੇ ਦਿੱਤੀ ਸਗੋਂ ਉਹ ਨੂੰ ਪ੍ਰਵਚਨ ਕਰਨ ਦੀ ਇਜਾਜ਼ਤ ਵੀ ਦਿੱਤੀ ਅਤੇ ਸੁਰੱਖਿਆ ਵੀ ਵਧਾ ਦਿੱਤੀ। ਅੰਬਾਲਾ ਅਦਾਲਤ ਪੇਸ਼ੀ ਸਮੇਂ ਜਦੋਂ ਪੈਰੋਕਾਰਾਂ ਦੀ ਭੀੜ ਦਾ ਅਦਾਲਤ ਉਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਸੀ. ਬੀ. ਆਈ. ਨੇ ਪਹਿਲਾਂ ਸਰਕਾਰ ਨੂੰ ਇਸ ਨੂੰ ਕੰਟਰੋਲ ਕਰਨ ਦਾ ਸੁਝਾਅ ਦਿੱਤਾ ਪਰ ਸਰਕਾਰ ਵਲੋਂ ਅਣਗੌਲਿਆ ਕਰਨ ਉਤੇ ਉਹ ਕੇਸ ਵਿਚ ਬਾਬੇ ਦੀ ਪੇਸ਼ੀ ਵੀਡੀਓ ਕਾਨਫਰੰਸ ਰਾਹੀਂ ਸਿਰਸੇ ਤੋਂ ਹੀ ਕਰਨ ਦਾ ਪ੍ਰਬੰਧ ਕੀਤਾ। ਹਰ ਪੇਸ਼ੀ ਵਿਚ ਸਿਰਸੇ ਦੇ ਕਚਹਿਰੀਆਂ ਅਤੇ ਬਰਨਾਲਾ ਰੋਡ ਉਤੇ ਵੀ ਇਹੋ ਦ੍ਰਿਸ਼ ਦੁਹਰਾਇਆ ਜਾਂਦਾ ਰਿਹਾ। ਹਜ਼ਾਰਾਂ ਦੀ ਗਿਣਤੀ 'ਚ ਡੇਰਾ ਪੈਰੋਕਾਰ ਮੋਟੀਆਂ ਡਾਂਗਾਂ, ਸੋਟੀਆਂ ਅਤੇ ਹਥਿਆਰਾਂ ਨਾਲ ਡੇਰੇ ਤੋਂ ਲੈ ਕੇ ਸਿਰਸਾ ਕਚਹਿਰੀਆਂ ਤੱਕ ਡੇਰੇ ਦੀ ਨਿੱਜੀ ਫੋਰਸ ਵਜੋਂ ਤਾਇਨਾਤ ਹੁੰਦੇ ਅਤੇ ਰਾਹਗੀਰਾਂ ਅਤੇ ਸ਼ਹਿਰੀਆਂ ਲਈ ਦਹਿਸ਼ਤ ਦੇ ਸੰਤਾਪ ਦਾ ਕਾਰਨ ਬਣਦੇ। ਇਨ੍ਹਾਂ ਪੇਸ਼ੀਆਂ ਦੌਰਾਨ ਸੈਂਕੜੇ ਲੋਕ ਪੱਤਰਕਾਰਾਂ ਤੇ ਹੋਰ ਅਧਿਕਾਰੀਆਂ ਨਾਲ ਕੁੱਟ ਮਾਰ ਕੇ ਦਹਿਸ਼ਤਜ਼ਦਾ ਕਰਨ ਦੀਆਂ ਵਧੀਕੀਆਂ ਦਾ ਆਪਣਾ ਇਕ ਰਿਕਾਰਡ ਹੈ।

ਉਂਝ ਵੀ ਸਿਰਸਾ ਵਾਸੀ ਪੁਰਬਲੇ ਦੋਹਾਂ ਮੁਖੀਆਂ ਅਤੇ ਮੌਜੂਦਾ ਮੁਖੀ ਦੇ ਜਨਮ ਦਿਹਾੜੇ ਦੇ ਭੰਡਾਰਿਆਂ (ਸਮਾਗਮ) ਤੋਂ ਇਲਾਵਾ ਹਰ ਮਹੀਨੇ ਹੋਣ ਵਾਲੇ ਭੰਡਾਰਿਆਂ ਉਤੇ ਜੁੜਨ ਵਾਲੇ ਹਜ਼ਾਰਾਂ, ਲੱਖਾਂ ਪੈਰੋਕਾਰਾਂ ਅਤੇ ਉਨ੍ਹਾਂ ਦੇ ਲੱਠਮਾਰਾ ਜਿਹਨੂੰ ਸ਼ਾਹ ਸਤਨਾਮ ਗਰੀਨ ਬ੍ਰਿਗੇਡ ਕਹਿੰਦੇ ਹਨ, ਦਾ ਪਿਛਲੇਰੇ 20 ਸਾਲ ਤੋਂ ਹੀ ਕਹਿਰ ਝਲਦੇ ਆ ਰਹੇ ਹਨ।

ਇਸੇ ਦੌਰਾਨ ਡੇਰੇ ਨੇ ਆਪਣੇ ਵਿਸਥਾਰ ਵਿਚ ਸਕੂਲਾਂ ਕਾਲਜਾਂ ਦਾ ਨਿਰਮਾਣ ਵੀ ਕੀਤਾ ਅਤੇ ਹਸਪਤਾਲ ਦਾ ਵੀ। ਆਪਣੇ ਆਰਥਿਕ ਸਾਮਰਾਜ ਉਸਾਰਨ ਵਿਚ ਮਿਸਾਲ ਵਜੋਂ ਸੱਚ ਮਾਰਕੀਟ, ਘਰੇਲੂ ਲੋੜਾਂ ਵਾਲੀਆਂ ਵਸਤੂਆਂ ਦੀਆਂ ਫੈਕਟਰੀਆਂ, ਰੈਸੋਰੈਂਟ, ਹੋਟਲ ਦੇ ਆਲ ਜੰਜਾਲ ਤੋਂ ਇਲਾਵਾ ਹਰਿਆਣਾ, ਪੰਜਾਬ, ਰਾਜਸਥਾਨ, ਯੂ. ਪੀ. ਉਤਰਾਖੰਡ ਅਤੇ ਦੱਖਣ ਵਿਚ ਅਣਗਿਣਤ ਏਕੜ ਜ਼ਮੀਨਾਂ ਤੇ ਫਾਰਮ ਹਾਊਸਾਂ ਦਾ ਨਿਰਮਾਣ ਆਦਿ ਗਿਣਿਆ ਜਾ ਸਕਦਾ ਹੈ। ਡੇਰੇ ਵਲੋਂ ਹਿੰਦੀ ਤੇ ਪੰਜਾਬੀ ਵਿਚ ਆਪਣੇ ਅਖ਼ਬਾਰ 'ਸੱਚ ਕਹੂੰ' ਵੀ ਕੱਢੇ ਜਾਂਦੇ ਹਨ। ਜਿਥੇ ਡੇਰੇ ਦੇ ਪੈਰੋਕਾਰਾਂ ਦੀ ਗਿਣਤੀ ਵਧੀ ਉਥੇ ਰਾਜਸੀ ਪਾਰਟੀਆਂ ਦੇ ਵੱਡੇ ਤੋਂ ਲੈ ਕੇ ਛੋਟੇ ਲੀਡਰਾਂ ਤੱਕ ਵੀ ਡੇਰੇ ਦੀ ਹਾਜ਼ਰੀ ਭਰਨ ਆਉਂਦੇ ਰਹੇ। ਬੇਗੂ ਰੋਡ ਜਿਸ ਉਤੇ ਡੇਰਾ ਸਥਿਤ ਹੈ ਹੁਣ ਰੋਡ ਹੀ ਕਿਹਾ ਜਾ ਸਕਦਾ ਹੈ। ਡੇਰੇ ਨੇ ਪੰਜਾਬ ਵਿਚ ਹੀ ਲਗਭਗ 98 ਨਾਮ ਚਰਚਾ ਘਰ ਅਤੇ ਕੁਝ ਧਾਮ ਉਸਾਰੇ ਹਨ, ਹਰਿਆਣੇ 'ਚ ਲਗਭਗ 70 ਨਾਮ ਚਰਚਾ ਘਰਾਂ ਦਾ ਜ਼ਿਕਰ ਮਿਲਦਾ ਹੈ।

ਇਸੇ ਦੌਰਾਨ ਡੇਰੇ ਦੀਆਂ ਹੋਰ ਕਰਤੂਤਾਂ ਵੀ ਸਾਹਮਣੇ ਆਈਆਂ ਜਿਨ੍ਹਾਂ 'ਚ ਡੇਰੇ ਦੇ ਸਾਧੂਆਂ ਨੂੰ ਨਿਪੁੰਸਕ ਬਣਾਉਣਾ ਅਤੇ ਵਿਰੋਧੀਆਂ ਨੂੰ ਕਤਲ ਕਰਾਉਣਾ ਆਦਿ ਹਨ। ਇਕ ਨਿਪੁੰਸਕ ਸਾਧੂ ਟੋਹਾਨਾ ਵਾਸੀ ਹੰਸ ਰਾਜ ਦੇ ਹਨ, ਦੱਸਿਆ ਕਿ ਡੇਰਾ ਮੁਖੀ ਜਿਸ ਨੂੰ ਨਿਪੁੰਸਕ ਕਰਨਾ ਹੁੰਦਾ ਸੀ ਉਹਦਾ ਗੰਗਾਨਗਰ ਜ਼ਿਲ੍ਹੇ 'ਚ ਉਸਾਰੇ ਇਕ ਡੇਰੇ ਦੇ ਹਸਪਤਾਲ ਵਿਚ ਲਿਜਾ ਕੇ ਕੀਤਾ ਜਾਂਦਾ ਸੀ ਅਤੇ ਇਹ ਸਭ ਕੁਝ ਸਾਧੂ ਬਣਨ ਦੀਆਂ ਸ਼ਰਤਾਂ ਹੇਠ ਆਸਥਾ ਵਿਚ ਅੰਨ੍ਹੇ ਕਰਕੇ ਅਤੇ ਦਬਾਅ ਹੇਠ ਕੀਤਾ ਜਾਂਦਾ ਸੀ। ਲਗਭਗ 400 ਸਾਧੂਆਂ ਦੇ ਨਿਪੁੰਸਕ ਬਣਾਉਣ ਦੀ ਜਾਂਚ ਵੀ ਸੀ. ਬੀ. ਆਈ. ਹੀ ਕਰ ਰਹੀ ਹੈ। ਇਸ ਤੋਂ ਇਲਾਵਾ ਗੁਰਮੀਤ ਰਾਮ ਰਹੀਮ ਉਤੇ ਜੈਪੁਰ ਦੀ ਇਕ ਔਰਤ ਪੈਰੋਕਾਰ ਨੂੰ ਗਾਇਬ ਕਰਨ ਦਾ ਦੋਸ਼ ਹੈ ਜਿਹਦੀ ਐਫ. ਆਈ. ਆਰ. ਜੈਪੁਰ ਦੇ ਜਵਾਹਰ ਸਰਕਲ ਥਾਣੇ ਵਿਚ ਦਰਜ ਹੈ। ਇਕ ਸਾਬਕ ਮੈਨੇਜਰ ਫ਼ਕੀਰ ਚੰਦ ਦੇ ਕਤਲ ਦਾ ਇਲਜ਼ਾਮ ਵੀ ਡੇਰਾ ਮੁਖੀ ਤੇ ਹੈ ਅਤੇ ਇਹ ਵੀ ਹਾਈਕੋਰਟ ਵਿਚ ਹੀ ਹੈ।

ਡੇਰੇ ਦੇ ਪੈਰੋਕਾਰਾਂ ਦਾ ਹਜੂਮ ਕੋਈ ਆਪ ਹੁਦਰਾ ਨਹੀਂ। ਪਿੰਡ ਪੱਧਰ ਬਲਾਕ ਤੇ ਜ਼ਿਲ੍ਹਾ ਪੱਧਰ ਦਾ ਵਿਉਂਤਬੱਧ ਜਥੇਬੰਦਕ ਢਾਂਚਾ ਹੈ ਜਿਸ ਦਾ ਨੈਟਵਰਕ ਡੇਰੇ 'ਚੋਂ ਹੀ ਚਲਦਾ ਹੈ। ਡੇਰਾ ਮੁਖੀ ਹੇਠ ਚਾਰ ਜਾਂ ਪੰਜ ਵਿਸ਼ਵਾਸ ਪਾਤਰਾਂ ਦੀ ਕਮੇਟੀ ਫਿਰ 25 ਮੈਂਬਰੀ ਕਮੇਟੀ ਤੇ ਫਿਰ 45 ਮੈਂਬਰੀ ਕਮੇਟੀ ਹੈ। ਹਰ ਫੈਸਲਾ ਯੋਜਨਾਬੱਧ ਢੰਗ ਨਾਲ ਲਿਆ ਜਾਂਦਾ ਹੈ ਤੇ ਲਾਗੂ ਕੀਤਾ ਜਾਂਦਾ ਹੈ। ਅੱਗੋਂ ਇਹਨਾਂ ਵਿਚ ਵੀ ਕਮੇਟੀਆਂ ਹਨ ਨੌਜਵਾਨਾਂ ਨੂੰ ਅਤੇ ਲੱਠਮਾਰ ਅਪਰਾਧਿਕ ਪ੍ਰਵਿਰਤੀਆਂ ਵਾਲਿਆਂ ਨੂੰ ਸ਼ਾਹ ਸਤਨਾਮ ਗਰੀਨ ਬ੍ਰਿਗੇਡ ਵਿਚ ਸ਼ਾਮਲ ਕੀਤਾ ਜਾਂਦਾ ਹੈ। ਇਹੋ ਹੀ ਡੇਰੇ ਦਾ ਲੱਠਮਾਰ ਵਿੰਗ ਹੈ। ਵੈਸੇ ਕੁਝ ਸਮਾਜ ਭਲਾਈ ਵਿੰਗ ਵੀ ਹਨ ਜਿਨ੍ਹਾਂ ਰਾਹੀਂ ਚੰਗੇ ਤੇ ਨੇਕ ਕੰਮਾਂ ਦਾ ਦਿਖਾਵਾ ਕਰਕੇ ਆਪਣੀ ਦਿੱਖ 'ਸਾਫ਼' ਕਰਨ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ। ਮਿਸਾਲ ਵਜੋਂ ਖ਼ੂਨਦਾਨ, ਕਿਸੇ ਗਰੀਬ ਪਰਿਵਾਰ ਦਾ ਮਕਾਨ ਬਣਾ ਕੇ ਦੇਣਾ, ਹਸਪਤਾਲ 'ਚ ਮਦਦ ਕਰਨੀ, ਬੂਟੇ ਲਾਉਣੇ ਆਦਿ ਆਦਿ ਪਰ ਇਹ ਦਿਖਾਵਾ ਵਧੇਰੇ ਹੈ।

ਸਾਧਵੀ ਬਲਾਤਕਾਰ ਕੇਸ ਦੌਰਾਨ 52 ਗਵਾਹ ਪੇਸ਼ ਹੋਏ 15 ਪ੍ਰੋਸੀਕਿਊਸ਼ਨ ਅਤੇ 37 ਡਿਫੈਂਸ ਦਾ ਸੀ. ਬੀ. ਆਈ. ਨੇ 18 ਔਰਤਾਂ ਨੂੰ ਟਰੇਸ ਕੀਤਾ ਸੀ ਜਿਨ੍ਹਾਂ ਨਾਲ ਛਲਾਵੇ ਭਰੇ ਢੰਗ ਰਾਹੀਂ ਬਾਬੇ ਨੇ ਸਰੀਰਕ ਸਬੰਧ ਬਣਾਏ ਸੀ, ਵੈਸੇ ਇਹ ਗਿਣਤੀ 250 ਤੋਂ ਉਪਰ ਦੱਸੀ ਜਾਂਦੀ ਹੈ। ਪਰ ਕੋਰਟ ਵਿਚ ਦੋ ਔਰਤਾਂ ਹੀ ਡਟੀਆਂ ਰਹੀਆਂ। ਦੂਸਰੀਆਂ ਦਹਿਸ਼ਤ ਅਤੇ ਆਰਥਿਕ ਲਾਲਚ ਵਿਚ ਪਿਛੇ ਹਟ ਗਈਆਂ। ਇਨ੍ਹਾਂ ਦੇ ਪਰਿਵਾਰਾਂ ਨੂੰ ਵਖ ਖਤਮ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਤੇ ਜਾ ਰਹੀਆ ਹਨ ਅਤੇ ਪਾਗਲਨੁਮਾ ਪੈਰੋਕਾਰ ਇਹ ਕਦੇ ਵੀ ਕਰ ਸਕਦੇ ਹਨ। ਜੂਨ 2017 ਵਿਚ ਡੇਰਾ ਮੁਖੀ ਨੇ ਬਾਹਰ ਜਾਣ ਦੀ ਅਪੀਲ ਕੀਤੀ ਸੀ ਪਰ ਕੋਰਟ ਨੇ ਨਾ ਮਨਜ਼ੂਰ ਕਰ ਦਿੱਤੀ। 25 ਜੁਲਾਈ 2017 ਨੂੰ ਕੇਸ ਲੰਬਾ ਹੋਣ ਕਰਕੇ ਰੋਜ਼ ਸੁਣਵਾਈ ਕਰਨ ਦੇ ਨਿਰਦੇਸ਼ ਦਿੱਤੇ ਤਾਂ ਕਿ ਕੇਸ ਨਿਪਟ ਜਾਵੇ। ਇਸ ਕੇਸ ਨੂੰ 15 ਸਾਲ ਲਮਕਾਉਣ ਵਿਚ ਡੇਰਾ ਮੁਖੀ ਵਲੋਂ ਕੋਰਟ ਨੂੰ ਸਹਿਯੋਗ ਨਾ ਦੇਣਾ ਹੀ ਸੀ। ਮੁਖੀ ਤੇ ਪੈਰੋਕਾਰ ਕੋਰਟ ਕਚਹਿਰੀਆਂ ਅਤੇ ਸਰਕਾਰੀ ਅਮਲੇ ਫੈਲੇ ਨੂੰ ਇਥੋਂ ਤੱਕ ਪੁਲਿਸ ਨੂੰ ਟਿੱਚ ਜਾਣਦੇ ਹਨ। ਹਰਿਆਣਾ ਪੁਲਿਸ ਦੇ ਸਮੁੱਚੇ ਆਲਾ ਅਫ਼ਸਰ ਤਾਂ ਅਜੇ ਵੀ ਪੂਛ ਹਿਲਾਉਂਦੇ ਦਿਖ ਸਕਦੇ ਹਨ।

17 ਅਗਸਤ 2017 ਨੂੰ ਦੋਹਾਂ ਪੱਖਾਂ ਦੀ ਆਖਰੀ ਬਹਿਸ ਹੋਈ ਅਤੇ 25 ਅਗਸਤ ਨੂੰ ਫੈਸਲੇ ਦੀ ਤਰੀਕ ਸੀ। ਮੁਖੀ ਤੇ ਡੇਰੇ ਵਲੋਂ ਤਰੀਕ ਉਤੇ ਨਾ ਪਹੁੰਚਣ ਦੇ ਐਲਾਨ ਕੀਤੇ ਗਏ ਸਨ। ਸੀ. ਬੀ. ਆਈ. ਅਦਾਲਤ ਨੇ ਹਾਈਕੋਰਟ ਨੂੰ ਸਾਬਤ ਕਰ ਦਿੱਤਾ ਸੀ ਜਿਸ ਵਿਚ ਹਾਈਕੋਰਟ ਨੇ ਹਰਿਆਣਾ ਸਰਕਾਰ ਅਤੇ ਜ਼ੈਡ ਸੁਰੱਖਿਆ ਟੀਮ ਦੇ ਮੁਖੀ ਨੂੰ ਪੇਸ਼ ਕਰਾਉਣ ਦੇ ਆਦੇਸ਼ ਦਿੱਤੇ ਸਨ। ਪੈਰੋਕਾਰਾਂ ਦੀ ਭੀੜ ਨਾ ਜੁਟਾਉਣ ਦੀਆਂ ਹਦਾਇਤਾਂ ਅਤੇ ਸਰਕਾਰ ਨੂੰ ਇਕੱਠ ਨਾ ਹੋਣ ਦੇਣ ਦੇ ਆਦੇਸ਼ ਵੀ ਦਿੱਤੇ ਸਨ। ਪੇਸ਼ ਨਾ ਹੋਣ ਜਾਂ ਪੇਸ਼ੀ ਨੂੰ ਸਾਬੋਤਾਜ ਕਰਨ ਦੀਆਂ ਪੂਰੀਆਂ ਵਿਉਂਤਾਂ ਸਨ ਪਰ ਗੱਲ ਹਰਿਆਣਾ ਪੁਲਿਸ ਤੱਕ ਸੀਮਤ ਨਾ ਰਹੀ ਇਸ ਦੌਰਾਨ ਪੈਰਾ ਮਿਲਟਰੀ ਫੋਰਸਾਂ ਨੇ ਕਮਾਨ ਸੰਭਾਲ ਲਈ ਸੀ। ਪੰਚਕੂਲਾ ਤੇ ਸਿਰਸਾ ਵਿਚ ਪੈਰੋਕਾਰਾਂ ਦੀ ਭੀੜ ਇਕੱਠੀ ਹੋਈ। ਦਫ਼ਾ 144 ਸਧਾਰਨ ਲੋਕਾਂ ਲਈ ਸੀ, ਹਰਿਆਣਾ ਸਰਕਾਰ ਦੇ ਚਹੇਤੇ ਡੇਰੇ ਦੇ ਪੈਰੋਕਾਰਾਂ ਲਈ ਨਹੀਂ ਸੀ। ਲੱਖਾਂ ਦੀ ਗਿਣਤੀ 'ਚ ਸ਼ਾਮਲ ਹੋਏ। ਹਾਈਕੋਰਟ ਦੇ ਆਦੇਸ਼ ਵੀ ਟਿੱਚ ਕਰਕੇ ਜਾਣੇ ਡੇਰੇ ਦੀ ਸ਼ੁਰੂ ਤੋਂ ਹੀ ਨੀਤੀ ਰਹੀ ਹੈ ਕਿ ਭੀੜ ਨਾਲ ਰਾਜ ਤੇ ਨਿਆਂ ਨੂੰ ਪ੍ਰਭਾਵਿਤ ਕਰਨਾ। ਡੇਰਾ ਪ੍ਰਬੰਧਕਾਂ ਵਲੋਂ ਪਹਿਲਾਂ ਹੀ ਬਿਆਨ ਦਿੱਤੇ ਜਾ ਰਹੇ ਸਨ ਕਿ 'ਜੇ ਕੇਸ ਦਾ ਫੈਸਲਾ ਵਿਰੋਧ 'ਚ ਹੋ ਗਿਆ ਤਾਂ ਹਿੰਸਾ ਹੋਵੇਗੀ।' ਦਾ ਵੀ ਸਰਕਾਰ ਨੇ ਨੋਟਿਸ ਨਹੀਂ ਲਿਆ। ਇਨ੍ਹਾਂ ਦਿਨਾਂ 'ਚ ਲਗਭਗ 1000 ਕਰੋੜ ਤੋਂ ਉਤੇ ਜਾਇਦਾਦ ਦਾ ਨੁਕਸਾਨ ਅਤੇ ਪੰਜਾਬ ਹਰਿਆਣਾ ਤੇ ਉਤਰੀ ਭਾਰਤ ਵਿਚ ਕਈ ਲੱਖ ਕਰੋੜਾਂ ਦਾ ਕਾਰੋਬਾਰ ਤੇ ਜਨਜੀਵਨ ਪ੍ਰਭਾਵਿਤ ਹੋਇਆ ਹੈ।

ਆਖਿਰ 15 ਸਾਲ ਬਾਅਦ ਇਕ ਤਾਕਤਵਰ ਧਾਰਮਿਕ ਲਿਬਾਸ ਵਿਚ ਬੈਠੇ ਅਖੌਤੀ ਬਾਬੇ ਅਤੇ ਪੇਸ਼ਾਵਰ ਅਪਰਾਧਿਕ ਮਾਨਸਿਕਤਾ ਵਾਲੇ ਸ਼ਖ਼ਸ਼ ਨੂੰ ਧਾਰਾ 376 ਅਧੀਨ ਸਾਧਵੀਆਂ ਦਾ ਸਰੀਰਕ ਸ਼ੋਸ਼ਣ ਕਰਨ ਦੇ ਸੰਬੰਧ ਵਿਚ ਦੋਸ਼ੀ ਕਰਾਰ ਦੇ ਦਿੱਤਾ ਗਿਆ ਅਤੇ 28 ਅਗਸਤ ਨੂੰ 20 ਸਾਲ ਦੀ ਸਜ਼ਾ ਵੀ ਸੁਣਾ ਦਿੱਤੀ ਗਈ।

ਇਹ ਫੈਸਲਾ ਸੁਣਦਿਆਂ ਹੀ ਪੰਚਕੂਲਾ ਵਿਚ ਡੇਰੇ ਦੇ ਪੈਰੋਕਾਰ ਵਾਪਸ ਜਾਣ ਲੱਗੇ ਤਾਂ ਡੇਰੇ ਦੇ ਪ੍ਰਬੰਧਕਾਂ ਜਿਨ੍ਹਾਂ ਦੀ ਪਹਿਚਾਨ ਆਦਿਤਯ ਇੰਸਾਂ 'ਤੇ ਧਾਮਨੀ ਇੰਸਾ ਵਜੋਂ ਹੋਈ ਹੈ, ਡੇਰਾ ਪੈਰੋਕਾਰਾਂ ਨੂੰ ਹਿੰਸਾ ਕਰਨ ਲਈ ਪ੍ਰੇਰਿਆ ਪੰਚਕੂਲਾ 'ਚ ਪਹਿਲਾ ਨਿਸ਼ਾਨਾ ਮੀਡੀਆ ਹੀ ਬਣਿਆ ਤੇ ਫਿਰ ਲੱਖਾਂ ਦੀ ਭੀੜ ਨੇ ਜੋ ਤਾਂਡਵ ਰਚਿਆ ਇਹ ਸ਼ਰਮਨਾਕ ਤੇ ਦਰਦਨਾਕ ਕਾਂਡ ਹੈ। ਪ੍ਰਦੇਸ਼ ਦੀ ਹਾਈਕੋਰਟ ਹੀ ਸਾਫ਼ ਕਰ ਚੁੱਕੀ ਹੈ-'ਕਿ ਕੇਂਦਰੀ ਤੇ ਰਾਜਾਂ ਦੀਆਂ ਸਰਕਾਰਾਂ ਵੋਟ ਬੈਂਕ ਲਈ ਡੇਰਾ ਮੁਖੀ ਅੱਗੇ ਲੇਟੀਆਂ ਹੋਈਆਂ ਹਨ।' ਹਰਿਆਣਾ ਦੇ ਚੀਫ਼ ਮਨਿਸਟਰ ਨੇ ਤਾਂ ਡੇਰਾ ਪ੍ਰੇਮੀਆਂ ਨੂੰ ਕਲੀਨ ਚਿੱਟ ਹੀ ਦੇ ਦਿੱਤੀ ਤੇ ਕਿਹਾ ਕਿ ਇਹ ਕੰਮ ਡੇਰਾ ਪ੍ਰੇਮੀ ਨਹੀਂ ਕਰਦੇ ਅੰਦਰ ਛੁਪੇ ਸ਼ਰਾਰਤੀ ਅਨਸਰਾਂ ਦਾ ਹੈ। ਇਸ ਤੋਂ ਵੀ ਅਗਾਂਹ ਜਾਂਦਿਆਂ ਮੁੱਖ ਮੰਤਰੀ ਕਹਿ ਗਿਆ ਕਿ "ਥੋੜ੍ਹੇ ਦਿਨਾਂ 'ਚ ਸਰਕਾਰ ਨੁਕਸਾਨ ਦੀ ਭਰਪਾਈ ਕਰ ਦੇਵੇਗੀ।" ਜਦੋਂ ਕਿ ਹਾਈਕੋਰਟ ਨੇ ਇਹ ਨੁਕਸਾਨ ਡੇਰੇ ਦੀ ਜਾਇਦਾਦ ਜ਼ਬਤ ਕਰਕੇ ਪੂਰਾ ਕਰਨ ਦੀ ਗੱਲ ਕਹੀ ਹੈ। ਭਾਜਪਾ ਦੇ ਮੈਂਬਰ ਪਾਰਲੀਮੈਂਟ ਸ਼ਾਕਸ਼ੀ ਮਹਾਰਾਜ ਨੇ ਅਦਾਲਤ ਦੇ ਫੈਸਲੇ ਦੇ ਫੈਸਲੇ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ, "ਕੋਰਟ ਨੂੰ ਲੱਖਾਂ ਲੋਕਾਂ (ਭਾਵ ਭੀੜ) ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਣਾ ਚਾਹੀਦਾ ਹੈ।" ਸਾਕਸੀ ਜੀ ਕਹਿ ਦਿੰਦੇ ਕਿ ਬਾਬਿਆਂ ਨੂੰ ਬਲਾਤਕਾਰ ਕਰਨ ਦੀ ਖੁੱਲ੍ਹੀ ਛੋਟ ਹੋਣੀ ਚਾਹੀਦੀ ਹੈ। ਵੈਸੇ ਵਿਡੰਬਨਾ ਹੈ ਦਿੱਲੀ 'ਚ ਜੇ ਨਿਰਭੈਅ ਨਾਲ ਬਲਾਤਕਾਰ ਉਤੇ ਲੱਖਾਂ ਲੋਕ ਪ੍ਰਦਰਸ਼ਨ ਕਰਦੇ ਹਨ ਅਤੇ ਬਲਾਤਕਾਰੀ ਲਈ ਫਾਂਸੀ ਦੀ ਮੰਗ ਕਰਦੇ ਹਨ ਤਾਂ ਦੂਸਰੇ ਪਾਸੇ ਇਕ ਧਾਰਮਿਕ ਸ਼ਖ਼ਸੀਅਤ ਦੇ ਰੂਪ ਵਿਚ ਜਦੋਂ ਡੇਰਾ ਮੁਖੀ ਰਾਮ ਰਹੀਮ ਗੁਰਮੀਤ ਜਾਂ ਬਾਪੂ ਆਸਾ ਰਾਮ ਜਾਂ ਉਹਦੇ ਪੁੱਤਰ ਨਰਾਇਣ ਸਾਂਈ, ਸਵਾਮੀ ਨਿਤਯਾਨੰਦ (2010) ਜਿਹੜੀ ਇਕ ਫ਼ਿਲਮੀ ਅਭਿਨੇਤਰੀ ਦਾ ਸਰੀਰਕ ਸ਼ੋਸ਼ਣ ਕਰਦੇ ਦੀ ਵੀਡੀਓ ਵਾਇਰਲ ਹੋਈ। ਇੱਛਾਧਾਰੀ ਬਾਬਾ ਭੀਮਾਨੰਦ ਜਿਹੜਾ ਸੈਕਸ ਰੈਕੇਟ ਚਲਾਉਂਦਾ ਸੀ, ਬਾਬਾ ਪਰਮਾਨੰਦ ਜਿਹੜਾ ਔਰਤਾਂ ਦੀ ਗੋਦ ਭਰਨ ਦੇ ਨਾਂ 'ਤੇ ਬਲਾਤਕਾਰ ਕਰਦਾ ਸੀ ਆਦਿ ਦੇ ਧਾਰਮਿਕ ਚਿਹਰੇ ਦੇਖਦੇ ਹਾਂ ਤਾਂ ਲਗਦਾ ਹੈ ਦਰਿੰਦਿਆਂ ਕਾਮੀਆਂ ਅਤੇ ਅਪਰਾਧੀਆਂ ਦੀ ਪਨਾਹਗਾਹ ਧਾਰਮਿਕ ਅਦਾਰੇ ਹੀ ਰਹਿ ਗਏ ਹਨ। ਕਿਉਂਕਿ ਧਰਮ ਦੀ ਚਾਦਰ ਹੇਠ ਸਭ ਕੁਝ ਮੁਆਫ਼ ਹੈ, ਜਾਇਜ਼ ਹੈ।

ਪੰਚਕੂਲਾ ਸਿਰਸਾ ਅਤੇ ਪੰਜਾਬ ਹਰਿਆਣਾ ਦਿੱਲੀ, ਯੂ. ਪੀ. ਦੇ ਸ਼ਹਿਰਾਂ ਵਿਚ ਜੋ ਕੁਝ ਹੋਇਆ ਇਹ ਡੇਰੇ ਦੀ ਯੋਜਨਾਬੱਧ ਦਹਿਸ਼ਤ ਮਚਾਉਣ ਦਾ ਹਿੰਸਾ ਸੀ ਪੰਚਕੂਲਾ 'ਚ ਫਾਇਰ ਬ੍ਰਿਗੇਡ (ਡੇਰੇ ਦੀ ਗੱਡੀ) ਦੀ ਗੱਡੀ ਅਤੇ ਹੋਰਾਂ ਗੱਡੀਆਂ ਤੋਂ ਇਲਾਵਾ ਵੱਖ-ਵੱਖ ਡੇਰਿਆਂ 'ਚੋਂ ਮਿਲੇ ਜਲਨਸ਼ੀਲ ਪਦਾਰਥ, ਹਥਿਆਰ ਡਾਂਗਾਂ ਆਦਿ। ਇਹ ਦਹਿਸ਼ਤ ਬੀਜਨ ਦੇ ਪ੍ਰਤੱਖ ਸਬੂਤ ਹਨ। ਡੇਰਿਆਂ ਤੇ ਪ੍ਰੇਮੀਆਂ ਕੋਲੋਂ ਇਹ ਕੁਝ ਤਾਂ ਫੜਿਆ ਗਿਆ ਪਰ ਕਿਸੇ ਧਾਰਮਿਕ ਪੁਸਤਕ ਪ੍ਰਾਪਤ ਹੋਣ ਦਾ ਜ਼ਿਕਰ ਅਜੇ ਤੱਕ ਨਹੀਂ ਆਇਆ। ਇਹ ਸਵਾਲ ਉਹਦਾ ਹੈ ਕਿ ਡੇਰਾ ਕਿਹੜੀ ਧਾਰਮਿਕ ਸਿੱਖਿਆ ਸਿਖਾ ਰਿਹਾ ਸੀ। ਇੰਸਾਂ ਜਦੋਂ ਹੈਵਾਨਾਂ ਵਰਗਾ ਵਿਉਹਾਰ ਕਰ ਰਹੇ ਹੋਣ ਅਤੇ ਨਾਮ ਚਰਚਾ ਘਰ ਡਾਂਗ ਚਰਚਾ ਘਰ ਬਣ ਚੁੱਕੇ ਹੋਣ ਤਾਂ ਫਿਰ ਧਾਰਮਿਕ ਉਪਦੇਸ਼ ਪ੍ਰਵਚਨ ਭਲਾ ਕੀ ਮਹਿਣੇ ਰੱਖਦੇ ਹਨ ਅਤੇ ਕਦੋਂ ਤੱਕ ਫੌਜੀ ਤੇ ਨੀਮ ਫੌਜੀ ਦਸਤੇ ਸੁਰੱਖਿਆ ਦੇ ਇੰਤਜਾਮ ਕਰਦੇ ਰਹਿਣਗੇ?

ਸਿਤਮ ਦੀ ਗੱਲ ਇਹ ਜਿਹੜੀ ਪ੍ਰੈਸ ਨੇ ਛਪਾਈ ਹੈ ਕਿ ਬਾਬੇ ਨੂੰ ਸਜ਼ਾ ਸੁਣਾਉਣ ਪਿਛੋਂ ਜਦੋਂ ਉਹਨੂੰ ਇਕ ਦੋਸ਼ੀ ਵਜੋਂ ਮਿਲਟਰੀ ਦੇ ਹਵਾਲੇ ਕੀਤਾ ਜਾ ਰਿਹਾ ਸੀ ਤਾਂ ਉਹਦੇ ਜ਼ੈਡ ਸੁੱਰਖਿਆ ਗਾਰਡਾਂ ਤੇ ਨਿੱਜੀ ਸੁੱਰਖਿਆ ਗਾਰਡਾਂ ਨੇ ਕਚਹਿਰੀਆਂ ਦੇ ਅਹਾਤੇ ਵਿਚ ਹੀ ਨਾ ਸਿਰਫ਼ ਇਕ ਉਚ ਪੁਲਿਸ ਅਧਿਕਾਰੀ ਦੇ ਥੱਪੜ (ਆਈ. ਜੀ.) ਮਾਰਿਆ ਸਗੋਂ ਗੋਲੀ ਵੀ ਚਲਾਈ। ਇਹ ਕੋਰਟ ਦੇ ਦਰਵਾਜ਼ੇ ਅੱਗੇ ਨਿਆਂ ਦਾ ਜਲੂਸ ਨਹੀਂ। ਬੇਸ਼ੱਕ ਇਨ੍ਹਾਂ ਉਤੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਫਿਰ ਵੀ ਉਸ ਕਚਹਿਰੀ ਵਿਚ ਜਿਥੇ ਚਿੜੀ ਵੀ ਨਾ ਫੜਕਣ ਦਾ ਪ੍ਰਬੰਧ ਕੀਤਾ ਗਿਆ ਸੀ, ਦਾ ਅਜਿਹੀ ਘਟਨਾ ਦਾ ਵਾਪਰਨਾ ਚਿੰਤਾ ਦਾ ਵਿਸ਼ਾ ਹੈ। ਚਰਚਾ ਇਹ ਹੈ ਕਿ ਉਹ ਬਾਬੇ ਨੂੰ ਉਹਦੇ ਨਿੱਜੀ ਵਾਹਨ 'ਚ ਬਿਠਾ ਕੇ ਜੇਲ੍ਹ ਤੱਕ ਲਿਜਾਣ ਦਾ ਬਹਾਨਾ ਕਰ ਰਹੇ ਸਨ ਪਰ ਇਹ ਵੀ ਭੁੱਲਦੇ ਹਨ ਕਿ 25 ਅਗਸਤ ਨੂੰ ਜਦੋਂ ਦੋਸ਼ੀ ਬਾਬਾ ਸਿਰਸੇ ਤੋਂ ਚਲਿਆ ਸੀ ਤਾਂ 400 ਤੋਂ ਵੱਧ ਕਾਰਾਂ ਦਾ ਕਾਫ਼ਲਾ ਉਹਦੇ ਨਾਲ ਆਇਆ ਸੀ ਜਿਸ 'ਚ ਕਈ ਕਿਸਮ ਦੇ ਸੁੱਰਖਿਆ ਗਾਰਡ ਸਨ। ਆਖਿਰ ਉਹ ਕੀ ਚਾਹੁੰਦੇ ਸਨ। ਬੇਸ਼ੱਕ ਡੇਰੇ ਸੀਲ ਕਰ ਦਿੱਤੇ ਗਏ ਹਨ ਜਾਂ ਕਰਨ ਦੇ ਆਦੇਸ਼ ਹਨ, ਬੇਸ਼ੱਕ ਕਈ ਡੇਰਾ ਪ੍ਰਬੰਧਕਾਂ ਉਤੇ ਕੇਸ ਦਰਜ ਹੋ ਚੁੱਕੇ ਹਨ ਤੇ ਹੋ ਰਹੇ ਹਨ, ਪਰ ਇਸ ਅਪਰਾਧਿਕ ਧਾਰਮਿਕ ਸਾਮਰਾਜ ਨੂੰ ਤੋੜਨਾ ਐਨਾ ਆਸਾਨ ਨਹੀਂ। ਅਦਾਲਤ ਨੇ ਜੇ ਇਕ ਸਾਮਰਾਜ ਪ੍ਰਤੀ ਇਹ ਰੁਖ ਅਪਨਾਇਆ ਹੈ ਤਾਂ ਕੀ ਭਵਿੱਖ ਵਿਚ ਅਜਿਹੇ ਅਪਰਾਧਿਕ ਧਾਰਮਿਕ ਸਾਮਰਾਜ ਵਾਲੇ ਡੇਰੇ ਫਿਰ ਕਦੇ ਨਹੀਂ ਉਭਰਨਗੇ? ਹਰਿਆਣੇ 'ਚ ਪਹਿਲਾ ਰਾਮਪਾਲ ਤੇ ਹੁਣ ਸੱਚਾ ਸੌਦਾ ਡੇਰੇ ਦੀ ਹਕੀਕੀ ਤਸਵੀਰ ਸਾਹਮਣੇ ਆ ਚੁੱਕੀ ਹੈ। ਜਦੋਂ ਤੱਕ ਲੋਕ ਗਰੀਬੀ, ਬੇਰੁਜ਼ਗਾਰੀ, ਅੰਧ ਵਿਸ਼ਵਾਸ ਅਤੇ ਬੇਚੈਨੀ ਦੀ ਗ੍ਰਿਫ਼ਤ 'ਚ ਰਹਿਣਗੇ ਉਦੋਂ ਤੱਕ ਅਜਿਹੇ ਅਪਰਾਧਿਕ ਧਾਰਮਿਕ ਸਾਮਰਾਜਾਂ ਦਾ ਉਸਰਨਾ ਤੇ ਪਸਰਨਾ ਜਾਰੀ ਰਹੇਗਾ ਅਤੇ ਉਦੋਂ ਤੱਕ ਇਨ੍ਹਾਂ ਧਾਰਮਿਕ ਸਾਮਰਾਜਾਂ ਦੇ ਮੁਖੀ 'ਸ਼ਾਹੀ ਜ਼ਿੰਦਗੀ' ਅਤੇ ਸ਼ਾਹੀ ਚੌਜ ਕਰਦੇ ਰਹਿਣਗੇ। ਲੋਕ ਜਾਗਰਿਤ ਹੋ ਕੇ ਹੀ ਇਨ੍ਹਾਂ ਸਾਧਾਂ ਦੇ ਵਹਿਸ਼ਾਂ ਤੇ ਦਰਿੰਦ ਚਿਹਰਿਆਂ ਦੀ ਪਛਾਣ ਕਰ ਸਕਦੇ ਹਨ।



# ਡੇਰਾ ਸੱਚਾ ਸੌਦਾ ਤੱਥਾਵਲੀ - ਇਲਜ਼ਾਮਾਂ ਤੋਂ ਸਜ਼ਾ ਤੱਕ

-ਬੂਟਾ ਸਿੰਘ ਨਵਾਂਸ਼ਹਿਰ
94634-74342




– ਸਿਰਸਾ ਵਿਚ ਡੇਰਾ ਸੱਚਾ ਸੌਦਾ ਦੀ ਸਥਾਪਨਾ ਸ਼ਾਹ ਮਸਤਾਨਾ ਜੀ ਬਲੋਚੀ ਨੇ 1948 ਵਿਚ ਕੀਤੀ ਜੋ ਮੁਲਕ ਦੀ ਵੰਡ ਤੋਂ ਬਾਦ ਬਲੋਚਸਤਾਨ ਤੋਂ ਇਥੇ ਆਏ ਸਨ।

– ਉਨ੍ਹਾਂ ਤੋਂ ਬਾਦ ਸ਼ਾਹ ਸਤਨਾਮ ਜੀ ਡੇਰਾ ਮੁਖੀ ਬਣੇ।

-ਸ਼ਾਹ ਸਤਨਾਮ ਦੀ ਥਾਂ 1990 ਵਿਚ ਗੁਰਮੀਤ ਸਿੰਘ ਡੇਰਾ ਮੁਖੀ ਵਜੋਂ ਗੱਦੀਨਸ਼ੀਨ ਹੋਇਆ।

-1998 ਵਿਚ ਪਿੰਡ ਬੇਗੂ ਦਾ ਇਕ ਬੱਚਾ ਡੇਰੇ ਦੀ ਜੀਪ ਥੱਲੇ ਕੁਚਲਿਆ ਗਿਆ। ਪਿੰਡ ਵਾਲਿਆਂ ਨਾਲ ਡੇਰੇ ਦਾ ਝਗੜਾ ਹੋ ਗਿਆ। ਇਸ ਦੀ ਖ਼ਬਰ ਛਾਪਣ ਵਾਲੇ ਅਖ਼ਬਾਰਾਂ ਦੇ ਨੁਮਾਇੰਦਿਆਂ ਨੂੰ ਡਰਾਇਆ-ਧਮਕਾਇਆ ਗਿਆ। ਡੇਰੇ ਦੇ ਸ਼ਰਧਾਲੂ ਗੱਡੀਆਂ ਭਰਕੇ ਸਿਰਸਾ ਦੇ ਸੰਧਿਆ ਦੈਨਿਕ ਅਖ਼ਬਾਰ ਰਾਮਾ ਟਾਈਮਜ਼ ਦੇ ਦਫ਼ਤਰ ਵਿਚ ਆ ਧਮਕੇ ਅਤੇ ਪੱਤਰਕਾਰ ਵਿਸ਼ਵਜੀਤ ਸ਼ਰਮਾ ਨੂੰ ਧਮਕੀ ਦਿੱਤੀ। ਆਖ਼ਿਰਕਾਰ ਡੇਰੇ ਦੀ ਇੰਤਜ਼ਾਮੀਆ ਕਮੇਟੀ ਅਤੇ ਮੀਡੀਆ ਵਾਲਿਆਂ ਦੀ ਪੰਚਾਇਤ ਹੋਈ। ਜਿਸ ਵਿਚ ਡੇਰੇ ਵਲੋਂ ਲਿਖਤੀ ਮਾਫ਼ੀ ਮੰਗੀ ਗਈ ਅਤੇ ਮਾਮਲਾ ਰਫ਼ਾ-ਦਫ਼ਾ ਹੋ ਗਿਆ।

– ਮਈ 2002 ਵਿਚ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਉੱਪਰ ਜਿਨਸੀ ਸ਼ੋਸ਼ਣ ਦੇ ਇਲਜ਼ਾਮ ਲਾਉਂਦੇ ਹੋਏ ਡੇਰੇ ਦੀ ਇਕ ਸਾਧਣੀ ਵਲੋਂ ਬੇਨਾਮ ਚਿੱਠੀ ਪ੍ਰਧਾਨ ਮੰਤਰੀ ਨੂੰ ਭੇਜੀ ਗਈ ਜਿਸ ਦੀ ਇਕ ਕਾਪੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਭੇਜੀ ਗਈ।

– 10 ਜੁਲਾਈ 2002 ਨੂੰ ਡੇਰਾ ਸੱਚਾ ਸੌਦਾ ਦੀ ਇੰਤਜ਼ਾਮੀਆ ਕਮੇਟੀ ਦੇ ਸਾਬਕਾ ਮੈਂਬਰ ਕੁਰਕਸ਼ੇਤਰ ਦੇ ਰਣਜੀਤ ਸਿੰਘ ਦਾ ਕਤਲ ਹੋ ਗਿਆ। ਇਸਦਾ ਇਲਜ਼ਾਮ ਡੇਰੇ ਉੱਪਰ ਲੱਗਿਆ। ਰਣਜੀਤ ਸਿੰਘ ਉੱਪਰ ਡੇਰੇ ਦੇ ਕਰਤਾ-ਧਰਤਾ ਲੋਕਾਂ ਨੂੰ ਸ਼ੱਕ ਸੀ ਕਿ ਉਪਰੋਕਤ ਬੇਨਾਮ ਚਿੱਠੀ ਉਸਨੇ ਆਪਣੀ ਭੈਣ ਤੋਂ ਲਿਖਵਾਈ ਸੀ। ਗ਼ੌਰਤਲਬ ਹੈ ਕਿ ਰਣਜੀਤ ਸਿੰਘ ਦੀ ਭੈਣ ਵੀ ਡੇਰੇ ਵਿਚ ਸਾਧਣੀ ਸੀ। ਪੁਲਿਸ ਜਾਂਚ ਤੋਂ ਅਸੰਤੁਸ਼ਟ ਰਣਜੀਤ ਸਿੰਘ ਦੇ ਪਿਤਾ ਨੇ ਜਨਵਰੀ 2003 ਵਿਚ ਹਾਈਕੋਰਟ ਵਿਚ ਦਰਖ਼ਾਸਤ ਦੇਕੇ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ।

– 24 ਸਤੰਬਰ 2002 ਨੂੰ ਹਾਈਕੋਰਟ ਨੇ ਸਾਧਣੀਆਂ ਦੇ ਜਿਨਸੀ ਸ਼ੋਸ਼ਣ ਮਾਮਲੇ ਵਿਚ ਬੇਨਾਮ ਚਿੱਠੀ ਦਾ ਨੋਟਿਸ ਲੈਂਦੇ ਹੋਏ ਡੇਰੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਏ ਜਾਣ ਦੇ ਆਦੇਸ਼ ਦਿੱਤੇ। ਸੀ.ਬੀ.ਆਈ. ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ।

– 24 ਅਕਤੂਬਰ 2002 ਨੂੰ ਸਿਰਸਾ ਦੇ ਸੰਧਿਆ ਦੈਨਿਕ ਅਖ਼ਬਾਰ 'ਪੂਰਾ ਸੱਚ' ਦੇ ਸੰਪਾਦਕ ਰਾਮਚੰਦਰ ਛਤਰਪਤੀ ਉੱਪਰ ਡੇਰੇ ਦੇ ਬੰਦਿਆਂ ਵਲੋਂ ਕਾਤਲਾਨਾ ਹਮਲਾ ਕੀਤਾ ਗਿਆ। ਛਤਰਪਤੀ ਨੂੰ ਘਰ ਤੋਂ ਬਾਹਰ ਬੁਲਾਕੇ ਪੰਜ ਗੋਲੀਆਂ ਮਾਰੀਆਂ ਗਈਆਂ।

-25 ਅਕਤੂਬਰ 2002 ਨੂੰ ਇਸ ਵਾਰਦਾਤ ਦੇ ਖ਼ਿਲਾਫ਼ ਸਿਰਸਾ ਸ਼ਹਿਰ ਡੇਰੇ ਦੇ ਵਿਰੋਧ ਵਿਚ ਬੰਦ ਰਿਹਾ। ਮੁਲਕ ਦੇ ਉੱਤਰੀ ਹਿੱਸੇ ਵਿਚ ਮੀਡੀਆ ਉੱਪਰ ਹਮਲੇ ਨੂੰ ਲੈਕੇ ਰੋਹ ਫੈਲ ਗਿਆ। ਮੀਡੀਆ ਵਾਲਿਆਂ ਵਲੋਂ ਥਾਂ-ਥਾਂ ਧਰਨੇ-ਮੁਜ਼ਾਹਰੇ ਕੀਤੇ ਗਏ।

-16 ਨਵੰਬਰ 2002 ਨੂੰ ਸਿਰਸਾ ਵਿਚ ਮੀਡੀਆ ਦੀ ਮਹਾਂਪੰਚਾਇਤ ਸੱਦੀ ਗਈ ਅਤੇ ਡੇਰਾ ਸੱਚਾ ਸੌਦਾ ਦਾ ਬਾਈਕਾਟ ਕਰਨ ਦਾ ਅਹਿਦ ਲਿਆ ਗਿਆ।

– 21 ਨਵੰਬਰ 2002 ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਜ਼ਿੰਦਗੀ ਮੌਤ ਦੀ ਲੜਾਈ ਲੜਦਿਆਂ ਦਿੱਲੀ ਦੇ ਅਪੋਲੋ ਹਸਪਤਾਲ ਵਿਚ ਦਮ ਤੋੜ ਗਏ।

– ਦਸੰਬਰ 2002 ਨੂੰ ਛਤਰਪਤੀ ਪਰਿਵਾਰ ਨੇ ਪੁਲਿਸ ਜਾਂਚ ਤੋਂ ਅਸੰਤੁਸ਼ਟ ਹੋਕੇ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਏ ਜਾਣ ਦੀ ਮੰਗ ਮੁੱਖ ਮੰਤਰੀ ਤੋਂ ਕੀਤੀ। ਪਰਿਵਾਰ ਦਾ ਇਲਜ਼ਾਮ ਸੀ ਕਿ ਕਤਲ ਦੇ ਮੁੱਖ ਮੁਲਜ਼ਮ ਅਤੇ ਸਾਜ਼ਿਸ਼ਘਾੜੇ ਨੂੰ ਪੁਲਿਸ ਬਚਾ ਰਹੀ ਹੈ।

-ਜਨਵਰੀ 2003 ਵਿਚ ਪੱਤਰਕਾਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਹਾਈ ਕੋਰਟ ਵਿਚ ਦਰਖ਼ਾਸਤ ਦਾਇਰ ਕਰਕੇ ਛਤਰਪਤੀ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਏ ਜਾਣ ਦੀ ਮੰਗ ਕੀਤੀ। ਦਰਖ਼ਾਸਤ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਉੱਪਰ ਕਤਲ ਦਾ ਇਲਜ਼ਾਮ ਲਗਾਇਆ ਗਿਆ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੱਤਰਕਾਰ ਛਤਰਪਤੀ ਅਤੇ ਰਣਜੀਤ ਸਿੰਘ ਕਤਲਾਂ ਦੇ ਮਾਮਲਿਆਂ ਦੀ ਸੁਣਵਾਈ ਸਾਂਝੇ ਤੌਰ 'ਤੇ ਕਰਦੇ ਹੋਏ 10 ਨਵੰਬਰ 2003 ਨੂੰ ਸੀ.ਬੀ.ਆਈ. ਨੂੰ ਐੱਫ.ਆਈ.ਆਰ. ਦਰਜ ਕਰਕੇ ਜਾਂਚ ਦੇ ਆਦੇਸ਼ ਦਿੱਤੇ।

-ਦਸੰਬਰ 2003 ਵਿਚ ਸੀ.ਬੀ.ਆਈ. ਨੇ ਛਤਰਪਤੀ ਅਤੇ ਰਣਜੀਤ ਸਿੰਘ ਕਤਲ ਕਾਂਡਾਂ ਵਿਚ ਜਾਂਚ ਸ਼ੁਰੂ ਕੀਤੀ।

-ਦਸੰਬਰ 2003 ਵਿਚ ਡੇਰੇ ਵਾਲਿਆਂ ਨੇ ਸੁਪਰੀਮ ਕੋਰਟ ਵਿਚ ਦਰਖ਼ਾਸਤ ਦਾਇਰ ਕਰਕੇ ਸੀ.ਬੀ.ਆਈ. ਵਲੋਂ ਕੀਤੀ ਜਾ ਰਹੀ ਜਾਂਚ ਉੱਪਰ ਰੋਕ ਲਗਾਏ ਜਾਣ ਦੀ ਮੰਗ ਕੀਤੀ। ਸੁਪਰੀਮ ਕੋਰਟ ਨੇ ਉਪਰੋਕਤ ਦਰਖ਼ਾਸਤ ਉੱਪਰ ਕਾਰਵਾਈ ਕਰਦੇ ਹੋਏ ਜਾਂਚ ਰੋਕ ਦਿੱਤੀ।

-ਨਵੰਬਰ 2004 ਵਿਚ ਦੂਜੀ ਧਿਰ ਦਾ ਪੱਖ ਸੁਣਨ ਤੋਂ ਬਾਦ ਸੁਪਰੀਮ ਕੋਰਟ ਨੇ ਡੇਰੇ ਦੀ ਦਰਖ਼ਾਸਤ ਖ਼ਾਰਜ ਕਰ ਦਿੱਤੀ ਅਤੇ ਸੀ.ਬੀ.ਆਈ. ਜਾਂਚ ਜਾਰੀ ਰੱਖਣ ਦੇ ਆਦੇਸ਼ ਦਿੱਤੇ।

– ਸੀ.ਬੀ.ਆਈ. ਨੇ ਮੁੜ ਉਪਰੋਕਤ ਮਾਮਲਿਆਂ ਦੀ ਜਾਂਚ ਸ਼ੁਰੂ ਕਰਕੇ ਡੇਰਾ ਮੁਖੀ ਸਮੇਤ ਕਈ ਹੋਰ ਲੋਕਾਂ ਨੂੰ ਮੁਲਜ਼ਮ ਨਾਮਜ਼ਦ ਕਰ ਲਿਆ। ਜਾਂਚ ਤੋਂ ਬੌਖਲਾਏ ਡੇਰੇ ਵਾਲਿਆਂ ਨੇ ਸੀ.ਬੀ.ਆਈ. ਦੇ ਅਧਿਕਾਰੀਆਂ ਦੇ ਖ਼ਿਲਾਫ਼ ਚੰਡੀਗੜ੍ਹ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਇਕੱਠੇ ਹੋਕੇ ਪ੍ਰਦਰਸ਼ਨ ਕੀਤਾ।

-ਮਈ 2007 ਵਿਚ ਡੇਰਾ ਸਲਾਵਤਪੁਰਾ (ਬਠਿੰਡਾ) ਵਿਚ ਡੇਰਾ ਮੁਖੀ ਨੇ ਸਿੱਖ ਗੁਰੂ ਗੋਬਿੰਦ ਸਿੰਘ ਜੀ ਵਰਗਾ ਪਹਿਰਾਵਾ ਪਹਿਨਕੇ 'ਜਾਮ-ਏ-ਇੰਸਾਂ' ਪਿਆਉਂਦੇ ਹੋਏ ਤਸਵੀਰਾਂ ਖਿਚਵਾਈਆਂ ਅਤੇ ਉਨ੍ਹਾਂ ਨੂੰ ਅਖ਼ਬਾਰਾਂ ਵਿਚ ਛਪਵਾਇਆ।

-13 ਮਈ 2007 ਨੂੰ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਦੀ ਨਕਲ ਕੀਤੇ ਜਾਣ ਦੇ ਖ਼ਿਲਾਫ਼ ਬਠਿੰਡਾ ਵਿਚ ਡੇਰਾ ਮੁਖੀ ਦਾ ਪੁਤਲਾ ਫੂਕਿਆ। ਡੇਰਾ ਪ੍ਰੇਮੀਆਂ ਨੇ ਪ੍ਰਦਰਸ਼ਨਕਾਰੀ ਸਿੱਖਾਂ ਉੱਪਰ ਹਮਲਾ ਕਰ ਦਿੱਤਾ। ਜਿਸ ਤੋਂ ਬਾਦ 14 ਮਈ 2007 ਨੂੰ ਪੂਰੇ ਉੱਤਰੀ ਹਿੰਦੁਸਤਾਨ ਵਿਚ ਹਿੰਸਕ ਘਟਨਾਵਾਂ ਹੋਈਆਂ। ਸਿੱਖਾਂ ਅਤੇ ਡੇਰਾ ਪ੍ਰੇਮੀਆਂ ਦਰਮਿਆਨ ਥਾਂ-ਥਾਂ ਟਕਰਾਓ ਹੋਏ।

-17 ਮਈ 2007 ਨੂੰ ਪ੍ਰਦਰਸ਼ਨ ਕਰ ਰਹੇ ਸਿੱਖਾਂ ਉੱਪਰ ਸੁਨਾਮ ਵਿਚ ਡੇਰਾ ਪ੍ਰੇਮੀ ਨੇ ਗੋਲੀ ਚਲਾ ਦਿੱਤੀ, ਜਿਸ ਵਿਚ ਸਿੱਖ ਨੌਜਵਾਨ ਕੋਮਲ ਸਿੰਘ ਦੀ ਮੌਤ ਹੋ ਗਈ। ਜਿਸ ਤੋਂ ਬਾਦ ਸਿੱਖ ਜਥੇਬੰਦੀਆਂ ਨੇ ਡੇਰਾ ਮੁਖੀ ਦੀ ਗ੍ਰਿਫ਼ਤਾਰੀ ਨੂੰ ਲੈਕੇ ਅੰਦੋਲਨ ਸ਼ੁਰੂ ਕਰ ਦਿੱਤਾ। ਡੇਰਾ ਮੁਖੀ ਦੇ ਪੰਜਾਬ ਵਿਚ ਜਾਣ ਉੱਪਰ ਪਾਬੰਦੀ ਲੱਗ ਗਈ। ਡੇਰਾ ਸੱਚਾ ਸੌਦਾ ਇਸ ਮਾਮਲੇ ਵਿਚ ਝੁਕਣ ਲਈ ਤਿਆਰ ਨਹੀਂ ਸੀ। ਹਾਲਤ ਵਿਗੜਦੀ ਦੇਖਕੇ ਪੂਰੇ ਪੰਜਾਬ ਅਤੇ ਹਰਿਆਣਾ ਵਿਚ ਸੁਰੱਖਿਆ ਤਾਕਤਾਂ ਲਗਾ ਦਿੱਤੀਆਂ ਗਈਆਂ।

-18 ਜੂਨ 2007 ਨੂੰ ਬਠਿੰਡਾ ਦੀ ਅਦਾਲਤ ਨੇ ਰਾਜਿੰਦਰ ਸਿੰਘ ਸਿੱਧੂ ਦੀ ਦਰਖ਼ਾਸਤ ਉੱਪਰ ਡੇਰਾ ਮੁਖੀ ਦੇ ਗ਼ੈਰਜ਼ਮਾਨਤੀ ਵਾਰੰਟ ਜਾਰੀ ਕੀਤੇ। ਜਿਸ ਨਾਲ ਡੇਰਾ ਸੱਚਾ ਸੌਦਾ ਵਾਲੇ ਹੋਰ ਬੌਖਲਾ ਗਏ ਅਤੇ ਡੇਰਾ ਪ੍ਰੇਮੀਆਂ ਨੇ ਪੰਜਾਬ ਦੀ ਬਾਦਲ ਸਰਕਾਰ ਦੇ ਖ਼ਿਲਾਫ਼ ਥਾਂ-ਥਾਂ ਪ੍ਰਦਰਸ਼ਨ ਕੀਤੇ।

-16 ਜੁਲਾਈ 2007 ਨੂੰ ਸਿਰਸਾ ਦੇ ਪਿੰਡ ਘੁੱਕਾਂਵਾਲੀ ਵਿਚ ਪ੍ਰਸ਼ਾਸਨਿਕ ਪਾਬੰਦੀ ਦੇ ਬਾਵਜੂਦ ਡੇਰਾ ਸੱਚਾ ਸੌਦਾ ਨੇ ਨਾਮ ਚਰਚਾ ਰੱਖੀ। ਇਸ ਵਿਚ ਡੇਰਾ ਮੁਖੀ ਕਾਫ਼ਲੇ ਸਮੇਤ ਸ਼ਾਮਲ ਹੋਣ ਲਈ ਪਹੁੰਚ ਗਿਆ। ਸਿੱਖਾਂ ਨੇ ਕਾਫ਼ਲੇ ਨੂੰ ਕਾਲੇ ਝੰਡੇ ਦਿਖਾਏ। ਇਸ ਨੂੰ ਲੈਕੇ ਦੋਨਾਂ ਧਿਰਾਂ ਵਿਚ ਟਕਰਾਓ ਸ਼ੁਰੂ ਹੋ ਗਿਆ। ਦੇਖਦੇ ਹੀ ਦੇਖਦੇ ਹਜੂਮ ਦੇ ਤੇਵਰ ਵਿਗੜ ਗਏ ਅਤੇ ਦੋਨਾਂ ਧਿਰਾਂ ਵਿਚ ਪਥਰਾਓ ਸ਼ੁਰੂ ਹੋ ਗਿਆ। ਡੇਰਾ ਮੁਖੀ ਨੂੰ ਨਾਮ ਚਰਚਾ ਵਿਚਾਲੇ ਛੱਡਕੇ ਹੀ ਭੱਜਣਾ ਪਿਆ।

-24 ਜੁਲਾਈ 2007 ਨੂੰ ਪਿੰਡ ਮੱਲੇਵਾਲਾ ਵਿਚ ਨਾਮ ਚਰਚਾ ਤੋਂ ਝਗੜਾ ਖੜ੍ਹਾ ਹੋ ਗਿਆ। ਇਕ ਡੇਰਾ ਪ੍ਰੇਮੀ ਨੇ ਆਪਣੀ ਬੰਦੂਕ ਨਾਲ ਗੋਲੀਆਂ ਚਲਾ ਦਿੱਤੀਆਂ ਜਿਸ ਵਿਚ ਤਿੰਨ ਪੁਲਸੀਏ ਅਤੇ ਪੰਜ ਸਿੱਖ ਜ਼ਖ਼ਮੀ ਹੋ ਗਏ। ਮਾਹੌਲ ਫਿਰ ਤਣਾਉਪੂਰਨ ਹੋ ਗਿਆ। ਸਿੱਖਾਂ ਨੇ ਡੇਰਾ ਪ੍ਰੇਮੀਆਂ ਉੱਪਰ ਲਗਾਮ ਕੱਸਣ ਦੀ ਮੰਗ ਕਰਦੇ ਹੋਏ ਥਾਂ-ਥਾਂ ਪ੍ਰਦਰਸ਼ਨ ਕੀਤੇ। ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਜਾਕੇ ਜ਼ਖ਼ਮੀਆਂ ਦਾ ਹਾਲ-ਚਾਲ ਪੁੱਛਿਆ ਅਤੇ ਹਰਿਆਣਾ ਸਰਕਾਰ ਨੂੰ ਸਿੱਖਾਂ ਦੀ ਸੁਰੱਖਿਆ ਦੇ ਇੰਤਜ਼ਾਮ ਕਰਨ ਲਈ ਕਿਹਾ।

-31 ਜੁਲਾਈ 2007 ਨੂੰ ਸੀ.ਬੀ.ਆਈ. ਨੇ ਕਤਲਾਂ ਦੇ ਮਾਮਲਿਆਂ ਅਤੇ ਸਾਧਣੀ ਜਿਨਸੀ ਸ਼ੋਸ਼ਣ ਮਾਮਲਿਆਂ ਵਿਚ ਜਾਂਚ ਪੂਰੀ ਕਰਕੇ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ। ਸੀ.ਬੀ.ਆਈ. ਨੇ ਤਿੰਨਾਂ ਮਾਮਲਿਆਂ ਵਿਚ ਡੇਰਾ ਮੁਖੀ ਨੂੰ ਮੁੱਖ ਮੁਲਜ਼ਮ ਨਾਮਜ਼ਦ ਕੀਤਾ। ਅਦਾਲਤ ਨੇ ਡੇਰਾ ਮੁਖੀ ਨੂੰ 31 ਅਗਸਤ 2007 ਤਕ ਅਦਾਲਤ ਵਿਚ ਪੇਸ਼ ਹੋਣ ਦੇ ਆਦੇਸ਼ ਦਿੱਤੇ। ਡੇਰੇ ਨੇ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਨੂੰ ਵੀ ਧਮਕੀ ਭਰੀ ਚਿੱਠੀ ਭੇਜੀ ਜਿਸਦੇ ਮੱਦੇਨਜ਼ਰ ਜੱਜ ਨੂੰ ਵੀ ਸੁਰੱਖਿਆ ਮੰਗਣੀ ਪਈ। ਅਦਾਲਤ ਨੇ ਕਤਲ ਅਤੇ ਜਬਰਜ਼ਨਾਹ ਵਰਗੇ ਤਿੰਨਾਂ ਸੰਗੀਨ ਮਾਮਲਿਆਂ ਵਿਚ ਮੁੱਖ ਮੁਲਜ਼ਮ ਡੇਰਾ ਮੁਖੀ ਨੂੰ ਬਾਕਾਇਦਾ ਜ਼ਮਾਨਤ ਦੇ ਦਿੱਤੀ ਜਦਕਿ ਕਤਲ ਦੇ ਮਾਮਲਿਆਂ ਦੇ ਉਸਦੇ ਨਾਲ ਦੇ ਮੁਲਜ਼ਮ ਜੇਲ੍ਹ ਵਿਚ ਬੰਦ ਸਨ।

– ਤਿੰਨੋਂ ਹੀ ਮਾਮਲੇ ਪੰਚਕੂਲਾ ਸਥਿਤ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਵਿਚ ਵਿਚਾਰ-ਅਧੀਨ ਹਨ। 2007 ਤੋਂ ਲੈਕੇ ਹੁਣ ਤਕ ਇਨ੍ਹਾਂ ਤਿੰਨਾਂ ਮਾਮਲਿਆਂ ਦੀ ਅਦਾਲਤੀ ਕਾਰਵਾਈ ਨੂੰ ਪ੍ਰਭਾਵਿਤ ਕਰਨ ਲਈ ਡੇਰਾ ਸੱਚਾ ਸੌਦਾ ਨੇ ਕੋਈ ਕਸਰ ਬਾਕੀ ਨਹੀਂ ਛੱਡੀ।

-2007 ਵਿਚ ਸੀ.ਬੀ.ਆਈ. ਅਦਾਲਤ ਅੰਬਾਲਾ ਵਿਚ ਲੱਗਦੀ ਸੀ। ਉਸ ਦੌਰਾਨ ਪੇਸ਼ੀ ਦੇ ਲਈ ਅਦਾਲਤ ਵਲੋਂ ਅੰਬਾਲਾ ਵਿਚ ਪੇਸ਼ੀ ਲਈ ਸੱਦੇ ਜਾਣ 'ਤੇ ਡੇਰਾ ਮੁਖੀ ਦੇ ਵਲੋਂ ਹਜ਼ਾਰਾਂ ਹਮਾਇਤੀਆਂ ਨੂੰ ਇਕੱਠੇ ਕਰਕੇ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ ਅਤੇ ਲਗਾਤਾਰ ਅਦਾਲਤ ਉੱਪਰ ਦਬਾਓ ਦੀ ਰਣਨੀਤੀ ਦੇ ਤਹਿਤ ਲੋਕਾਂ ਦੇ ਹਜੂਮ ਇਕੱਠੇ ਕੀਤੇ ਗਏ।

-ਲੋਕਾਂ ਨੂੰ ਮੁਕਤੀ ਦਿਵਾਉਣ ਦਾ ਦਾਅਵਾ ਕਰਨ ਵਾਲੇ ਆਪੇ ਸਜੇ ਰੱਬ ਨੇ ਖ਼ੁਦ ਦੀ ਜਾਨ ਨੂੰ ਖ਼ਤਰਾ ਦੱਸਕੇ ਭੁਪਿੰਦਰ ਸਿੰਘ ਹੁੱਡਾ ਸਰਕਾਰ ਤੋਂ ਜ਼ੈੱਡ+ ਸੁਰੱਖਿਆ ਹਾਸਲ ਕੀਤੀ ਅਤੇ ਇਸ ਖ਼ਤਰੇ ਦਾ ਹਵਾਲਾ ਦੇਕੇ ਅਦਾਲਤ ਤੋਂ ਪੇਸ਼ੀ ਉੱਪਰ ਹਾਜ਼ਰ ਹੋਣ ਤੋਂ ਛੋਟ ਦੇਣ ਦੀ ਮੰਗ ਕੀਤੀ। ਅਦਾਲਤ ਨੇ ਲਗਾਤਾਰ ਛੋਟ ਦੇਣ ਦੀ ਬਜਾਏ ਪੇਸ਼ੀ ਸਿਰਸਾ ਅਦਾਲਤ ਤੋਂ ਵੀਡੀਓ ਕਾਨਫਰੰਸਿੰਗ ਜ਼ਰੀਏ ਕਰਵਾਏ ਜਾਣ ਦੀ ਮੋਹਲਤ ਡੇਰਾ ਮੁਖੀ ਨੂੰ ਦੇ ਦਿੱਤੀ।

– ਲੇਕਿਨ ਸਿਰਸਾ ਅਦਾਲਤ ਵਿਚ ਵੀ ਗੁਰਮੀਤ ਰਾਮ ਰਹੀਮ ਸਿੰਘ ਦੀ ਪੇਸ਼ੀ ਦੇ ਦੌਰਾਨ ਡੇਰੇ ਵਲੋਂ ਆਪਣੇ ਹਮਾਇਤੀਆਂ ਦਾ ਹਜੂਮ ਇਕੱਠਾ ਕਰਕੇ ਦਬਾਓ ਬਣਾਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਜਾਰੀ ਰਹੀਆਂ। ਜ਼ੈੱਡ+ ਸੁਰੱਖਿਆ ਦੇ ਬਾਵਜੂਦ ਡੇਰਾ ਮੁਖੀ ਦੀ ਜਾਨ ਨੂੰ ਖ਼ਤਰਾ ਦੱਸਦੇ ਹੋਏ ਡੇਰਾ ਸੱਚਾ ਸੌਦਾ ਤੋਂ ਲੈਕੇ ਅਦਾਲਤ ਦੇ ਅਹਾਤੇ ਤਕ ਡੇਰੇ ਦੇ ਲੱਠਮਾਰ ਪੇਸ਼ੀ ਦੇ ਦੌਰਾਨ ਮਨੁੱਖੀ ਲੜੀ ਬਣਾਈ ਰੱਖਦੇ ਸਨ। ਡੇਰਾ ਮੁਖੀ ਦੇ ਡੇਰੇ ਤੋਂ ਨਿਕਲਕੇ ਅਦਾਲਤ ਵਿਚ ਪਹੁੰਚਣ ਤਕ ਉਸ ਸੜਕ ਨੂੰ ਬੰਦ ਕਰ ਦਿੱਤਾ ਜਾਂਦਾ ਸੀ ਜਿਸ ਨਾਲ ਰਾਹਗੀਰਾਂ ਨੂੰ ਕਾਫ਼ੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ।

-ਇਸ ਦੌਰਾਨ ਡੇਰਾ ਮੁਖੀ ਵਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਦਰਖ਼ਾਸਤ ਦਾਇਰ ਕਰਕੇ ਆਪਣੇ ਉੱਪਰ ਦਰਜ਼ ਮਾਮਲੇ ਖ਼ਾਰਜ ਕਰਨ ਦੀ ਮੰਗ ਕੀਤੀ ਗਈ। ਲੇਕਿਨ ਇਸ ਵਿਚ ਵੀ ਡੇਰੇ ਨੂੰ ਕਾਮਯਾਬੀ ਨਾ ਮਿਲੀ ਤਾਂ ਮਾਮਲਿਆਂ ਨੂੰ ਲਟਕਾਉਣ ਲਈ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਗਈਆਂ। ਵਾਰ ਵਾਰ ਤਰ੍ਹਾਂ-ਤਰ੍ਹਾਂ ਦੀਆਂ ਦਰਖ਼ਾਸਤਾਂ ਉਪਰਲੀ ਅਦਾਲਤ ਵਿਚ ਦਾਇਰ ਕਰਕੇ ਹੇਠਲੀ ਅਦਾਲਤ ਦੀ ਕਾਰਵਾਈ ਵਿਚ ਰੁਕਾਵਟ ਪਾਉਣ ਦੀਆਂ ਕੋਸ਼ਿਸ਼ਾਂ ਡੇਰੇ ਵਲੋਂ ਕੀਤੀਆਂ ਗਈਆਂ।

– ਤਿੰਨ ਮਾਮਲਿਆਂ ਵਿਚ ਗਵਾਹੀਆਂ ਦਾ ਦੌਰ ਚਲਦਾ ਰਿਹਾ। ਸਾਧਣੀ ਜਿਨਸੀ ਸ਼ੋਸ਼ਣ ਮਾਮਲੇ ਵਿਚ ਡੇਰੇ ਵਲੋਂ 98 ਗਵਾਹਾਂ ਦੀ ਸੂਚੀ ਅਦਾਲਤ ਦੇ ਸਪੁਰਦ ਕੀਤੀ ਗਈ। ਇਨ੍ਹਾਂ ਵਿੱਚੋਂ 29 ਗਵਾਹਾਂ ਦੀ ਗਵਾਹੀ ਅਦਾਲਤ ਵਿਚ ਦਰਜ਼ ਕੀਤੀ ਜਾ ਚੁੱਕੀ ਸੀ। ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਦੇ ਜੱਜ ਆ.ਕੇ.ਯਾਦਵ ਨੇ ਬਚਾਓ ਪੱਖ ਦੀਆਂ ਹੋਰ ਗਵਾਹੀਆਂ ਕਰਵਾਏ ਜਾਣ ਤੋਂ ਇਨਕਾਰ ਕਰ ਦਿੱਤਾ। ਜੱਜ ਨੇ ਆਖ਼ਰੀ ਗਵਾਹ ਦੇ ਰੂਪ ਵਿਚ ਫਤਿਹਾਬਾਦ ਦੇ ਟੇਕ ਚੰਦ ਸੇਠੀ ਦੀ ਗਵਾਹੀ ਪੂਰੀ ਕਰਨ ਦੇ ਆਦੇਸ਼ ਬਚਾਓ ਪੱਖ ਨੂੰ ਦਿੱਤੇ। ਗ਼ੌਰਤਲਬ ਹੈ ਕਿ ਟੇਕ ਚੰਦ ਸੇਠੀ ਦੀ ਗਵਾਹੀ ਅਦਾਲਤ ਵਿਚ ਦਰਜ਼ ਹੋ ਚੁੱਕੀ ਸੀ ਜਦਕਿ ਉਸਦੀ ਗਵਾਹੀ ਉੱਪਰ ਇਸਤਗਾਸਾ ਧਿਰ ਦੇ ਵਲੋਂ ਕਰਾਸ ਕਾਰਵਾਈ ਬਾਕੀ ਸੀ। ਇਸ ਸੰਬੰਧ ਵਿਚ ਟੇਕ ਚੰਦ ਸੇਠੀ ਨੂੰ ਸੰਮਨ ਜਾਰੀ ਕੀਤੇ ਗਏ ਸਨ ਲੇਕਿਨ ਡੇਰੇ ਵਲੋਂ ਸਾਧਣੀ ਜਿਨਸੀ ਸ਼ੋਸ਼ਣ ਮਾਮਲੇ ਵਿਚ ਚਾਰ ਹੋਰ ਗਵਾਹੀਆਂ ਕਰਵਾਏ ਜਾਣ ਦੀ ਦਰਖ਼ਾਸਤ ਦਾਇਰ ਕਰ ਦਿੱਤੀ ਗਈ। ਅਦਾਲਤ ਨੇ ਦਰਖ਼ਾਸਤ ਖ਼ਾਰਜ ਕਰਦੇ ਹੋਏ ਟੇਕ ਚੰਦ ਸੇਠੀ ਦੀ ਗਵਾਹੀ ਪੂਰੀ ਕਰਨ ਲਈ ਬਚਾਓ ਪੱਖ ਨੂੰ ਕਿਹਾ। ਲੇਕਿਨ ਡੇਰੇ ਦਾ ਗਵਾਹ ਅਦਾਲਤ ਵਿਚ ਹਾਜ਼ਰ ਨਹੀਂ ਹੋਇਆ। ਇਸ ਉੱਪਰ ਅਦਾਲਤ ਨੇ ਸਖ਼ਤ ਰਵੱਈਆ ਅਖ਼ਤਿਆਰ ਕਰਦੇ ਹੋਏ ਟੇਕ ਚੰਦ ਸੇਠੀ ਦੇ ਗ਼ੈਰਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ। ਫਿਰ ਡੇਰਾ ਸੱਚਾ ਸੌਦਾ ਹੋਰ ਗਵਾਹਾਂ ਦੀ ਗਵਾਹੀ ਕਰਵਾਉਣ ਦੀ ਦਰਖ਼ਾਸਤ ਲੈਕੇ ਹਾਈ ਕੋਰਟ ਵਿਚ ਜਾ ਪਹੁੰਚਿਆ।

-ਇਸ ਪਿੱਛੋਂ 2010 ਵਿਚ ਡੇਰੇ ਦੇ ਇਕ ਸਾਬਕਾ ਸਾਧੂ ਰਾਮ ਕੁਮਾਰ ਬਿਸ਼ਨੋਈ ਨੇ ਹਾਈ ਕੋਰਟ ਵਿਚ ਦਰਖ਼ਾਸਤ ਦਾਇਰ ਕਰਕੇ ਡੇਰੇ ਦੇ ਸਾਬਕਾ ਮੈਨੇਜਰ ਫ਼ਕੀਰ ਚੰਦ ਦੀ ਗੁੰਮਸ਼ੁਦਗੀ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਦੀ ਮੰਗ ਕੀਤੀ। ਬਿਸ਼ਨੋਈ ਦਾ ਇਲਜ਼ਾਮ ਸੀ ਕਿ ਡੇਰਾ ਮੁਖੀ ਦੇ ਆਦੇਸ਼ ਉੱਪਰ ਫ਼ਕੀਰਚੰਦ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਵੀ ਹਾਈ ਕੋਰਟ ਨੇ ਸੀ.ਬੀ.ਆਈ. ਨੂੰ ਜਾਂਚ ਦੇ ਆਦੇਸ਼ ਦਿੱਤੇ। ਬੌਖਲਾਏ ਹੋਏ ਡੇਰਾ ਪ੍ਰੇਮੀਆਂ ਨੇ ਹਰਿਆਣਾ, ਪੰਜਾਬ ਅਤੇ ਰਾਜਸਥਾਨ ਵਿਚ ਇਕੋ ਵਕਤ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਅਤੇ ਬੱਸਾਂ ਦੀ ਸਾੜਫੂਕ ਕੀਤੀ। ਹਾਲਾਂਕਿ ਜਾਂਚ ਦੇ ਦੌਰਾਨ ਸੀ.ਬੀ.ਆਈ. ਇਸ ਮਾਮਲੇ ਵਿਚ ਸਬੂਤ ਨਹੀਂ ਜੁਟਾ ਸਕੀ ਅਤੇ ਕਲੋਜ਼ਰ ਰਿਪੋਰਟ ਫ਼ਾਈਲ ਕਰ ਦਿੱਤੀ ਗਈ। ਬਿਸ਼ਨੋਈ ਨੇ ਹਾਈ ਕੋਰਟ ਵਿਚ ਕਲੋਜ਼ਰ ਰਿਪੋਰਟ ਨੂੰ ਚੁਣੌਤੀ ਦੇ ਰੱਖੀ ਹੈ।

– ਦਸੰਬਰ 2012 ਵਿਚ ਸਿਰਸਾ ਵਿਚ ਡੇਰਾ ਸੱਚਾ ਸੌਦਾ ਦੀ ਨਾਮ ਚਰਚਾ ਨੂੰ ਲੈਕੇ ਇਕ ਵਾਰ ਫਿਰ ਸਿੱਖਾਂ ਅਤੇ ਡੇਰਾ ਪ੍ਰੇਮੀਆਂ

ਦਰਮਿਆਨ ਤਕਰਾਰ ਹੋ ਗਿਆ। ਇਥੇ ਡੇਰਾ ਪ੍ਰੇਮੀਆਂ ਨੇ ਗੁੰਡਾਗਰਦੀ ਕੀਤੀ ਅਤੇ ਗੁਰਦੁਆਰੇ ਉੱਪਰ ਹਮਲਾ ਕਰ ਦਿੱਤਾ। ਇਸ ਤੋਂ ਬਿਨਾਂ ਸਿੱਖਾਂ ਦੀਆਂ ਗੱਡੀਆਂ ਨੂੰ ਵੀ ਅੱਗ ਲਾ ਦਿੱਤੀ ਅਤੇ ਪਥਰਾਓ ਕੀਤਾ। ਸਿਰਸਾ ਵਿਚ ਹਾਲਤ ਉੱਪਰ ਕਾਬੂ ਪਾਉਣ ਲਈ ਕਰਫ਼ਿਊ ਲਾਉਣਾ ਪਿਆ।

– ਪ੍ਰਸ਼ਾਸਨ ਨੇ ਡੇਰਾ ਪ੍ਰੇਮੀਆਂ ਉੱਪਰ ਮਾਮਲਾ ਦਰਜ਼ ਕਰ ਲਿਆ।

– ਫਤਿਹਾਬਾਦ ਜ਼ਿਲ੍ਹੇ ਦੇ ਕਸਬਾ ਟੋਹਾਣਾ ਦੇ ਰਹਿਣ ਵਾਲੇ ਹੰਸਰਾਜ ਚੌਹਾਨ (ਡੇਰੇ ਦੇ ਸਾਬਕਾ ਸਾਧ) ਨੇ 17 ਜੁਲਾਈ 2012 ਨੂੰ ਹਾਈ ਕੋਰਟ ਵਿਚ ਦਰਖ਼ਾਸਤ ਦਾਇਰ ਕਰਕੇ ਡੇਰਾ ਮੁਖੀ ਉੱਪਰ ਡੇਰੇ ਦੇ 400 ਸਾਧਾਂ ਨੂੰ ਨਪੁੰਸਕ ਬਣਾਉਣ ਦੇ ਇਲਜ਼ਾਮ ਲਗਾਏ। ਚੌਹਾਨ ਦਾ ਕਹਿਣਾ ਸੀ ਕਿ ਡੇਰਾ ਮੁਖੀ ਦੇ ਕਹਿਣ 'ਤੇ ਡੇਰੇ ਦੇ ਡਾਕਟਰਾਂ ਦੀ ਟੀਮ ਵਲੋਂ ਸਾਧਾਂ ਨੂੰ ਨਪੁੰਸਕ ਬਣਾਇਆ ਜਾਂਦਾ ਹੈ। ਇਨ੍ਹਾਂ ਸਾਧਾਂ ਨੂੰ ਕਿਹਾ ਜਾਂਦਾ ਹੈ ਕਿ ਨਪੁੰਸਕ ਬਣਾਏ ਜਾਣ ਤੋਂ ਬਾਦ ਉਨ੍ਹਾਂ ਨੂੰ ਭਗਵਾਨ ਦੇ ਦੀਦਾਰ ਹੋ ਜਾਣਗੇ। ਚੌਹਾਨ ਨੇ ਅਦਾਲਤ ਅੱਗੇ 166 ਸਾਧਾਂ ਦੇ ਨਾਵਾਂ ਸਮੇਤ ਵੇਰਵੇ ਪੇਸ਼ ਕੀਤੇ ਸਨ। ਚੌਹਾਨ ਨੇ ਆਪਣੀ ਦਰਖ਼ਾਸਤ ਵਿਚ ਇਹ ਵੀ ਦੱਸਿਆ ਸੀ ਕਿ ਛਤਰਪਤੀ ਕਤਲ ਕਾਂਡ ਦੇ ਮੁਲਜ਼ਮ ਨਿਰਮਲ ਅਤੇ ਕੁਲਦੀਪ ਵੀ ਡੇਰਾ ਸੱਚਾ ਸੌਦਾ ਦੇ ਨਪੁੰਸਕ ਸਾਧ ਹਨ। ਇਸ ਤੋਂ ਬਾਦ ਅਦਾਲਤ ਨੇ ਕਤਲ ਦੇ ਮਾਮਲਿਆਂ ਵਿਚ ਜੇਲ੍ਹ ਵਿਚ ਬੰਦ ਡੇਰੇ ਦੇ ਸਾਧਾਂ ਤੋਂ ਪੁੱਛਗਿੱਛ ਕਰਨ ਦੇ ਆਦੇਸ਼ ਦਿੱਤੇ ਜਿਸ ਵਿਚ ਉਨ੍ਹਾਂ ਨੇ ਵੀ ਸਵੀਕਾਰ ਕੀਤਾ ਕਿ ਉਹ ਨਪੁੰਸਕ ਹਨ। ਲੇਕਿਨ ਉਹ ਆਪਣੀ ਮਰਜ਼ੀ ਨਾਲ ਨਪੁੰਸਕ ਬਣੇ ਹਨ। ਦਰਖ਼ਾਸਤ ਵਿਚ ਇਹ ਖ਼ੁਲਾਸਾ ਵੀ ਕੀਤਾ ਗਿਆ ਸੀ ਕਿ ਡੇਰੇ ਦੇ ਇਕ ਸਾਧ ਵਿਨੋਦ ਨਰੂਲਾ ਨੇ ਡੇਰਾ ਮੁਖੀ ਦੀ ਪੇਸ਼ੀ ਦੇ ਵਕਤ ਸਿਰਸਾ ਅਦਾਲਤ ਵਿਚ ਖ਼ੁਦ ਨੂੰ ਗੋਲੀ ਮਾਰਕੇ ਖ਼ੁਦਕੁਸ਼ੀ ਕਰ ਲਈ ਸੀ। ਉਹ ਸਾਧ ਵੀ ਨਪੁੰਸਕ ਹੀ ਸੀ। ਦਰਖ਼ਾਸਤ ਕਰਤਾ ਨੇ ਮ੍ਰਿਤਕ ਦੀ ਪੋਸਟਮਾਰਟਮ ਰਿਪੋਰਟ ਵੀ ਅਦਾਲਤ ਵਿਚ ਪੇਸ਼ ਕੀਤੀ ਸੀ। ਜਿਸ ਤੋਂ ਬਾਦ ਇਹ ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੈ।

– ਇਸ ਮਾਮਲੇ ਵਿਚ ਸੁਣਵਾਈ ਕਰਦੇ ਹੋਏ ਹਾਈ ਕੋਰਟ ਵਲੋਂ ਹਰਿਆਣਾ ਸਰਕਾਰ ਨੂੰ ਇਕ ਮਹੀਨੇ ਦੇ ਅੰਦਰ ਜਾਂਚ ਕਰਕੇ ਰਿਪੋਰਟ ਪੇਸ਼ ਕਰਨ ਦੇ ਆਦੇਸ਼ ਜਾਰੀ ਕੀਤੇ।

– ਸਾਧਣੀਆਂ ਦੇ ਜਿਨਸੀ ਸ਼ੋਸ਼ਣ ਮਾਮਲੇ ਵਿਚ ਦੋਨਾਂ ਪੱਖਾਂ ਨੂੰ ਬਾਰੀਕੀ ਵਿਚ ਸੁਣਨ ਤੋਂ ਬਾਦ ਸੀ.ਬੀ.ਆਈ. ਅਦਾਲਤ ਨਤੀਜੇ 'ਤੇ ਪੁੱਜ ਗਈ ਪਰ ਉਸਨੇ ਫ਼ੈਸਲਾ ਰਾਖਵਾਂ ਰੱਖਦੇ ਹੋਏ 25 ਅਗਸਤ ਦੀ ਤਾਰੀਕ ਤੈਅ ਕਰ ਦਿੱਤੀ। ਫ਼ੈਸਲੇ ਮੌਕੇ ਡੇਰਾ ਮੁਖੀ ਨੂੰ ਹਾਜ਼ਰ ਹੋਣ ਦੇ ਆਦੇਸ਼ ਦਿੱਤੇ ਗਏ ਪਰ ਡੇਰਾ ਮੁਖੀ ਟਾਲਮਟੋਲ ਕਰਦਾ ਰਿਹਾ ਅਤੇ ਅਦਾਲਤ ਦੇ ਫ਼ੈਸਲੇ ਨੂੰ ਫ਼ੈਸਲੇ ਨੂੰ ਪ੍ਰਭਾਵਿਤ ਕਰਨ ਲਈ ਵਿਆਪਕ ਹਿੰਸਕ ਵਿਉਂਤਬੰਦੀ ਕੀਤੀ ਗਈ।

– 25 ਅਗਸਤ 2017 ਦੇ ਦਿਨ ਹਰਿਆਣਾ ਸਰਕਾਰ ਵਲੋਂ ਬਾਦ ਦੁਪਹਿਰ ਡੇਰਾ ਮੁਖੀ ਨੂੰ ਸਖ਼ਤ ਸੁਰੱਖਿਆ ਹੇਠ ਸੀ.ਬੀ.ਆਏ ਦੀ ਪੰਚਕੂਲਾ ਅਦਾਲਤ ਵਿਚ ਲਿਆਂਦਾ ਗਿਆ। ਜਿਥੇ ਸੀ.ਬੀ.ਆਈ. ਦੇ ਜੱਜ ਜਗਦੀਪ ਸਿੰਘ ਵਲੋਂ ਉਸ ਨੂੰ ਕਸੂਰਵਾਰ ਕਰਾਰ ਦਿੱਤਾ ਗਿਆ ਪਰ ਡੇਰਾ ਪ੍ਰੇਮੀਆਂ ਦੇ ਹਿੰਸਕ ਪ੍ਰਤੀਕਰਮ ਦੇ ਮੱਦੇਨਜ਼ਰ ਸਜ਼ਾ ਦਾ ਐਲਾਨ ਉਸੇ ਦਿਨ ਕਰਨ ਦੀ ਬਜਾਏ 28 ਅਗਸਤ 'ਤੇ ਪਾ ਦਿੱਤਾ ਗਿਆ।

– 28 ਅਗਸਤ ਨੂੰ ਪੌਣੇ ਤਿੰਨ ਵਜੇ ਰੋਹਤਕ ਜੇਲ੍ਹ ਵਿਚ ਜਾਕੇ ਜੱਜ ਵਲੋਂ ਡੇਰਾ ਮੁਖੀ ਨੂੰ ਵੀਹ ਸਾਲ ਬਾਮੁਸ਼ੱਕਤ ਕੈਦ ਅਤੇ ਤੀਹ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ। (ਅਖ਼ਬਾਰ 'ਪੂਰਾ ਸੱਚ' ਵਲੋਂ ਜਾਰੀ ਕੀਤੀ ਤੱਥ ਸੂਚੀ ਦੇ ਧੰਨਵਾਦ ਸਹਿਤ)

# 'ਰੱਬ ਦਾ ਦੂਤ' - ਕੁਫ਼ਰ ਕੁਫ਼ਰ ਟੁੱਟਾ ਖ਼ੁਦਾ ਖ਼ੁਦਾ ਕਰਕੇ

(ਸਫ਼ਾ 1 ਦੀ ਬਾਕੀ)

ਕਤਲਾਂ ਦਾ ਸਿਲਸਿਲਾ ਚੱਲਿਆ। ਇਸੇ ਦੌਰਾਨ ਡੇਰਾ ਮੁਖੀ ਦੇ ਸਹਾਇਕ ਰਣਜੀਤ ਸਿੰਘ ਅਤੇ ਸੰਪਾਦਕ ਰਾਮਚੰਦਰ ਛਤਰਪਤੀ ਦੇ ਕਤਲ ਹੋਏ। ਹਾਈਕੋਰਟ ਵਲੋਂ ਬੇਨਾਮ ਚਿੱਠੀ ਦਾ ਨੋਟਿਸ ਲੈਕੇ ਸੀ.ਬੀ.ਆਈ. ਨੂੰ ਦਿੱਤੇ ਜਾਂਚ ਦੇ ਆਦੇਸ਼ ਤਹਿਤ ਐੱਫ.ਆਈ.ਆਰ. ਦਰਜ਼ ਹੋਈ ਅਤੇ ਜਾਂਚ ਦੇ ਲੰਮੇ ਅਮਲ ਤੋਂ ਬਾਦ ਮੁਕੱਦਮੇ ਚਲਣੇ ਸ਼ੁਰੂ ਹੋ ਗਏ।

ਡੇਰਾ ਮੁਖੀ ਨੂੰ ਆਜ਼ਾਦ ਅਦਾਲਤੀ ਅਮਲ ਹਰਗਿਜ਼ ਮਨਜ਼ੂਰ ਨਹੀਂ ਸੀ। ਉਸ ਵਲੋਂ ਉਪਰਲੀਆਂ ਅਦਾਲਤਾਂ ਵਿਚ ਪਹੁੰਚ ਕਰਕੇ ਹੇਠਲੀਆਂ ਅਦਾਲਤਾਂ ਦੇ ਅਮਲ ਵਿਚ ਅੜਿੱਕਾ ਪਾਇਆ ਗਿਆ ਅਤੇ ਆਪਣੇ ਉੱਪਰ ਦਰਜ਼ ਮਾਮਲੇ ਖਾਰਜ਼ ਕਰਾਉਣ ਲਈ ਦਰਖ਼ਾਸਤਾਂ ਦੇਕੇ ਅਦਾਲਤੀ ਅਮਲ ਨੂੰ ਉਲਝਾਇਆ ਅਤੇ ਲਮਕਾਇਆ ਗਿਆ। ਲੇਕਿਨ ਸੰਗੀਨ ਇਲਜ਼ਾਮਾਂ ਦੇ ਸਬੂਤ ਪੂਰੀ ਤਰ੍ਹਾਂ ਠੋਸ ਸਨ ਅਤੇ ਨਿਆਂ ਲਈ ਲੜ ਰਹੇ ਪੀੜਤ ਤੇ ਉਨ੍ਹਾਂ ਦਾ ਸਾਥ ਦੇਣ ਵਾਲੇ ਨਿਆਂਪਸੰਦ ਆਪਣੇ ਇਰਾਦੇ ਦੇ ਪੱਕੇ ਸਨ। ਓੜਕ ਸੱਚ ਦੀ ਜਿੱਤ ਹੋਈ। ਦਹਿਸ਼ਤੀ ਸਲਤਨਤ ਵਿਰੁੱਧ ਗਵਾਹੀ ਦੇਣ ਲਈ ਅੱਗੇ ਆਈਆਂ ਸਾਧਣੀਆਂ, ਪੱਤਰਕਾਰ ਛਤਰਪਤੀ ਅਤੇ ਰਣਜੀਤ ਸਿੰਘ ਦੇ ਪਰਿਵਾਰ, ਹੋਰ ਪੀੜਤ ਪਰਿਵਾਰ, ਸੱਚ ਦਾ ਡੱਟਕੇ ਸਾਥ ਦੇਣ ਵਾਲੇ ਮਾਸਟਰ ਬਲਵੰਤ ਸਿੰਘ ਅਤੇ ਹੋਰ ਇਨਸਾਫ਼ਪਸੰਦ ਕਾਰਕੁੰਨ, ਕੇਸ ਲੜਨ ਵਾਲੇ ਵਕੀਲ ਅਤੇ ਹੋਰ ਬੇਸ਼ੁਮਾਰ ਸਹਿਯੋਗੀ – ਇਹ ਸਾਰੇ ਸਲਾਮ ਦੇ ਹੱਕਦਾਰ ਹਨ ਜਿਨ੍ਹਾਂ ਨੇ ਇਸ ਪਾਖੰਡ ਦੀ ਸਲਤਨਤ ਦੇ ਖ਼ਿਲਾਫ਼ ਕਾਨੂੰਨੀ ਲੜਾਈ ਨੂੰ ਨਿਆਂ ਦੇ ਤਰਕਸੰਗਤ ਅੰਤ ਤਕ ਹੌਸਲੇ ਨਾਲ ਜਾਰੀ ਰੱਖਿਆ ਅਤੇ ਧਰਮ ਦੀ ਆੜ ਹੇਠ ਪਾਪਾਂ ਨੂੰ ਅੰਜਾਮ ਦੇਣ ਵਾਲੀ 'ਰਿਆਸਤ ਅੰਦਰਲੀ ਰਿਆਸਤ' ਨਾਲ ਟੱਕਰ ਲਈ।

ਲੇਕਿਨ ਡੇਰਾ ਮੁਖੀ ਦੀ ਆਪਣੇ 'ਡੇਰਾ ਪ੍ਰੇਮੀਆਂ' ਉੱਪਰ ਮਨੋਵਿਗਿਆਨਕ ਜਕੜ ਐਨੀ ਕੀਲਵੀਂ ਹੈ ਕਿ ਅਜੇ ਵੀ ਦਹਿ-ਲੱਖਾਂ ਸ਼ਰਧਾਲੂ ਸੱਚ ਦਾ ਸਾਹਮਣਾ ਕਰਨ ਦੀ ਬਜਾਏ ਇਕਸੁਰ ਹੋਕੇ ਇਲਜ਼ਾਮਾਂ ਨੂੰ ਝੂਠੇ ਅਤੇ ਸਾਜ਼ਿਸ਼ੀ ਕਰਾਰ ਦੇ ਰਹੇ ਹਨ ਅਤੇ ਬੇਤਹਾਸ਼ਾ ਹਿੰਸਾ ਵਿਚ ਲੱਗੇ ਹੋਏ ਹਨ। ਉਹ ਇਸ ਸਵਾਲ ਉੱਪਰ ਠੰਡੇ ਦਿਮਾਗ ਨਾਲ ਸੋਚ-ਵਿਚਾਰ ਕਰਨ ਲਈ ਤਿਆਰ ਨਹੀਂ ਕਿ ਪੀੜਤ ਸਾਧਣੀਆਂ ਨੂੰ ਨਿਆਂ ਦੇਣਾ ਕਿਉਂ ਜ਼ਰੂਰੀ ਹੈ। ਇਸ ਮੁਲਕ ਦੀ ਸੰਸਕ੍ਰਿਤੀ ਵਿਚ ਔਰਤਾਂ ਨਾਲ ਧੱਕੇ ਅਤੇ ਦਾਬੇ ਨੂੰ ਸਮਾਜੀ ਪ੍ਰਵਾਨਗੀ ਦੀਆਂ ਜੜ੍ਹਾਂ ਇਸ ਕਦਰ ਮਜ਼ਬੂਤ ਹਨ ਕਿ ਡੇਰੇ ਦੇ ਸ਼ਰਧਾਲੂਆਂ ਨੂੰ ਡੇਰਾ ਮੁਖੀ ਦੇ ਰੂਪ ਵਿਚ 'ਰੱਬ ਦਾ ਦੂਤ' ਤਾਂ ਨਜ਼ਰ ਆਉਂਦਾ ਹੈ ਪਰ ਸਾਧਣੀਆਂ ਨਾਲ ਜਿਨਸੀ ਹਿੰਸਾ ਅਤੇ ਡੇਰਾ ਮੁਖੀ ਦੀਆਂ ਅੱਯਾਸ਼ੀਆਂ ਦਾ ਨੰਗਾ ਸੱਚ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਕਦੇ ਨਹੀਂ ਟੁੰਬਦਾ। ਖ਼ਾਲਸਤਾਨੀ ਸਰਗਣੇ ਗੁਰਜੰਟ ਸਿੰਘ ਰਾਜਸਥਾਨੀ ਨਾਲ ਗੂੜ੍ਹੀ ਸਾਂਝ ਤੋਂ ਲੈਕੇ ਬੇਹੂਦਾ ਵਿਸ਼ਿਆਂ ਵਾਲੀਆਂ ਭੱਦੀਆਂ ਫਿਲਮਾਂ ਬਣਾਉਣ ਦੀ ਕਲਾਕਾਰੀ ਤਕ ਇਸ ਸਾਧ ਦੇ ਵੱਖੋ-ਵੱਖਰੇ ਰੂਪ ਕਿਹੜੇ ਧਾਰਮਿਕ ਅਤੇ ਰੂਹਾਨੀ ਮੁੱਲਾਂ ਦੀ ਨੁਮਾਇੰਦਗੀ ਕਰਦੇ ਹਨ, ਜ਼ਿਹਨੀ ਤੌਰ 'ਤੇ ਗ਼ੁਲਾਮ ਲੋਕ ਇਹ ਕਦੇ ਨਹੀਂ ਸੋਚਦੇ। ਪੰਜਾਬ ਦੇ ਬਾਦਲਕਿਆਂ, ਕੈਪਟਨਕਿਆਂ ਤੋਂ ਲੈਕੇ ਸੰਘ ਪਰਿਵਾਰ ਦੇ ਚੋਟੀ ਦੇ ਆਗੂ ਇਸ ਸਾਧ ਦਾ ਅਸ਼ੀਰਵਾਦ ਲੈਣ ਲਈ ਅਕਸਰ ਹੀ ਡੇਰੇ ਦੀਆਂ ਚੌਕੀਆਂ ਭਰਦੇ ਰਹਿੰਦੇ ਸਨ। ਪਰ ਡੇਰਾ ਪ੍ਰੇਮੀ ਅੰਨ੍ਹੀ ਸ਼ਰਧਾ ਵਿੱਚੋਂ ਬਾਹਰ ਨਿਕਲਕੇ ਇਹ ਸੋਚਣ ਲਈ ਤਿਆਰ ਨਹੀਂ ਕਿ ਵੋਟ ਬਟੋਰੂ ਹਾਕਮ ਜਮਾਤੀ ਪਾਰਟੀਆਂ ਦੇ ਵੱਡੇ-ਵੱਡੇ ਆਗੂ ਜਿਸ ਡੇਰਾ ਮੁਖੀ ਦੇ ਪੈਰਾਂ ਵਿਚ ਵਿਛਣ ਲਈ ਤੱਤਪਰ ਰਹਿੰਦੇ ਸਨ ਉਸਦੇ ਖ਼ਿਲਾਫ਼ ਝੂਠੇ ਇਲਜ਼ਾਮਾਂ ਨੂੰ ਲੈਕੇ ਅਦਾਲਤੀ ਅਮਲ ਪੰਦਰਾਂ ਸਾਲ ਕਿਵੇਂ ਟਿਕ ਸਕਦਾ ਸੀ। ਉਨ੍ਹਾਂ ਨੇ ਕਦੇ ਇਹ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਜਿਸ ਡੇਰਾ ਮੁਖੀ ਨੇ ਨਿੱਜੀ ਸੁਰੱਖਿਆ ਲਈ ਅੱਵਲ ਦਰਜੇ ਦੀ ਜ਼ੈੱਡ+ ਸੁਰੱਖਿਆ ਛੱਤਰੀ ਲੈ ਰੱਖੀ ਹੈ ਅਤੇ ਜਿਸਨੇ ਆਪਣੀ ਜਾਨ ਨੂੰ ਖ਼ਤਰੇ ਦੇ ਬਹਾਨੇ ਅਦਾਲਤ ਵਿਚ ਪੇਸ਼ ਹੋਣ ਦੀ ਬਜਾਏ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤੀ ਅਮਲ ਵਿਚ ਸ਼ਾਮਲ ਹੋਣ ਦੀ ਪੱਕੀ ਮੋਹਲਤ ਹਾਈਕੋਰਟ ਤੋਂ ਹਾਸਲ ਕੀਤੀ ਹੋਈ ਸੀ ਉਸਦੇ ਉੱਪਰ ਬੇਬੁਨਿਆਦ ਮੁਕੱਦਮੇ ਕਿਵੇਂ ਸੰਭਵ ਸਨ।

ਇਸ ਸਾਧ ਨੂੰ ਕਸੂਰਵਾਰ ਐਲਾਨੇ ਜਾਣ ਦੀ ਦੇਰ ਸੀ ਕਿ ਸ਼ਰਧਾਲੂਆਂ ਨੇ ਅਦਾਲਤੀ ਫ਼ੈਸਲੇ ਨੂੰ ਉਪਰਲੀ ਅਦਾਲਤ ਵਿਚ ਚੁਣੌਤੀ ਦੇਣ ਦਾ ਸਹੀ ਰਸਤਾ ਅਖ਼ਤਿਆਰ ਕਰਨ ਅਤੇ ਇਸਦੇ ਖ਼ਿਲਾਫ਼ ਪੁਰਅਮਨ ਵਿਰੋਧ ਪ੍ਰਦਰਸ਼ਨ ਕਰਨ ਦੀ ਬਜਾਏ ਬੇਤਹਾਸ਼ਾ ਸਾੜਫੂਕ ਅਤੇ ਹਿੰਸਾ ਦਾ ਨੰਗਾ ਰਸਤਾ ਅਖ਼ਤਿਆਰ ਕਰ ਲਿਆ। ਇਸ ਤੋਂ ਇਕ ਵਾਰ ਫਿਰ ਸਾਬਤ ਹੋ ਗਿਆ ਹੈ ਕਿ ਇਨ੍ਹਾਂ ਡੇਰਿਆਂ ਦੇ ਸ਼ਾਂਤੀ ਅਤੇ ਮਨੁੱਖਤਾ ਦੀ ਸੇਵਾ ਦੇ ਦਾਅਵੇ ਕਿੰਨੇ ਝੂਠੇ ਹਨ।

ਇਹ ਹਿੰਸਾ ਪਹਿਲੀ ਦਫ਼ਾ ਨਹੀਂ ਹੋਈ, ਇਸ ਤੋਂ ਪਹਿਲਾਂ 2007 ਵਿਚ ਵੀ ਡੇਰਾ ਪ੍ਰੇਮੀਆਂ ਦੇ ਹਜ਼ੂਮਾਂ ਵਲੋਂ ਡੇਰਾ ਮੁਖੀ ਉੱਪਰ ਕਾਨੂੰਨੀ ਕਾਰਵਾਈ ਕੀਤੇ ਜਾਣ ਦੇ ਖ਼ਿਲਾਫ਼ ਚੰਡੀਗੜ੍ਹ ਅਤੇ ਅੰਬਾਲਾ ਵਿਚ ਵੱਡਾ ਸ਼ਕਤੀ ਪ੍ਰਦਰਸ਼ਨ ਕੀਤੇ ਗਏ ਸਨ। ਇਸੇ ਤਰ੍ਹਾਂ, ਪੰਜਾਬ ਦੇ ਮਾਲਵਾ ਖਿੱਤੇ ਵਿਚ ਸਿੱਖ ਫਿਰਕੇ ਨਾਲ ਟਕਰਾਓ ਵਿੱਚੋਂ ਵਾਰ ਵਾਰ ਹਿੰਸਕ ਪ੍ਰਦਰਸ਼ਨਾਂ ਦਾ ਸਿਲਸਿਲਾ ਲਗਾਤਾਰ ਚਲਾਇਆ ਗਿਆ। ਹਾਲੀਆ ਹਿੰਸਾ ਵੀ ਆਪਮੁਹਾਰੀ ਨਹੀਂ ਸਗੋਂ ਇਸ ਦੀ ਤਿਆਰੀ ਡੇਰਾ ਮੁਖੀ ਦੀ ਸਿੱਧੀ ਅਗਵਾਈ ਹੇਠ ਡੇਰਾ ਪ੍ਰਬੰਧਕਾਂ ਵਲੋਂ ਲੰਮੇ ਸਮੇਂ ਤੋਂ ਪੂਰੀ ਤਰ੍ਹਾਂ ਗਿਣ-ਮਿੱਥਕੇ ਕੀਤੀ ਗਈ ਸੀ। ਬਹੁਤ ਥਾਵਾਂ ਉੱਪਰ 'ਨਾਮ ਚਰਚਾ ਘਰਾਂ' ਅੰਦਰੋਂ ਅਤੇ 'ਪ੍ਰੇਮੀਆਂ' ਕੋਲੋਂ ਵਿਸਫੋਟਕ ਸਮੱਗਰੀ ਅਤੇ ਖ਼ਤਰਨਾਕ ਹਥਿਆਰ ਬਰਾਮਦ ਹੋਏ ਹਨ ਜੋ ਵਿਆਪਕ ਹਿੰਸਾ ਦੀ ਤਿਆਰੀ ਦਾ ਸਬੂਤ ਹਨ। 25 ਅਗਸਤ ਤੋਂ ਕੁਝ ਦਿਨ ਪਹਿਲਾਂ ਹੀ ਪੰਜਾਬ ਅਤੇ ਹਰਿਆਣਾ ਤੋਂ ਪੰਚਕੂਲਾ ਵਿਚ ਡੇਰੇ ਲਾਈ ਬੈਠੇ ਅਤੇ ਸਿਰਸਾ ਸਦਰ ਮੁਕਾਮ ਤੇ ਹੋਰ 'ਨਾਮ ਚਰਚਾ ਘਰਾਂ' ਵਿਚ ਜਮ੍ਹਾਂ ਹੋ ਚੁੱਕੇ ਹਜ਼ੂਮਾਂ ਦੇ ਹਿੰਸਕ ਇਰਾਦਿਆਂ ਦੀ ਅਤੇ ਪ੍ਰੇਮੀਆਂ ਦੇ ਸੰਭਾਵੀ ਪ੍ਰਤੀਕਰਮ ਦੀ ਹਰਿਆਣਾ ਸਰਕਾਰ ਅਤੇ ਪ੍ਰਸ਼ਾਸਨ ਨੂੰ ਪੂਰੀ ਜਾਣਕਾਰੀ ਸੀ। ਸੱਤਾਧਾਰੀ ਅਤੇ ਆਹਲਾ ਪੁਲਿਸ ਅਧਿਕਾਰੀ ਇਹ ਵੀ ਜਾਣਦੇ ਸਨ ਕਿ ਡੇਰਾ ਮੁਖੀ ਦੇ ਖ਼ਿਲਾਫ਼ ਅਦਾਲਤੀ ਫ਼ੈਸਲਾ ਦਿੱਤੇ ਜਾਣ ਦੇ ਖ਼ਦਸ਼ਿਆਂ ਦੇ ਮੱਦੇਨਜ਼ਰ ਡੇਰਾ ਪ੍ਰਬੰਧਕਾਂ ਵਲੋਂ ਵਿਉਂਤਬੱਧ ਹਿੰਸਾ ਦੀ ਪੂਰੀ ਤਿਆਰੀ ਕੀਤੀ ਗਈ ਹੈ ਅਤੇ ਖ਼ੁਫ਼ੀਆ ਏਜੰਸੀਆਂ ਕੋਲ ਇਸ ਦੀਆਂ ਵਿਸਤਾਰਤ ਰਿਪੋਰਟਾਂ ਸਨ। ਇਸਦੇ ਬਾਵਜੂਦ ਵੱਡੇ ਇਕੱਠ ਹੋਣ ਤੋਂ ਰੋਕਣ ਦੀ ਕੋਈ ਕਾਰਗਰ ਪੇਸ਼ਬੰਦੀ ਨਹੀਂ ਕੀਤੀ ਗਈ। ਇਸ ਨਰਮਗੋਸ਼ੇ ਦਾ ਨੋਟਿਸ ਲੈਕੇ ਹਾਈਕੋਰਟ ਵਲੋਂ ਖਿਚਾਈ ਕੀਤੇ ਜਾਣ ਤੋਂ ਬਾਦ ਵੀ ਪੁਲਿਸ ਵਲੋਂ ਲਗਾਏ ਨਾਕਿਆਂ ਉੱਪਰ ਚੈਕਿੰਗ ਨਾਮਨਿਹਾਦ ਹੀ ਸੀ। ਇਸ ਤੋਂ ਜ਼ਾਹਿਰ ਹੈ ਖੱਟੜ ਸਰਕਾਰ ਸਮੇਤ ਪੂਰਾ ਸੰਘ ਬਰਗੇਡ ਜ਼ਾਹਰਾ ਤੌਰ 'ਤੇ ਡੇਰੇ ਦੀ ਨਾਰਾਜ਼ਗੀ ਨਾ ਸਹੇੜਨ ਅਤੇ ਡੇਰਾ ਮੁਖੀ ਨੂੰ ਭਰਮਾ-ਪਤਿਆਕੇ ਕਟਹਿਰੇ ਵਿਚ ਲਿਆਉਣ ਦੀ ਸੋਚੀ-ਸਮਝੀ ਨੀਤੀ 'ਤੇ ਚੱਲ ਰਿਹਾ ਸੀ। ਇਸ ਵਿਚ ਉਹ ਕਾਮਯਾਬ ਵੀ ਹੋਇਆ। ਜਦੋਂ ਅਦਾਲਤ ਵਲੋਂ ਕਸੂਰਵਾਰ ਕਰਾਰ ਦਿੱਤੇ ਜਾਣ 'ਤੇ ਹਜ਼ੂਮਾਂ ਵਲੋਂ ਥਾਂ-ਥਾਂ ਹਿੰਸਾ ਵਿੱਢ ਦਿੱਤੀ ਗਈ ਤਾਂ ਉਸ ਨੂੰ ਦਬਾਉਣ ਲਈ ਪੁਲਿਸ ਅਤੇ ਸੁਰੱਖਿਆ ਬਲਾਂ ਵਲੋਂ ਕੀਤੀ ਬੇਤਹਾਸ਼ਾ ਗੋਲੀਬਾਰੀ ਨੇ 31 ਵਿਅਕਤੀਆਂ ਦੀ ਜਾਨ ਲੈ ਲਈ। ਇਸ ਜਾਨੀ ਨੁਕਸਾਨ ਨੂੰ ਰੋਕਿਆ ਜਾ ਸਕਦਾ ਸੀ। ਇਸ ਦੇ ਕੋਈ ਵੀ ਸਪਸ਼ਟੀਕਰਨ ਦਿੱਤੇ ਜਾਣ ਨਾ ਖੱਟਣ ਸਰਕਾਰ ਇਸ ਜੁਰਮ ਤੋਂ ਬਰੀ ਹੋ ਸਕਦੀ ਹੈ ਨਾ ਡੇਰੇ ਦੇ ਪ੍ਰਬੰਧਕ। ਹਿੰਸਾ ਤੋਂ ਬਾਦ ਮੁੱਖ ਮੰਤਰੀ ਖੱਟੜ ਦਾ ਬਿਆਨ ਸਰਕਾਰ ਦੀ ਨੀਅਤ ਅਤੇ ਸੋਚੀ-ਸਮਝੀ ਨੀਤੀ ਨੂੰ ਹੋਰ ਸਪਸ਼ਟ ਕਰਦਾ ਹੈ ਜਿਸ ਵਿਚ ਉਸਨੇ ਦਾਅਵਾ ਕੀਤਾ ਕਿ ਹਿੰਸਾ ਡੇਰਾ ਪ੍ਰੇਮੀਆਂ ਨੇ ਨਹੀਂ ਸਗੋਂ 'ਸ਼ਰਾਰਤੀ ਅਨਸਰਾਂ' ਵਲੋਂ ਕੀਤੀ ਗਈ ਹੈ। ਜਦਕਿ ਡੇਰੇ ਦੇ ਉੱਘੇ ਚਿਹਰੇ ਸਾੜਫੂਕ ਕਰ ਰਹੇ ਹਜ਼ੂਮਾਂ ਕੋਲ ਚੁੱਪਚਾਪ ਖੜ੍ਹੇ ਤਮਾਸ਼ਾ ਦੇਖ ਰਹੇ ਸਨ, ਇਸ ਦੇ ਵੀਡੀਓ ਕਲਿੱਪ ਟੀ.ਵੀ. ਚੈਨਲਾਂ ਉਪਰ ਵਾਰ-ਵਾਰ ਪ੍ਰਸਾਰਤ ਹੋ ਚੁੱਕੇ ਹਨ। ਸਵਾਲ ਇਹ ਹੈ ਕਿ ਖੱਟੜ ਨੇ ਕਿਸ ਅਧਾਰ 'ਤੇ ਫਟਾਫਟ 'ਸ਼ਰਾਰਤੀ ਅਨਸਰਾਂ' ਦੀ ਸ਼ਨਾਖ਼ਤ ਕਰ ਲਈ ਕਿ ਡੇਰਾ ਪ੍ਰੇਮੀ ਨਹੀਂ ਸਨ?

ਜਿੱਥੋਂ ਤਕ ਸਰਕਾਰੀ ਅਤੇ ਨਿੱਜੀ ਜਾਇਦਾਦਾਂ ਦੀ ਵਿਆਪਕ ਸਾੜਫੂਕ ਦਾ ਨੋਟਿਸ ਲੈਕੇ ਹਾਈਕੋਰਟ ਦਾ ਇਸਦੀ ਹਰਜ਼ਾਨਾ ਪੂਰਤੀ ਡੇਰੇ ਦੀਆਂ ਜਾਇਦਾਦਾਂ ਦੀ ਕੁਰਕੀ ਦੁਆਰਾ ਕਰਨ ਦਾ ਸਵਾਲ ਹੈ ਇਹ ਫ਼ੈਸਲਾ ਤਾਂ ਸਹੀ ਹੈ ਪਰ ਪੁਲਿਸ ਵਲੋਂ ਕੀਤੀ ਗਈ ਵਿਆਪਕ ਵੀਡੀਓਗ੍ਰਾਫ਼ੀ ਦੇ ਅਧਾਰ 'ਤੇ ਆਉਣ ਵਾਲੇ ਦਿਨਾਂ ਵਿਚ ਸਧਾਰਨ ਸ਼ਰਧਾਲੂਆਂ ਦੀ ਖਿੱਚਧੂਹ ਕੀਤੇ ਜਾਣ ਦੀ ਚੋਖੀ ਸੰਭਾਵਨਾ ਵੀ ਹੈ ਜਿਨ੍ਹਾਂ ਨੂੰ ਡੇਰੇ ਦੇ ਪ੍ਰਬੰਧਕਾਂ ਵਲੋਂ ਉਕਸਾਕੇ ਅਤੇ ਲਾਮਬੰਦ ਕਰਕੇ ਲਿਆਂਦਾ ਗਿਆ ਸੀ। ਹਿੰਸਾ ਦੇ ਅਸਲ ਸਾਜ਼ਿਸ਼ਘਾੜੇ ਬਾਰਸੂਖ਼ ਪ੍ਰਬੰਧਕ ਮਹਿਫ਼ੂਜ਼ ਰਹਿਣਗੇ ਅਤੇ ਸਧਾਰਨ ਸ਼ਰਧਾਲੂਆਂ ਨੂੰ ਪੁਲਿਸ ਹੱਥੋਂ ਲੁੱਟ ਅਤੇ ਖੱਜਲਖ਼ੁਆਰੀ ਦਾ ਸਾਹਮਣਾ ਕਰਨਾ ਪਵੇਗਾ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਕਿਰਤੀ ਅਤੇ ਦੱਬੇਕੁਚਲੇ ਲੋਕ ਹਨ। ਜੋ ਥੁੜ੍ਹਾਂ ਮਾਰੀ ਸੰਤਾਪੀ ਜ਼ਿੰਦਗੀ ਦੀ ਮਾਯੂਸੀ ਵਿੱਚੋਂ ਡੇਰਿਆਂ ਦੇ ਜਾਲ ਵਿਚ ਫਸਦੇ ਹਨ ਅਤੇ ਉਦੋਂ ਤਕ ਫਸਦੇ ਰਹਿਣਗੇ ਜਦੋਂ ਤਕ ਕਿਸੇ ਇਨਕਲਾਬੀ ਬਦਲਾਓ ਨਾਲ ਉਨ੍ਹਾਂ ਦੀ ਜ਼ਿੰਦਗੀ ਦੇ ਹਾਲਾਤ ਨਹੀਂ ਬਦਲਦੇ।

ਇਸ ਸਜ਼ਾ ਨਾਲ ਇਕ ਹੋਰ ਖ਼ਤਰਨਾਕ ਸੰਭਾਵਨਾ ਵੀ ਜੁੜੀ ਹੋਈ ਹੈ। ਇਹ ਡੇਰਾ ਖ਼ਾਸ ਕਰਕੇ ਹਰਿਆਣਾ ਵਿਚ ਸੰਘ ਪਰਿਵਾਰ ਦੇ ਸਮਾਜੀ ਅਧਾਰ ਦੇ ਫੈਲਾਅ ਵਿਚ ਇਕ ਅੜਿੱਕਾ ਸੀ ਜਿਸਨੇ ਦਹਿ ਲੱਖਾਂ ਦੀ ਤਾਦਾਦ ਵਿਚ ਦੱਬੇਕੁਚਲੇ ਲੋਕਾਂ ਨੂੰ ਆਪਣੀ ਗ੍ਰਿਫ਼ਤ ਵਿਚ ਲਿਆ ਹੋਇਆ ਹੈ। ਡੇਰਾ ਮੁਖੀ ਜੇਲ੍ਹ ਦੇ ਅੰਦਰੋਂ ਡੇਰੇ ਨੂੰ ਚਲਾਉਣ ਦਾ ਯਤਨ ਕਰੇਗਾ। ਉਧਰ ਆਰ.ਐੱਸ.ਐੱਸ. ਵੀ ਇਸ ਖ਼ਲਾਅ ਦੀ ਹਾਲਤ ਵਿਚ ਡੇਰੇ ਵਿਚ ਘੁਸਪੈਠ ਕਰਕੇ ਡੇਰੇ ਦੇ ਅੰਦਰੋਂ ਕਿਸੇ ਐਸੇ ਵਿਅਕਤੀ ਨੂੰ ਅੱਗੇ ਲਿਆਉਣ ਦਾ ਯਤਨ ਕਰੇਗੀ ਜੋ ਸੰਘ ਪਰਿਵਾਰ ਨਾਲ ਸਹਿਯੋਗ ਕਰਨ ਲਈ ਰਜ਼ਾਮੰਦ ਹੋਵੇ। ਖੱਟੜ ਸਰਕਾਰ ਦਾ ਨਰਮਗੋਸ਼ਾ ਇਸ ਪਾਸੇ ਗੁੱਝਾ ਸੰਕੇਤ ਕਰਦਾ ਹੈ। ਲਿਹਾਜ਼ਾ, ਸੁਚੇਤ ਰਹਿਣਾ ਹੋਵੇਗਾ ਕਿ ਰਾਮ ਰਹੀਮ ਨੂੰ ਸਜ਼ਾ ਦੇ ਘੜਮੱਸ ਵਿਚ ਅਵੇਸਲੇ ਹੋਕੇ ਡੇਰਾ ਮੁਖੀ ਤੋਂ ਵੀ ਖ਼ਤਰਨਾਕ ਹਿੰਦੁਤਵੀ ਫਾਸ਼ੀਵਾਦ ਦਾ ਉਹ ਖ਼ਤਰਾ ਨਾ ਵਿਸਰ ਜਾਵੇ ਜੋ ਦਨਦਨਾਉਂਦਾ ਹੋਇਆ ਮੁਲਕ ਨੂੰ ਆਪਣੀ ਜਕੜ ਵਿਚ ਲੈ ਰਿਹਾ ਹੈ।

ਇਹ ਵੀ ਚੇਤੇ ਰੱਖਣਾ ਜ਼ਰੂਰੀ ਹੈ ਕਿ ਇਹ ਸਜ਼ਾ ਇਸ ਡੇਰੇ ਨੂੰ ਕਮਜ਼ੋਰ ਜ਼ਰੂਰ ਕਰ ਸਕਦੀ ਹੈ ਪਰ ਡੇਰਾਵਾਦ ਨੂੰ ਨਹੀਂ ਜੋ ਇਸ ਪ੍ਰਬੰਧ ਦੀ ਲਾਜ਼ਮੀ ਉਪਜ ਹੈ। ਡੇਰੇ ਅਤੇ ਹਾਕਮ ਜਮਾਤੀ ਸਿਆਸਤਦਾਨ ਇਕ ਦੂਜੇ ਦੇ ਪੂਰਕ ਹਨ। ਇਸ ਤੋਂ ਪਹਿਲਾਂ ਰਾਮਪਾਲ ਅਤੇ ਆਸਾਰਾਮ ਵਰਗੇ ਡੇਰੇਦਾਰਾਂ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ, ਉਨ੍ਹਾਂ ਨੂੰ ਸਜ਼ਾਵਾਂ ਹੋਣ ਅਤੇ ਜੇਲ੍ਹਾਂ ਵਿਚ ਡੱਕੇ ਜਾਣ ਦੇ ਬਾਵਜੂਦ ਡੇਰਾਵਾਦ ਦੇ ਮਕੜਜਾਲ ਵਿਚ ਫਸੇ ਲੋਕਾਂ ਦੀ ਸ਼ਰਧਾ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੋਈ। ਇਸ ਵਿਚ ਇਜ਼ਾਫ਼ਾ ਹੀ ਹੋਇਆ ਹੈ। ਅੰਧਵਿਸ਼ਵਾਸਾਂ ਵਿਚ ਫਸੇ ਲੋਕ ਰੂਹਾਨੀ ਸਕੂਨ ਦੇ ਨਵੇਂ ਠੁੰਮਣੇ ਤਲਾਸ਼ ਲੈਂਦੇ ਹਨ। ਸਮੂਹ ਲੋਕਪੱਖੀ ਅਤੇ ਇਨਕਲਾਬੀ ਜਮਹੂਰੀ ਤਾਕਤਾਂ ਨੂੰ ਹੋਰ ਵੀ ਗੰਭੀਰਤਾ ਨਾਲ ਲੋਕਾਂ ਨੂੰ ਲਾਮਬੰਦ ਕਰਨ ਦੀ ਜ਼ਰੂਰਤ ਹੈ ਜਿਸ ਨਾਲ ਉਨ੍ਹਾਂ ਨੂੰ ਇਸ ਜਿੱਲ੍ਹਣ ਵਿੱਚੋਂ ਕੱਢਕੇ ਆਪਣੀ ਜ਼ਿੰਦਗੀ ਨੂੰ ਜਿਉਣਯੋਗ ਬਣਾਉਣ ਲਈ ਸੰਘਰਸ਼ ਕਰਨ ਵੱਲ ਮੋੜਿਆ ਜਾ ਸਕੇ।

## ਇਹ ਕਹਾਣੀ ਨਹੀਂ, ਕਵਿਤਾ ਹੈ ਦੋ ਕੁੜੀਆਂ ਦੀ. ਜਿੱਤ ਦਾ ਸ਼ਾਨਦਾਰ ਮਹਾਂਕਾਵਿ !



15 ਸਾਲ ਦਾ ਅਰਸਾ ਲੜਨ ਲਈ ਇੱਕ ਜ਼ਮਾਨਾ ਹੁੰਦਾ ਹੈ। ਖਾਸ ਕਰਕੇ ਜਦੋਂ ਦੂਜੇ ਪਾਸੇ ਹੰਕਾਰਿਆ ਰਾਵਣ ਲਲਕਾਰੇ ਮਾਰ ਰਿਹਾ ਹੋਵੇ। ਸੋਚੋ! ਕੀ ਗੁਜ਼ਰਦੀ ਹੋਵੇਗੀ ਇਨ੍ਹਾਂ ਕੁੜੀਆਂ ਦੇ ਦਿਲ 'ਤੇ ਜਦੋਂ ਇਸ ਰਾਵਣ ਦੇ ਦਰਬਾਰ ਵਿੱਚ ਦੇਸ਼ ਦੇ ਮੰਤਰੀ ਤੇ ਸੰਤਰੀ ਆ ਕੇ ਸਲੂਟ ਮਾਰਦੇ ਹੋਣਗੇ ਤੇ ਅਗਲੇ ਦਿਨ ਦੇ ਅਖ਼ਬਾਰਾਂ ਵਿੱਚ ਉਹ ਰਾਵਣ ਨਾਲ ਉਨ੍ਹਾਂ ਦੀਆਂ ਤਸਵੀਰਾਂ ਵੇਖਦੀਆਂ ਹੋਣਗੀਆਂ। ਉਨ੍ਹਾਂ ਦੀ ਉਮਰ ਦੀਆਂ ਬਾਲੜੀਆਂ ਬਿਨਾ ਰਾਵਣ ਦੀ ਮਾਇਆ ਸਮਝੇ ਉਸਨੂੰ 'ਲਵ ਯੂ ਪਾਪਾ' ਕਹਿੰਦੀਆਂ ਹੋਣਗੀਆਂ ਤੇ ਉਨ੍ਹਾਂ ਵੱਲ ਨਿੰਦਾ-ਭਰੀਆਂ ਨਜ਼ਰਾਂ ਨਾ...ਲ ਵੇਖਦੀਆਂ ਹੋਣਗੀਆਂ। ਕਚਹਿਰੀਆਂ ਅੰਦਰ ਪੁਲਿਸ ਵਾਲਿਆਂ ਦਾ ਰੁੱਖਾ ਵਿਉਹਾਰ ਤੇ ਵਕੀਲਾਂ ਦੇ ਤਿੱਖੇ ਸਵਾਲ...ਉਨ੍ਹਾਂ ਨੂੰ ਕਿੱਥੋਂ ਤੱਕ ਜ਼ਖ਼ਮੀ ਨਾ ਕਰਦੇ ਹੋਣਗੇ...ਪਰ ਉਹ ਨਹੀਂ ਡੋਲੀਆਂ। ਉਨ੍ਹਾਂ ਦੀਆਂ ਅੱਖਾਂ ਭਰੀਆਂ ਹੋਣਗੀਆਂ ਪਰ ਉਹ ਲੜਦੀਆਂ ਰਹੀਆਂ। ਸਿੱਟਾ ਸਾਹਮਣੇ ਹੈ। ਰਾਵਣ ਦੀ ਲੰਕਾ ਨੂੰ ਸੜਨੀ ਸ਼ੁਰੂ ਹੋ ਚੁੱਕੀ ਹੈ। ਆਪਣੇ ਹੰਕਾਰ ਦੀ ਪੂਛ ਆਪਣੀਆਂ ਲੱਤਾਂ ਵਿੱਚ ਲੈ ਕੇ ਰੋ ਰਿਹਾ ਹੈ ਉਹ ਜੇਲ੍ਹ ਦੀ ਕੋਠੜੀ ਵਿੱਚ। ਸ਼ਾਇਦ ਉਸਦੇ ਰਾਜਨੀਤਕ ਆਕਾ ਉਸਨੂੰ ਬਾਹਰ ਕੱਢ ਲੈਣ ਕੁਝ ਮਹੀਨਿਆਂ ਬਾਅਦ ਪਰ ਹੁਣ ਦੁਨੀਆਂ ਲਈ ਉਹ ਇੱਕ ਰਾਜਨੀਤਕ ਪਾਲਤੂ ਤੋਂ ਵੱਧ ਕੁਝ ਨਹੀਂ ਹੋਵੇਗਾ। ਉਸਦੇ 'ਹੋਣ' ਦਾ ਹੰਕਾਰ ਸਦਾ ਲਈ ਮਿਟ ਗਿਆ ਹੈ। ਹੁਣ ਉਹ ਹੋ ਕੇ ਵੀ ਨਹੀਂ ਹੋਵੇਗਾ। ਇਹ ਕੁੜੀਆਂ ਕੌਣ ਨੇ! ਅਸੀਂ ਨਹੀਂ ਜਾਣਦੇ। ਜਾਨਣਾ ਵੀ ਨਹੀਂ ਚਾਹੁੰਦੇ। ਪਰ ਅਸੀਂ ਚਾਹੁੰਦੇ ਹਾਂ ਕਿ ਉਹ ਕੁੜੀਆਂ ਇਹ ਜਾਣ ਲੈਣ... ਉਨ੍ਹਾਂ ਨੇ ਇਤਿਹਾਸ ਬਦਲ ਦਿੱਤਾ ਹੈ. ਉਨ੍ਹਾਂ ਨੇ ਧਰਮ ਦਾ ਚੋਲਾ ਪਾ ਕੇ ਡੇਰਿਆਂ ਅੰਦਰ ਫਿਰਦੇ ਕਾਮ ਦੇ ਭੁੱਖੇ ਲੂੰਬੜਾਂ ਦੇ ਚੋਲੇ ਨੂੰ ਲੀਰੋ-ਲੀਰ ਕਰ ਸੁੱਟਿਆ ਹੈ। ਉਨ੍ਹਾਂ ਦੀ ਲੜਾਈ ਬੇਕਾਰ ਨਹੀਂ ਜਾਏਗੀ। ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਹੋਰ ਵੀ ਕੁੜੀਆਂ ਹੌਸਲਾ ਕਰਨਗੀਆਂ ਤੇ ਇਹੋ ਜਿਹੇ ਲੂੰਬੜਾਂ ਦੇ ਚੰਗੁਲ ਤੋਂ ਮੁਕਤ ਹੋ ਕੇ ਆਪਣੀ ਜ਼ਿੰਦਗੀ ਜਿਉਣਗੀਆਂ। ਉਹ ਇਹ ਜਾਣ ਲੈਣ ਕਿ ਉਨ੍ਹਾਂ ਨੇ ਜੋ ਕੀਤਾ, ਉਹ ਕਰਨਾ ਬੇਹੱਦ ਜ਼ਰੂਰੀ ਸੀ ਤੇ ਸ਼ਾਇਦ ਉਹੀ ਕਰ ਸਕਦੀਆਂ ਸਨ।

ਉਹ ਜਾਣ ਲੈਣ ਕਿ ਉਨ੍ਹਾਂ ਨੇ ਨਾਰੀ-ਮਾਣ ਦਾ ਇੱਕ ਸ਼ਾਨਦਾਰ ਮਹਾਂਕਾਵਿ ਸਿਰਜਿਆ ਹੈ ਤੇ ਉਹ ਆਪ ਇਸ ਮਹਾਂਕਾਵਿ ਦੀਆਂ ਮਹਾਂ-ਨਾਇਕਾਵਾਂ ਹਨ।

- ਪਾਲੀ ਭੁਪਿੰਦਰ

ਸੁਖਵਿੰਦਰ ਸਿੰਘ

# ਡੇਰਾ ਪ੍ਰੇਮੀਆਂ ਦਾ ਇੱਕ ਇਹ ਵੀ ਸੱਚ...



ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਹਰਿਆਣਾ ਅਤੇ ਦੂਜੇ ਰਾਜਾਂ ਵਿੱਚ ਭੜਕੀ ਹਿੰਸਾ ਹਾਰ ਵਿਅਕਤੀ ਡੇਰੇ ਸਮਰਥਕਾਂ ਦੇ ਖ਼ਿਲਾਫ਼ ਹੋ ਗਿਆ ਹੈ। ਹਿੰਸਾ ਵਿੱਚ 30 ਤੋਂ ਉੱਪਰ ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚ ਔਰਤਾਂ ਨੌਜਵਾਨ ਤੇ ਬਜ਼ੁਰਗ ਸ਼ਾਮਲ ਹਨ। ਹਾਲਤ ਇਹ ਹੈ ਕਿ ਲਾਸ਼ਾਂ ਨੂੰ ਪੰਚਕੂਲਾ ਸਿਵਲ ਹਸਪਤਾਲ ਲਿਜਾਇਆ ਗਿਆ ਜਿੱਥੋਂ 17 ਲਾਸ਼ਾਂ ਨੂੰ ਕੋਈ ਲੈਣ ਨਹੀਂ ਪਹੁੰਚਿਆ। ਇਹਨਾਂ ਦੀ ਹਾਲੇ ਤੱਕ ਪਛਾਣ ਨਹੀਂ ਹੋ ਸਕੀ। ਮਰਨ ਵਾਲਿਆਂ ਦੇ ਮੋਬਾਈਲ ਉਨ੍ਹਾਂ ਦੀ ਜੇਬਾਂ ਵਿੱਚ ਹੀ ਵੱਜਦੇ ਰਹੇ।

ਪੰਚਕੂਲਾ ਵਿੱਚ ਪਹੁੰਚੇ ਲੋਕ ਕੋਈ ਹਤਿਆਰੇ ਨਹੀਂ ਹਨ। ਉਹ ਆਪਣੇ ਬੱਚਿਆਂ, ਧੀਆਂ, ਮਾਵਾਂ ਤੇ ਬਜ਼ੁਰਗ ਔਰਤਾਂ ਸਮੇਤ ਇੱਥੇ ਆਏ ਸਨ। ਕੱਲ੍ਹ ਜਦੋਂ ਹਿੰਸਾ ਹੋਈ ਤਾਂ ਇਹ ਆਪਣੀ ਜਾਨ ਬਚਾਉਣ ਲਈ ਰਿਹਾਇਸ਼ੀ ਇਲਾਕਿਆਂ ਵਿੱਚ ਗਏ। ਜਿੱਥੇ ਉਹ ਪੁਲਿਸ ਕਾਰਵਾਈ ਦਾ ਸ਼ਿਕਾਰ ਹੋਏ। ਇਸ ਘਟਨਾ ਵਿੱਚ ਇੱਕ ਤਸਵੀਰ ਨੇ ਮੈਨੂੰ ਅੰਦਰੋਂ ਝੰਜੋੜਿਆ ਜਿਸ ਵਿੱਚ ਪੰਚਕੂਲਾ ਦੇ ਰਿਹਾਇਸ਼ੀ ਇਲਾਕੇ ਵਿੱਚ ਘਰ ਦੇ ਅੱਗੇ ਪਈ ਲਾਸ਼ ਦੇ ਨੇੜੇ ਇੱਕ ਔਰਤ ਵਿਰਲਾਪ ਕਰ ਰਹੀ ਹੈ। ਉਸ ਦਾ ਬੈਗ ਤੇ ਸਮਾਨ ਵੀ ਉਸ ਦੇ ਕੋਲੋ ਪਿਆ ਹੋਇਆ ਹੈ। ਉਸ ਦੇ ਨਾਲ ਇੱਕ ਹੋਰ ਲਾਸ਼ ਪਈ ਹੈ। ਘਰ ਦੀ ਮਾਲਕਣ ਗੰਧ ਤੋਂ ਇਹ ਸਭ ਦੇਖ ਰਹੀ ਹੈ।

ਇਹ ਤਸਵੀਰ ਦੇਖ ਮੇਰੇ ਮਨ ਵਿੱਚ ਆਇਆ ਕਿ ਆਖ਼ਿਰ ਕਿਹੜੀ ਵਜ੍ਹਾ ਰਹੀ ਕਿ ਉਹ ਮੌਤ ਦੀ ਪ੍ਰਵਾਹ ਕੀਤੇ ਬਿਨਾ ਇੱਥੇ ਪਹੁੰਚੇ? ਉਹ ਕਿਹੜੀ ਵਜ੍ਹਾ ਨਾਲ ਡੇਰਾ ਨਾਲ ਗੂੜ੍ਹੇ ਰੂਪ ਵਿੱਚ ਜੁੜੇ ਹੋਏ ਸਨ? ਪ੍ਰਸ਼ਾਸਨ ਦੇ ਵਾਰ ਕਹਿਣ ਤੇ ਵੀ ਇੱਥੋਂ ਨਹੀਂ ਗਏ। ਇੰਨਾ ਦੀ ਮੌਤ ਲਈ ਜ਼ਿੰਮੇਵਾਰ ਕੌਣ ਹੈ?

**ਘਟਨਾ ਲਈ ਜ਼ਿੰਮੇਵਾਰ ਕੌਣ ਹੈ** : 18 ਅਗਸਤ ਨੂੰ ਹਰਿਆਣਾ ਸਰਕਾਰ ਨੂੰ ਪਤਾ ਲੱਗ ਗਿਆ ਸੀ ਕਿ ਹਿੰਸਾ ਦੀ ਤਾਰੀਖ਼, ਸਮਾਂ, ਸਥਾਨ ਤੇ ਹਿੰਸਾ ਕਿੰਨੀ ਕਰਨੀ ਹੈ। ਹਰਿਆਣਾ ਸਰਕਾਰ ਨੇ 18 ਅਗਸਤ ਨੂੰ ਹੀ ਧਾਰਾ 144 ਲੱਗਾ ਦਿੱਤੀ ਪਰ ਪੰਚਕੂਲਾ ਵਿੱਚ ਡੇਰਾ ਪ੍ਰੇਮੀਆਂ ਦੇ ਆਉਣ 'ਤੇ ਰੋਕ ਨਹੀਂ ਲਾਈ। ਇੰਨਾ ਹੀ ਨਹੀਂ ਸਰਕਾਰ ਨੇ ਹਾਈਕੋਰਟ ਨੂੰ ਵੀ ਭੁਲੇਖੇ ਵਿੱਚ ਰੱਖਿਆ। ਕੋਰਟ ਵੱਲੋਂ ਵਾਰ-ਵਾਰ ਅਲਰਟ ਕਰਨ ਤੇ ਵੀ ਸਰਕਾਰ ਸਮੇਂ ਤੋਂ ਪਹਿਲਾ ਹੀ ਲੋਕਾਂ ਨੂੰ ਪੰਚਕੂਲਾ ਇਕੱਠੇ ਹੋਣ ਤੋਂ ਰੋਕ ਨਾ ਸਕੀ। ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਹਰਿਆਣਾ ਦੇ ਹੀ ਕੈਬਿਨੇਟ ਮੰਤਰੀ ਰਾਮ ਬਿਲਾਸ ਸ਼ਰਮਾ ਨੇ ਕਹਿ ਦਿੱਤਾ ਕਿ ਡੇਰਾ ਪ੍ਰੇਮੀਆਂ 'ਤੇ ਧਾਰਾ 144 ਲਾਗੂ ਨਹੀਂ ਹੁੰਦੀ। ਅਜਿਹੇ ਹਾਲਤ ਵਿੱਚ ਇਹ ਸਾਫ਼ ਹੈ ਕਿ ਹਿੰਸਾ ਲਈ ਰਾਹ ਬਣਾਉਣ ਲਈ ਸਰਕਾਰ ਨੇ ਅੱਗ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਜੇਕਰ ਡੇਰਾ ਸਮਰਥਕਾਂ ਨੂੰ ਸਹੀ ਸਮੇਂ 'ਤੇ ਪੰਚਕੂਲਾ ਦਾਖਲ ਹੋਣ ਤੋਂ ਰੋਕ ਲਿਆ ਜਾਂਦਾ ਤਾਂ ਇੰਨਾ ਵੱਡੀ ਹਿੰਸਾ ਤੇ ਮੌਤਾਂ ਨਾ ਹੁੰਦੀਆਂ।

**ਹਰਿਆਣਾ ਸਰਕਾਰ ਨੇ ਢਿੱਲ ਕਿਉਂ ਵਰਤੀ** : ਉਂਜ ਤਾਂ ਡੇਰਾ ਕਿਸੇ ਇੱਕ ਸਿਆਸੀ ਪਾਰਟੀ ਨਾਲ ਪੱਕੇ ਤੌਰ ਤੇ ਵੱਜਿਆ ਨਹੀਂ ਹੋਇਆ ਪਰ ਜਿਵੇਂ ਦੇਖਿਆ ਗਿਆ ਹੈ ਕਿ ਇਹ ਸਮੇਂ-ਸਮੇਂ ਆਪਣੀ ਗਿਣਤੀ-ਮਿਣਤੀ ਵਿੱਚੋਂ ਕਿਸੇ ਨਾਲ ਕਿਸੇ ਸਿਆਸੀ ਦਲ ਨੂੰ ਚੋਣਾਂ ਵੇਲੇ ਸਹਿਯੋਗ ਦਿੰਦਾ ਰਿਹਾ ਹੈ। ਡੇਰੇ ਨੇ ਹਰਿਆਣਾ ਵਿੱਚ ਬੀਤੀ ਵਿਧਾਨ ਸਭਾ ਚੋਣਾ ਵਿੱਚ ਮਨੋਹਰ ਲਾਲ ਖੱਟਰ ਦੀ ਸਰਕਾਰ ਨੂੰ ਖੁੱਲ ਕੇ ਸਮਰਥਨ ਦਿੱਤਾ। ਸਾਰੇ ਰਾਜਨੀਤਕ ਦਲਾਂ ਨੂੰ ਪਤਾ ਹੈ ਕਿ ਹਰਿਆਣਾ ਵਿੱਚ ਡੇਰੇ ਦੇ ਵੱਡੀ ਗਿਣਤੀ ਵਿੱਚ ਸਮਰਥਕਾਂ ਕਾਰਨ ਚੋਣਾ ਵਿੱਚ ਫ਼ੈਸਲਾਕੁੰਨ ਨਤੀਜੇ ਦੇਣ ਵਿੱਚ ਮਹਤਪੂਰਣ ਭੂਮਿਕਾ ਅਦਾ ਕਰਦਾ ਹੈ।

ਖੱਟਰ ਸਰਕਾਰ ਦਾ ਉਹ ਕਿਹੜਾ ਮੰਤਰੀ ਨਹੀਂ ਜਿਸ ਨੇ ਡੇਰਾ ਮੁਖੀ ਅੱਗੇ ਸਿਰ ਨਹੀਂ ਝੁਕਾਇਆ ਹੋਵੇ। 15 ਅਗਸਤ ਨੂੰ ਡੇਰਾ ਮੁਖੀ ਦੇ ਜਨਮ ਦਿਨ ਤੇ ਹਰਿਆਣਾ ਦੇ ਦੋ ਕੈਬਨਿਟ ਮੰਤਰੀ ਰਾਮ ਬਿਲਾਸ ਸ਼ਰਮਾ ਤੇ ਅਨਿਲ ਵਿੱਜ ਨੇ ਖ਼ੁਦ ਡੇਰੇ ਜਾ ਕੇ ਗੁਰਮੀਤ ਰਾਮ ਰਹੀਮ ਦੇ ਜਨਮ ਦਿਨ ਦੀਆਂ ਵਧਾਈਆਂ ਦੇਣ 51 ਲੱਖ ਦੇ ਕੇ ਆਏ ਸਨ। ਇੱਥੋਂ ਸਾਫ਼ ਖੱਟੜ ਸਰਕਾਰ ਤੇ ਡੇਰੇ ਮੁਖੀ ਦੇ ਗੂੜ੍ਹੇ ਰਿਸ਼ਤਿਆਂ ਬਾਰੇ ਸਾਫ਼ ਪਤਾ ਲੱਗਦਾ ਹੈ। ਇਹ ਗੂੜ੍ਹੇ ਰਿਸ਼ਤੇ ਹੀ ਪੰਚਕੂਲਾ ਦੀ ਹਿੰਸਾ ਦਾ ਕਾਰਨ ਬਣੇ।

**ਹਿੰਸਾ ਲਈ ਡੇਰਾ ਕਿਵੇਂ ਜ਼ਿੰਮੇਵਾਰ** : ਭਾਵੇਂ ਡੇਰਾ ਜਿੰਨਾ ਮਰਜ਼ੀ ਇਸ ਗੱਲ ਤੋਂ ਮੁਨਕਰ ਹੋਵੇ ਕਿ ਡੇਰੇ ਵੱਲੋਂ ਕੇਸ ਨੂੰ ਪ੍ਰਭਾਵਿਤ ਕਰਨ ਲਈ ਲੋਕਾਂ ਨੂੰ ਪੰਚਕੂਲਾ ਬੁਲਾਇਆ ਗਿਆ ਸੀ। ਇਸ ਗੱਲ ਦਾ ਪ੍ਰਗਟਾਵਾ ਖ਼ੁਦ ਡੇਰਾ ਪ੍ਰੇਮੀਆਂ ਨੇ ਕੀਤਾ ਹੈ ਕਿ ਉਨ੍ਹਾਂ ਨੂੰ ਤਿੰਨ ਦਿਨਾਂ ਦੀ ਸਤਸੰਗ ਦੇ ਬਹਾਨੇ ਪੰਚਕੂਲਾ ਬੁਲਾਇਆ ਗਿਆ ਸੀ। ਇੰਨਾ ਹੀ ਨਹੀਂ ਦੈਨਿਕ ਭਾਸਕਰ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਪੰਚਕੂਲਾ ਦਾ ਐਕਸ਼ਨ ਦੀ ਅਗਵਾਈ ਅੱਧੀ ਦਰਜਨ ਲੋਕ ਕਰ ਹਹੇ ਸਨ। ਜਿਹੜੇ ਸਮੇਂ-ਸਮੇਂ ਤੇ ਡੇਰਾ ਸਮਰਥਕਾਂ ਨੂੰ ਸੰਦੇਸ਼ ਜਾਰੀ ਕਰ ਰਹੇ ਸਨ। ਇਸ ਗੱਲ ਦਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ ਨੋਟਿਸ ਲਿਆ ਹੈ। ਜਿਸ ਤੋਂ ਸਾਫ ਜਾਹਿਰ ਹੈ ਕਿ ਪੰਚਕੂਲਾ ਵਿੱਚ ਲੋਕਾਂ ਦਾ ਵੱਡਾ ਇਕੱਠ ਪਿੱਛੇ ਡੇਰੇ ਦੀ ਮਨਸ਼ਾ ਕੇਸ ਨੂੰ ਪ੍ਰਭਾਵਿਤ ਕਰਨਾ ਸੀ।

**ਕਿਉਂ ਲੋਕ ਬਣ ਰਹੇ ਨੇ ਡੇਰਾ ਪ੍ਰੇਮੀ** : ਅਸਲ ਵਿੱਚ ਸਿਰਸਾ ਡੇਰਾ ਸੱਚਾ ਸੌਦਾ ਹਰਿਆਣਾ ਦੇ ਉਸ ਜਗ੍ਹਾ 'ਤੇ ਹੈ ਜਿੱਥੇ ਤਿੰਨ ਸੂਬੇ ਪੰਜਾਬ ਹਰਿਆਣਾ ਤੇ ਰਾਜਸਥਾਨ ਦੇ ਬਾਡਰ ਜੁੜਦੇ ਹਨ। ਤਿੰਨ ਸੂਬਿਆਂ ਦੀ ਬੈਲਟ ਦੇ ਲੋਕ ਡੇਰੇ ਨਾਲ ਜੁੜੇ ਹੋਏ ਹਨ। ਇਹ ਉਹ ਬੈਲਟ ਹੈ ਜਿਹੜੀ 70 ਸਾਲ ਦੀ ਆਜ਼ਾਦੀ ਤੋਂ ਬਾਅਦ ਵੀ ਸਮਾਜਿਕ ਆਰਥਿਕ ਤੇ ਰਾਜਨੀਤਕ ਵਿਕਾਸ ਪੱਖੋਂ ਕਾਫ਼ੀ ਪਿਛੜੀ ਹੋਈ ਹੈ। ਇਸ ਖੇਤਰ ਵਿੱਚ ਸਰਕਾਰ ਵੱਲੋਂ ਵਿਕਾਸ ਨਾ ਦੀ ਕੋਈ ਚੀਜ ਨਹੀਂ ਹਨ। ਡੇਰੇ ਨਾਲ ਜੁੜੇ ਜ਼ਿਆਦਾਤਰ ਉਹ ਲੋਕ ਹਨ ਜਿਹੜੇ ਪਹਿਲਾਂ ਹੀ ਸਰਕਾਰ ਤੇ ਸਮਾਜ ਵੱਲੋਂ ਲਿਤਾੜੇ ਹੋਏ ਹਨ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਜ਼ਿਆਦਾਤਰ ਸਮਰਥਕ ਸੰਗਰੂਰ, ਬਰਨਾਲਾ, ਮਾਨਸਾ, ਬਠਿੰਡਾ, ਫਾਜ਼ਿਲਕਾ, ਫ਼ਰੀਦਕੋਟ ਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਤੋਂ ਹਨ। ਇਹ ਉਹ ਜ਼ਿਲ੍ਹੇ ਹਨ ਜਿੱਥੇ ਅੱਜ ਪੰਜਾਬ ਦੇ ਕਿਸਾਨ-ਮਜ਼ਦੂਰ ਸਭ ਤੋਂ ਵੱਧ ਖ਼ੁਦਕੁਸ਼ੀਆਂ ਕਰ ਰਹੇ ਹਨ।

ਸਨਅਤ ਤੇ ਰੋਜ਼ਗਾਰ ਨਾ ਦੀ ਕੋਈ ਚੀਜ਼ ਨਹੀਂ ਹੈ। ਕੈਂਸਰ ਤੇ ਨਸ਼ੇ ਦੀ ਮਾਰ ਨੇ ਲੋਕਾਂ ਦੀ ਆਰਥਿਕ ਰੀੜ੍ਹ ਦੀ ਹੱਡੀ ਤੋੜ ਦਿੱਤੀ ਹੈ। ਲੋਕਾਂ ਨੂੰ ਰੋਜ਼ੀ ਰੋਟੀ ਜੁਟਾਉਣ ਦੇ ਸਾਧਨਾਂ ਦੀ ਬਹੁਤ ਕਮੀ ਹੈ।

ਮੂਲ ਕਾਰਨਾਂ ਨੂੰ ਜਾਣੇ ਬਿਨਾ ਵੀ ਸਿੱਖਾਂ ਵੱਲੋਂ ਡੇਰਾ ਪ੍ਰੇਮੀਆਂ ਨੂੰ ਨਕਾਰਿਆਂ ਹੈ। ਬੇਸ਼ੱਕ ਸਿੱਖਾਂ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਨੇ ਸਿੱਖਾਂ ਵਿੱਚ ਜਾਤ-ਪਾਤ ਨੂੰ ਭੰਗ ਕਰਦਿਆਂ ਸਾਰੇ ਮਨੁੱਖਾਂ ਨੂੰ ਇੱਕ ਜਾਣਨ ਦਾ ਹੋਕਾ ਦਿੱਤਾ ਸੀ, ਪਰ ਬਾਕੀ ਧਰਮਾਂ ਵਾਂਗ ਸਿੱਖਾਂ ਦੇ ਮਨਾਂ 'ਚੋਂ ਜਾਤ-ਪਾਤ ਨਹੀਂ ਗਈ। ਇਸ ਖੇਤਰ ਵਿੱਚ ਮੌਜੂਦ ਪਿੰਡਾਂ ਵਿੱਚ ਦਲਿਤਾਂ ਦੇ ਗੁਰਦਆਰੇ, ਧਰਮਸ਼ਾਲਾ ਤੇ ਇੱਥੋਂ ਤੱਕ ਸ਼ਮਸ਼ਾਨਘਾਟ ਵੀ ਵੱਖ ਹਨ। ਇੱਥੇ ਹਾਲੇ ਵੀ ਉਚ ਨੀਚ ਦਾ ਵਿਤਕਰਾ ਪਾਇਆ ਜਾਂਦਾ ਹੈ। ਇੰਨਾ ਹੀ ਨਹੀਂ ਦਲਿਤ ਵਰਗ ਦਾ ਡੇਰੇ ਪ੍ਰਤੀ ਲਗਾਓ ਕਾਰਨ ਹੀ ਇੰਨਾ ਬਾਰੇ ਕਿਹਾ ਜਾਂਦਾ ਹੈ ਕਿ ਡੇਰੇ ਨੂੰ ਜਾਂਦਾ ਟਰੱਕ, 100 ਟੇਢ ਵਿੱਚ ਇੱਕ ਜੱਟ।

ਹਰ ਮਨੁੱਖ ਲਈ ਮਾਨ ਸਮਾਨ ਤੋਂ ਵੱਡੀ ਕੋਈ ਚੀਜ਼ ਨਹੀਂ ਹੁੰਦੀ ਡੇਰਾ ਨੇ ਇੰਨਾ ਲੋਕਾਂ ਨੂੰ ਮਾਨ ਸਨਮਾਨ ਦਿੱਤਾ। ਡੇਰੇ ਵੱਲੋਂ ਸਾਰੇ ਪ੍ਰੇਮੀਆਂ ਨੂੰ 'ਇੰਸਾਂ' ਨਾਂ ਦਿੱਤਾ ਗਿਆ, ਜਿਸ ਦਾ ਮਤਲਬ ਸਾਰੇ ਇਨਸਾਨ ਹਨ ਤੇ ਡੇਰਾ ਹਮੇਸ਼ਾ ਮਨੁੱਖਤਾ ਦਾ ਸੰਦੇਸ਼ ਦਿੰਦਾ ਹੈ। ਡੇਰੇ ਦੇ ਪ੍ਰਬੰਧਨ ਲਈ ਵੱਖ-ਵੱਖ ਟੁਕੜੀਆਂ ਬਣਾਈਆਂ ਹਨ, ਜਿਨ੍ਹਾਂ ਦੀ ਅਗਵਾਈ ਕਰਨ ਵਾਲੇ ਨੂੰ 'ਭੰਗੀ ਦਾਸ' ਦਾ ਦਰਜਾ ਦਿੱਤਾ ਗਿਆ ਹੈ। ਉਸ ਨੇ ਦੱਸਿਆ ਕਿ ਭੰਗੀ ਸ਼ਬਦ ਛੋਟੀ ਜਾਤ ਲਈ ਵਰਤਿਆ ਜਾਂਦਾ ਹੈ ਪਰ ਡੇਰੇ ਵਿੱਚ ਇੱਕ ਮੁਖੀ ਦੇ ਅਹੁਦੇ ਨੂੰ ਭੰਗੀ ਦਾ ਨਾਂ ਦੇ ਕੇ ਬਰਾਬਰਤਾ ਦਾ ਸੰਦੇਸ਼ ਦਿੱਤਾ ਜਾਂਦਾ ਹੈ। ਡੇਰੇ ਨਾਲ ਇੱਕ ਵਪਾਰੀ ਜਮਾਤ ਵੀ ਜੁੜੀ ਹੈ ਜਿਹੜੀ ਲੋਕਾਂ ਦੀ ਅਗਵਾਈ ਕਰ ਰਹੀ ਹੈ। ਇਸ ਜਮਾਤ ਨੂੰ ਪ੍ਰੇਮੀਆਂ ਦੇ ਰੂਪ ਵਿੱਚ ਖਪਤਕਾਰ ਮਿਲ ਜਾਂਦੇ ਹਨ। ਜਿਸ ਨਾਲ ਉਨ੍ਹਾਂ ਦੇ ਵਪਾਰ ਨੂੰ ਫ਼ਾਇਦਾ ਮਿਲਦਾ ਹੈ। ਇਸੇ ਵਜ੍ਹਾ ਕਾਰਨ ਇੰਨਾ ਨੇ ਆਪਣੀਆਂ ਦੁਕਾਨਾਂ ਜਾ ਬਿਜ਼ਨੈੱਸ ਅੱਗੇ ਪ੍ਰੇਮੀ ਸ਼ਬਦ ਲਿਖਿਆ ਹੁੰਦਾ ਹੈ।

ਇਹ ਹੈ ਸਾਰੇ ਡੇਰਾ ਪ੍ਰੇਮੀਆਂ ਨੂੰ ਰਿਆਇਤੀ ਭੋਜਨ ਤੇ ਮੁਫ਼ਤ ਦਵਾਈਆਂ, ਸਿਹਤ ਸਹੂਲਤਾਂ, ਕੈਂਸਰ ਦਾ ਇਲਾਜ, ਗ਼ਰੀਬ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕਰਦਾ ਹੈ। ਇੰਨਾ ਹੀ ਨਹੀਂ ਇਸ ਇਲਾਕੇ ਵਿੱਚ ਨਸ਼ਾ ਬਹੁਤ ਵੱਡੀ ਸਮੱਸਿਆ ਹੈ ਜਿਸ ਲਈ ਡੇਰੇ ਨੇ ਨਸ਼ਾ ਖ਼ਤਮ ਕਰਨ ਲਈ ਖ਼ਾਸ ਪ੍ਰੋਗਰਾਮ ਸ਼ੁਰੂ ਕੀਤੇ ਹਨ। ਇੰਨਾ ਹੀ ਨਹੀਂ ਗ਼ਰੀਬ ਕੁੜੀਆਂ ਦੇ ਵਿਆਹ ਦੇ ਨਾਲ ਇਸ ਤੋਂ ਇਲਾਵਾ ਡੇਰਾ ਸੱਚਾ ਸੌਦਾ ਵਾਤਾਵਰਨ ਤੇ ਸਮਾਜਕ ਕਾਰਜਾਂ ਵਿੱਚ ਵੀ ਅੱਗੇ ਰਹਿੰਦਾ ਹੈ। ਉਹ ਭਾਵੇਂ ਪੌਦੇ ਲਾਉਣੇ ਹੋਣ, ਵੇਸਵਾਗਿਰੀ ਵਿੱਚ ਧੱਕੀਆਂ ਔਰਤਾਂ ਦੇ ਮੁੜ ਵਿਆਹ ਕਰਵਾਉਣੇ ਹੋਣ ਜਾਂ ਕਿਸੇ ਗ਼ਰੀਬ ਤੇ ਵਿਧਵਾ ਔਰਤ ਲਈ ਸਾਰਿਆਂ ਦੇ ਸਹਿਯੋਗ ਨਾਲ ਘਰ ਤਿਆਰ ਕਰਨਾ ਹੋਵੇ। ਅਜਿਹੇ ਕਾਰਜ ਆਮ ਇਨਸਾਨਾਂ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ। ਤਾਂ ਤੁਸੀਂ ਦੱਸੋ ਅਜਿਹੀ ਹਾਲਤ ਵਿੱਚ ਕਿਉਂ ਨਾ ਕੋਈ ਵਿਅਕਤੀ ਡੇਰੇ ਨਾਲ ਜੁੜੇਗਾ। ਜਿੱਥੇ ਇੰਨਾ ਲੋਕਾਂ ਲਈ ਸਰਕਾਰ, ਸਿੱਖ ਫ਼ੇਲ੍ਹ ਹੋਏ ਹਨ ਉੱਥੇ ਹੀ ਅਜਿਹੇ ਲੋਕਾਂ ਲਈ ਇਨਕਲਾਬ ਕਰਨ ਵਾਲੇ ਲਾਲਾ ਝੰਡੇ ਵਾਲੇ ਕਾਮਰੇਡ ਵੀ ਫ਼ੇਲ੍ਹ ਹੋਏ ਹਨ। ਇਹ ਪਾਰਟੀਆਂ ਇੰਨਾ ਲਿਤਾੜੇ ਲੋਕਾਂ ਦੇ ਸਮਾਜਿਕ ਆਰਥਿਕ ਮੁੱਦੇ ਚੁੱਕਣ ਵਿੱਚ ਨਾਕਾਮਯਾਬ ਹੋਏ ਹਨ। ਇਹ ਇੰਨਾ ਲੋਕਾਂ ਨੂੰ ਮਾਨ ਸਨਮਾਨ ਤੇ ਯੋਗ ਅਗਵਾਈ ਦੇਣ ਵਿੱਚ ਵੀ ਪੂਰੀ ਤਰ੍ਹਾਂ ਅਸਫਲ ਹੋਏ ਹਨ।

**ਸਿਆਸਤ ਦੀ ਉਪਜ ਡੇਰੇ** : ਡੇਰੇ ਜਦੋਂ ਸ਼ੁਰੂ ਹੁੰਦੇ ਹਨ ਤਾਂ ਬਹੁਤ ਛੋਟੇ ਹੁੰਦੇ ਹਨ ਪਰ ਇਹ ਵੱਡੇ ਸਿਆਸਤ ਨਾਲ ਹੁੰਦੇ ਹਨ। ਸਿਆਸਤ ਡੇਰੇ ਦੀ ਖੁੱਲ ਕੇ ਵਰਤੋਂ ਕਰਦੀ ਹੈ। ਅਕਾਲੀ ਦਲ, ਕਾਂਗਰਸ, ਭਾਜਪਾ ਤੇ ਹੋਰ ਬਹੁਤ ਸਾਰੀਆਂ ਪਾਰਟੀਆਂ ਹਮੇਸ਼ਾ ਡੇਰੇ ਨਾਲ ਸਬੰਧ ਰਹੇ ਹਨ। ਕਿਹੜਾ ਲੀਡਰ ਨੇ ਜਿਹੜਾ ਡੇਰਾ ਮੁਖੀ ਦੇ ਪੈਰਾਂ ਤੇ ਡਿੱਗਿਆ ਹੋਵੇ। ਸਿਆਸਤ ਹੀ ਡੇਰੇ ਨੂੰ ਪੈਦਾ ਹੋਣ ਵਿੱਚ ਰਾਹ ਬਣਾਉਂਦੀ ਹੈ।

ਜਿੱਥੇ ਲੋਕਾਂ ਨੇ ਸਿਆਸਤ ਦੇ ਖ਼ਿਲਾਫ਼ ਗ਼ਰੀਬੀ ਭੁੱਖਮਰੀ ਬੇਰੁਜ਼ਗਾਰੀ ਤੇ ਨਿਆਂ ਦੇ ਖ਼ਿਲਾਫ਼ ਲੜਨਾ ਹੁੰਦਾ ਹੈ ਉੱਥੇ ਉਹ ਆਪਣੇ ਮੁੱਦਿਆਂ ਤੋਂ ਭੜਕੇ ਡੇਰੇ ਵੱਲ ਖਿੱਚੇ ਜਾਂਦੇ ਹਨ। ਇਸ ਨਾਲ ਜਿੱਥੇ ਸਮੇਂ ਦੇ ਹਾਕਮਾਂ ਨੂੰ ਫ਼ਾਇਦਾ ਹੁੰਦਾ ਹੈ ਉੱਥੇ ਹੀ ਡੇਰਾ ਮੁਖੀ ਤੇ ਉਸ ਨਾਲ ਜੁੜੀ ਤਾਕਤਾਂ ਰਾਜ ਕਰਦੀਆਂ ਹਨ।

ਇਹ ਡੇਰੇ ਮੌਜੂਦਾ ਸਮੇਂ ਰਾਜ ਸ਼ਾਹੀ ਦਾ ਹੀ ਰੂਪ ਹਨ ਜਿੱਥੇ ਮੁਖੀਆਂ ਲਈ ਸੁੱਖ ਸਹੂਲਤਾਂ ਤੇ ਵਿਲਾਸਤਾ ਦੇ ਤਮਾਮ ਸਾਧਨ ਮੌਜੂਦ ਹੁੰਦੇ ਹਨ। ਹੋਰ ਤਾਂ ਹੋਰ ਇੰਨਾ ਨੂੰ ਕੋਈ ਚੁਣੌਤੀ ਵੀ ਨਹੀਂ ਦੇ ਸਕਦਾ। ਦੇਸ਼ ਵਿੱਚ ਖੁੰਬਾਂ ਵਾਂਗ ਅਜਿਹੇ ਬਾਬੇ ਪੈਦਾ ਹੋ ਰਹੇ ਹਨ ਤੇ ਸਰਕਾਰ ਦੇ ਬਰਾਬਰ ਸੱਤ ਚਲਾ ਰਹੇ ਹਨ। ਇਸ ਹਾਲਤ ਵਿੱਚ ਡੇਰੇ ਨੂੰ ਬੇਨਕਾਬ ਕਰਨ ਵਾਲੇ ਤਮਾਮ ਲੋਕਾਂ ਦੀ ਬਹਾਦਰੀ ਨੂੰ ਸਲਾਮ ਕਰਨ ਬਣਦਾ ਹੈ। ਜਿਹੜੇ ਇਸ ਕਾਜ ਲਈ ਆਪਣੀ ਜਾਨ ਵਾਰ ਗਏ। ਇੰਨਾ ਹੀ ਨਹੀਂ ਉਨ੍ਹਾਂ ਦੋ ਪੀੜਤ ਸਾਧਵੀਆਂ ਦੇ ਤਾਰੀਫ਼ ਕਰਨੀ ਬਣਦੀ ਹੈ ਜਿੰਨ ਨੇ ਬੜੀ ਹਿੰਮਤ ਤੇ ਦਲੇਰੀ ਨਾਲ ਇਸ ਕੇਸ ਨੂੰ ਆਪਣੇ ਅੰਜਾਮ ਵਿੱਚ ਪਹੁੰਚਾਉਣ ਵੱਡਾ ਰੋਲ ਅਦਾ ਕੀਤਾ। ਦੁੱਖ ਦੀ ਗੱਲ ਹੈ ਕਿ ਕੁੜੀਆਂ ਦੇ ਨਾਮ ਤੇ ਵੱਡੀਆਂ-2 ਗੱਲਾਂ ਕਰਨ ਵਾਲੇ ਰਾਜਨੀਤਕ ਦਲਾਂ ਨੇ ਦੋ ਬਹਾਦਰ ਸਾਧਵੀਆਂ ਨੂੰ ਸਨਮਾਨਿਤ ਕਰਨ ਦੀ ਵਜ੍ਹਾ ਹਮੇਸ਼ਾ ਹੀ ਦੋਸ਼ੀ ਰਾਮ ਰਹੀਮ ਦੇ ਚਰਨਾਂ ਵਿੱਚ ਡਿਗਦੇ ਰਹੇ ਹਨ।

ਡੇਰਾਵਾਦ ਲੋਕਤੰਤਰ ਲਈ ਘਾਤਕ ਹੈ। ਜੇਕਰ ਇਸ ਨੂੰ ਖ਼ਤਮ ਕਰਨਾ ਹੈ ਤਾਂ ਸਮਾਜਿਕ ਤੇ ਆਰਥਿਕ ਵਿਕਾਸ ਦੇ ਨਾਲ ਸਮਾਜ ਦੇ ਅਜਿਹੇ ਪੀੜਤ ਲੋਕਾਂ ਨੂੰ ਮਾਨ ਸਨਮਾਨ ਦੇਣਾ ਬਹੁਤ ਜ਼ਰੂਰੀ ਹੈ। ਇੰਨਾ ਲੋਕਾਂ ਲਈ ਸਿੱਖਿਆ, ਸਿਹਤ ਤੇ ਰੁਜ਼ਗਾਰ ਦੀਆਂ ਮੁਹੱਈਆ ਕਰਾਉਣਾ ਚਾਹੀਦਾ ਹੈ। ਨਹੀਂ ਤਾਂ ਇੱਕ ਬਾਬਾ ਖ਼ਤਮ ਹੋਵੇਗਾ ਤਾਂ ਦੂਜਾ ਖੜ੍ਹਾ ਹੋ ਜਾਵੇਗਾ। ਆਮ ਲੋਕ ਇਸ ਚੱਕਰ ਵਿੱਚ ਪੀਸਦੇ ਰਹਿਣਗੇ।

# ਹਰਿਆਣਾ ਦੀ ਕਾਤਲ ਖਟਾਰਾ ਸਰਕਾਰ ਨੂੰ ਚਲਦਾ ਕਰਨ ਦੀ ਮੰਗ

ਬਰਨਾਲਾ : ਹਰਿਆਣਾ ਦੀ ਭਾਜਪਾ ਸਰਕਾਰ 32 ਡੇਰਾ ਸਮਰਥਕਾਂ ਦੇ ਮਰਨ, ਸੈਂਕੜਿਆਂ ਦੀ ਤਾਦਾਦ 'ਚ ਜ਼ਖ਼ਮੀ ਹੋਣ, ਅਰਬਾਂ ਰੁ. ਦੀ ਲੋਕਾਂ ਦੀ ਅਤੇ ਸਰਕਾਰੀ ਜਾਇਦਾਦ ਦੇ ਨੁਕਸਾਨ ਲਈ ਸਿੱਧੇ ਤੌਰ'ਤੇ ਜ਼ਿੰਮੇਵਾਰ ਹੈ ਇਸੇ ਹਰਿਆਣਾ 'ਚ ਪਹਿਲਾਂ ਰਾਮਪਾਲ ਨਾਂ ਦਾ ਜਰਾਇਮ ਪੇਸ਼ਾ ਸੰਤ ਰਾਮਪਾਲ ਨੂੰ ਨੱਥਣ ਦੇ ਨਾਂ 'ਤੇ ਹੋਇਆ ਨੁਕਸਾਨ ਫਿਰ ਜਾਟ ਰਿਜਰਵੇਸ਼ਨ ਦੇ ਮੁੱਦੇ 'ਤੇ ਹੋਏ ਹਿੰਸਕ ਵਿਦਰੋਹ ਨੂੰ ਕੰਟਰੋਲ ਕਰਨ 'ਚ ਵਰਤੀ ਗਈ ਨਾਕਾਮੀ ਤੇ ਸੈਂਕੜੇ ਮੌਤਾਂ, ਬਲਾਤਕਾਰ, ਅਰਬਾਂ ਰੁ. ਦੇ ਨੁਕਸਾਨ ਤੇ ਹੁਣ ਪੰਚਕੂਲਾ ਤੇ ਸਿਰਸਾ ਤੇ ਹੋਰ ਅਨੇਕਾਂ ਥਾਵਾਂ ਤੇ ਡੇਰਾਂ ਸਮਰਥਕਾਂ ਵੱਲੋਂ ਨੱਚਿਆ ਗੁੰਡਾਗਰਦੀ ਦਾ ਨੰਗਾ ਨਾਚ ਖੱਟਰ ਸਰਕਾਰ ਦੇ ਖਟਾਰਾਪਣ ਦਾ ਪੁਖਤਾ ਸਬੂਤ ਹਨ। ਅਜਿਹੀ ਲੋਕ ਵਿਰੋਧੀ ਸਰਕਾਰ ਨੂੰ ਸੱਤਾ 'ਚ ਬਣੇ ਰਹਿਣ ਦਾ ਕੋਈ ਹੱਕ ਨਹੀਂ। ਇਸ ਸਰਕਾਰ ਨੂੰ ਤੁਰੰਤ ਚਲਦਾ ਕੀਤਾ ਜਾਣਾ ਚਾਹੀਦਾ ਹੈ। ਇਹ ਵਿਚਾਰ ਅੱਜ ਇੱਥੇ ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਪੇਸ਼ ਕੀਤੇ। ਆਗੂਆਂ ਕਿਹਾ ਕਿ ਧਰਮ ਤੇ ਆਸਥਾ ਨੂੰ, ਡੇਰਾਵਾਦ ਨੂੰ ਆਪਣੇ ਸੌੜੇ ਸਿਆਸੀ ਮੰਤਵਾਂ ਲਈ ਵਰਤਣ ਦੇ ਇਸ ਹਮਾਮ 'ਚ ਸਾਰੀਆਂ ਸਿਆਸੀ ਪਾਰਟੀਆਂ ਨੰਗੀਆਂ ਹਨ ਜੋ ਹਰ ਤਰ੍ਹਾਂ ਦੇ ਡੇਰਾਵਾਦ ਨੂੰ ਸਿਆਸੀ ਸਰਪ੍ਰਸਤੀ ਦੇਕੇ ਆਪਣੇ ਵੋਟ ਬੈਂਕ'ਚ ਢਾਲਣ 'ਚ ਹਰ ਸਮੇਂ ਗਲਤਾਨ ਰਹਿੰਦੀਆਂ ਹਨ।

ਆਗੂਆਂ ਹੋਰ ਕਿਹਾ ਕਿਹਾ ਕਿ ਆਰਥਿਕ ਤੌਰ 'ਤੇ ਟੁੱਟੇ ਅਤੇ ਜਾਤੀ, ਜਮਾਤੀ ਦਾਬੇ ਦੇ ਸ਼ਿਕਾਰ ਭੋਲੇ ਭਾਲੇ ਕਿਰਤੀ ਲੋਕਾਂ ਨੂੰ ਝੂਠੇ ਸਵਰਗਾਂ ਦਾ ਲਾਰਾ ਲਾਕੇ ਆਪਣਾ ਉੱਲੂ ਸਿੱਧਾ ਕਰਦੇ, ਆਪਣਾ ਸੰਦ ਬਣਾਉਂਦੇ ਇਹ ਡੇਰੇ ਅਸਲ 'ਚ ਲੋਕਾਂ ਦੇ ਮੌਜੂਦਾ ਰਾਜਪ੍ਰਬੰਧ ਪ੍ਰਤੀ ਮੋਹ ਭੰਗ ਨੂੰ ਕਲਪਿਤ ਆਸਾਂ ਦਾ ਰੰਗ ਚਾੜ੍ਹਕੇ ਲੁਟੇਰੇ ਸਾਮਰਾਜੀਆਂ ਅਤੇ ਪੂੰਜੀਪਤੀ ਵਰਗ ਦੀ ਸੇਵਾ ਕਰਦੇ ਹਨ। ਬੀਤੇ ਦਿਨੀਂ ਪੰਚਕੂਲਾ, ਸਿਰਸਾ ਤੇ ਹੋਰਨਾਂ ਥਾਵਾਂ 'ਤੇ ਵਾਪਰੀਆਂ ਦੁਰਘਟਨਾਵਾਂ ਅਸਲ'ਚ ਜਾਣ ਬੁੱਝਕੇ ਵਾਪਰਨ ਦਾ ਮੌਕਾ ਦੇਣਾ ਕੇਂਦਰੀ ਹਕੂਮਤ ਮਥੇ ਭਖੇ ਕਿਸਾਨਾਂ-ਮਜਦੂਰਾਂ ਸਮੇਤ ਹੋਰਨਾਂ ਮਿਹਨਤੀ ਤਬਕਿਆਂ ਦੇ ਅਖਾੜਿਆਂ ਤੋਂ ਲੋਕਾਂ ਦਾ ਧਿਆਨ ਅਸਲੀ ਬੁਨਿਆਦੀ ਤਬਕਾਤੀ ਮੁਦਿਆਂ ਤੋਂ ਤਿਲਕਾਉਣ ਦੀ ਲਈ ਮਿਥੀ ਤੇ ਸੋਚੀ ਸਮਝੀ ਸਾਜਿਸ਼ ਹੈ ਉਨ੍ਹਾਂ ਅਖੌਤੀ ਡੇਰਿਆਂ ਦੇ ਪ੍ਰਸ਼ੰਸਕਾਂ ਤੇ ਸਮਰਥਕਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਅਸਲ'ਚ ਇਸ ਪਾਖੰਡੀ ਸਾਧ ਦੇ ਬਲਾਤਕਾਰ ਦੀਆਂ ਪੀੜਤ ਲੜਕੀਆਂ ਦੇ ਪੱਖ'ਚ ਖੜਨਾ ਚਾਹੀਦਾ ਹੈ। ਉਨ੍ਹਾਂ ਦੋ ਸਾਬਕਾ ਸਾਧਵੀਆਂ ਦੀ ਦਲੇਰੀ, ਜਾਂਬਾਜੀ ਤੇ ਨਿੱਡਰਤਾ ਦੀ ਸ਼ਲਾਘਾ ਕਰਦਿਆਂ ਮੰਗ ਕੀਤੀ ਕਿ ਇਨ੍ਹਾਂ ਦੇ ਭਰਾ ਰਣਜੀਤ ਸਿੰਘ ਅਤੇ ਉਪੂਰਾ ਸੱਚ" ਦੇ ਸੰਪਾਦਕ ਰਾਮ ਚੰਦਰ ਛਤਰਪਤੀ ਦੇ ਕਾਤਲਾਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ। ਡੇਰੇ ਸਿਰਸਾ ਦੇ ਮੁਖੀ ਨੂੰ ਸਜਾ ਸੁਨਾਉਣ ਤੋਂ ਬਾਅਦ ਪੰਚਕੂਲਾ,ਸਿਰਸਾ ਸਮੇਤ ਹੋਰਨਾਂ ਥਾਵਾਂ ਉੱਤੇ ਜਾਨੀ ਮਾਲੀ ਨੁਕਸਾਨ ਲਈ ਹਰਿਆਣਾ ਦੇ ਮੁੱਖ ਮੰਤਰੀ, ਉੱਚ ਪੁਲਿਸ ਤੇ ਸਿਵਲ ਅਧਿਕਾਰੀਆਂ ਅਤੇ ਡੇਰਾ ਮੁਖੀ ਅਤੇ ਪ੍ਰਬੰਧਕੀ ਕਮੇਟੀ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਜੋਰਦਾਰ ਮੰਗ ਕੀਤੀ ਹੈ। ਲੋਕਾਂ ਨੂੰ ਸਦਭਾਵਨਾ,ਭਾਈਚਾਰਾ ਬਣਾਏ ਰੱਖਣ ਸਮੇਤ ਆਪਣੇ ਹੱਕਾਂ,ਹਿੱਤਾਂ ਲਈ ਡਟੇ ਰਹਿਣ ਦਾ ਸੱਦਾ ਦਿੱਤਾ। ਕਿਉਂਕਿ ਅਜਿਹੀ ਦਹਿਸ਼ਤਜਦਾ ਹਾਲਤ ਦਾ ਲਾਹਾ ਲੈਂਦਿਆਂ ਕੇਂਦਰੀ ਹਕੂਮਤ ਕਿਰਤ ਕਾਨੂੰਨਾਂ ਵਿੱਚ ਪੂੰਜੀਪਤੀ ਵਰਗ ਪੱਖੀ ਤਿੱਖੀਆਂ ਸੋਧਾਂ ਕਰਨ ਦੇ ਰਾਹ ਪਈ ਹੋਈ ਹੈ।

**ਕੰਵਲਜੀਤ ਖੰਨਾ-9417010770**

== ਕੁੜੀਆਂ ਦੀ ਸਾਰੀ ਸਿੱਖਿਆ ਮੁਫਤ ਕਰੋ ==

## ਆਓ ਕੈਪਟਨ ਸਰਕਾਰ ਵੱਲੋਂ ਕੀਤੇ ਵਾਅਦੇ ਨੂੰ ਲਾਗੂ ਕਰਵਾਉਣ ਲਈ ਇਕਜੁਟ ਹੋਕੇ ਸੰਘਰਸ਼ ਦੇ ਰਾਹ ਪਈਏ!!

ਵਿਦਿਆਰਥੀ ਦੋਸਤੋ,

ਬੀਤੀ 19 ਜੂਨ ਨੂੰ ਪੰਜਾਬ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਕੁੜੀਆਂ ਦੀ ਨਰਸਰੀ ਤੋਂ ਪੀਐੱਚਡੀ ਪੱਧਰ ਤੱਕ ਦੀ ਸਾਰੀ ਸਿੱਖਿਆ ਮੁਫ਼ਤ ਕੀਤੀ ਜਾਵੇਗੀ। ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਵੀ ਕੁੜੀਆਂ ਨੂੰ ਮੁਫ਼ਤ ਸਿੱਖਿਆ ਦੇਣ ਦੀ ਗੱਲ ਕੀਤੀ ਸੀ ਤੇ ਵਿਧਾਨ ਸਭ ਵਿੱਚ ਕੀਤਾ ਇਹ ਐਲਾਨ ਉਸੇ ਦਾ ਹੀ ਦੁਹਰਾਅ ਹੈ। ਪਰ ਅਗਲੇ ਦਿਨਾਂ ਵਿੱਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੇਸ਼ ਕੀਤੇ ਸੂਬਾਈ ਬਜਟ ਵਿੱਚ ਇਸਦਾ ਕੋਈ ਵੀ ਜ਼ਿਕਰ ਨਹੀਂ ਸੀ ਤੇ ਵਿਧਾਨ ਸਭਾ ਵਿੱਚ ਵੀ ਇਸ ਸਬੰਧੀ ਹਾਲੇ ਤੱਕ ਕੋਈ ਬਿਲ ਪਾਸ ਨਹੀਂ ਕੀਤਾ ਗਿਆ ਹੈ। ਹੁਣ ਇਸ ਐਲਾਨ ਨੂੰ ਦੋ ਮਹੀਨੇ ਤੋਂ ਉੱਪਰ ਦਾ ਸਮਾਂ ਬੀਤ ਚੁੱਕਾ ਹੈ ਪਰ ਇਸ ਉੱਪਰ ਕੋਈ ਅਮਲ ਨਹੀਂ ਹੋਇਆ ਹੈ। ਨਵੇਂ ਵਿੱਦਿਅਕ ਸ਼ੈਸ਼ਨ ਦੀ ਵੀ ਸ਼ੁਰੂਆਤ ਹੋ ਚੁੱਕੀ ਹੈ ਤੇ ਸਕੂਲਾਂ, ਕਾਲਜਾਂ ਵਿੱਚ ਵੀ ਇਸ ਸਬੰਧੀ ਕੋਈ ਨੋਟੀਫਿਕੇਸ਼ਨ ਨਹੀਂ ਆਇਆ ਹੈ। ਇਸ ਕਰਕੇ ਸਭ ਕੁੜੀਆਂ ਨੂੰ ਫੀਸਾਂ ਭਰਨ ਲਈ ਮਜ਼ਬੂਰ ਹੋਣਾ ਪਿਆ ਹੈ ਜਿਸ ਨਾਲ਼ ਇਸ ਐਲਾਨ ਤੋਂ ਬਾਅਦ ਕੁੜੀਆਂ ਤੇ ਮਾਪਿਆਂ ਦੇ ਖਿੜੇ ਚਿਹਰੇ ਮੁਰਝਾ ਗਏ ਹਨ।

ਔਰਤਾਂ ਕਿਸੇ ਵੀ ਸਮਾਜ ਦਾ ਅੱਧਾ ਹਿੱਸਾ ਬਣਦੀਆਂ ਹਨ ਤੇ ਉਹਨਾਂ ਦੇ ਵਿਕਾਸ ਤੋਂ ਬਿਨਾਂ ਕਿਸੇ ਵੀ ਸਮਾਜ ਦੀ ਤਰੱਕੀ ਸੰਭਵ ਨਹੀਂ ਹੈ। ਪੰਜਾਬ ਭਾਰਤ ਦੇ ਉਹਨਾਂ ਸੂਬਿਆਂ 'ਚੋਂ ਇੱਕ ਹੈ ਜਿੱਥੇ ਔਰਤ ਨੂੰ ਪੈਰ ਦੀ ਜੁੱਤੀ, ਚੁੱਲ੍ਹੇ-ਚੌਂਕੇ ਦਾ ਕੰਮ ਸਾਂਭਣ ਵਾਲੀ ਇੱਕ ਗੁਲਾਮ ਸਮਝਣ ਦੀ ਮੱਧਯੁਗੀ ਮਾਨਸਿਕਤਾ ਹਾਲੇ ਵੀ ਕਾਫੀ ਪਸਰੀ ਹੋਈ ਹੈ। ਕੁੜੀਆਂ ਜੰਮਣ ਤੋਂ ਲੈ ਕੇ ਜ਼ਿੰਦਗੀ ਦੇ ਹਰ ਕਦਮ 'ਤੇ ਵੀ ਵਿਤਕਰੇ ਦਾ ਸ਼ਿਕਾਰ ਹੁੰਦੀਆਂ ਹਨ। ਕੁੜੀਆਂ ਦੇ ਜੰਮਣ, ਪਾਲਣ-ਪੋਸਣ ਤੋਂ ਲੈ ਕੇ ਉਹਨਾਂ ਦੀ ਸਿਹਤ, ਸਿੱਖਿਆ, ਰੁਜ਼ਗਾਰ ਤੇ ਵਿਆਹ ਆਦਿ ਸਭ ਮਾਮਲਿਆਂ 'ਚ ਸੂਬੇ ਦੀ ਹਾਲਤ ਅਜੇ ਵੀ ਤਰਸਯੋਗ ਹੀ ਹੈ। ਕੁੜੀ ਜੰਮਣ 'ਤੇ ਹਾਲੇ ਵੀ ਲੋਕਾਂ ਦੇ ਮੂੰਹ ਸੁੱਜ ਜਾਂਦੇ ਹਨ ਤੇ ਸੋਗਮਈ ਮਹੌਲ ਬਣ ਜਾਂਦਾ ਹੈ। ਅਣਜੰਮੀਆਂ ਕੁੜੀਆਂ ਨੂੰ ਕੁੱਖ ਵਿੱਚ ਮਾਰਨ ਵਿੱਚ ਵੀ ਸਾਡਾ ਸੂਬਾ ਅੱਗੇ ਹੈ। 2011 ਦੇ ਅੰਕੜਿਆਂ ਮੁਤਾਬਕ ਪੰਜਾਬ ਵਿੱਚ 1000 ਮੁੰਡਿਆਂ ਪਿੱਛੇ 893 ਕੁੜੀਆਂ ਹਨ ਤੇ 6 ਸਾਲ ਤੱਕ ਦੇ ਬੱਚਿਆਂ 'ਚ ਇਹ 846/1000 ਹੈ। ਸੂਬੇ ਵਿੱਚ ਔਰਤਾਂ ਦੀ ਸਾਖ਼ਰਤਾ ਦਰ 70.7 ਫੀਸਦੀ ਹੈ ਜਦਕਿ ਮਰਦਾਂ ਲਈ ਇਹ 80.4 ਫੀਸਦੀ ਹੈ। ਸਰਕਾਰੀ ਨੌਕਰੀਆਂ 'ਚ ਵੀ ਔਰਤਾਂ ਸਿਰਫ 25.4 ਫੀਸਦੀ ਹਨ। ਇਸਦੇ ਨਾਲ ਹੀ ਛੇੜਛਾੜ, ਬਲਾਤਕਾਰ, ਦਹੇਜ ਲਈ ਕਤਲ, ਅਣਖ ਲਈ ਕਤਲ ਆਦਿ ਜਿਹੇ ਔਰਤਾਂ ਵਿਰੁੱਧ ਜੁਰਮ ਵੀ ਇੱਥੇ ਵੱਡੀ ਗਿਣਤੀ ਵਿੱਚ ਹੁੰਦੇ ਹਨ। ਇਹਨਾਂ ਹਾਲਤਾਂ ਨੂੰ ਸੁਧਾਰਨ ਲਈ ਇੱਕ ਲੋੜ ਇਹ ਵੀ ਹੈ ਕਿ ਸਿੱਖਿਆ, ਰੁਜ਼ਗਾਰ ਤੇ ਸਮਾਜਿਕ ਜੀਵਨ ਦੇ ਹਰ ਖੇਤਰ ਵਿੱਚ ਔਰਤਾਂ ਨੂੰ ਅੱਗੇ ਆਉਣ ਦਾ ਮੌਕਾ ਮਿਲੇ। ਬੇਸ਼ੱਕ ਸਮਾਜਿਕ ਵਿਕਾਸ ਤੇ ਲੋਕ ਚੇਤਨਤਾ ਸਦਕਾ ਕੁੜੀਆਂ ਦੇ ਇੱਕ ਹਿੱਸੇ ਨੂੰ ਘਰਾਂ 'ਚੋਂ ਬਾਹਰ ਨਿੱਕਲ਼ ਕੇ ਪੜ੍ਹਨ-ਲਿਖਣ ਤੇ ਕੰਮਕਾਰ ਕਰਨ ਦੇ ਮੌਕੇ ਮਿਲ਼ੇ ਹਨ ਪਰ ਹਾਲੇ ਵੀ ਇੱਕ ਵੱਡੇ ਹਿੱਸੇ ਲਈ ਇਹ ਸਭ ਸੁਪਨਾ ਹੀ ਬਣਿਆ ਹੋਇਆ ਹੈ। ਇਸ ਨੁਕਤੇ 'ਤੇ ਆ ਕੇ ਸਾਡੀਆਂ ਸਰਕਾਰਾਂ ਦੀ ਜ਼ਿੰਮੇਵਾਰੀ ਸ਼ੁਰੂ ਹੁੰਦੀ ਹੈ। ਹਰ ਨਾਗਰਿਕ ਨੂੰ ਮੁਫਤ ਸਿੱਖਿਆ ਮੁਹੱਈਆ ਕਰਵਾਉਣਾ ਸਰਕਾਰ ਦਾ ਫਰਜ਼ ਬਣਦਾ ਹੈ ਕਿਉਂਕਿ ਸਰਕਾਰ ਕਰਾਂ ਦੇ ਰੂਪ ਵਿੱਚ ਲੋਕਾਂ ਤੋਂ ਬਹੁਤ ਸਾਰਾ ਪੈਸਾ ਵਸੂਲਦੀਆਂ ਹਨ ਜੋ ਲੋਕ ਭਲਾਈ ਦੇ ਕੰਮਾਂ ਲਈ ਹੀ ਵਰਤਿਆ ਜਾਣਾ ਚਾਹੀਦਾ ਹੈ। ਪਰ ਸਾਡੀਆਂ ਸਰਕਾਰਾਂ ਨੇ ਇਹ ਫਰਜ਼ ਪੂਰਾ ਕਰਨ ਦੀ ਥਾਂ ਸਿੱਖਿਆ ਨੂੰ ਵਪਾਰ ਦੀ ਵਸਤ ਵਿੱਚ ਬਦਲ ਦਿੱਤਾ ਹੈ ਜਿਸਦੇ ਨਤੀਜੇ ਵਜੋਂ ਇੱਕ ਪਾਸੇ ਗਿਣਤੀ ਦੀਆਂ ਸਰਕਾਰੀ ਵਿੱਦਿਅਕ ਸੰਸਥਾਵਾਂ ਵਿੱਚ ਵੀ ਫੀਸ ਵਸੂਲੀ ਜਾਂਦੀ ਹੈ ਤੇ ਦੂਜੇ ਪਾਸੇ ਪੜ੍ਹਾਈ ਦੇ ਨਾਮ 'ਤੇ ਨਿੱਜੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਜਿਹੀਆਂ ਦੁਕਾਨਾਂ ਧੜਾਧੜ ਖੁੱਲ੍ਹ ਰਹੀਆਂ ਹਨ ਜਿੱਥੇ ਮਣਾਂਮੂੰਹੀ ਫੀਸ ਵਸੂਲੀ ਜਾਂਦੀ ਹੈ ਜੋ ਅਦਾ ਕਰਨਾ ਬਹੁਗਿਣਤੀ ਪਰਿਵਾਰਾਂ ਦੇ ਵੱਸ ਦੀ ਗੱਲ ਨਹੀਂ ਹੈ। ਪੂਰੇ ਦੇਸ਼ ਵਾਂਗ ਜਿਸ ਤਰ੍ਹਾਂ ਦਾ ਆਰਥਿਕ ਪਾੜਾ ਪੰਜਾਬ ਵਿੱਚ ਮੌਜੂਦਾ ਹੈ ਉਸ ਵਿੱਚ ਬਹੁਗਿਣਤੀ ਅਬਾਦੀ ਉੱਚ-ਸਿੱਖਿਆ ਦੇ ਖਰਚੇ ਨਹੀਂ ਚੱਕ ਸਕਦੀ। ਡਾਕਟਰੀ, ਇੰਜਨੀਅਰਿੰਗ, ਕਾਰੋਬਾਰ ਆਦਿ ਦੀ ਪੜ੍ਹਾਈ ਦਾ ਖਰਚਾ ਦੇਣਾ ਮੱਧਵਰਗ ਤੱਕ ਦੇ ਪਰਿਵਾਰਾਂ ਲਈ ਵੀ ਸੌਖਾ ਨਹੀਂ ਹੈ। ਅਨੇਕਾਂ ਪਰਿਵਾਰ ਅਜਿਹੇ ਹਨ ਜਿਹਨਾਂ ਕੋਲ ਜੇ ਇੱਕ ਬੱਚੇ ਦੀ ਪੜ੍ਹਾਈ ਦਾ ਖਰਚਾ ਚੱਕਣ ਜੋਗਰੇ ਸਾਧਨ ਹੋਣ ਤਾਂ ਉਹ ਮੁੰਡੇ ਨੂੰ ਪੜ੍ਹਾਉਣ ਤੇ ਕੁੜੀ ਨੂੰ ਘਰੇ ਬਿਠਾਉਣ ਨੂੰ ਪਹਿਲ ਦਿੰਦੇ ਹਨ। ਇੰਝ ਸਰਕਾਰਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਦੀ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦੀ ਸਭ ਤੋਂ ਵੱਧ ਮਾਰ ਕੁੜੀਆਂ ਉੱਪਰ ਹੀ ਪਈ ਹੈ। ਇਸ ਕਰਕੇ ਸਿੱਖਿਆ ਸਬੰਧੀ ਸੁਧਾਰਾਂ ਵਿੱਚ ਵੀ ਉਹਨਾਂ ਨੂੰ ਪਹਿਲ ਦੇਣੀ ਚਾਹੀਦੀ ਹੈ।

ਹੁਣ ਕਾਂਗਰਸ ਸਰਕਾਰ ਨੇ ਕੁੜੀਆਂ ਨੂੰ ਸਿੱਖਿਆ ਦੇਣ ਦਾ ਜੋ ਵਾਅਦਾ ਕੀਤਾ ਹੈ ਇਹ ਕੋਈ ਅਹਿਸਾਨ ਨਹੀਂ ਹੈ ਸਗੋਂ ਸਾਡਾ ਹੱਕ ਹੈ। ਇਹ ਹੱਕ ਵੀ ਸਰਕਾਰ ਤੋਹਫੇ ਵਿੱਚ ਨਹੀਂ ਦੇ ਰਹੀ ਸਗੋਂ ਇਹ ਵਿਦਿਆਰਥੀ ਸੰਘਰਸ਼ਾਂ ਦੀ ਲੰਮੀ ਪ੍ਰੰਪਰਾ ਦਾ ਨਤੀਜਾ ਹੈ। ਇਤਿਹਾਸ ਗਵਾਹ ਹੈ ਕਿ ਵਿਦਿਆਰਥੀਆਂ ਨੂੰ ਬੱਸ ਪਾਸ, ਸਕਾਲਰਸ਼ਿਪ ਆਦਿ ਜਿਹੇ ਜੋ ਵੀ ਹੱਕ ਮਿਲ਼ੇ ਹਨ ਉਹ ਸਰਕਾਰਾਂ ਨੇ ਆਪਣੀ ਮਰਜ਼ੀ ਨਾਲ਼ ਨਹੀਂ ਦਿੱਤੇ ਸਗੋਂ ਵਿਦਿਆਰਥੀ ਸੰਘਰਸ਼ਾਂ ਦਾ ਹੀ ਨਤੀਜਾ ਹਨ। ਸਾਨੂੰ ਇਹਨਾਂ ਸਰਕਾਰਾਂ ਦਾ ਇਹ ਇਤਿਹਾਸ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸਰਮਾਏਦਾਰਾਂ, ਧਨਾਢਾਂ ਦੀਆਂ ਸੇਵਾ ਲਈ ਤਾਂ ਇੱਕ-ਦੂਜੇ ਤੋਂ ਵਧ-ਚੜ੍ਹ ਕੇ ਅੱਗੇ ਆਉਂਦੀਆਂ ਰਹੀਆਂ ਹਨ ਤੇ ਆਮ ਲੋਕਾਂ ਨੂੰ ਐਲਾਨਾਂ ਤੇ ਲਾਰਿਆਂ ਨਾਲ਼ ਹੀ ਠੰਢੇ ਕਰੀ ਰੱਖਣ ਦੀ ਨੀਤੀ ਅਪਣਾਈ ਹੈ। ਸਾਡੇ ਸੂਬੇ ਦੇ ਸਰਕਾਰੀ ਸਿੱਖਿਆ ਪ੍ਰਬੰਧ ਦਾ ਹਾਲ ਸਾਡੇ ਸਾਹਮਣੇ ਹੀ ਹੈ। ਸਰਕਾਰੀ ਸਕੂਲਾਂ ਦੀ ਹਾਲਤ ਇਸ ਹੱਦ ਤੱਕ ਨਿੱਘਰੀ ਪਈ ਹੈ ਕਿ ਅਜ਼ਾਦੀ ਦੇ 70 ਸਾਲ ਬੀਤਣ ਮਗਰੋਂ ਵੀ ਅਨੇਕਾਂ ਸਕੂਲਾਂ ਵਿੱਚ ਕਮਰੇ, ਪੀਣ ਲਈ ਸਾਫ ਪਾਣੀ ਤੇ ਕਿਤਾਬਾਂ ਜਿਹੀਆਂ ਬੁਨਿਆਦੀ ਸਹੂਲਤਾਂ ਲਈ ਤਰਸ ਰਹੇ ਹਨ। ਅਧਿਆਪਕਾਂ ਦੀ ਘਾਟ ਤਾਂ ਇੱਕ ਸਰਵ-ਵਿਆਪੀ ਸਮੱਸਿਆ ਬਣੀ ਹੋਈ ਹੈ। ਸਰਕਾਰੀ ਕਾਲਜ, ਯੂਨੀਵਰਸਿਟੀਆਂ ਚਲਾਉਣ ਤੋਂ ਵੀ ਸੂਬਾ ਸਰਕਾਰ ਲਗਾਤਾਰ ਭੱਜ ਰਹੀ ਹੈ ਤੇ ਇਹਨਾਂ ਨੂੰ ਦਿੱਤੀ ਜਾਂਦੀ ਗ੍ਰਾਂਟ ਨੂੰ ਘਟਾ ਕੇ ਇਹਨਾਂ ਨੂੰ ਵਿਦਿਆਰਥੀਆਂ ਦੀਆਂ ਫੀਸਾਂ ਆਸਰੇ ਚੱਲਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਚਾਹੇ ਕਾਂਗਰਸ ਰਹੀ ਹੋਵੇ ਚਾਹੇ ਅਕਾਲੀ ਸਭ ਸਰਕਾਰਾਂ ਦਾ ਸਿੱਖਿਆ ਪ੍ਰਤੀ ਇਹੋ ਬੇਰੁਖੀ ਵਾਲਾ ਰਵੱਈਆ ਰਿਹਾ ਹੈ। ਅਜਿਹੇ ਮਹੌਲ ਵਿੱਚ ਕਾਂਗਰਸ ਵੱਲੋਂ ਕੀਤਾ ਕੁੜੀਆਂ ਦੀ ਮੁਫਤ ਸਿੱਖਿਆ ਦਾ ਵਾਅਦਾ ਵੀ ਕਿਤੇ ਕੋਈ ਲਾਰਾ ਜਾਂ ਨਿਰੋਲ ਚੋਣ ਸਟੰਟ ਬਣਕੇ ਨਾ ਰਹਿ ਜਾਵੇ ਇਸ ਲਈ ਵਿਦਿਆਰਥੀ ਵਰਗ ਸਿਰ ਜ਼ਿੰਮੇਵਾਰੀ ਹੈ ਕਿ ਇਸ ਵਾਅਦੇ ਨੂੰ ਲਾਗੂ ਕਰਵਾਉਣ ਲਈ ਜਥੇਬੰਦ ਹੋਕੇ ਹੰਭਲਾ ਮਾਰਿਆ ਜਾਵੇ। ਸਾਡੀ ਇਹ ਵੀ ਮੰਗ ਹੈ ਕਿ ਇਹ ਵਾਅਦਾ ਇਸੇ ਸਾਲ ਤੋਂ ਲਾਗੂ ਕੀਤਾ ਜਾਵੇ ਤੇ ਸਭ ਵਿਦਿਆਰਥਣਾਂ ਤੋਂ ਲਈ ਫੀਸ ਵਾਪਸ ਕੀਤੀ ਜਾਵੇ। ਅਸੀਂ ਸਭ ਸੰਵੇਦਨਸ਼ੀਲ, ਊਰਜਾਵਾਨ, ਚਿੰਨਤਸ਼ੀਲ ਤੇ ਬਹਾਦਰ ਵਿਦਿਆਰਥੀਆਂ ਨੂੰ ਸੱਦਾ ਦਿੰਦੇ ਹਾਂ ਕਿ ਆਉ ਜਥੇਬੰਦ ਹੋਕੇ ਇਸ ਵਾਅਦੇ ਨੂੰ ਲਾਗੂ ਕਰਵਾਉਣ ਦੀ ਲੜਾਈ ਲੜੀਏ।

## ਸਾਨੂੰ ਏਹੋ ਜਿਹੀ ਦੇਸ਼ਭਗਤੀ ਦੀ ਲੋੜ ਨਹੀਂ

ਰਜਿੰਦਰ ਸਿੰਘ*



ਭਗਵੇਂ ਟੋਲੇ ਦਾ ਹਰ ਦੂਜੇ ਦਿਨ ਫੁਰਮਾਨ ਆਉਂਦਾ ਪਾਕਿਸਤਾਨ ਚਲੇ ਜਾਓ, ਪਾਕਿਸਤਾਨ ਚਲੇ ਜਾਓ। ਪਾਕਿਸਤਾਨ ਨੂੰ ਗਾਲਾਂ ਕੱਢਣੀਆਂ, ਪਾਕਿਸਤਾਨ ਦੇ ਨਾਮ 'ਤੇ ਅੱਖਾਂ ਲਾਲ ਕਰਕੇ ਟੀ.ਵੀ. ਚੈਨਲ 'ਤੇ ਜ਼ਹਿਰ ਉਗਲਣਾ ਦੇਸ਼ਭਗਤੀ ਦਾ ਪੈਮਾਨਾ ਬਣਾ ਦਿੱਤਾ ਗਿਆ ਹੈ।

ਪਰ ਇਸ ਦੇਸ਼ ਭਗਤੀ ਦੀ ਲਿਫਾਫੇਬਾਜ਼ੀ ਦੇ ਉਲਟ ਜੋ ਸ਼ਾਇਦ 'ਦੇਸ਼ ਧ੍ਰੋਹ' ਦੇ ਘੇਰੇ 'ਚ ਆਉਂਦਾ, ਉਹ ਹੈ ਪਾਕਿਸਤਾਨ ਦਾ ਜ਼ਿਕਰ ਕਰਦਿਆਂ ਅੱਖਾਂ ਭਰ ਲੈਣਾ, ਪਾਕਿਸਤਾਨ ਜਾ ਕੇ ਆਪਣੀ ਜੰਮਣ ਭੋਇੰ ਨੂੰ ਤੱਕਣ ਦੀ ਅਧੂਰੀ ਰੀਝ ਨਾਲ ਮਨ ਮਸੋਸਿਆ ਜਾਣਾ।

ਇਹਨਾਂ 'ਚ ਇੱਕ ਮੇਰੇ ਨਾਨਾ ਜੀ ਸ. ਮਿਲਖਾ ਸਿੰਘ ਬਰਿਆਰ ਸਨ, ਜੋ ਦੇਸ਼ ਦੀ ਵੰਡ ਨੂੰ ਚਾਰ ਦਿਨਾਂ ਦਾ ਰੌਲਾ ਸਮਝ ਕੇ ਆਪਣਾ ਪਿੰਡ ਛੱਡ ਕੇ ਤੇ ਸੋਚਦੇ ਰਹੇ ਕਦੇ ਮੁਲਕ ਵੀ ਵੰਡੇ ਜਾਂਦੇ ਆ, ਚਾਰ ਦਿਨਾਂ ਨੂੰ ਘਰੀਂ ਪਰਤ ਜਾਣਾ ਪਰ 70 ਸਾਲ ਬੀਤ ਜਾਣ 'ਤੇ ਵੀ ਉਹ ਚਾਰ ਦਿਨ ਨਾ ਬੀਤੇ ਤੇ ਉਹ ਘਰੀਂ ਪਰਤ ਨਾ ਸਕੇ।

70 ਸਾਲ ਏਥੇ ਗੁਜਾਰਨ ਤੋਂ ਬਾਅਦ ਵੀ ਆਪਣੀ ਪਛਾਣ ਉਥੇ ਹੀ ਜੋੜੀ ਰੱਖੀ ਜਿੱਥੇ ਮਾਂ-ਬਾਪ ਨੇ ਖਿਡਾਇਆ, ਜਿੱਥੇ ਬਚਪਨ ਬੀਤਿਆ, ਪੜ੍ਹੇ-ਲਿਖੇ। ਜਦੋਂ ਪੁੱਛਿਆ, "ਬਾਪੂ ਜੀ ਕਿਹੜਾ ਪਿੰਡ ਸੀ" ਖੁਸ਼ ਹੋ ਕੇ ਅੱਖਾਂ 'ਚ ਚਮਕ ਲਿਆ ਕੇ ਦੱਸਣਾ ਪਿੰਡ ਥੇਹ ਸਹਾਰਨ ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ। ਲਹੌਰੀਏ ਕਹਾਉਣਾ ਮਾਣ ਕਰਨਾ ਸੀ ਨਾ ਕਿ ਦੇਸ਼ ਧ੍ਰੋਹ। ਕਹਿੰਦੇ ਜਿਹਨੇ ਲਾਹੌਰ ਨੀ ਵੇਖਿਆ ਉਹ ਜੰਮਿਆ ਹੀ ਨਹੀਂ।

ਬਾਪੂ ਨੇ ਹਮੇਸ਼ਾ ਪੰਜਾਬੀ ਪੜ੍ਹੀ ਗੁਰਮੁਖੀ ਲਿਪੀ 'ਚ ਤੇ ਲਿਖੀ ਹਮੇਸ਼ਾ ਸ਼ਾਹਮੁਖੀ ਲਿਪੀ 'ਚ। ਪੰਜਾਬੀ ਸਿੱਖਾਂ ਦੀ ਉਰਦੂ ਮੁਸਲਮਾਨਾਂ ਦੀ ਇਹ ਫ਼ਿਰਕੂ ਸਮਝ ਕਦੇ ਨੇੜੇ ਦੀ ਵੀ ਨੀ ਲੰਘੀ। ਪਰ ਇਸ ਸਾਂਝ ਨੂੰ ਸੰਘੀਆਂ ਦਾ ਟੌਮੀ ਗੌਤਮ ਗੰਭੀਰ ਨਹੀਂ ਸਮਝ ਸਕਦਾ।

ਬਜ਼ੁਰਗ ਹੋ ਕੇ ਬੰਦੇ ਨੇ ਖਤਮ ਹੋਣਾ ਹੀ ਹੈ, ਪਰ ਉਸ ਨਾਲ ਖਤਮ ਹੋ ਜਾਂਦਾ ਹੈ ਤਜ਼ਰਬੇ ਦਾ ਉਹ ਖਜ਼ਾਨਾ ਜੋ ਉਹਨੇ ਆਪਣੇ ਹੱਡੀਂ ਹੰਢਾਇਆ ਹੁੰਦਾ ਹੈ। ਪਰ ਬਾਪੂ ਦਾ ਦੁੱਖ ਇਸ ਗੱਲ ਕਰਕੇ ਹੋਰ ਜਿਆਦਾ ਹੈ ਸਾਂਝੇ ਪੰਜਾਬ ਦੀ ਗੱਲ ਕਰਨ ਵਾਲੀ ਪੀੜ੍ਹੀ ਦੇ ਨੁਮਾਇੰਦੇ ਖਤਮ ਹੋ ਰਹੇ ਹਨ। ਮੇਰੇ ਇੱਕ ਪ੍ਰੋਫੈਸਰ ਦੋਸਤ ਨੇ ਪੰਜਾਬ ਦੇ ਦੁਖਾਂਤ 'ਤੇ ਇੱਕ ਯੂ.ਜੀ.ਸੀ. ਦੇ ਪ੍ਰਾਜੈਕਟ 'ਤੇ ਕੰਮ ਕਰ ਰਹੇ ਸਨ ਤਾਂ ਉਹਨਾਂ ਕਿਹਾ ਮੈਂ ਕੁਝ ਉਹਨਾਂ ਬਜ਼ੁਰਗਾਂ ਨੂੰ ਮਿਲਣਾ ਚਾਹੁੰਦਾ ਹਾਂ ਜਿਹਨਾਂ ਨੂੰ ਵੰਡ ਵੇਲੇ ਸੁਰਤ ਸੀ, ਅਸੀਂ ਜਿਹਨਾਂ ਬਜ਼ੁਰਗਾਂ ਨੂੰ ਮਿਲੇ ਬਾਪੂ ਉਹਨਾਂ 'ਚੋਂ ਇੱਕ ਸੀ ਪਰ ਸ਼ਾਇਦ ਇਹ ਪੀੜ੍ਹੀ ਦੇ ਬਜ਼ੁਰਗ 5-7 ਸਾਲਾਂ ਤੱਕ ਖਤਮ ਹੋ ਜਾਣਗੇ। ਜਿਹਨਾਂ ਗੁਆਂਢੀ ਦੇਸ਼ ਪ੍ਰਤੀ ਕਦੀ ਉਸ ਤਰ੍ਹਾਂ ਦੀ ਨਫ਼ਰਤ ਨਹੀਂ ਰੱਖੀ ਜਿਸ ਤਰ੍ਹਾਂ ਦੀ ਅੱਜ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਵਾਜ਼ ਸ਼ਰੀਫ ਦੇ ਪ੍ਰਧਾਨ ਮੰਤਰੀ ਬਣਨ 'ਤੇ ਤਰਨਤਾਰਨ ਦੇ ਜਾਤੀ ਉਮਰਾ ਪਿੰਡ ਵਿੱਚ ਲੱਡੂ ਵੰਡੇ ਜਾਂਦੇ ਹਨ ਕਿ ਸਾਡੇ ਪਿੰਡ ਦਾ ਮੁੰਡਾ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣ ਗਿਆ। ਜ਼ਰੂਰ ਇਹ ਕਿਸੇ ਬਜ਼ੁਰਗ ਦਾ ਖਿਆਲ ਹੀ ਹੋਵੇਗਾ ਜੋ ਕਦੇ ਇਧਰਲੇ-ਉਧਰਲੇ ਪੰਜਾਬ ਨੂੰ ਅਲੱਗ-ਅਲੱਗ ਨਾ ਚਿਤਵ ਸਕੇ। ਕੰਡਿਆਲੀ ਤਾਰ ਪਾਰ ਵਸਦੇ ਸੱਜਣਾਂ ਦੀਆਂ ਯਾਦਾਂ ਹਮੇਸ਼ਾ ਮਨ 'ਚ ਵਸਾਈ ਰੱਖੀਆਂ।

ਸਾਂਝੇ ਪੰਜਾਬ ਦੀ ਗੈਰ-ਫ਼ਿਰਕੂ ਸੂਝ ਬਾਪੂ ਦੀਆਂ ਕਹਾਣੀਆਂ 'ਚੋਂ ਆਮ ਦਿਖਦੀ ਸੀ। ਬਾਪੂ ਦੀਆਂ ਗੱਲਾਂ 'ਚ ਗੁਰੂ ਸਾਹਿਬਾਨ ਦੇ ਨਾਲ ਬਾਬਾ ਬੁੱਲ੍ਹੇ ਸ਼ਾਹ, ਇਨਾਇਤ ਸ਼ਾਹ ਵੀ ਹਾਜ਼ਰ ਰਹੇ। ਨਬੀ ਖਾਂ ਤੇ ਗਨੀ ਖਾਂ ਤੋਂ ਬਿਨਾਂ ਉੱਚ ਦਾ ਪੀਰ ਚਿਤਵਿਆ ਨਹੀਂ ਜਾ ਸਕਦਾ, ਇਹ ਸਾਂਝੇ ਪੰਜਾਬ ਦੀ ਰੂਹ ਹੈ। ਪਰ ਮੁਸਲਮਾਨਾਂ ਨੂੰ ਅੱਤਵਾਦੀਆਂ ਦੇ ਰੂਪ ਵਿੱਚ ਪੇਸ਼ ਕਰਦਾ ਮੌਜੂਦਾ ਸਿਆਸਤ ਦਾ ਉਹ ਖੰਜਰ ਹੈ ਜੋ ਪੰਜਾਬ ਦੀ ਰੂਹ ਵਿੱਚ ਖੋਭਿਆ ਜਾ ਰਿਹਾ ਹੈ। ਲੰਮਾ ਸਮਾਂ ਦਸਵੀਂ ਦੇ ਸਿਲੇਬਸ ਵਿੱਚ ਸੋਹਣ ਸਿੰਘ ਸ਼ੀਤਲ ਦੇ ਨਾਵਲ 'ਤੂਤਾਂ ਵਾਲਾ ਖੂਹ' 'ਚ ਸੱਜਣ ਸਿੰਘ ਤੇ ਇਲਮਦੀਨ ਦਾ ਤੂਤਾਂ ਵਾਲਾ ਖੂਹ ਧੰਨੇ ਸ਼ਾਹ ਨੇ ਉਜਾੜਿਆ। ਧੰਨੇ ਸ਼ਾਹ ਅੱਜ ਵੀ ਦਿੱਲੀ ਦਰਬਾਰ 'ਚ ਬੈਠਾ ਇਲਮਦੀਨਾਂ ਤੇ ਸੱਜਣ ਸਿੰਘਾਂ ਖ਼ਿਲਾਫ਼ ਗੋਂਦਾਂ ਗੁੰਦ ਰਿਹਾ ਹੈ।

ਬਾਪੂ ਕੋਲ ਕਈ ਮਸਲਿਆਂ ਦੀ ਕਮਾਲ ਦੀ ਜਾਣਕਾਰੀ ਸੀ, ਪੜ੍ਹਨ ਦੀ ਰੁਚੀ ਵੀ ਸੀ, ਕਿਸੇ ਵੀ ਮਸਲੇ 'ਤੇ ਬਹਿਸ, ਵਿਚਾਰ-ਚਰਚਾ ਹੋ ਸਕਦੀ ਸੀ। ਬਾਪੂ ਅੱਖੜ ਸੁਭਾਅ ਦਾ ਸੀ ਉਸਦੀਆਂ ਕਈ ਗੱਲਾਂ ਨਾਲ ਅਸਹਿਮਤੀ ਸੀ ਪਰ ਬਹੁਤ ਸਾਰੀਆਂ ਗੱਲਾਂ ਨਾਲ ਸਹਿਮਤੀ ਸੀ।

ਕਈ ਜਾਣਕਾਰੀਆਂ ਬਾਪੂ ਨੇ ਸਾਡੇ ਨਾਲ ਸਾਂਝੀਆਂ ਕੀਤੀਆਂ ਪਰ ਅਸੀਂ ਛੋਟੇ ਸੀ। ਕਈ ਗੱਲਾਂ ਅੱਜ ਸਮਝਦੇ ਬਹੁਤ ਕੀਮਤੀ ਸਨ। ਅੱਜ ਜਦੋਂ ਪੰਜਾਬ ਦੀ ਕਿਸਾਨੀ ਕਰਜ਼ੇ ਦੇ ਜਾਲ 'ਚ ਫਸੀ ਹੈ, ਕਰਜ਼ੇ ਮੁਆਫੀ ਦੀ ਗੱਲ ਕੀਤੀ ਜਾਂਦੀ ਹੈ ਤਾਂ ਕੁਝ ਲੋਕ ਸਰ ਛੋਟੂ ਰਾਮ ਦੀ ਗੱਲ ਕਰਦੇ ਹਨ।

ਬਾਪੂ ਨੇ ਦੱਸਿਆ ਕਿ ਛੋਟੂ ਰਾਮ ਜਦੋਂ ਪੜ੍ਹਦਾ ਸੀ ਤਾਂ ਉਹਦਾ ਬਾਪ ਸ਼ਾਹੂਕਾਰ ਕੋਲ ਫੀਸ ਲਈ ਪੈਸੇ ਲੈਣ ਗਿਆ ਤਾਂ ਉਹਨੇ ਪੈਸੇ ਦੇਣ ਦੀ ਬਜਾਇ ਉਹਦੇ ਤੋਂ ਸਾਰਾ ਦਿਨ ਪੱਖਾ ਘੁਮਾਇਆ। ਛੋਟੂ ਰਾਮ ਉਡੀਕ-ਉਡੀਕ ਕੇ ਆਪਣੇ ਬਾਪ ਨੂੰ ਦੇਖਣ ਗਿਆ ਤਾਂ ਉਹ ਸ਼ਾਹੂਕਾਰ ਦਾ ਪੱਖਾ ਗੇੜ ਰਿਹਾ ਸੀ। ਛੋਟੂ ਰਾਮ ਤੇ ਇਸ ਗੱਲ ਦਾ ਬਹੁਤ ਅਸਰ ਹੋਇਆ ਤੇ ਜਦੋਂ ਉਹ ਮਨਿਸਟਰ ਬਣਿਆ ਤਾਂ ਉਹ ਸ਼ਾਹੂਕਾਰਾਂ ਖ਼ਿਲਾਫ਼ ਅਤੇ ਕਿਸਾਨਾਂ ਦੇ ਪੱਖ ਵਿੱਚ ਖੜ੍ਹਦਾ ਰਿਹਾ।

ਬਾਪੂ ਕਸ਼ਮੀਰ ਮਸਲੇ 'ਤੇ ਵੀ ਸਮਝਦਾ ਸੀ ਕਿ ਕਸ਼ਮੀਰ ਤਾਂ ਨਹਿਰੂ ਹੋਰਾਂ ਧੱਕੇ ਨਾਲ ਭਾਰਤ ਵਿੱਚ ਮਿਲਾਇਆ ਪਰ ਉਹਨਾਂ ਨੂੰ ਲੱਗਦਾ ਸੀ ਕਿ ਭਾਰਤ ਨੇ ਸ਼ਾਇਦ ਇਹ ਛੱਡਣਾ ਨਹੀਂ।

ਪਾਕਿਸਤਾਨ ਦੇ ਖਿਡਾਰੀਆਂ ਦੀ ਤਾਰੀਫ ਕਰਨ ਨੂੰ ਦੇਸ਼ ਧ੍ਰੋਹ ਕਹਿਣ ਵਾਲੇ ਲੋਕ ਇਹ ਭੁੱਲ ਜਾਂਦੇ ਹਨ ਕਿ ਸਾਡਾ ਮਾਣ ਮਿਲਖਾ ਸਿੰਘ ਅਥਲੀਟ ਨੂੰ ਫਲਾਇੰਗ ਸਿੱਖ ਦਾ ਨਾਮ ਪਾਕਿਸਤਾਨ ਤੋਂ ਮਿਲਿਆ। ਉਹਦੀ ਜਨਮ ਭੋਇੰ ਵੀ ਪਾਕਿਸਤਾਨ ਹੈ। ਮੇਰਾ ਬਾਪੂ ਸ. ਮਿਲਖਾ ਸਿੰਘ ਬਾਰੇ ਗੱਲ ਕਰਦਿਆਂ ਫਲਾਇੰਗ ਸਿੱਖ ਮਿਲਖਾ ਸਿੰਘ ਯਾਦ ਆ ਜਾਂਦਾ ਤੇ ਨਾਲ ਹੀ 'ਭਾਗ ਮਿਲਖਾ ਭਾਗ' ਫ਼ਿਲਮ ਦਾ ਉਹ ਦ੍ਰਿਸ਼ ਜਦੋਂ ਮਿਲਖਾ ਸਿੰਘ ਪਾਕਿਸਤਾਨ ਦੌੜਨ ਜਾਂਦਾ ਤਾਂ ਉਹ ਆਪਣੇ ਪਿੰਡ ਚਲਾ ਜਾਂਦਾ ਤੇ ਉੱਥੇ ਗੋਡਿਆਂ ਭਾਰ ਆਪਣੇ ਘਰ ਕੋਲ ਬੈਠ ਭੁੱਬਾਂ ਮਾਰ ਕੇ ਰੋਂਦਾ ਹੈ ਤਾਂ ਉਹਦਾ ਬਚਪਨ ਦਾ ਇੱਕ ਦੋਸਤ ਉਸਨੂੰ ਪਛਾਣ ਲੈਂਦਾ ਤਾਂ ਉਹਨੂੰ ਚੁੱਪ ਕਰਾਉਂਦਿਆਂ ਕਹਿੰਦਾ ਹੈ ਕਿ, "ਮਿਲਖਿਆ ਲੋਕ ਨਹੀਂ ਮਾੜੇ ਹੁੰਦੇ, ਕਦੇ-ਕਦੇ ਸਮਾਂ ਹੀ ਮਾੜਾ ਹੋ ਜਾਂਦਾ ਹੈ।" ਇਹ ਦਰਦ, ਉਸ ਫਲਾਇੰਗ ਸਿੱਖ ਦਾ ਨਹੀਂ, ਇਹ ਦਰਦ ਮੇਰੇ ਬਾਪੂ ਦਾ ਨਹੀਂ, ਸਗੋਂ ਸਾਡੇ ਉਹਨਾਂ ਸਾਰੇ ਪੁਰਖਿਆਂ ਦਾ ਹੈ ਜਿਨ੍ਹਾਂ ਦੀ ਆਪਣੇ ਪਿੰਡ ਪਰਤਣ ਦੀ ਖਾਹਿਸ਼ ਵਿੱਚ ਜ਼ਿੰਦਗੀ ਗੁਜ਼ਰ ਗਈ।

ਲੋਕਾਂ ਤਾਂ ਵੰਡੀਆਂ ਪਾਈਆਂ ਨਹੀਂ, ਵੰਡੀਆਂ ਚਾਹੀਆਂ ਨਹੀਂ, ਲੋਕਾਂ ਦੀ ਸਾਂਝ ਕਿੰਨੀ ਗੂੜ੍ਹੀ ਹੈ। ਮੇਰਾ ਇੱਕ ਦੋਸਤ ਕੁਝ ਹੋਰ ਲੋਕ ਪਾਕਿਸਤਾਨ ਗਏ, ਘੁੰਮਦਿਆਂ ਲੇਟ ਹੋ ਗਏ, ਕਿਸੇ ਵਹੀਕਲ ਦਾ ਇੰਤਜਾਰ ਕਰ ਰਹੇ ਸੀ ਤਾਂ ਇੱਕ ਪੁਲੀਸ ਵਾਲੇ ਨੇ ਆ ਕੇ ਪੁੱਛਿਆ 'ਕਿੱਦਾਂ ਖੜ੍ਹੇ ਹੋ?' ਉਹਨਾਂ ਝਿਜਕਦਿਆਂ ਦੱਸਿਆ ਹੋਟਲ ਪਹੁੰਚਣਾ ਲੇਟ ਹੋ ਗਏ, ਇੰਡੀਆ ਤੋਂ ਆਏ ਹਾਂ। ਉਹਨੇ ਅੱਗੇ ਕਿਹਾ "ਤੁਸੀਂ ਤਾਂ ਸਾਡੇ ਮਹਿਮਾਨ ਜੇ, ਜਰਾ ਰੁਕੋ।" ਉਹਨਾਂ ਆਟੋ ਬੁਲਾਇਆ ਤੇ ਉਹਨੂੰ ਤਾਕੀਦ ਕੀਤੀ "ਪੈਸੇ ਨਾ ਵੱਧ ਲਵੀਂ, ਇਹ ਆਪਣੇ ਮਹਿਮਾਨ ਨੇ।" ਪਰ ਹੁਣ ਇਸ ਸਾਂਝ ਬਾਰੇ ਜ਼ਹਿਰ ਉਗਲਣ ਵਾਲੇ ਭਗਵੇਂ ਗੁੰਡੇ ਸੰਤ-ਮਹਾਤਮਾ ਤੇ ਸਾਂਝ ਬਾਰੇ ਗੱਲ ਕਰਨ ਵਾਲੇ ਦੇਸ਼-ਧ੍ਰੋਹੀ ਕਹੇ ਜਾਂਦੇ ਹਨ।

ਮੁੱਕਦੀ ਗੱਲ, ਆਪਣੇ ਹਿੱਸੇ ਦਾ ਬਾਪੂ ਹਮੇਸ਼ਾ ਸਾਡੇ ਮਨਾਂ 'ਚ ਰਹੇਗਾ ਤੇ ਮਨ 'ਚ ਰਹਿਣਗੀਆਂ ਸਾਂਝੇ ਪੰਜਾਬ ਦੀਆਂ ਬਾਪੂ ਦੀਆਂ ਦੱਸੀਆਂ ਗੱਲਾਂ। ਪੰਜਾਬ ਦਾ ਮਤਲਬ ਹੀ ਪੰਜ ਦਰਿਆ ਹੈ। ਪੰਜਾ ਬ ਦਾ ਅਰਥ ਤੋਂ ਅਨਰਥ ਹੋ ਜਾਵੇ ਜੇ ਇਸਨੂੰ ਅਲੱਗ ਅਲੱਗ ਦੇਖਿਆ ਜਾਵੇ।

ਪਾਕਿਸਤਾਨ ਨੂੰ ਮੁਰਦਾਬਾਦ ਕਹਿਣ ਦੀ 'ਦੇਸ਼ਭਗਤੀ' ਮੇਰੀ ਜੁੱਤੀ ਦੇ ਯਾਦ ਨਹੀਂ। ਬਾਬੇ ਨਾਨਕ ਤੇ ਆਪਣੇ ਪੁਰਖਿਆਂ ਦੀ ਜੰਮਣ ਭੋਇੰ ਨੂੰ ਮੁਰਦਾਬਾਦ ਕਹਿਣ ਦਾ ਘਟੀਆ ਖਿਆਲ ਕਦੇ ਮਨ 'ਚ ਨਹੀਂ ਆਵੇਗਾ। ਸ਼ਾਇਦ ਇਸ ਵਿਛੜਦੀ ਜਾ ਰਹੀ ਪੀੜ੍ਹੀ ਨੂੰ ਜ਼ਿੰਦਾ ਰੱਖਣ ਦਾ ਇਹੋ ਤਰੀਕਾ ਹੋਵੇ।

ਸੂਬਾ ਪ੍ਰਧਾਨ
ਪੰਜਾਬ ਸਟੂਡੈਂਟਸ ਯੂਨੀਅਨ
78378-22355

# Hundreds of Brampton-Springdale residents and community members attend the annual BBQ hosted by MPP Harinder Malhi







MPP Malhi hosted her annual BBQ for residents to meet with their local MPP and gather information from different community organizations at the Community Services Fair.

The event hosted residents of all ages that enjoyed the afternoon meeting with MPP Malhi and her staff from the constituency and Queens Park. Hundreds of residents came together at the annual BBQ at Brampton Soccer Centre. Community members relished the festivities as they enjoyed food, music and activities. There was plenty of entertainment provided by singers, a live DJ, face painting, and a clown that made balloon animals for children. Alongside the other activities was the always-popular Brampton Fire Truck and Police car with members of Brampton Fire Services and Peel Regional Police.

Alongside the BBQ, community members were able to meet with representatives of the various community partners and government organizations to take in helpful information at the community services fair.

**QUOTE**

"This year, the BBQ was a widely attended gathering, larger than in past years! Residents from across the riding came out to meet with me and my staff their local representative and learn more about the great work that is being done by different community organizations. I would like to personally thank everybody for taking time out of their weekend to attend the annual event and making it a successful one."

- Harinder Malhi, Member of Provincial Parliament, Brampton-Springdale

# ਦੇਖ ਆਪਣੇ ਨੇਕਾਂ ਦਾ ਕਾਰਾ, ਮਾਲ ਯਤੀਮਾਂ ਖਾ ਗਏ ਸਾਰਾ

**ਡੰਗ ਅਤੇ ਚੋਭਾਂ**



ਗੁਰਮੀਤ ਸਿੰਘ ਪਲਾਹੀ
98158-02070

ਖ਼ਬਰ ਹੈ ਕਿ ਅੰਨਾ ਵੰਡੇ ਰਿਉੜੀਆਂ ਮੁੜ ਮੁੜ ਆਪਣਿਆਂ ਨੂੰ ਦੇਹ ਵਾਲੀ ਪੰਜਾਬ ਦੀ ਇਹ ਕਹਾਵਤ ਨਗਰ ਨਿਗਮ ਲੁਧਿਆਣਾ ਉਤੇ ਬਿਲਕੁਲ ਠੀਕ ਬੈਠਦੀ ਹੈ, ਕਿਉਂਕਿ ਸਾਲ 2016 ਵਿੱਚ ਆਊਟ ਸੋਰਸਿੰਗ ਵਿੱਚ ਰੱਖੇ 8 ਐਸ.ਡੀ.ਓ. ਅਤੇ 16 ਜੂਨੀਅਰ ਇੰਜੀਨੀਅਰ, ਲੁਧਿਆਣਾ ਦੇ ਮੇਅਰ, ਐਮ. ਐਲ. ਏ. ਸ਼ਰਨਜੀਤ ਸਿੰਘ ਢਿੱਲੋਂ, ਅਤੇ ਸਾਬਕਾ ਮੰਤਰੀ ਅਨਿਲ ਜੋਸ਼ੀ ਦੇ ਰਿਸ਼ਤੇਦਾਰ ਅਤੇ ਸਿਫਾਰਸ਼ੀ ਹਨ। ਦੋ ਐਸ. ਡੀ. ਓ. ਅਤੇ ਤਿੰਨ ਜੂਨੀਅਰ ਇੰਜੀਨੀਅਰ ਤਾਂ ਇਹੋ ਜਿਹੇ ਹਨ ਜਿਹਨਾ ਦੀ ਯੋਗਤਾ ਵੀ ਪੋਸਟ ਲਈ ਪੂਰੀ ਨਹੀਂ ਹੈ। ਇਸਦੇ ਬਾਵਜੂਦ ਵੀ ਉਹ ਧੜੱਲੇ ਨਾਲ ਨੌਕਰੀ ਕਰ ਰਹੇ ਹਨ। ਖ਼ਬਰ ਹੈ ਕਿ ਇਹਨਾ ਮੁਲਾਜ਼ਮਾਂ ਦੀ ਭਰਤੀ ਲਈ ਕੋਈ ਵੀ ਇੰਟਰਵਿਊ ਨਹੀਂ ਸੀ ਲਈ ਗਈ ਅਤੇ ਨਾ ਹੀ ਉਹਨਾਂ ਦਾ ਨਾਮ ਰੁਜ਼ਗਾਰ ਦਫ਼ਤਰ ਵਿੱਚ ਮੌਜੂਦ ਹੈ। ਇਹ ਖੁਲਾਸਾ ਸੂਚਨਾ ਅਧਿਕਾਰ ਅਧੀਨ ਕਿਸੇ ਹਿਤੈਸ਼ੀ ਨੇ ਕੀਤਾ ਹੈ।

ਇੱਕ ਕਵੀ ਲਿਖਦੈ, "ਭ੍ਰਿਸ਼ਟਾਚਾਰ ਨੇ ਪੋਲਾ ਹੈ ਦੇਸ਼ ਕੀਤਾ, ਢੋਰਾ ਕਰੇ ਪੋਲਾ ਜੀਕੂੰ ਛੋਲਿਆਂ ਨੂੰ। ਜੀਹਦਾ ਦਾਅ ਲੱਗਦਾ, ਲਾਈ ਜਾ ਰਿਹਾ ਏ, ਛੱਡ ਸ਼ਰਮ ਹਯਾ ਤੇ ਓਹਲਿਆਂ ਨੂੰ"। ਇਥੇ ਤਾਂ ਜਿਧਰ ਵੇਖੋ, ਭ੍ਰਿਸ਼ਟਾਚਾਰ-ਬੇਇਨਸਾਫੀ। ਜਿਧਰ ਵੇਖੋਂ, ਭੁੱਖ-ਗਰੀਬੀ। ਜਿਧਰ ਵੇਖੋ, ਦੁੱਖ-ਮੁਸੀਬਤਾਂ। ਜਿਧਰ ਵੇਖੋ, ਨਸ਼ੇ-ਮਾਫੀਆ, ਲੁੱਟ-ਖਸੁੱਟ! ਉਂਜ ਭਾਈ ਇੱਕ ਨੂੰ ਕੀ ਰੋਂਦੇ ਹੋ, ਇਥੇ ਤਾਂ ਆਵਾ ਹੀ ਊਤਿਆ ਪਿਆ। ਇੱਟ ਚੁੱਕਿਆਂ, ਇਥੇ ਨੇਤਾ ਮਿਲਦਾ। ਦੂਜੀ ਇੱਟ ਚੁੱਕਿਆਂ ਇਥੇ ਨੇਤਾ ਦਾ ਦਲਾਲ ਮਿਲਦਾ। ਜਦੋਂ ਯੁੱਗ ਦਲਾਲੀ ਦਾ ਹੋਵੇ, ਫਿਰ ਯੋਗਤਾ ਦਾ ਕੀ ਮੁੱਲ? ਯੋਗਤਾ ਚਾਹੀਦੀ ਆ, ਨੇਤਾ ਦੀ ਰਿਸ਼ਤੇਦਾਰੀ। ਯੋਗਤਾ ਚਾਹੀਦੀ ਆ, ਨੇਤਾ ਦੀ ਚਾਪਲੂਸੀ। ਯੋਗਤਾ ਚਾਹੀਦੀ ਆ, ਧੰਨ ਖਰਚਣ ਦੀ। ਉਂਜ ਵੇਖੋ ਆਪਣੇ ਇਹਨਾ ਨੇਕਾਂ ਦਾ ਕਾਰਾ, ਮਾਲ ਯਤੀਮਾਂ ਦਾ ਖਾ ਗਏ ਸਾਰਾ। ਕਿਉਂਕਿ ਭਾਈ ਹਿੰਦੋਸਤਾਨ ਦੀ ਜਨਤਾ ਯਤੀਮ ਆ, ਜੀਹਦਾ ਬਾਲੀ-ਵਾਰਸ ਹੀ ਕੋਈ ਨਾ। ਨਾ ਕੋਈ ਸਮਾਜ ਸੁਧਾਰਕ! ਨਾ ਕੋਈ ਕਵੀ, ਵਿਦਵਾਨ ਅਤੇ ਹੁਣ ਤਾਂ ਇੰਜ ਵੀ ਲੱਗਣ ਲੱਗ ਪਿਆ ਹੈ ਕਿ ਹੁਣ ਤਾਂ ਦੁਨੀਆ ਦਾ ਰਚੇਤਾ ਵੀ ਬਾਲੀਵਾਰਸ ਨਹੀਂ ਰਿਹਾ ਇਹਨਾ ਯਤੀਮਾਂ ਦਾ।

**ਆਓ ਦੇਸ਼ ਨੂੰ ਖੰਡ ਖੰਡ ਕਰੀਏ**

ਖ਼ਬਰ ਹੈ ਕਿ ਯੂ.ਪੀ. ਦੇ ਗੋਰਖਪੁਰ ਵਿੱਚ ਸਰਕਾਰੀ ਹਸਪਤਾਲ ਵਿਚ 30 ਬੱਚੇ ਖ਼ੂਨ ਦੀ ਕਮੀ, ਦਮ ਘੁੱਟਣ ਨਾਲ ਇਕੋ ਵੇਲੇ ਮਾਰੇ ਗਏ। ਪਰ ਸੁਨਣ ਵਿੱਚ ਆਉਂਦਾ ਹੈ ਕਿ ਇਹ ਗਿਣਤੀ 45 ਜਾਂ 70 ਬੱਚਿਆਂ ਤੱਕ ਦੀ ਵੀ ਹੋ ਸਕਦੀ ਹੈ। ਸੂਬੇ ਦੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਦੋਸ਼ੀਆਂ ਨੂੰ ਬਖਸ਼ਣਗੇ ਨਹੀਂ, ਉਹਨਾ ਕਿਹਾ ਕਿ ਮੌਤਾਂ ਆਕਸੀਜਨ ਦੀ ਕਮੀ ਨਾਲ ਨਹੀਂ ਹੋਈਆਂ ਜਦਕਿ ਇਕ ਦਿਨ ਪਹਿਲਾ ਰਿਪੋਰਟ ਛਾਪੀ ਸੀ ਕਿ ਮੌਤਾਂ ਆਕਸੀਜਨ ਦੀ ਸਪਲਾਈ ਨਾ ਹੋਣ ਕਾਰਨ ਹੋਈਆਂ ਹਨ। ਸਰਕਾਰ ਨੇ 68 ਲੱਖ ਰੁਪਏ ਗੈਸ ਏਜੰਸੀ ਦੇ ਦੇਣੇ ਸਨ ਪਰ ਸਰਕਾਰ ਦੇ ਨਹੀਂ ਸੀ ਰਹੀ ਤੇ ਕੰਪਨੀ ਨੇ ਗੈਸ ਸਪਲਾਈ ਬੰਦ ਕਰ ਦਿੱਤੀ। ਯਾਦ ਰਹੇ ਕਿ ਮਰਨ ਵਾਲੇ ਬੱਚਿਆਂ ਵਿੱਚ 17 ਬੱਚੇ ਇਹੋ ਜਿਹੇ ਸਨ, ਜਿਹਨਾ ਦੀ ਉਮਰ ਹਾਲੀ 15 ਜਾਂ 17 ਦਿਨ ਸੀ ਅਤੇ ਉਹਨਾ ਦਾ ਨਾਮਕਰਨ ਵੀ ਨਹੀਂ ਸੀ ਹੋਇਆ। ਖ਼ਬਰ ਹੈ ਕਿ ਜਾਂਚ ਜਾਰੀ ਹੈ ਸਰਕਾਰੀ ਤੌਰ ਤੇ ਪਰ ਕਾਰਵਾਈ ਕੋਈ ਨਹੀਂ ਹੋ ਰਹੀ।

ਜੋ ਸ਼ਾਸ਼ਕ ਦੋਸ਼ੀਆਂ ਨੂੰ ਦੰਡ ਨਹੀਂ ਦਿੰਦਾ, ਬਾਅਦ ਵਿੱਚ ਉਹੀ ਦੰਡ ਭੁਗਤਦਾ ਹੈ ਵਾਲੀ ਗੱਲ ਵੀ ਭਾਈ ਹੁਣ ਖ਼ਤਮ ਸਮਝੋ ਅਖੰਡ ਭਾਰਤ ਵਿੱਚ ਇਥੇ ਜੇ ਰਹਿਣਾ ਹੈ ਬੰਦੇ ਮਾਤਰਮ ਕਹਿਣਾ ਹੈ! ਇਥੇ ਤਾਂ ਇੱਕ ਦੇਸ਼ ਹੈ ਇਕ ਟੈਕਸ ਹੈ। ਇਥੇ ਤਾਂ ਇੱਕ ਦੇਸ਼ ਹੈ ਇਕੋ ਸਭਿਆਚਾਰ ਦੀ ਗੱਲ ਹੋ ਰਹੀ ਹੈ। ਇਥੇ ਤਾਂ ਇੱਕ ਸ਼ਾਸ਼ਕ ਹੈ, ਬਾਕੀ ਸਾਰੇ ਘਟਾਉ ਹੋਏ ਪਏ ਹਨ। ਇਥੇ ਯੋਗੀ ਸ਼ਾਸ਼ਕ ਹਨ ਜਿਹੜੇ ਦਿਨ ਰਾਤ ਯੋਗ ਕਰਦੇ ਹਨ। ਉਪਰਲੇ ਦੀ ਮਹਿੰਮਾਂ ਗਾਉਂਦੇ ਹਨ। ਭਗਤਾਂ ਨੂੰ ਪ੍ਰਸ਼ਾਦ ਦਿੰਦੇ ਹਨ। ਅੱਖਾਂ ਮੀਟ ਕੇ ਸਮਾਧੀ ਲਾਉਂਦੇ ਹਨ। ਆਲੇ ਦੁਆਲੇ ਕੀ ਵਾਪਰ ਰਿਹਾ, ਇਸ ਤੋਂ ਕੰਨੀ ਕਤਰਾਉਂਦੇ ਹਨ। ਤਦੇ ਤਾਂ ਲੋਕ ਆਖਦੇ ਹਨ ਇਹ ਸ਼ਾਸ਼ਕ ਨਹੀਂ, ਭਾਸ਼ਕ ਹਨ। ਭਾਸ਼ਨ ਦਿੰਦੇ ਹਨ। ਆਪ ਰੋਂਦੇ ਹਨ। ਲੋਕਾਂ ਨੂੰ ਰੁਆਉਂਦੇ ਹਨ। ਫਿਰ ਆਪੋ-



ਆਪਣੀਆਂ "ਝੁਗੀਆਂ" 'ਚ ਵੜ ਆਰਾਮ ਫਰਮਾਉਂਦੇ ਹਨ। ਕੋਈ ਮਰੇ , ਕੋਈ ਜੀਵੇ, ਇਹਨਾ ਨੂੰ ਕੀ! ਇਹਨਾ ਅਨੁਸਾਰ ਜਿੰਨੀ ਮਨੁੱਖ ਦੀ ਲਿਖੀ ਹੋਈ ਆ ਉਪਰਲੇ ਨੇ, ਉਹੀ ਭੋਗਣੀ ਆ, ਮਨੁੱਖ ਨੇ, ਸ਼ਾਸ਼ਕ ਕੀ ਕਰ ਸਕਦੇ ਹਾਂ? ਭਾਸ਼ਕ ਕੀ ਕਰ ਸਕਦੇ ਆ? ਉਹਨਾ ਜ਼ੁੰਮੇ ਤਾਂ ਇਹੋ ਕੰਮ ਲਾਇਆ ਮੋਦੀ-ਸ਼ਾਹ ਨੇ ਆ ਦੇਸ਼ ਨੂੰ ਖੰਡ-ਖੰਡ ਕਰੀਏ, ਸਦਾਚਾਰ ਇਖਲਾਕ ਵੱਲ ਕੰਡ ਕਰੀਏ"। ਤੇ ਆਪਣੇ ਯੋਗੀ ਜੀ ਇਹੋ ਫਰਜ਼ ਨਿਭਾ ਰਹੇ ਆ।

**ਨਸ਼ੇ ਜਵਾਨੀ, ਨਸ਼ਿਓਂ ਹਰ ਗਏ, ਮਾਵਾਂ ਜਿੰਦਾ, ਪੁੱਤਰ ਮਰ ਗਏ**

ਖ਼ਬਰ ਹੈ ਕਿ ਬਾਵਜੂਦ ਛੋਟੇ ਮੋਟੇ ਨਸ਼ਾ ਤਸਕਰ ਫੜੇ ਜਾਣ ਦੇ, ਪੰਜਾਬ ਵਿਚੋਂ ਨਸ਼ੇ ਮੁੱਕ ਨਹੀਂ ਰਹੇ ਤੇ ਇਹ ਵੀ ਖ਼ਬਰ ਹੈ ਕਿ ਸਰਕਾਰੀ ਏਅਰ ਲਾਈਨ ਏਅਰ ਇੰਡੀਆ ਦੇ ਇਕ ਅਮਲਾ ਮੈਂਬਰ ਨੂੰ ਕਸਟਮਜ਼ ਅਧਿਕਾਰੀਆਂ ਨੇ ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਦੇ ਦੋਸ਼ ਹੇਠ ਕਾਬੂ ਕੀਤਾ। ਏਅਰ ਇੰਡੀਆ ਦੀ ਉਡਾਣ ਦੀ ਖਾਣਾ ਲੈ ਜਾਣ ਵਾਲੀ ਰੇਹੜੀ ਵਿਚੋਂ ਤਕਰੀਬਨ ਦੋ ਕਿਲੋ ਗਾਜਾਂ ਇੱਕ ਅਮਲਾ ਮੈਂਬਰ ਕੋਲੋ ਫੜਿਆ ਗਿਆ ਹੈ। ਉਧਰ ਕੈਨੇਡਾ ਦੇ ਬਰੈਂਪਟਨ ਦੇ ਹਰਿੰਦਰ ਧਾਲੀਵਾਲ ਨੂੰ ਨਸ਼ਾ ਤਸਕਰੀ ਦੇ ਪੁਰਾਣੇ ਕੇਸ ਤਹਿਤ ਅਮਰੀਕਾ ਵਿਚ 20 ਸਾਲ ਕੈਦ ਦੀ ਸਜਾ ਸੁਣਾਈ ਹੈ। ਉਸ 'ਤੇ 1300 ਮਿਲੀਅਨ ਡਾਲਰਾਂ ਦੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਸਾਬਤ ਹੋਏ ਹਨ। ਉਧਰ ਪੰਜਾਬ ਬਾਰੇ ਇੱਕ ਰਿਪੋਰਟ ਛਪੀ ਹੈ ਕਿ ਪੰਜਾਬ ਹੁਣ ਸ਼ਰਾਬ ਨਾਲੋਂ ਵੱਧ "ਚਿੱਟ" ਦਾ ਸ਼ਿਕਾਰ ਹੈ, ਜਿਸ ਨਾਲ ਵੱਡੀ ਗਿਣਤੀ ਨੌਜਵਾਨ ਮਰ ਰਹੇ ਹਨ।

ਐ ਹਾਕਮ! ਪੰਜਾਬ ਦਾ ਵਿਰਲਾਪ ਸੁਣ! ਕੰਨੋ ਬੋਲੇ ਹਾਕਮਾਂ! ਮਾਂ ਦਾ ਵਿਰਲਾਪ ਸੁਣ। ਜਿਹਦਾ ਚੌਪਟ ਘਰ ਹੋਇਆ, ਚੌਪਟ ਬਾਰ ਹੋਇਆ, ਉਸਦਾ ਮਾਂ ਦਾ ਵਿਰਲਾਪ ਸੁਣ। ਐ ਹਾਕਮ! ਪੰਜਾਬ ਦੀ ਜਵਾਨੀ ਨਸ਼ਿਆ ਖਾ ਲਈ। ਪੰਜਾਬ ਦੀ ਕਿਰਸਾਨੀ ਖਾਦਾਂ, ਬੀਜਾਂ, ਕੀਟਨਾਸ਼ਕਾਂ ਖਾ ਲਈ। ਐ ਹਾਕਮ! ਰਤਾ ਵਿਹਲ ਕੱਢ ਤੇ ਵੇਖ ਇਧਰ ਮਾਰ ਝਾਤੀ, ਉਧਰ ਮਾਰ ਝਾਤੀ। ਸ਼ਹਿਰਾਂ ਵਿਚ ਹਨੇਰ ਨੇ ਝੁਲੇ, ਨੌਜਵਾਨਾਂ ਦੇ ਲਹੂ ਫਰਸ਼ੀਂ ਡੁਲ੍ਹੇ। ਗਲੀਆਂ ਦੇ ਵਿਚ ਫਿਰੇ ਉਦਾਸੀ, ਫੇਰਾ ਲਾ ਗਈ ਮੌਤ ਦੀ ਮਾਸੀ। ਪਰ ਤੇਰੇ ਵਿਹੜੇ ਐ ਹਾਕਮਾਂ ਕਿਉਂ ਹਰ ਵੇਲੇ ਰਹੇ ਚਹਿਲ-ਪਹਿਲ? ਰਤਾ ਕੁ ਤਾਂ ਵੇਖ , ਐ ਹਾਕਮ! ਰਤਾ ਕੁ ਵਿਹਲ ਕੱਢ ਤੇ ਵੇਖ ਕਿ ਸੋਹਣੇ ਪੰਜਾਬ 'ਚ "ਨਸ਼ੇ ਜਵਾਨੀ ਨਸ਼ਿਓਂ ਹਰ ਗਏ, ਮਾਵਾਂ ਜਿੰਦਾ, ਪੁੱਤਰ ਮਰ ਗਏ! ਐ ਹਾਕਮ! ਹੁਣ ਮਾਂ ਦੀ ਅਰਥੀ ਨੂੰ ਮੋਢਾ ਕੌਣ ਦਊ! ਐ ਹਾਕਮ! ਰਤਾ ਕੁ ਤਾਂ ਸੋਚ"!!!

**ਭੁੱਖ ਨੰਗ ਮੈਨੂੰ ਜਿਉਣ ਨਹੀਂ ਦਿੰਦੀ**

ਖ਼ਬਰ ਹੈ ਕਿ ਭਾਰਤ ਦੇ 57 ਵਿਅਕਤੀਆਂ ਕੋਲ 70 ਫੀਸਦੀ ਆਬਾਦੀ ਦੇ ਬਰਾਬਰ ਦੀ ਦੌਲਤ ਹੈ ਅਤੇ ਭਾਰਤ ਦੇ ਇਕ ਫੀਸਦੀ ਅਰਬਪਤੀ ਦੇਸ਼ ਦੀ 58 ਫੀਸਦੀ ਦੌਲਤ 'ਤੇ ਕਾਬਜ ਹਨ। ਦੇਸ਼ ਦੀ ਕੁਲ 3.2 ਲੱਖ ਕਰੋੜ ਡਾਲਰ ਦੀ ਪੂੰਜੀ 'ਚੋਂ 1.30 ਲੱਖ ਕਰੋੜ ਡਾਲਰ ਦਾ ਇੱਕਲਾ ਮੁਕੇਸ਼ ਅੰਬਾਨੀ ਮਾਲਕ ਹੈ। ਸਾਡੇ ਦੇਸ਼ ਦੀ ਜਿਆਦਾ ਆਬਾਦੀ ਗਰੀਬੀ ਤੋਂ ਪੀੜਤ ਹੈ। ਪੇਟ ਦੀ ਅੱਗ ਬੁਝਾਉਣ ਲਈ ਲੋਕ ਖ਼ੂਨ, ਸਰੀਰ ਦੇ ਅੰਗ ਵੇਚਣ ਤੱਕ ਮਜ਼ਬੂਰ ਹਨ। ਛੋਟੇ ਬੱਚੇ ਸਕੂਲ ਜਾਣ ਦੀ ਉਮਰੇ ਮਜ਼ਦੂਰੀ ਕਰਦੇ ਹਨ। ਇਹਨਾਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਗਰੀਬੀ ਹੈ।

ਬਥੇਰਾ ਸਾਰੇ ਧਰਮਾਂ ਨੇ ਗਰੀਬੀ ਨੂੰ ਸਲਾਹਿਆ ਹੈ। ਬਥੇਰਾ ਆਖਿਆ ਕਿ ਬਹੁਤੇ ਪੈਸੇ ਭਲਾ ਕੀ ਕਰਨੇ ਆ, ਰੋਟੀ ਦੇ ਦੋ ਟੁੱਕੜੇ ਹੀ ਖਾਣੇ ਆ ਢਿੱਡ ਨੂੰ ਝੁਲਕਾ ਦੇਣ ਲਈ। ਪਰ ਭਾਈ ਬੜੀਆਂ ਹੀ ਲੋੜਾਂ ਨੇ। ਹੈ ਕਿ ਨਾ? ਪੁੱਤ ਧੀਆਂ ਪੜ੍ਹਾਉਣੇ ਤੇ ਵਿਆਹੁਣੇ। ਨਾਨਕੀ ਛੱਕ ਦੇਣੀ। ਰੁੱਸੀ ਭੈਣ ਰੱਖੜੀ ਤੇ ਮਨਾਉਣੀ। ਘਰ ਦੇ ਭੜੋਲੇ ਭਰਕੇ ਰੱਖਣੇ । ਪਾਟੇ ਪੁਰਾਣੇ ਲੇਫ ਮੁੜ ਸੁਆਉਣੇ। ਚੋਂਦੇ ਕੋਠੇ ਚੋਣੋਂ ਹਟਾਉਣੇ। ਘਰ 'ਚ ਆਟਾ, ਦਾਲ, ਘਿਉ ਵਸਾਰ, ਚਾਹ ਪੱਤੀ ਦਾ ਪ੍ਰਬੰਧ ਕਰਨਾ। ਪਰ ਪੈਸੇ ਬਿਨਾਂ ਭਾਈ ਡੰਗ ਕਿਥੋਂ ਸਰੇ?

ਭੁੱਖ ਨੰਗ ਦਾ ਮਾਰਿਆ ਬੰਦਾ ਆਖਰ ਕਰੇ ਤਾਂ ਕੀ ਕਰੇ? ਕਿਵੇਂ ਜੀਵੇ, ਕਿਵੇਂ ਮਰੇ? ਕਿਵੇਂ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰੇ? ਤਦੇ ਤਾਂ ਬੰਦਾ ਆਂਹਦਾ, "ਭੁੱਖ ਨੰਗ ਮੈਨੂੰ ਜਿਉਣ ਨਹੀਂ ਦਿੰਦੀ ਨਿਜੜੀ ਕੱਪੜੇ ਸਿਉਣ ਨਹੀਂ ਦਿੰਦੀ"। ਜੀਉਂਦਿਆਂ ਹੀ ਉਹਨੂੰ ਤਦੇ ਫਿਕਰ ਰਹਿੰਦਾ ਕਿ ਚਾਰ ਮਣ ਲੱਕੜ ਤੇ ਢਾਈ ਗਜ ਖੱਫਣ ਵੀ ਉਹਨੂੰ ਮਿਲੇਗਾ ਕਿ ਨਹੀਂ?

**ਨਹੀਂ ਰੀਸਾਂ ਦੇਸ਼ ਮਹਾਨ ਦੀਆਂ**

1947 ਵਿੱਚ 88 ਫੀਸਦੀ ਭਾਰਤੀ ਅਨਪੜ੍ਹ ਸਨ, ਅਤੇ ਪ੍ਰਤੀ ਵਿਅਕਤੀ ਆਮਦਨ 247 ਰੁਪਏ ਸੀ ਅਤੇ ਔਸਤ ਉਮਰ 32 ਸਾਲ ਸੀ। ਹੁਣ 74 ਫੀਸਦੀ ਅਬਾਦੀ ਪੜ੍ਹੀ ਲਿਖੀ ਹੈ, ਪ੍ਰਤੀ ਵਿਅਕਤੀ ਆਮਦਨ 1,03,214 ਰੁਪਏ ਹੈ ਅਤੇ ਔਸਤ ਉਮਰ 68.77 ਸਾਲ ਹੈ।

•ਦੇਸ਼ ਵਿੱਚ ਹਾਲੀ ਵੀ 25 ਫੀਸਦੀ ਪੇਂਡੂ ਅਬਾਦੀ ਤੱਕ ਬਿਜਲੀ ਨਹੀਂ ਪਹੁੰਚੀ ਹੋਈ।

•ਪੰਡਿਤ ਨਹਿਰੂ 1950 ਦੇ ਸਾਲ ਵਿਚ ਉਦਯੋਗਿਕ ਕਰਾਂਤੀ ਦਾ ਆਰੰਭ ਕੀਤਾ, ਉਸਤੋਂ ਤਿੰਨ ਦਹਾਕੇ ਬਾਅਦ ਰਾਜੀਵ ਗਾਂਧੀ ਨੇ ਸੂਚਨਾ ਤੇ ਸੰਚਾਰ ਕ੍ਰਾਂਤੀ ਦਾ ਆਰੰਭ ਕੀਤਾ ਅਤੇ ਉਸ ਤੋਂ ਤਿੰਨ ਦਹਾਕੇ ਬਾਅਦ ਮੋਦੀ ਨੇ ਡਿਜ਼ੀਟਲ ਰੂਪਾਂਤਰਣ ਦੀ ਕ੍ਰਾਂਤੀ ਦਾ ਸੰਚਾਲਨ ਦਾ ਆਰੰਭ ਕੀਤਾ ਹੈ।

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਵਿਚਾਰ-ਚਰਚਾ 9 ਸਤੰਬਰ ਨੂੰ ਹੋ ਰਹੇ 9ਵੇਂ ਸਲਾਨਾ ਤਰਕਸ਼ੀਲ ਨਾਟਕ ਦਾ ਪੋਸਟਰ ਰਿਲੀਜ਼





**ਕੈਲਗਰੀ/ਮਾ. ਭਜਨ ਸਿੰਘ**

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਇਥੇ ਕੋਸੋ ਹਾਲ ਵਿਖੇ ਆਪਣੀ ਮਾਸਿਕ ਮੀਟਿੰਗ ਵਿਚ 8ਵੇਂ ਸਭਿਆਚਾਰਕ ਤਰਕਸ਼ੀਲ ਨਾਟਕ ਸਮਾਗਮ ਦਾ ਪੋਸਟਰ ਰਿਲੀਜ਼ ਕੀਤਾ। ਲੇਖਕ ਹਰੀਪਾਲ ਨੇ ਅਮੀਰ ਕੈਨੇਡਾ ਦੇ ਬਜ਼ੁਰਗਾਂ ਦੀ ਤਰਸਯੋਗ ਹਾਲਤ ਦਾ ਵਰਨਣ ਬੜੇ ਹੀ ਦਿਲ ਟੁਭਵੇਂ ਅੰਦਾਜ਼ 'ਚ ਅੰਕੜਿਆਂ ਸਮੇਤ ਦਿੱਤਾ। ਰੈਡ ਐਫ. ਐਮ. ਦੇ ਨਿਊਜ਼ ਡਾਇਰੈਕਟਰ ਸ੍ਰੀ ਰਿਸ਼ੀ ਨਾਗਰ ਨੇ ਕੈਨੇਡਾ ਵਿਚ ਨਸ਼ਿਆਂ ਨਾਲੋਂ ਵੀ ਗੈਂਗਵਾਰ ਸਮੱਸਿਆ ਦੇ ਗੰਭੀਰ ਰੂਪ ਧਾਰਨ ਕਰਨ 'ਤੇ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਇਹ ਬੀਮਾਰੀ ਨੌਜਵਾਨ ਪੀੜ੍ਹੀ ਨੂੰ ਨਿਗਲ ਜਾਵੇਗੀ। ਉਨ੍ਹਾਂ ਕੈਨੇਡਾ ਦੇ ਢਾਂਚੇ ਸਿਹਤ ਅਤੇ ਸਿੱਖਿਆ 'ਤੇ ਚੋਟ ਕਰਦਿਆਂ ਲੋਕਾਂ ਨੂੰ ਇਕਮੁੱਠ ਵਿਰੋਧ ਕਰਨ ਲਈ ਜਾਗਰੂਪ ਕਰਨ ਦਾ ਸੱਦਾ ਦਿੱਤਾ। ਕਮਲਪ੍ਰੀਤ ਪੰਧੇਰ ਨੇ ਸਤਨਾਮ ਦੀ 'ਜੰਗਲਨਾਮਾ' ਕਿਤਾਬ ਬਾਰੇ ਸਨਸਨੀਖੇਜ਼ ਜਾਣਕਾਰੀ ਸਰੋਤਿਆਂ ਸਾਹਮਣੇ ਰੱਖਦਿਆਂ ਕਿਹਾ ਕਿ ਲੇਖਕ ਨੇ ਖੁਦ ਆਦਿਵਾਸੀ ਲੋਕਾਂ 'ਚ ਕਈ ਮਹੀਨੇ ਆਪਦੇ ਅੱਖੀਂ ਹੰਢਾਏ ਪਲ ਸਾਂਝੇ ਕਰਦਿਆਂ ਦੱਸਿਆ ਕਿ ਉਹ ਲੋਕ ਕਿਵੇਂ ਅਖੌਤੀ ਵਿਕਾਸ ਵਿਹੂਣੇ ਹਨ। ਉਨ੍ਹਾਂ ਦੇ ਰਹਿਣ ਸਹਿਣ, ਖਾਣ ਪੀਣ, ਕਸਰਤ ਕਰਨ, ਵਾਤਾਵਰਣ ਨੂੰ ਬਚਾਉਣ ਅਤੇ ਦ੍ਰਿੜ੍ਹਤਾ ਨਾਲ ਲੜਨ ਦੇ ਦਾਅ-ਪੇਚਾਂ ਦੀ ਭਾਵੁਕ ਢੰਗ ਨਾਲ ਪੇਸ਼ਕਾਰੀ ਕੀਤੀ। ਗੁਰਬਚਨ ਬਰਾੜ ਨੇ 9 ਸਤੰਬਰ ਨੂੰ ਜੈਨਸਸ ਸੈਂਟਰ ਵਿਚ ਹੋ ਰਹੇ ਨਾਟਕ ਸਮਾਗਮ ਦੀ ਜਾਣਕਾਰੀ ਬੜੇ ਹੀ ਸੁਚੱਜੇ ਢੰਗ ਨਾਲ ਦਿੱਤੀ। ਸਭ ਨੂੰ ਭਰਪੂਰ ਸਹਿਯੋਗ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਕੇ ਜੈਨਸਸ ਸੈਂਟਰ 'ਚ ਕਰ ਰਹੇ ਹਾਂ। ਬੱਚਿਆਂ ਨੂੰ ਉਸਾਰੂ ਕਲਚਰ ਨਾਲ ਜੋੜਨ ਲਈ 18 ਸਾਲ ਤੱਕ ਕੋਈ ਟਿਕਟ ਨਹੀਂ ਲੱਗੇਗੀ। ਐਸੋਸੀਏਸ਼ਨ ਦੀ ਐਗਜ਼ੈਕਟਿਵ ਕਮੇਟੀ ਅਤੇ ਨਾਟਕ ਤਿਆਰੀ ਕਮੇਟੀ ਵਲੋਂ ਨਾਟਕ ਦਾ ਪੋਸਟਰ ਅੱਜ ਦੇ ਇਕੱਠ 'ਚ ਰਿਲੀਜ਼ ਕੀਤਾ ਗਿਆ।

ਸਟੇਜ ਸੰਚਾਲਨ ਕਰ ਰਹੇ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ 19-20 ਅਗਸਤ ਨੂੰ 4ਵਾਂ ਪੁਸਤਕ ਮੇਲਾ ਬੈਲ ਕੁਨੈਕਸ਼ਨ ਦੇ ਸਾਹਮਣੇ ਲਵਲੀ ਸਵੀਟਸ ਅਤੇ ਢਿੱਲੋਂ ਫੈਸ਼ਨ ਦੇ ਨਾਲ ਭੁੱਲਰ ਪਲਾਜ਼ਾ (ਗਰੀਨ ਪਲਾਜ਼ਾ) ਵਾਲੇ ਬਰਾਂਡੇ ਵਿਚ ਲੱਗੇਗਾ। ਦੋ ਦਿਨਾਂ ਇਸ ਮੇਲੇ ਦਾ ਉਦਘਾਟਨ ਲੇਖਕ ਅਤੇ ਕਿਤਾਬ ਪ੍ਰੇਮੀ ਸ੍ਰੀ ਹਰੀਪਾਲ 19 ਅਗਸਤ ਸਵੇਰ 10.30 ਵਜੇ ਕਰਨਗੇ। ਹਰ ਕਿਸਮ ਦੀਆਂ ਉਸਾਰੂ ਕਿਤਾਬਾਂ ਖਰੀਦਣ ਲਈ (ਪੰਜਾਬੀ, ਹਿੰਦੀ, ਅੰਗਰੇਜ਼ੀ) ਦੋਵੇਂ ਦਿਨ ਸਵੇਰੇ 10 ਤੋਂ 7 ਵਜੇ ਤੱਕ ਪੁੱਜੋ। 'ਗੁਜਰਾਤ ਫਾਈਲਾਂ' ਕਿਤਾਬ ਦੀ ਲੇਖਿਕਾ ਰਾਣਾ ਆਯੂਬ ਕੈਨੇਡਾ ਪੁੱਜ ਰਹੀ ਹੈ। 20 ਅਗਸਤ ਉਸਦਾ ਲੈਕਚਰ ਕੈਲਗਰੀ ਵਿਖੇ ਹੋਵੇਗਾ। ਯਾਦ ਰਹੇ ਕਿ 14 ਭਾਸ਼ਾਵਾਂ 'ਚ ਅਨੁਵਾਦਤ ਇਹ ਚਰਚਿਤ ਕਿਤਾਬ ਮੋਦੀ ਦੇ ਗੁਜਰਾਤ ਮਾਡਲ ਦੀਆਂ ਧੱਜੀਆਂ ਉਡਾਉਂਦੀ ਹੈ। ਸੂਰਜ ਦੀ ਅੱਖ ਦੇ ਲੇਖਕ ਬਲਦੇਵ (ਸੜਕਨਾਮਾ) ਜੋ ਲੋਕਾਂ ਦਾ ਸੁਹਿਰਦ ਲੇਖਕ ਹੈ, ਦੇ ਖਿਲਾਫ਼ ਬੇਲੋੜਾ ਵਾਵੇਲਾ ਵਿਵਾਦ ਖੜ੍ਹਾ ਕਰਨਾ ਠੀਕ ਨਹੀਂ। ਅਸੀਂ ਇਸ ਦੀ ਚਿੰਤਾ ਪ੍ਰਗਟ ਕਰਦੇ ਹੋਏ ਲੇਖਕ ਨਾਲ ਇਕਮੁੱਠਤਾ ਦਾ ਇਜ਼ਹਾਰ ਕਰਦੇ ਹਾਂ। ਸਭ ਲੇਖਕ ਜਥੇਬੰਦੀਆਂ ਨੂੰ ਲੇਖਕ ਦੇ ਹੱਕ 'ਚ ਅਵਾਜ਼ ਬੁਲੰਦ ਕਰਨ ਦੀ ਅਪੀਲ ਕਰਦੇ ਹਾਂ। ਜੁਲਾਈ ਮਹੀਨੇ 'ਚ ਲੋਕਾਂ ਖਾਤਰ ਜੂਝਨ ਵਾਲੇ ਮਹਾਨ ਸ਼ਹੀਦਾਂ ਊਧਮ ਸਿੰਘ, ਵਿਦਿਆਰਥੀ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ, ਬਾਬਾ ਬੂਝਾ ਸਿੰਘ, ਚਾਰੂ ਮਜ਼ੂਮਦਾਰ, ਅਵਤਾਰ ਸਿੰਘ ਢੁੱਡੀਕੇ, ਲਾਲਇੰਦਰ ਲਾਲੀ ਚੋਗਾਵਾਂ ਅਤੇ ਹੋਰ ਸਭ ਯੋਧਿਆਂ ਨੂੰ ਪ੍ਰਣਾਮ ਕਰਦੇ ਹਾਂ। 6 ਅਗਸਤ ਪ੍ਰਮਾਣੂ ਵਿਰੋਧੀ ਦਿਵਸ 'ਤੇ ਹੀਰੋਸੀਮਾ ਅਤੇ ਨਾਗਾਸਾਕੀ ਦੇ ਸ਼ਿਕਾਰ ਲੱਖਾਂ ਸ਼ਹੀਦਾਂ ਨੂੰ ਯਾਦ ਕੀਤਾ ਗਿਆ। 13 ਅਗਸਤ ਕਿਊਬਾ ਦੇ ਕ੍ਰਾਂਤੀਕਾਰੀ ਫੀਡਲ ਕਾਸਤਰੋ ਦਾ ਜਨਮ ਦਿਨ ਹੈ। 17 ਅਗਸਤ ਮਦਨ ਲਾਲ ਢੀਂਡਰਾ ਨੂੰ ਲੰਡਨ 'ਚ ਫਾਂਸੀ ਦਿੱਤੀ ਗਈ। ਇਨ੍ਹਾਂ ਸਭ ਜੁਝਾਰੂਆਂ ਨੂੰ ਬੜੇ ਮਾਣ, ਪਿਆਰ ਅਤੇ ਸਤਿਕਾਰ ਨਾਲ ਯਾਦ ਕੀਤਾ ਗਿਆ। ਨਵਕਿਰਨ ਢੁੱਡੀਕੇ, ਸ਼ਿਵ ਸ਼ਰਮਾ, ਅਜਾਇਬ ਸਿੰਘ ਸੇਖੋਂ, ਜਰਨੈਲ ਸਿੰਘ ਤੱਗੜ, ਬਾਪੂ ਗੁਰਨਾਮ ਸਿੰਘ ਗਿੱਲ ਨੇ ਕਵਿਤਾਵਾਂ ਸੁਣਾਈਆਂ। ਜਗਦੇਵ ਸਿੰਘ ਸਿੱਧੂ, ਇੰਜ ਗੁਰਦਿਆਲ ਸਿੰਘ ਖਹਿਰਾ ਅਤੇ ਗੁਰਚਰਨ ਕੌਰ ਥਿੰਦ ਨੇ ਵਿਚਾਰ ਸਾਂਝੇ ਕੀਤ। ਨਾਟਕ ਕਾਰਨ ਸਤੰਬਰ ਮਹੀਨੇ ਵਾਲੀ ਮੀਟਿੰਗ ਨਹੀਂ ਹੋਵੇਗੀ। ਹੋਰ ਜਾਣਕਾਰੀ ਲਈ ਫੋਨ ਮਾ. ਭਜਨ 403-455-4220









# ਭਾਰਤੀ ਪੱਤਰਕਾਰ ਮੈਡਮ ਰਾਣਾ ਅਯੂਬ ਦੀ ਕੈਲਗਰੀ ਪਬਲਿਕ ਅਤੇ ਮੀਡੀਆ ਰੂਬਰੂ








ਕੈਲਗਰੀ/ਚੰਦ ਸਿੰਘ ਸਦਿਉੜਾ

ਪ੍ਰੋਗੈਸਿਵ ਕਲਚਰਲ ਐਸੋਸੀਏਸ਼ਨ ਅਤੇ ਸਿੱਖ ਵਿਰਸਾ ਮੈਗਜ਼ੀਨ ਕੈਲਗਰੀ ਦੇ ਵਿਸ਼ੇਸ਼ ਸੱਦੇ ’ਤੇ 20 ਅਗਸਤ ਦੀ ਸ਼ਾਮ ਇੰਡੋ-ਕੈਨੇਡੀਅਨ ਐਕਸ-ਸਰਵਿਸਮੈਨ ਐਸੋ ਹਾਲ ਵਿਚ ਭਾਰਤੀ ਬਹੁਚਰਚਿਤ, ਦਲੇਰ ਅਤੇ ਸਿਰੜੀ ਜਾਂਚ ਪੱਤਰਕਾਰ ਮੈਡਮ ਰਾਣਾ ਅਯੂਬ ਦੇ ਲੋਕ ਰੂਬਰੂ ਦਾ ਆਯੋਜਨ ਕੀਤਾ ਗਿਆ। ਸੰਸਥਾ ਸਕੱਤਰ ਮਾ. ਭਜਨ ਸਿੰਘ ਵਲੋਂ ਸ੍ਰੀ ਸੋਹਣ ਮਾਨ, ਹਰਚਰਨ ਪ੍ਰਹਾਰ, ਮੈਡਮ ਰਾਣਾ ਅਯੂਬ, ਸ੍ਰੀ ਅਸਜਦ ਬੁਖਾਰੀ ਅਤੇ ਕਾਮਰੇਡ ਪ੍ਰਸ਼ੋਤਮ ਦੁਸਾਂਝ ਨੂੰ ਸਤਿਕਾਰ ਸਹਿਤ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਕਰਵਾਇਆ ਗਿਆ। ਮਾਸਿਕ ਸਿੱਖ ਵਿਰਸਾ ਮੈਗਜ਼ੀਨ ਦੇ ਚੀਫ਼ ਐਡੀਟਰ ਨੇ ਮੈਡਮ ਰਾਣਾ ਅਯੂਬ ਅਤੇ ਸਮੁੱਚੀ ਇਕੱਤਰਤਾ ਨੂੰ ਜੀ ਆਇਆਂ ਕਿਹਾ। ਰੇਡੀਓ ਰੈਡ ਐਫ. ਐਮ. ਦੇ ਨਿਊਜ਼ ਡਾਇਰੈਕਟਰ ਸ੍ਰੀ ਰਿਸ਼ੀ ਨਾਗਰ ਨੇ ਮਹਿਮਾਨ ਪੱਤਰਕਾਰ ਮੈਡਮ ਰਾਣਾ ਅਯੂਬ ਤੇ ਉਸਦੀ ਜਾਂਚ ਬਾਰੇ ਰੌਸ਼ਨੀ ਪਾਈ।

ਮੈਡਮ ਅਯੂਬ ਰਾਣਾ ਭਾਰਤੀ ਜਾਂਚ ਪੱਤਰਕਾਰ ਨੇ ਗੁਜਰਾਤ ਵਿਚ ਸ੍ਰੀ ਨਰਿੰਦਰ ਮੋਦੀ ਦੀ ਸਰਕਾਰ ਸਮੇਂ ਹੋਏ 2002 ਵਿਚ ਘੱਟ ਗਿਣਤੀ ਕਤਲੇਆਮ ਦੀ ਜਾਂਚ ਲਈ ਤਹਿਲਕਾ ਮੈਗਜ਼ੀਨ ਵਲੋਂ ਵਿੱਢੇ ਸਟਿੰਗ ਆਪ੍ਰੇਸ਼ਨ ਵਿਚ ਮੈਥਲੀ ਤਿਆਗੀ ਨਾਮੀ ਇਕ ਲੜਕੀ ਦੇ ਤੌਰ ’ਤੇ ਇਕ ਅੰਤਰ ਕਵਰ ਵਜੋਂ ਲਗਾਤਾਰ ਅੱਠ ਮਹੀਨੇ ਜਾਂਚ ਕੀਤੀ, ਪਰ ਤਹਿਲਕਾ ਵਲੋਂ ਸਹਿਯੋਗ ਨਾ ਮਿਲਣ ’ਤੇ ਅਸਤੀਫ਼ਾ ਦੇ ਦਿੱਤਾ। ਇਹ ਬਹਾਦਰ ਪੱਤਰਕਾਰ ਜਿਸ ਨੂੰ ਜਰਨਲਿਜਮ ਵਿਰਾਸਤ ਵਿਚੋਂ ਹੀ ਮਿਲਿਆ ਤੇ ਹੁਣ ਪੇਸ਼ਾ ਬਣ ਚੁੱਕਾ ਹੈ, ਨੇ ਨਿੱਜੀ ਪੱਧਰ ’ਤੇ ਦਿਲਚਸਪੀ ਲੈ ਕੇ 2016 ਵਿਚ ‘ਗੁਜਰਾਤ ਫਾਈਲਾਂ’ ਨਾਮੀ ਪੁਸਤਕ ਲਿਖੀ, ਜਿਸ ਦੀ ਹੁਣ ਤੱਕ 13 ਭਾਸ਼ਾਵਾਂ ਵਿਚ ਇਕ ਲੱਖ ਸੱਤਰ ਹਜ਼ਾਰ ਕਾਪੀਆਂ ਵਿਕ ਚੁੱਕੀਆਂ ਹਨ। ਮੈਡਮ ਰਾਣਾ ਦੇ ਕਹਿਣ ਅਨੁਸਾਰ ‘ਗੁਜਰਾਤ ਫਾਈਲਾਂ’ ਮੇਰੇ ਲਈ ਇਕ ਕਿਤਾਬ ਨਹੀਂ, ਸਗੋਂ ਸਮਾਜਿਕ ਅਨਿਆਂ ਲਈ ਇਕ ਹੰਭਲਾ ਹੈ, ਜਿਸ ਵਿਚ ਲੋਕਾਂ ਦੇ ਸਹਿਯੋਗ ਦੀ ਲੋੜ ਹੈ। ਭਾਰਤੀ ਮੀਡੀਆ ਅਤੇ ਬਹੁਗਿਣਤੀ ਲੋਕ ਜੋ ਸਰਕਾਰੀ ਡਰ ਦੇ ਪ੍ਰਭਾਵ ਥੱਲੇ ਪਿਸ ਰਹੇ ਹਨ, ਵਲੋਂ ਸਹਿਯੋਗ ਨਾ ਮਿਲਣ ’ਤੇ ਉਸਨੇ ਵਿਦੇਸ਼ ਬੈਠੇ ਭਾਰਤੀਆਂ ਵਲ ਰੁਖ ਕੀਤਾ ਹੈ। ਹੁਣ ਤੱਕ ਉਸਨੇ ਅਜਿਹੀਆਂ ਅਨੇਕਾਂ ਈਵੈਂਟਸ ਕੀਤੀਆਂ ਹਨ, ਜਿਸ ਵਿਚ ਰਲਵਾਂ ਮਿਲਣਾਂ ਹੁੰਗਾਰਾ ਮਿਲਿਆ ਹੈ। ਸਮੂਹ ਪੰਜਾਬੀ ਸਰੋਤਿਆਂ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾਂ ਕਿਹਾ ਕਿ ਜੇਕਰ 1984 ਦੀਆਂ ਘਟਨਾਵਾਂ ਬਾਰੇ ਇਨਸਾਫ਼ ਮਿਲਿਆ ਹੁੰਦਾ ਤਾਂ 1993 ਤੇ 2002 ਦੀਆਂ ਦਰਦਨਾਕ ਘਟਨਾਵਾਂ ਨਾ ਵਾਪਰਦੀਆਂ। ਉਨ੍ਹਾਂ ਸਮੂਹ ਘੱਟਗਿਣਤੀਆਂ ਨੂੰ ਇਕੱਠੇ ਹੋ ਕੇ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਮੰਚ ਸੰਚਾਲਕ ਸ੍ਰੀ ਭਜਨ ਗਿੱਲ ਦੇ ਸੱਦੇ ’ਤੇ ਬਹੁਤ ਸਾਰੇ ਸਰੋਤਿਆਂ ਵਲੋਂ ਮੈਡਮ ਰਾਣਾ ਦੀ ਬਹਾਦਰੀ ਦੀ ਪ੍ਰਸੰਸਾ ਕਰਦੇ ਹੋਏ ਕਾਫ਼ੀ ਸਵਾਲ ਪੁੱਛੇ, ਜਿਸ ਦਾ ਉਨ੍ਹਾਂ ਯਥਾਯੋਗ ਉਤਰ ਦਿੱਤਾ। ਉਪਰੰਤ ਪ੍ਰਧਾਨਗੀ ਮੰਡਲ ਵਲੋਂ ਮੈਡਮ ਅਯੂਬ ਰਾਣਾ ਨੂੰ ਪਲੇਕ ਨਾਲ ਸਨਮਾਨਿਤ ਕੀਤਾ ਗਿਆ। ਮੈਡਮ ਰਾਣਾ ਨੇ ਅਲਬਰਟਾ ਮੰਤਰੀ ਮਾਨਯੋਗ ਇਰਫਾਨ ਸ਼ਬੀਰ ਨੂੰ ਆਪਣੀ ਪੁਸਤਕ ਭੇਂਟ ਕੀਤੀ, ਜਿਨ੍ਹਾਂ ਆਪਣੇ ਸੰਬੋਧਨ ਵਿਚ ਜੀ ਆਇਆਂ ਕਹਿੰਦੇ ਹੋਏ, ਧੰਨਵਾਦ ਕੀਤਾ। 28 ਸਾਲਾ ਪੁਰਾਣੀ ਸੰਸਥਾ, ਪ੍ਰੋਗੈਸਿਵ ਕਲਚਰਲ ਐਸੋ. ਦੇ ਪ੍ਰਧਾਨ ਸ੍ਰੀ ਸੋਹਣ ਮਾਨ ਨੇ ਰਾਣਾ ਅਯੂਬ ਨੂੰ ਨਿੱਡਰ ਅਤੇ ਬਹਾਦਰ ਪੱਤਰਕਾਰ ਦੱਸਿਆ। ਉਨ੍ਹਾਂ ਕਿਹਾ ਕਿ ਕੈਲਗਰੀ ਫੇਰੀ ਲਈ ਧੰਨਵਾਦ ਕੀਤਾ ਅਤੇ ਭਾਵੁਕ ਸ਼ਬਦਾਂ ਵਿਚ ਸਮੁੱਚੇ ਸਰੋਤਿਆਂ ਦਾ ਹਲੀਮੀ ਨਾਲ ਸੁਣਨ ਲਈ ਸ਼ੁਕਰੀਆ ਅਦਾ ਕਰਦੇ ਹੋਏ ਕਿਹਾ ਕਿ ‘ਨਾ ਹਿੰਦੂ ਬਣੇਗਾ ਜਾਂ ਨਾ ਮੁਸਲਮਾਨ ਬਣੇਗਾ, ਇਨਸਾਨ ਦੀ ਔਲਾਦ ਹੈ, ਇਨਸਾਨ ਬਣੇਗਾ।’ ਇਉਂ ਚਾਹ ਪਾਣੀ ਤੇ ਪ੍ਰਬੰਧਕਾਂ ਦੇ ਧੰਨਵਾਦ ਉਪਰੰਤ ਸਰੋਤੇ ਆਪਣੇ ਘਰਾਂ ਨੂੰ ਪਰਤ ਗਏ।

ਇਸੇ ਲੜੀ ਤਹਿਤ 21 ਅਗਸਤ ਦੀ ਦੁਪਹਿਰ ਪ੍ਰਬੰਧਕ ਸੱਜਣਾਂ ਨੇ ਮੈਡਮ ਅਯੂਬ ਰਾਣਾ ਦੇ ਸਮੁੱਚੇ ਮੀਡੀਆ ਪ੍ਰਤੀ ਰੂਬਰੂ ਸੱਜਣਾਂ ਨੇ ਜੈਨੀਜਿਸ ਸੈਂਟਰ ਵਿਚ ਕੀਤਾ ਪ੍ਰੰਤੂ ਮੇਨ ਸਟਰੀਮ ਮੀਡੀਆ ਵਿਚੋਂ ਕਿਸੇ ਅਦਾਰੇ ਨੇ ਸ਼ਿਰਕਤ ਨਾ ਕੀਤੀ। ਸਾਊਥ ਏਸ਼ੀਅਨ ਮੀਡੀਆ ਵਿਚੋਂ ਜੱਗ ਪੰਜਾਬੀ ਤੋਂ ਸ੍ਰੀ ਸਤਵਿੰਦਰ ਸਿੰਘ ਅਤੇ ਸਿਮਰਨ, ਰੇਡੀਓ ਰੈਡ ਐਫ. ਐਮ. ਤੋਂ ਸ੍ਰੀ ਰਿਸ਼ੀ ਨਾਗਰ ਅਤੇ ਰਮਨਪ੍ਰੀਤ ਸਿੱਧੂ, ਕੈਨੇਡੀਅਨ ਟਾਈਮਜ਼ ਤੋਂ ਸ੍ਰੀ ਸੁਕੀਲ ਅਹਿਮਦ, ਪਾਕਿਸਤਾਨੀ ਕਲਚਰਲ ਐਸੋ. ਤੋਂ ਸ੍ਰੀ ਅਸ਼ਜਦ ਬੁਖਾਰੀ, ਸਿੱਖ ਵਿਰਸਾ ਤੋਂ ਸ੍ਰ. ਹਰਚਰਨ ਸਿੰਘ ਪ੍ਰਹਾਰ, ਪ੍ਰੋਗੈਸਿਵ ਕਲਚਰਲ ਐਸੋਸੀਏਸ਼ਨ ਤੋਂ ਭਜਨ ਗਿੱਲ ਅਤੇ ਕਮਲਪ੍ਰੀਤ ਪੰਧੇਰ, ਜੱਗ ਬਾਣੀ ਤੋਂ ਸ੍ਰੀ ਰਾਜੀਵ ਸ਼ਰਮਾ, ਪੰਜਾਬੀ ਨੈਸ਼ਨਲ ਤੋਂ ਚੰਦ ਸਿੰਘ ਸਦਿਉੜਾ, ਪੰਜਾਬੀ ਮੀਡੀਆ ਕਲੱਬ ਤੋਂ ਸ੍ਰੀਮਤੀ ਗੁਰਜੀਤ ਸਰਪਾਲ ਅਤੇ ਵੱਖ-ਵੱਖ ਸੰਸਥਾਵਾਂ ਤੋਂ ਸ੍ਰੀਮਤੀ ਕੈਮਰਾਇ ਅਤੇ ਕੁਝ ਹੋਰ ਸਤਿਕਾਰਤ ਸੱਜਣਾਂ ਨੇ ਸ਼ਿਰਕਤ ਕੀਤੀ। ਸ੍ਰੀ ਹਰਚਰਨ ਸਿੰਘ ਪ੍ਰਹਾਰ ਦੇ ਜੀ ਕਹਿਣ ਉਪਰੰਤ ਮੈਡਮ ਅਯੂਬ ਰਾਣਾ ਨੇ ਹਾਜ਼ਰ ਪੱਤਰਕਾਰ ਭਾਈਚਾਰੇ ਨਾਲ ਆਪਣੇ ਸਟਿੰਗ ਅਪ੍ਰੇਸ਼ਨ ਦੌਰਾਨ ਮੁਸ਼ਕਿਲਾਂ ਤੇ ਪ੍ਰਾਪਤੀਆਂ ਦੀ ਸਾਂਝ ਪਾਈ ਅਤੇ ਮੰਗ ਕੀਤੀ ਕਿ ਕਲਮਾਂ ਵਾਲੇ ਅਤੇ ਅਵਾਜ਼ਾਂ ਵਾਲੇ ਆਪਣੇ ਆਪਣੇ ਮੀਡੀਆ ਸਰੋਤ ਰਾਹੀਂ ਅਤੇ ਸੂਝਵਾਨ ਸਰੋਤੇ ਸ਼ੋਸ਼ਲ ਮੀਡੀਆ ਰਾਹੀਂ ਘੱਟ ਗਿਣਤੀਆਂ ਤੇ ਹੋ ਰਹੇ ਜੁਰਮ ਦੀ ਨਿੰਦਾ ਕਰਦੇ ਹੋਏ, ਆਪਣੀ ਅਵਾਜ਼ ਬੁਲੰਦ ਕਰਨ। ਇਓਂ ਸਮੁੱਚੇ ਮੀਡੀਆ ਕਰਮੀ, ਮੁੱਖ ਮਹਿਮਾਨ ਅਤੇ ਪ੍ਰਬੰਧਕ ਪਿੱਠ ਭੂਮੀ ਦੇ ਲੋਕਾਂ ਲਈ ਚੰਗੇਰੇ ਭਵਿੱਖ ਦੀ ਦੁਆਰਾ ਕਰਦੇ, ਆਪਣੇ-ਆਪਣੇ ਆਲਣਿਆਂ ਵੱਲ ਪ੍ਰਵਾਜ਼ ਕਰ ਗਏ।

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
DR. J.S. BAINS & ASSOCIATES-(OPTOMETRY)
Appointments also available on Saturdays & Evenings
Services Available in Punjabi, Hindi, Urdu & English
- Complete Eye Exam
- Ocular Health Assessment
- Contact Lenses
403-274-4514
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
deerfootvision@yahoo.ca

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Barristers, Solicitors and Notary Public
Tel. : 403-285-7070
Our law group practices in
IMMIGRATION
REAL ESTATE
SMALL BUSINESS
WILLS & ESTATE
CRIMINAL LAW
PERSONAL INJURY (Car Accident Claims)
NO LEGAL FEES UNTIL RECOVERY

FOR ALL YOUR REAL ESTATE NEEDS
Contact Long time trusted name in the community
Gurbachan Singh Brar
RESIDENTIAL
BUSINESS
LAND
COMMERCIAL
INDUSTRIAL
INVESTMENT
403-470-2628
gsbrar@gsbrar.com
www.gsbrar.com
* Free no obligation evaluation
* Full time commitment
* Assistance to arrange best mortgage rates
urban
1A-4101 19 ST N.E. CALGARY, AB T2E 6X8




# ਕੈਲਗਰੀ ਪੁਸਤਕ ਮੇਲਾ...ਪਾਠਕਾਂ ਲਈ ਮੱਕਾ




**ਕੈਲਗਰੀ/ਚੰਦ ਸਿੰਘ ਸਦਿਉੜਾ**

'ਸਦਾ ਹੀ ਅੰਗ ਸੰਗ ਰਹਿੰਦੀਆਂ ਕਿਤਾਬਾਂ।
ਬਿਨ ਬੋਲੇ ਹੀ ਸਭ ਕੁਝ ਕਹਿੰਦੀਆਂ ਕਿਤਾਬਾਂ।'
ਮਾ. ਦਵਿੰਦਰ ਗਰੇਵਾਲ

ਮਨੁੱਖੀ ਚੇਤਨਤਾ ਨੂੰ ਹੁਲਾਰਾ ਦੇਣ, ਲੱਚਰਤਾ ਨੂੰ ਭਾਂਜ ਦੇਣ ਅਤੇ ਉਸਾਰੂ ਸਮਾਜ ਸਿਰਜਣ ਲਈ ਯਕੀਨਨ ਹੀ ਪੁਸਤਕਾਂ ਦਾ ਵਿਸ਼ੇਸ਼ ਯੋਗਦਾਨ ਹੈ। ਵੱਖ-ਵੱਖ ਥਾਵਾਂ 'ਤੇ ਕ੍ਰਿਆਸ਼ੀਲ ਮਨੁੱਖ ਇਸ ਸੂਖਮਗੀਤ ਨੂੰ ਪ੍ਰਚੰਡ ਕਰਨ ਲਈ ਯਤਨਸ਼ੀਲ ਹਨ। ਕੈਲਗਰੀ ਸ਼ਹਿਰ ਦੇ ਉਤਰ ਪੂਰਬੀ ਇਲਾਕੇ ਵਿਚ ਸ਼ਲਾਘਾ ਕਰਨੀ ਬਣਦੀ ਹੈ, ਮਾ. ਭਜਨ ਸਿੰਘ ਦੀ ਜੋ ਪਿਛਲੇ ਕਈ ਸਾਲ ਤੋਂ 'ਸਾਰਥਿਕ ਪੁਸਤਕ ਲਹਿਰ' ਨੂੰ ਲੋਕਪ੍ਰਿਆ ਬਣਾਉਣ ਲਈ ਸਮਰੱਥ ਕੋਸ਼ਿਸ਼ਾਂ ਕਰ ਰਹੇ ਹਨ। ਪਹਿਲਾਂ ਸਮੂਹ ਲਿਖਾਰੀ ਸਭਾਵਾਂ ਦੇ ਮਹੀਨਾਵਾਰ ਇਕੱਠਾਂ ਵਿਚ ਸਟਾਲ ਲਾ ਕੇ ਤੇ ਹੁਣ ਪਿਛਲੇ ਦੋ ਕੁ ਸਾਲ ਤੋਂ,ਸਾਲ ਵਿਚ ਦੋ ਵਾਰ ਗਰੀਨ ਪਲਾਜੇ ਦੇ ਵਰਾਂਡੇ ਵਿਚ ਵੱਡੀ ਮਾਤਰਾ ਵਿਚ ਦੋ ਦਿਨ ਲਈ ਸਟਾਲ ਲਾਉਂਦੇ ਹਨ, ਜਿਸ ਤੋਂ ਸੈਂਕੜੇ ਹੀ ਪੁਸਤਕ ਪਿਆਰੇ, ਆਪਣੀ ਰੂਹ ਤ੍ਰਿਪਤੀ ਲਈ ਲਾਭ ਉਠਾਉਂਦੇ ਹਨ।

ਇਸ ਵਾਰ 19 ਅਗਸਤ 2017 ਦੀ ਸਵੇਰ ਕਰੀਬ 10 ਕੁ ਵਜੇ, ਲਵਲੀ ਸਵੀਟਸ, ਬੈਲ ਕੁਨੈਕਸ਼ਨਜ਼ ਅਤੇ ਢਿੱਲੋਂ ਫੈਸ਼ਨਜ਼ ਦੇ ਬਾਹਰ ਵਰਾਂਡੇ ਵਿਚ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਦੇ ਚੌਥੇ ਦੋ ਦਿਨਾਂ ਪੁਸਤਕ ਮੇਲੇ ਦਾ ਵਿਧੀਵਤ ਉਦਘਾਟਨ ਅਗਾਂਹਵਧੂ ਲੇਖਕ ਸ੍ਰੀ ਹਰੀਪਾਲ ਵਲੋਂ ਸ੍ਰੀ ਹਰਚਰਨ ਸਿੰਘ ਪ੍ਰਹਾਰ ਮੁੱਖ ਸੰਪਾਦਕ 'ਸਿੱਖ ਵਿਰਸਾ' ਦੇ ਵਿਸ਼ੇਸ਼ ਸਹਿਯੋਗ ਨਾਲ ਬਹੁਤ ਸਾਰੇ ਪੰਜਾਬੀ ਪਾਠਕਾਂ ਦੀ ਹਾਜ਼ਰੀ ਵਿਚ ਕੀਤਾ ਗਿਆ। ਮਾ. ਭਜਨ ਸਿੰਘ ਵਲੋਂ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਕਹਿਣ ਦੇ ਨਾਲ 'ਪੁਸਤਕ ਮੋਹ' ਲਈ ਧੰਨਵਾਦ ਕੀਤਾ ਗਿਆ ਅਤੇ ਕੈਲਗਰੀ ਸ਼ਹਿਰ ਦੇ ਆਸ ਪਾਸ ਛੋਟੇ-ਛੋਟੇ ਸ਼ਹਿਰਾਂ ਵਿਚ ਵਸਦੇ ਪੰਜਾਬੀਆਂ ਵਿਚ ਪੰਜਾਬੀ ਪੁਸਤਕਾਂ ਦੇ ਵਸਦੇ ਪਿਆਰ ਦੀ ਸਰਾਹੁਣਾ ਕੀਤੀ। ਸਮੁੱਚੇ ਉਦਘਾਟਨੀ ਸਮਾਰੋਹ ਨੂੰ ਸੋਸ਼ਲ ਮੀਡੀਆ ਤੇ ਲਾਈਵ ਦਿਖਾਉਣ ਅਤੇ ਫੋਟੋਗ੍ਰਾਫ਼ੀ ਲਈ ਸ੍ਰੀ ਹਰਚਰਨ ਪ੍ਰਹਾਰ ਦੀ ਸਰਾਹਣਾ ਕਰਨੀ ਬਣਦੀ ਹੈ। ਪਾਠਕਾਂ ਦੀ ਮੰਗ ਤੇ ਪ੍ਰਬੰਧਕਾਂ ਵਲੋਂ ਪੰਜਾਬੀ ਦੇ ਨਾਲ ਹਿੰਦੀ ਅਤੇ ਅੰਗਰੇਜ਼ੀ ਪੁਸਤਕਾਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ, ਪਰ ਹੁੰਗਾਰਾ ਅਜੇ ਮੱਠਾ ਹੈ। ਬਹੁਤ ਸਾਰੀ ਮਿਹਨਤ, ਸਮਾਂ ਤੇ ਪੈਸਾ ਲੱਗਣਾ ਹੈ, ਇਸ ਕੋਸ਼ਿਸ਼ ਨੂੰ ਨਿਰੰਤਰ ਜਾਰੀ ਰੱਖਣ ਲਈ ਸ਼ਲਾਘਾ ਕਰਨੀ ਬਣਦੀ ਹੈ। ਮਾ. ਭਜਨ ਗਿੱਲ ਤੇ ਸਮੁੱਚੇ ਪਰਿਵਾਰ ਦੀਆਂ ਸੇਵਾਵਾਂ ਦੀ ਭਾਈਚਾਰੇ ਪ੍ਰਤੀ। ਇਹ ਦੋ ਦਿਨਾ ਪੁਸਤਕ ਮੇਲਾ ਲਗਾਤਾਰ ਪਾਠਕਾਂ ਵਿਚ ਖੁਸ਼ਬੂ ਵੰਡਦਾ ਰਿਹਾ ਅਤੇ ਸੁਯੋਗ ਪਾਠਕਾਂ ਦੇ ਨਾਲ ਪੰਜਾਬੀ ਮੀਡੀਆ ਨੇ ਵੀ ਯਾਤਰਾ ਕੀਤੀ। ਵਧੇਰੇ ਜਾਣਕਾਰੀ ਜਾਂ ਪੁਸਤਕਾਂ ਦੀ ਮੰਗ ਲਈ ਮਾ. ਭਜਨ ਗਿੱਲ ਨੂੰ 403-455-4220 'ਤੇ ਸੰਪਰਕ ਕਰੋ।












ਤਵਾਰੀਖ

# ਸਰਕਾਰੀ ਜਬਰ ਵਿਰੁੱਧ ਡਟਿਆ ਰਿਹਾ ਭਗਤ ਸਿੰਘ



ਹਰੀਸ਼ ਜੈਨ

1926 ਦੇ ਪਹਿਲੇ ਮਹੀਨਿਆਂ ਦੌਰਾਨ ਨੌਜਵਾਨ ਭਾਰਤ ਸਭਾ ਦੀ ਕਾਇਮੀ ਨੇ ਸਰਕਾਰ ਦਾ ਧਿਆਨ ਖਿੱਚਿਆ। ਭਾਵੇਂ ਇਹ ਉਸ ਦੇ ਕੁਝ ਸਾਥੀਆਂ ਦਾ ਸਾਂਝਾ ਉੱਦਮ ਸੀ, ਪਰ ਉਸ ਦੌਰ ਦੀਆਂ ਖ਼ੁਫ਼ੀਆ ਰਿਪੋਰਟਾਂ ਵਿੱਚ ਭਗਤ ਸਿੰਘ ਦੇ ਨਾਂ ਦਾ ਖ਼ਾਸ ਜ਼ਿਕਰ ਕੀਤਾ ਗਿਆ। ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦੇ ਡਾਇਰੈਕਟਰ, ਇੰਟੈਲੀਜੈਂਸ ਬਿਊਰੋ ਦੀ 24 ਜੂਨ 1926 ਦੀ ਹਫ਼ਤਾਵਾਰੀ ਰਿਪੋਰਟ ਦਾ ਉਤਾਰਾ ਇੰਜ ਹੈ:

"ਇਹ ਤੱਥ, ਕਿ ਭਗਤ ਸਿੰਘ ਇਸ ਦਾ ਸਕੱਤਰ ਹੈ, ਇਸ ਸੁਸਾਇਟੀ ਦੇ ਲੁਕਵੇਂ ਮਕਸਦ ਨਾ ਹੋਣ ਬਾਰੇ ਯਕੀਨ ਨਹੀਂ ਦਿਵਾਉਂਦਾ। ਭਗਤ ਸਿੰਘ, ਜੋ ਉੱਘੇ ਆਗੂ ਅਜੀਤ ਸਿੰਘ ਦਾ ਭਤੀਜਾ ਹੈ, ਦੇ ਕਿਸੇ ਸਮੇਂ ਸਚਿਨ ਸਾਨਿਆਲ ਨਾਲ ਜੁੜੇ ਹੋਣ ਦੀ ਰਿਪੋਰਟ ਹਾਲ ਹੀ ਵਿੱਚ ਮਿਲੀ ਸੀ ਅਤੇ ਉਹ ਬੰਗਾਲ, ਬਨਾਰਸ ਅਤੇ ਕਾਨਪੁਰ ਦੇ ਇਨਕਲਾਬੀਆਂ ਨਾਲ ਸੰਪਰਕ ਲਈ ਜਾਣਿਆ ਜਾਂਦਾ ਹੈ। ਇਸ ਦੇ ਨਾਲ ਹੀ ਉਸ ਵੱਲੋਂ ਲਾਹੌਰ ਵਿੱਚ ਸਚਿਨ ਸਾਨਿਆਲ ਦੇ ਪਰਚੇ 'ਇਨਕਲਾਬੀ' ਨੂੰ ਵੰਡੇ ਜਾਣ ਦਾ ਵੀ ਸ਼ੱਕ ਸੀ ਅਤੇ ਉਹ ਸਚਿਨ ਸਾਨਿਆਲ ਦੀ 'ਹਿੰਦੋਸਤਾਨ ਰਿਪਬਲੀਕਨ ਐਸੋਸੀਏਸ਼ਨ' ਦੀ ਪੰਜਾਬ ਵਿਚਲੀ ਇੱਕ ਕੜੀ ਆਖਿਆ ਜਾਂਦਾ ਹੈ।"

ਸਰਕਾਰ ਨੇ ਬਿਲਕੁਲ ਸਮਾਂ ਨਾ ਗੁਆਇਆ। ਉਸ ਦੀ ਵਿਰਾਸਤ ਅਤੇ ਮੌਜੂਦਾ ਸਰਗਰਮੀਆਂ ਸਰਕਾਰ ਨੂੰ ਕੁਝ ਜ਼ਿਆਦਾ ਹੀ ਖ਼ਤਰਨਾਕ ਜਾਪੀਆਂ। ਇਨ੍ਹਾਂ ਸਾਰੀਆਂ ਗੱਲਾਂ ਨੇ ਸਰਕਾਰ ਨੂੰ ਆਪਣੀਆਂ ਸਰਗਰਮੀਆਂ ਅਗਲੇ ਪੱਧਰ 'ਤੇ ਲਿਜਾਣ ਲਈ ਉਕਸਾਇਆ ਜੋ 1926 ਵਿੱਚ ਗ੍ਰਹਿ ਵਿਭਾਗ ਦੇ ਇੱਕ ਨੋਟ ਤੋਂ ਸਪਸ਼ਟ ਹੈ, ਜਿਸ ਵਿੱਚ ਭਗਤ ਸਿੰਘ ਦੀ ਖ਼ਤੋ-ਕਿਤਾਬਤ ਨੂੰ ਸੈਂਸਰ ਕਰਨ ਲਈ ਕਿਹਾ ਗਿਆ ਸੀ। ਨੋਟ ਵਿੱਚ ਲਿਖਿਆ ਹੈ:

"ਸਾਡੇ ਅਪਰਾਧਕ ਜਾਂਚ ਵਿਭਾਗ ਨੇ 35 ਵਿਅਕਤੀਆਂ ਦੀ ਸੂਚੀ ਪੇਸ਼ ਕੀਤੀ ਹੈ, ਜਿਨ੍ਹਾਂ ਸਬੰਧੀ ਇਹ ਸ਼ੱਕ ਹੈ ਕਿ ਇਨ੍ਹਾਂ ਵੱਲੋਂ ਰਕਮ ਭੇਜੀ ਜਾਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਨ੍ਹਾਂ ਵਿੱਚੋਂ ਫਿਲਹਾਲ ਸਿਰਫ਼ ਅੱਠ ਵਿਅਕਤੀਆਂ ਦਾ ਚਿੱਠੀ-ਪੱਤਰ ਸੈਂਸਰ ਹੋਵੇਗਾ ਅਤੇ ਭਾਰਤ ਸਰਕਾਰ ਦੀਆਂ ਇੱਛਾਵਾਂ ਨੂੰ ਪੂਰੀ ਤਰ੍ਹਾਂ ਪ੍ਰਭਾਵੀ ਬਣਾਉਣ ਲਈ ਸਥਾਨਕ ਸਰਕਾਰ ਲਈ ਇਹ ਲਾਜ਼ਮੀ ਹੋਵੇਗਾ। ਪੋਸਟ ਆਫਿਸ ਅਤੇ ਟੈਲੀਗ੍ਰਾਫਸ ਐਕਟ ਤਹਿਤ ਇਸ ਦੀਆਂ ਸ਼ਕਤੀਆਂ ਦੀ ਸਮੁੱਚੇ ਤੌਰ 'ਤੇ ਵਰਤੋਂ ਕਰਨੀ ਹੋਵੇਗੀ।" ਇਸ ਸੂਚੀ 'ਚ ਸੋਲ੍ਹਵਾਂ ਨਾਂ 'ਭਗਤ ਸਿੰਘ' ਦਾ ਸੀ, ਜੋ 'ਮੂਲ ਰੂਪ ਵਿੱਚ ਜਲੰਧਰ ਜ਼ਿਲ੍ਹੇ, ਹੁਣ ਖਵਾਸੜੀ, ਪੀ. ਐੱਸ. ਮਜ਼ੰਗ, ਲਾਹੌਰ ਨਾਲ ਸਬੰਧਿਤ' ਸੀ। ਡਾਕ ਰਾਹੀਂ ਰਕਮ ਭੇਜਣ ਜਾਂ ਪ੍ਰਾਪਤ ਕਰਨ ਬਾਰੇ ਸਰਕਾਰ ਦਾ ਤੌਖ਼ਲਾ ਸ. ਅਜੀਤ ਸਿੰਘ ਦੇ ਦੇਸ਼ ਤੋਂ ਬਾਹਰ ਹੋਣ ਦੇ ਮੱਦੇਨਜ਼ਰ ਵੀ ਅਹਿਮ ਹੈ। ਮਾਲਵਿੰਦਰਜੀਤ ਸਿੰਘ ਵੜੈਚ ਨੇ ਆਪਣੀ ਪੁਸਤਕ ਵਿੱਚ ਇਸ ਨੋਟ ਦਾ ਉਤਾਰਾ ਪ੍ਰਕਾਸ਼ਿਤ ਕੀਤਾ ਹੈ। ਪਰ ਇਸ ਸੂਚਨਾ ਬਾਰੇ ਉਹ ਚਿੰਤਨ ਕਰਦਿਆਂ ਇੱਕ ਸਵਾਲ ਖੜ੍ਹਾ ਕਰਦਾ ਹੈ ਕਿ ਕੀ ਭਗਤ ਸਿੰਘ ਉਸ ਸਮੇਂ ਆਪਣੀ ਡਾਕ ਦੀ ਸੈਂਸਰਸ਼ਿਪ ਦੇ ਤੱਥ ਤੋਂ ਜਾਣੂ ਸੀ?

ਇਸ ਲੇਖ ਦਾ ਮਕਸਦ ਇਸੇ ਵਿਸ਼ੇ 'ਤੇ ਰੌਸ਼ਨੀ ਪਾਉਣਾ ਅਤੇ ਇਨ੍ਹਾਂ ਗੱਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕਰਨਾ ਹੈ ਕਿ ਉਸ ਦੀ ਡਾਕ ਦੀ ਪੁਣ-ਛਾਣ ਦੇ ਹੁਕਮ ਕਿਸ ਨੇ ਅਤੇ ਕਦੋਂ ਜਾਰੀ ਕੀਤੇ। ਇਸ ਪ੍ਰਕਿਰਿਆ ਵਿੱਚ ਇਹ ਲੇਖ ਭਗਤ ਸਿੰਘ ਦੀ ਦਲੇਰੀ, ਸੰਜੀਦਗੀ ਅਤੇ ਸਾਰੀਆਂ ਔਕੜਾਂ ਦੇ ਬਾਵਜੂਦ ਸੰਘਰਸ਼ ਜਾਰੀ ਰੱਖਣ ਦੀ ਦ੍ਰਿੜ੍ਹਤਾ ਉੱਤੇ ਵੀ ਚਾਨਣਾ ਪਾਵੇਗਾ, ਖ਼ਾਸਕਰ ਉਸ ਵਕਤ ਜਦੋਂ ਸਾਰੇ ਦਰਵਾਜ਼ੇ ਬੰਦ ਹੋ ਗਏ ਜਾਪ ਰਹੇ ਸਨ।

ਭਗਤ ਸਿੰਘ ਦੀਆਂ ਸਰਗਰਮੀਆਂ ਦੇ ਵਿਸਤਾਰ ਨਾਲ ਸਰਕਾਰ ਵੱਲੋਂ ਨਿਗਰਾਨੀ ਵੀ ਵਧ ਗਈ। ਹੱਦੋਂ ਵੱਧ ਨਜ਼ਰਸਾਨੀ ਉਸ ਨੂੰ ਛੇਤੀ ਹੀ ਸਪਸ਼ਟ ਹੋ ਗਈ। ਦਰਅਸਲ, ਲਗਾਤਾਰ ਆਪਣੇ ਦੁਆਲੇ ਵਾਪਰ ਰਹੀਆਂ ਮੁਦਾਖ਼ਲਤੀ ਕਾਰਵਾਈਆਂ ਤੁਹਾਡੇ ਧਿਆਨ ਵਿੱਚ ਆਉਣ ਲਈ ਜ਼ਿਆਦਾ ਸਮਾਂ ਨਹੀਂ ਲੱਗਦਾ। ਤੁਸੀਂ ਬਹੁਤ ਛੇਤੀ ਆਪਣੀ ਪਿੱਠ 'ਤੇ ਰੀਂਗਦੇ ਉਸ ਕਾਲੇ ਸਾਏ ਦੀ ਪਕੜ ਮਹਿਸੂਸ ਕਰਨ ਲੱਗਦੇ ਹੋ ਅਤੇ ਉਸੇ ਢੰਗ ਨਾਲ ਸੈਂਸਰ ਕਰਨ ਵਾਲਿਆਂ ਵੱਲੋਂ ਤੁਹਾਡੀ ਡਾਕ ਨਾਲ ਕੀਤੀ ਛੇੜਛਾੜ ਵੀ ਲਗਾਤਾਰ ਵਧੇਰੇ ਪ੍ਰਤੱਖ ਹੁੰਦੀ ਜਾਂਦੀ ਹੈ ਅਤੇ ਉਨ੍ਹਾਂ ਦੀ ਮੂੜ੍ਹਤਾ ਅਤੇ ਬੇਕਾਇਦਗੀ ਵੀ ਸਪਸ਼ਟ ਹੋ ਜਾਂਦੀ ਹੈ। ਪਰ ਭਗਤ ਸਿੰਘ ਹਕੂਮਤ ਦੀ ਤਾਕਤ ਮੂਹਰੇ ਝੁਕਣ ਵਾਲਾ ਬੰਦਾ ਨਹੀਂ ਸੀ। ਉਹ ਅਖੀਰ ਤਕ ਆਪਣੇ ਹੱਕਾਂ ਖ਼ਾਤਰ ਲੜਨ ਲਈ ਦ੍ਰਿੜ੍ਹ ਇਰਾਦੇ ਵਾਲਾ ਸਾਹਸੀ ਵਿਅਕਤੀ ਸੀ। ਇਹ ਭਾਵਨਾ ਉਸ ਦੇ ਲੰਮੇ



ਮੁਕੱਦਮੇ ਅਤੇ ਭੁੱਖ ਹੜਤਾਲਾਂ ਵਿੱਚੋਂ ਝਲਕਦੀ ਸੀ। ਇਹ ਤਾਂ ਸ਼ੁਰੂਆਤ ਸੀ। ਜਦੋਂ ਅਕਤੂਬਰ 1926 ਵਿੱਚ ਸੈਂਸਰਸ਼ਿਪ ਬਹੁਤ ਹੀ ਅਕਾਊ ਅਤੇ ਪ੍ਰਤੱਖ ਹੋ ਗਈ ਤਾਂ ਆਪਣੀ ਡਾਕ ਖੋਲ੍ਹ ਕੇ ਪੜ੍ਹੀ ਜਾਣ ਅਤੇ ਇਸ ਵਿੱਚ ਦੇਰੀ ਹੋਣ ਬਾਰੇ ਉਸ ਨੇ ਪੰਜਾਬ ਦੇ ਪੋਸਟਮਾਸਟਰ ਜਨਰਲ ਨੂੰ ਚਿੱਠੀ ਪੱਤਰ ਲਿਖਣਾ ਸ਼ੁਰੂ ਕੀਤਾ। ਉਸ ਵੱਲੋਂ ਲਿਖੀਆਂ ਚਿੱਠੀਆਂ ਵਿੱਚੋਂ 26 ਤਾਰੀਖ਼ ਵਾਲੀ ਇੱਕ ਚਿੱਠੀ ਦੇ ਜਵਾਬ ਵਿੱਚ ਪੋਸਟਮਾਸਟਰ ਜਨਰਲ ਵੱਲੋਂ ਪੋਸਟਮਾਸਟਰ ਜਨਰਲ, ਪੋਸਟ ਆਫਿਸ, ਲਾਹੌਰ ਨੇ 30 ਅਕਤੂਬਰ 1926 ਨੂੰ ਉਸ ਨੂੰ ਖ਼ਤ ਲਿਖਿਆ। ਇਸ ਜਵਾਬੀ ਚਿੱਠੀ ਵਿੱਚ ਦਰਜ ਹੈ:

ਲੀ ਤੁਹਾਡੇ ਵੱਲੋਂ ਪੋਸਟਮਾਸਟਰ ਜਨਰਲ, ਪੰਜਾਬ ਅਤੇ ਉੱਤਰ ਪੱਛਮੀ ਸਰਹੱਦੀ ਸਰਕਲ, ਲਾਹੌਰ ਨੂੰ ਲਿਖੀ ਚਿੱਠੀ ਮਿਲਣ ਦੀ ਤਸਦੀਕ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਉਨ੍ਹਾਂ ਚਿੱਠੀਆਂ ਦੇ ਲਿਫ਼ਾਫ਼ੇ ਭੇਜੋ ਜਿਨ੍ਹਾਂ ਉੱਤੇ ਕਥਿਤ ਦੁਬਾਰਾ ਮੋਹਰ ਲੱਗਣ ਅਤੇ ਤੁਹਾਡੇ ਕੋਲ ਦੇਰ ਨਾਲ ਪਹੁੰਚਣ ਦੇ ਦੋਸ਼ ਲਾਏ ਗਏ ਹਨ।"

"ਨੱਥੀ ਕੀਤੇ ਗਏ ਲਿਫ਼ਾਫ਼ੇ ਉੱਤੇ ਦੂਜੀ ਮੋਹਰ ਨਹੀਂ ਲੱਗੀ। ਡਾਕ ਦੀਆਂ ਮੋਹਰਾਂ ਦਰਸਾਉਂਦੀਆਂ ਹਨ ਕਿ ਬੰਬਈ ਤੋਂ 15 ਤਾਰੀਖ਼ ਨੂੰ ਭੇਜੀ ਗਈ ਅਤੇ ਇਸ ਦਫ਼ਤਰ ਵਿੱਚ ਐਤਵਾਰ 17 ਤਰੀਕ ਨੂੰ ਸਵੇਰੇ 11 ਵਜੇ ਵਾਲੀ ਡਾਕ ਰਾਹੀਂ ਪ੍ਰਾਪਤ ਹੋਈ। ਕਿਰਪਾ ਕਰਕੇ ਮੈਨੂੰ ਉਨ੍ਹਾਂ ਹਾਲਾਤ ਤੋਂ ਜਾਣੂ ਕਰਵਾਓ ਜਿਨ੍ਹਾਂ ਤਹਿਤ ਤੁਸੀਂ ਕਹਿੰਦੇ ਹੋ ਕਿ ਇਹ 23 ਤਾਰੀਖ਼ ਨੂੰ ਤੁਹਾਨੂੰ ਮਿਲੀ।"

ਭਗਤ ਸਿੰਘ ਨੇ ਪੋਸਟਮਾਸਟਰ ਦੀ ਚਿੱਠੀ ਦਾ ਜਵਾਬ ਦੇਣ ਵਿੱਚ ਸਮਾਂ ਨਹੀਂ ਲਾਇਆ ਅਤੇ ਪਹਿਲੀ ਨਵੰਬਰ ਨੂੰ ਉਸ ਦੇ ਸਾਰੇ ਸਵਾਲਾਂ ਦੇ ਜਵਾਬ ਦੇ ਦਿੱਤੇ। ਉਸ ਨੇ ਆਪਣੀ ਡਾਕ ਦੀ ਸੈਂਸਰਸ਼ਿਪ ਦਾ ਮੁੱਦਾ ਫਿਰ ਜ਼ੋਰਦਾਰ ਢੰਗ ਨਾਲ ਚੁੱਕਿਆ ਅਤੇ ਪੋਸਟਮਾਸਟਰ ਨੂੰ ਆਪਣੇ ਸਵਾਲ ਦਾ ਸਪਸ਼ਟ ਜਵਾਬ ਦੇਣ ਲਈ ਕਿਹਾ ਕਿ ਕੀ ਉਸ ਦੀ ਡਾਕ ਸੈਂਸਰ ਕੀਤੀ ਜਾ ਰਹੀ ਸੀ। ਉਸ ਨੇ ਲਿਖਿਆ:

"ਤੁਹਾਡੇ ਵੱਲੋਂ 30 ਅਕਤੂਬਰ 1926 ਨੂੰ ਪੱਤਰ ਨੰਬਰ ਡੀ 2850 ਰਾਹੀਂ ਕੀਤੀ ਗਈ ਮਿਹਰਬਾਨੀ ਲਈ ਮੈਂ ਤੁਹਾਡਾ ਧੰਨਵਾਦੀ ਹਾਂ। ਤੁਹਾਡੇ ਸਵਾਲ ਦੇ ਜਵਾਬ ਵਿੱਚ ਮੈਂ ਅਰਜ਼ ਕਰਦਾ ਹਾਂ ਕਿ ਮੈਂ ਸਾਰੇ ਲਿਫ਼ਾਫ਼ੇ ਉਦੋਂ ਹੀ ਪਾੜ ਦਿੱਤੇ ਜਦੋਂ ਉਹ ਮੈਨੂੰ ਮਿਲੇ ਸਨ। ਪਰ ਮੇਰੀ ਪਿਛਲੀ ਚਿੱਠੀ ਵਿੱਚ ਦੱਸਿਆ ਗਿਆ ਲਿਫ਼ਾਫ਼ਾ ਮੈਂ ਰੱਖ ਲਿਆ ਸੀ ਅਤੇ ਇਸ ਪੱਤਰ ਨਾਲ ਨੱਥੀ ਕੀਤਾ ਜਾ ਰਿਹਾ ਹੈ। ਇਹ ਇੱਕ ਹੋਰ ਚਿੱਠੀ ਤੋਂ ਦੋ ਦਿਨ ਪਹਿਲਾਂ 13 ਅਕਤੂਬਰ ਨੂੰ ਬੰਬਈ ਤੋਂ ਡਾਕ ਰਾਹੀਂ ਭੇਜਿਆ ਗਿਆ ਸੀ, ਪਰ ਉਸ ਚਿੱਠੀ ਨਾਲ ਇਹ ਮੇਰੇ ਕੋਲ 23 ਤਾਰੀਖ਼ ਨੂੰ ਪਹੁੰਚਾਇਆ ਗਿਆ। ਹਾਲਾਤ ਤਾਂ ਬਿਲਕੁਲ ਆਮ ਸਨ। ਪਹਿਲੀ ਡਲਿਵਰੀ ਸਮੇਂ ਲੈਟਰ ਬਾਕਸ ਵਿੱਚ ਕੁਝ ਚਿੱਠੀਆਂ ਸਨ। ਮੈਂ ਲੈਟਰ ਬਾਕਸ ਖਾਲੀ ਕਰ ਦਿੱਤਾ ਸੀ। ਜਦੋਂ ਬਾਰਾਂ ਵਜੇ ਜਾਂ ਦੁਪਹਿਰ ਵੇਲੇ ਇਸ ਦੇ ਲਗਪਗ ਮੈਂ ਲੈਟਰ ਬਾਕਸ ਮੁੜ ਖੋਲ੍ਹਿਆ ਤਾਂ ਮੈਨੂੰ ਇਹ ਖ਼ਤ ਅਤੇ ਇੱਕ ਹੋਰ ਖ਼ਤ ਮਿਲਿਆ। ਇਹ ਹਾਲਾਤ ਬਿਲਕੁਲ ਆਮ ਸਨ।

"ਪਰ ਮੈਂ ਇੱਕ ਦੋ ਮਹੀਨਿਆਂ ਤੋਂ ਦੇਖ ਰਿਹਾ ਹਾਂ ਕਿ ਮੇਰੀਆਂ ਸਾਰੀਆਂ ਚਿੱਠੀਆਂ 'ਤੇ ਮੋਹਰ ਲੱਗੀ ਹੋਈ ਸੀ ਅਤੇ ਫਿਰ ਉਨ੍ਹਾਂ 'ਤੇ ਦੁਬਾਰਾ ਮੋਹਰ ਲਗਾਈ ਹੁੰਦੀ ਸੀ। ਜ਼ਾਹਿਰ ਹੈ ਕਿ ਇਸ ਨੇ ਮੇਰੇ ਮਨ ਵਿੱਚ ਸ਼ੱਕ ਪੈਦਾ ਕਰ ਦਿੱਤਾ। ਪਹਿਲਾਂ ਤਾਂ ਆਪ ਜੀ ਨੂੰ ਚਿੱਠੀ ਲਿਖਣ ਦੀ ਮੇਰੀ ਕੋਈ ਇੱਛਾ ਨਹੀਂ ਸੀ, ਪਰ ਇਹ ਦੋ ਚਿੱਠੀਆਂ ਮਿਲਣ 'ਤੇ ਮੈਂ ਇਸ ਦਾ ਅਸਲੀ ਕਾਰਨ ਜਾਣਨ ਲਈ ਉਤਾਵਲਾ ਹੋ ਗਿਆ। ਇਹ ਲਿਫ਼ਾਫ਼ਾ ਮੇਰੇ ਵੱਲੋਂ ਲਾਏ ਗਏ ਦੋਸ਼ ਦੀ ਸਚਾਈ ਸਾਬਤ ਕਰਨ ਵਿੱਚ ਕੁਝ ਹੱਦ ਤਕ ਆਪ ਦੀ ਮਦਦ












ਕਰੇਗਾ।

"ਕੀ ਮੈਂ ਆਪਣੀ ਆਖ਼ਰੀ ਚਿੱਠੀ ਦਾ ਪੱਕਾ ਜਵਾਬ ਲਿਖ ਭੇਜਣ ਦੀ ਬੇਨਤੀ ਕਰ ਸਕਦਾ ਹਾਂ? ਕੀ ਕੋਈ ਚਿੱਠੀ ਸੈਂਸਰ ਹੋਈ ਜਾਂ ਰੋਕੀ ਗਈ ਹੈ, ਜੇਕਰ ਅਜਿਹਾ ਹੈ ਤਾਂ ਕਿਉਂ?

"ਇੱਕ ਗੱਲ ਬਾਰੇ ਮੈਨੂੰ ਯਕੀਨ ਹੈ ਅਤੇ ਉਹ ਇਹ ਹੈ ਕਿ ਉਹ ਮੈਨੂੰ ਪਹਿਲੀ ਡਲਿਵਰੀ ਮੌਕੇ ਹੀ ਪਹੁੰਚਾਈਆਂ ਨਹੀਂ ਗਈਆਂ, ਪਰ ਇੱਕ ਜਾਂ ਦੋ ਦਿਨ ਲਈ ਰੋਕੀਆਂ ਗਈਆਂ ਸਨ। ਇਹ ਲਿਫ਼ਾਫ਼ਾ ਇਸ ਮਾਮਲੇ ਵਿੱਚ ਵੀ ਤੁਹਾਡੀ ਮਦਦ ਕਰੇਗਾ।"

ਪੋਸਟਮਾਸਟਰ ਨੇ ਇਸ ਦਾ ਜਵਾਬ ਦੇਣ ਵਿੱਚ ਪੰਦਰਾਂ ਦਿਨ ਲਗਾ ਦਿੱਤੇ, ਪਰ ਇਸ ਦਾ ਹਾਂ-ਵਾਚਕ ਜਵਾਬ ਦਿੱਤਾ ਕਿ ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਉਸ ਦੀ ਡਾਕ ਰੋਕੀ ਅਤੇ ਸੈਂਸਰ ਕੀਤੀ ਜਾ ਰਹੀ ਹੈ। ਭਗਤ ਸਿੰਘ ਨੇ 17 ਨਵੰਬਰ 1926 ਨੂੰ ਪੰਜਾਬ ਸਰਕਾਰ ਦੇ ਸਕੱਤਰ ਨੂੰ ਲਿਖਿਆ: "ਮੈਂ ਪੋਸਟਮਾਸਟਰ ਲਾਹੌਰ ਜੀ.ਪੀ.ਓ. ਦੇ 16 ਤਾਰੀਖ਼ ਦੇ ਇੱਕ ਪੱਤਰ ਦੀ ਮੈਨੂੰ ਸੰਬੋਧਿਤ ਕਾਪੀ ਨੱਥੀ ਕਰ ਰਿਹਾ ਹਾਂ। ਪਹਿਲੀ ਤਾਰੀਖ਼ ਨੂੰ ਉਨ੍ਹਾਂ ਵੱਲ ਲਿਖੀ ਮੇਰੀ ਇੱਕ ਚਿੱਠੀ ਦੇ ਜਵਾਬ ਵਿੱਚ ਉਨ੍ਹਾਂ ਨੇ ਲਿਖਿਆ ਕਿ ਡਾਕ ਵਿਭਾਗ ਵੱਲੋਂ ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਮੇਰੀਆਂ ਚਿੱਠੀਆਂ ਰੋਕੀਆਂ ਗਈਆਂ ਸਨ।

"ਕੀ ਮੈਂ ਜਾਣ ਸਕਦਾ ਹਾਂ ਕਿ ਵਿਭਾਗ ਵੱਲੋਂ ਕੀ ਅਜਿਹੇ ਕੋਈ ਹੁਕਮ ਜਾਰੀ ਕੀਤੇ ਗਏ ਹਨ? ਜੇ ਹਾਂ ਤਾਂ ਕਦੋਂ ਅਤੇ ਕਿਉਂ? ਕੀ ਅਜਿਹੀਆਂ ਚਿੱਠੀਆਂ ਵੀ ਮੌਜੂਦ ਹਨ ਜੋ ਰੋਕੀਆਂ ਗਈਆਂ ਅਤੇ ਕਦੇ ਵੀ ਮੇਰੇ ਤਕ ਨਹੀਂ ਪਹੁੰਚਾਈਆਂ ਗਈਆਂ?

"ਮੈਂ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਇਸ ਦਾ ਸਿੱਧਾ ਅਤੇ ਵਿਸਥਾਰ ਸਹਿਤ ਉੱਤਰ ਦਿਉ। ਕੀ ਤੁਸੀਂ ਮੈਨੂੰ ਇਹ ਦੱਸਣ ਦੀ ਖੇਚਲ ਕਰੋਗੇ ਕਿ ਕਿਸ ਗੱਲ ਕਰਕੇ ਤੁਹਾਨੂੰ ਅਜਿਹੇ ਹੁਕਮ ਜਾਰੀ ਕਰਨੇ ਪਏ?"

ਭਗਤ ਸਿੰਘ ਸਰਕਾਰ ਨੂੰ ਸਿੱਧਾ ਸਵਾਲ ਪੁੱਛ ਰਿਹਾ ਸੀ। ਕੀ ਅਜਿਹੇ ਹੁਕਮ ਦਿੱਤੇ ਗਏ ਸਨ, ਜੇ ਹਾਂ ਤਾਂ ਇਹ ਹੁਕਮ ਕਦੋਂ ਅਤੇ ਕਿਸ ਨੇ ਦਿੱਤੇ ਸਨ। ਆਪਣੀ ਡਾਕ ਰੋਕੇ ਅਤੇ ਸੈਂਸਰ ਕੀਤੇ ਜਾਣ ਬਾਰੇ ਪਤਾ ਲੱਗਣ 'ਤੇ ਉਹ ਆਪਣੇ ਬਚਾਅ ਜਾਂ ਲੁਕਣ ਲਈ ਭੱਜਿਆ ਨਹੀਂ, ਨਾ ਹੀ ਉਸ ਨੇ ਸੈਂਸਰਸ਼ਿਪ ਤੋਂ ਡਰਦਿਆਂ ਆਪਣੀਆਂ ਸਰਗਰਮੀਆਂ ਬੰਦ ਕੀਤੀਆਂ ਸਗੋਂ ਖੁੱਲ੍ਹ ਕੇ ਵਿਰੋਧ ਜਤਾਉਂਦਿਆਂ ਸਰਕਾਰ ਤੋਂ ਇਸ ਬਾਰੇ ਸਪਸ਼ਟੀਕਰਨ ਮੰਗਿਆ ਅਤੇ ਉਸ ਸਮੇਂ ਦੀ ਉਸ ਦੀ ਉਮਰ ਮਹਿਜ਼ 19 ਸਾਲ ਸੀ। ਇਹ ਸੀ ਅਨੋਖਾ ਭਗਤ ਸਿੰਘ। ਭਗਤ ਸਿੰਘ ਅਜਿਹੀ ਮਿੱਟੀ ਦਾ ਬਣਿਆ ਸੀ ਜੋ ਬਹੁਤ ਹੀ ਨਿਡਰ ਅਤੇ ਇਨਸਾਫ਼ ਦੀ ਆਪਣੀ ਜੰਗ ਦੇ ਸਿੱਟਿਆਂ ਤੋਂ ਹਮੇਸ਼ਾਂ ਬੇਪਰਵਾਹ ਸੀ। ਇਸ ਚਿੱਠੀ ਨਾਲ ਉਸ ਨੂੰ ਚੈਨ ਨਹੀਂ ਆਇਆ। ਸਰਕਾਰ ਵੱਲੋਂ ਦਸ ਦਿਨਾਂ ਤੋਂ ਵੀ ਜ਼ਿਆਦਾ ਸਮਾਂ ਜਵਾਬ ਨਾ ਮਿਲਣ ਕਾਰਨ ਉਸ ਨੇ 28 ਨਵੰਬਰ 1926 ਨੂੰ ਸਕੱਤਰ, ਪੰਜਾਬ ਸਰਕਾਰ, ਲਾਹੌਰ ਵੱਲ ਇੱਕ ਹੋਰ ਚਿੱਠੀ ਲਿਖ ਭੇਜੀ :

"ਮੈਂ ਆਪ ਜੀ ਦਾ ਧਿਆਨ ਰਜਿਸਟਰਡ ਡਾਕ ਰਾਹੀਂ ਤੁਹਾਨੂੰ ਭੇਜੀ ਗਈ 17 ਨਵੰਬਰ 1926 ਦੀ ਚਿੱਠੀ ਵੱਲ ਦਿਵਾਉਣਾ ਚਾਹੁੰਦਾ ਹਾਂ ਜੋ ਤੁਹਾਨੂੰ ਅਗਲੇ ਹੀ ਦਿਨ ਮਿਲ ਗਈ ਸੀ। ਇਸ ਗੱਲ ਨੂੰ ਇੱਕ ਹਫ਼ਤੇ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ ਅਤੇ ਮੈਨੂੰ ਇਸ ਦਾ ਜਵਾਬ ਨਹੀਂ ਦਿੱਤਾ ਗਿਆ। ਮੈਂ ਮਿਤੀ 16 ਨਵੰਬਰ 1926 ਦੀ ਪੋਸਟਮਾਸਟਰ ਵੱਲੋਂ ਮੈਨੂੰ ਲਿਖੀ ਚਿੱਠੀ ਦੀ ਕਾਪੀ ਭੇਜੀ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਮੇਰੀਆਂ ਚਿੱਠੀਆਂ ਰੋਕੀਆਂ ਜਾਂਦੀਆਂ ਹਨ। ਕੁਦਰਤੀ ਤੌਰ 'ਤੇ ਮੈਂ ਇਹ ਜਾਣਨ ਲਈ ਬਹੁਤ ਉਤਾਵਲਾ ਸਾਂ ਕਿ ਕਿਹੜੀ ਗੱਲ ਕਾਰਨ ਪੰਜਾਬ ਸਰਕਾਰ ਨੂੰ ਅਜਿਹੇ ਹੁਕਮ ਦੇਣੇ ਪਏ। ਮੈਂ ਸੋਚਦਾ ਹਾਂ ਕਿ ਇੱਕ ਇਮਾਨਦਾਰ ਨਾਗਰਿਕ ਹੋਣ ਨਾਤੇ ਮੈਨੂੰ ਖ਼ੁਦ ਨਾਲ ਸਬੰਧਿਤ ਅਜਿਹਾ ਪ੍ਰਸ਼ਨ ਪੁੱਛਣ ਦਾ ਅਧਿਕਾਰ ਹੈ। ਪਰ ਮੈਨੂੰ ਉਸ ਚਿੱਠੀ ਦਾ ਕੋਈ ਜਵਾਬ ਨਹੀਂ ਮਿਲਿਆ। ਕਿਰਪਾ ਕਰਕੇ ਕੀ ਤੁਸੀਂ ਇਸ ਦਾ ਜਵਾਬ ਛੇਤੀ ਭੇਜ ਦਿਓਗੇ ਅਤੇ ਮੈਨੂੰ ਦੇਰੀ ਦੇ ਕਾਰਨ ਤੋਂ ਜਾਣੂ ਕਰਵਾਓਗੇ?"

ਇੱਕ ਨਾਗਰਿਕ ਦੇ ਅਧਿਕਾਰਾਂ ਦਾ ਜ਼ਿਕਰ ਕਰਦਿਆਂ ਉਹ ਆਪਣੇ ਪਹਿਲੇ ਸਵਾਲਾਂ ਦੇ ਜਵਾਬ ਦੇ ਨਾਲ ਨਾਲ ਜਵਾਬ ਵਿੱਚ ਦੇਰੀ ਦਾ ਕਾਰਨ ਜਾਣਨ ਲਈ ਉਤਸੁਕ ਸੀ। ਪਰ ਉਸ ਨੂੰ ਪਤਾ ਨਹੀਂ ਸੀ ਕਿ ਸਰਕਾਰ ਨੇ ਪਹਿਲਾਂ ਹੀ 27 ਨਵੰਬਰ 1926 ਨੂੰ ਉਸ ਦੀ ਪਹਿਲੀ ਚਿੱਠੀ ਦਾ ਜਵਾਬ ਦੇ ਦਿੱਤਾ ਸੀ। ਪੰਜਾਬ ਸਰਕਾਰ ਦੇ ਚੀਫ਼ ਸੈਕਟਰੀ ਨੇ ਚਿੱਠੀ ਰਾਹੀਂ ਭਗਤ ਸਿੰਘ ਨੂੰ ਉਸ ਦੀ ਡਾਕ ਰੋਕੇ ਜਾਣ ਸਬੰਧੀ ਹੁਕਮਾਂ ਦੀ ਜਾਣਕਾਰੀ ਦਿੱਤੀ:

"ਤੁਹਾਡੀ 17 ਨਵੰਬਰ 1926 ਦੀ ਚਿੱਠੀ ਦੇ ਜਵਾਬ ਵਿੱਚ ਮੈਨੂੰ ਤੁਹਾਨੂੰ ਇਹ ਸੂਚਨਾ ਦੇਣ ਦੇ ਨਿਰਦੇਸ਼ ਹਨ ਕਿ ਤੁਹਾਡੀ ਖ਼ਤੋ-ਕਿਤਾਬਤ ਰੋਕਣ ਅਤੇ ਇਸ ਦੀ ਪੁਣ-ਛਾਣ ਕਰਨ ਸਬੰਧੀ ਹੁਕਮ ਗਵਰਨਰ ਨੇ ਭਾਰਤੀ ਪੋਸਟ ਆਫਿਸ ਕਾਨੂੰਨ, 1891 ਦੀ ਧਾਰਾ-26 (1) ਤਹਿਤ ਦਿੱਤੇ ਹਨ, ਜਿਸ ਵਿੱਚ 1912 ਦੇ ਭਾਰਤੀ ਪੋਸਟ ਆਫਿਸ (ਸੋਧ) ਕਾਨੂੰਨ ਦੀ ਧਾਰਾ-6 ਨਾਲ ਸੋਧ ਕੀਤੀ ਗਈ ਸੀ।"

ਇਸ ਸਰਕਾਰੀ ਪੁਸ਼ਟੀਕਰਨ ਨਾਲ ਉਸ ਦੀ ਡਾਕ 'ਤੇ ਸ਼ੈਂਸਰਸ਼ਿਪ ਅਤੇ ਰੋਕ ਬਾਰੇ ਜਾਣਕਾਰੀ ਦੀ ਭਾਲ ਖ਼ਤਮ ਹੋ ਗਈ। ਉਸ ਨੂੰ ਸਪਸ਼ਟ ਹੋ ਗਿਆ ਸੀ ਕਿ ਉਸ ਦਾ ਨਾਂ ਉਨ੍ਹਾਂ ਵਿਅਕਤੀਆਂ ਦੀ ਸੂਚੀ ਵਿੱਚ ਦਰਜ ਹੈ ਜਿਨ੍ਹਾਂ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖੀ ਜਾਂਦੀ ਹੈ। ਦਸਹਿਰਾ ਬੰਬ ਕੇਸ ਵਿੱਚ ਉਸ ਦੀ ਗ੍ਰਿਫ਼ਤਾਰੀ ਤੋਂ 20 ਦਿਨਾਂ ਮਗਰੋਂ ਸ. ਕਿਸ਼ਨ ਸਿੰਘ ਵੱਲੋਂ ਆਪਣੇ ਪਿਤਾ ਸ. ਅਰਜਨ ਸਿੰਘ ਵੱਲ ਲਿਖੀ ਗਈ ਚਿੱਠੀ ਤੋਂ ਪਤਾ ਲੱਗਦਾ ਹੈ ਕਿ ਇਹ ਮਾਮਲਾ ਪਰਿਵਾਰ ਦੇ ਧਿਆਨ ਵਿੱਚ ਸੀ। ਆਪਣੇ ਪੁੱਤਰ ਦੇ ਥਹੁ-ਟਿਕਾਣੇ ਬਾਰੇ ਕੁਝ ਵੀ ਪਤਾ ਨਾ ਲੱਗਣ 'ਤੇ ਸ. ਕਿਸ਼ਨ ਸਿੰਘ ਦੇ ਹੱਥਾਂ ਦੇ ਤੋਤੇ ਉੱਡ ਗਏ ਸਨ। ਮਾਯੂਸੀ ਅਤੇ ਦਿਲਗੀਰੀ ਨਾਲ ਉਨ੍ਹਾਂ ਨੇ ਲਿਖਿਆ: "ਇਧਰੋਂ-ਉਧਰੋਂ ਸੁਣਦੇ ਹਾਂ ਕਿ ਹਾਲੇ ਤਕ ਉਸ ਖ਼ਿਲਾਫ਼ ਕੋਈ ਦੋਸ਼ ਨਹੀਂ ਲਾਏ ਗਏ। ਡਾਕਖਾਨੇ ਤੋਂ ਹੀ ਪੁਲੀਸ ਇੱਕ ਸਾਲ ਤੋਂ ਵੱਧ ਸਮੇਂ ਤੋਂ ਉਸ ਦੀ ਡਾਕ ਸੈਂਸਰ ਕਰਦੀ ਅਤੇ ਰੋਕਦੀ ਰਹੀ ਹੈ। ਜੋ ਉਸ ਨਾਲ ਚਿੱਠੀ-ਪੱਤਰੀ ਕਰ ਰਹੇ ਸਨ, ਉਹ ਵੀ ਨਿਗਰਾਨੀ ਹੇਠ ਆ ਗਏ। ਸਾਨੂੰ ਉਨ੍ਹਾਂ ਦੇ ਨੈੱਟਵਰਕ ਬਾਰੇ ਕੋਈ ਜਾਣਕਾਰੀ ਨਹੀਂ, ਪਰ ਪੁਲੀਸ ਜਾਣਦੀ ਹੈ ਅਤੇ ਇਹ ਉਨ੍ਹਾਂ ਦੇ ਹੱਥ ਵੱਸ ਹੈ।"

ਇਹ ਵਡੇਰੇ ਦੇ ਸਵਾਲ ਦਾ ਮੁਕੰਮਲ ਜਵਾਬ ਹੈ। ਭਗਤ ਸਿੰਘ ਹੀ ਨਹੀਂ ਸਗੋਂ ਉਸ ਦੇ ਪਿਤਾ ਵੀ ਸੈਂਸਰਸ਼ਿਪ ਬਾਰੇ ਜਾਣਦੇ ਸਨ।

ਭਗਤ ਸਿੰਘ ਨੇ ਬਸਤੀਵਾਦੀ ਸਰਕਾਰ ਤੋਂ ਸੂਚਨਾ ਮੰਗੀ ਅਤੇ ਪ੍ਰਸ਼ਾਸਨ ਦੇ ਸਾਰੇ ਪੱਧਰਾਂ ਤੋਂ ਉਸ ਨੂੰ ਬਹੁਤ ਵਾਜਬ ਸਮੇਂ ਵਿੱਚ ਜਾਣਕਾਰੀ ਮਿਲੀ। ਪਰ ਜੇਕਰ ਭਗਤ ਸਿੰਘ ਨੇ ਆਜ਼ਾਦੀ ਤੋਂ ਬਾਅਦ (ਸੂਚਨਾ ਅਧਿਕਾਰ ਤੋਂ ਪਹਿਲਾਂ ਦੇ ਦੌਰ ਵਿੱਚ) ਉਨ੍ਹਾਂ ਹੀ ਅਧਿਕਾਰੀਆਂ ਤੋਂ ਸੂਚਨਾ ਮੰਗੀ ਹੁੰਦੀ ਤਾਂ ਵਾਰ ਵਾਰ ਚੇਤੇ ਕਰਵਾਉਣ 'ਤੇ ਵੀ ਉਸ ਨੂੰ ਕੋਈ ਜਵਾਬ ਨਾ ਮਿਲਦਾ। 2005 ਵਿੱਚ ਸੂਚਨਾ ਅਧਿਕਾਰ ਕਾਨੂੰਨ ਪਾਸ ਹੋਣ ਨਾਲ ਹਾਲਾਤ ਥੋੜ੍ਹੇ ਬਦਲ ਗਏ ਅਤੇ ਇਸ ਤਹਿਤ ਸਬੰਧਿਤ ਅਧਿਕਾਰੀ ਤੋਂ ਕੁਝ ਜਵਾਬ ਮਿਲ ਸਕਦਾ ਹੈ, ਪਰ ਆਰਟੀਆਈ ਕਾਨੂੰਨ ਦੀ ਧਾਰਾ-8 ਤਹਿਤ ਕੌਮੀ ਸੁਰੱਖਿਆ ਨਾਲ ਜੁੜੇ ਮਸਲਿਆਂ ਤੋਂ ਸ਼ੁਰੂ ਹੋ ਕੇ ਕਈ ਤਰ੍ਹਾਂ ਦੀ ਜਾਣਕਾਰੀ ਇਸ ਤਹਿਤ ਵੀ ਨਹੀਂ ਮਿਲ ਸਕਦੀ। ਮੌਜੂਦਾ ਪ੍ਰਬੰਧ ਵਿੱਚ ਕਿਸੇ ਚੀਫ਼ ਸੈਕਟਰੀ ਨੇ ਕਿਸੇ ਭਗਤ ਸਿੰਘ ਨੂੰ ਸਰਕਾਰੀ ਢਾਂਚੇ ਦੀਆਂ ਕਾਰਵਾਈਆਂ ਸਬੰਧੀ ਉਸ ਦੇ ਵਾਜਬ ਸਵਾਲ ਦਾ ਜਵਾਬ ਵੀ ਨਾ ਦਿੱਤਾ ਹੁੰਦਾ। ਇਹੋ ਜਿਹੀ ਆਜ਼ਾਦੀ ਮਿਲੀ ਹੈ ਸਾਨੂੰ!

*ਬਰਸੀ 'ਤੇ ਵਿਸ਼ੇਸ਼*

# ਕਾਲੇ ਪਾਣੀ ਦੇ ਮਹਾਨ ਗ਼ਦਰੀ ਸ਼ਹੀਦ-ਰੁਲੀਆ ਸਿੰਘ ਸਰਾਭਾ



ਰੁਲੀਆ ਸਿੰਘ ਸਰਾਭਾ ਦਾ ਜਨਮ ਪਿਤਾ ਜੀ ਸ. ਜਗਤ ਸਿੰਘ ਦੇ ਘਰੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ 19ਵੀਂ ਸਦੀ ਦੇ 9ਵੇਂ ਦਹਾਕੇ ਦੌਰਾਨ ਹੋਇਆ। ਪਿਤਾ ਜੀ ਬਚਪਨ ਵਿੱਚ ਹੀ ਵਿਛੋੜਾ ਦੇ ਗਏ। ਵਿਧਵਾ ਮਾਤਾ ਜੀ ਨੇ ਬੇਅੰਤ ਮੁਸ਼ਕਿਲਾਂ ਝੱਲਦਿਆਂ, ਅਣਥੱਕ ਘਾਲਣਾ ਘਾਲਦਿਆਂ ਰੁਲੀਆ ਸਿੰਘ ਦਾ ਪਾਲਣ ਪੋਸ਼ਣ ਕੀਤਾ ਤੇ ਪੜ੍ਹਾਇਆ। ਬੜੇ ਚਾਵਾਂ, ਮਲਾਰਾਂ ਨਾਲ ਆਪ ਜੀ ਦਾ ਵਿਆਹ ਕੀਤਾ, ਪਰੰਤੂ ਥੋੜ੍ਹੇ ਮਹੀਨਿਆਂ ਬਾਅਦ ਹੀ ਆਪ ਦੀ ਪਤਨੀ ਦੀ ਮੌਤ ਹੋ ਗਈ। ਬੇਰੁਜ਼ਗਾਰੀ ਅਤੇ ਗੁਰਬਤ ਵਿੱਚੋਂ ਕੱਢਣ ਲਈ ਬਿਰਧ ਮਾਤਾ ਜੀ ਨੇ ਆਪ ਨੂੰ ਕਮਾਈ ਲਈ ਅਮਰੀਕਾ ਭੇਜਿਆ।

ਉਨ੍ਹੀਂ ਦਿਨੀਂ ਅਮਰੀਕਨ ਨਸਲਪ੍ਰਸਤਾਂ ਵੱਲੋਂ ਹਿੰਦੀ ਮਜ਼ਦੂਰਾਂ ਤੇ ਕਈ ਹਮਲੇ ਕੀਤੇ ਗਏ। ਕਈ ਵਾਰੀ ਭਾਰਤੀਆਂ ਨੂੰ ਜ਼ਬਰੀ ਗੱਡੀਆਂ 'ਚ ਚੜ੍ਹਾ ਕੇ ਦੂਰ-ਦੁਰਾਡੇ ਅਮਰੀਕੀ ਜੰਗਲਾਂ 'ਚ ਛੱਡੇ ਜਾਣ ਦੀਆਂ ਮੰਦ ਘਟਨਾਵਾਂ ਵੀ ਵਾਪਰੀਆਂ। ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਹੋਟਲਾਂ, ਬਜ਼ਾਰਾਂ ਤੇ ਘਰਾਂ 'ਚ ਭਾਰਤੀਆਂ ਨੂੰ "ਕੁੱਤੇ", "ਹਿੰਦੀ ਸਲੇਵ" ਆਦਿ ਕਹਿ ਕੇ ਪੁਕਾਰਨਾ ਆਮ ਗੱਲ ਬਣੀ ਹੋਈ ਸੀ। ਇਨ੍ਹਾਂ ਹਲਾਤਾਂ ਨੇ ਅਣਖੀ ਤੇ ਗੈਰਤਮੰਦ ਰੁਲੀਆ ਸਿੰਘ ਦੇ ਨਾਜ਼ੁਕ ਮੰਨ 'ਚ ਗੁਲਾਮੀ ਪ੍ਰਤੀ ਨਫ਼ਰਤ ਤੇ ਗੁੱਸਾ ਪ੍ਰਚੰਡ ਕਰ ਦਿੱਤਾ ਤੇ ਅਜ਼ਾਦੀ ਦੀ ਤੜਪ ਤੇ ਤਾਂਘ ਦੀ ਚੰਗਿਆੜੀ ਬਾਲ ਦਿੱਤੀ।

ਰੁਲੀਆ ਸਿੰਘ 1912 ਵਿੱਚ ਅਸਟੋਰੀਆ ਸ਼ਹਿਰ ਦੀ ਇਕ ਮਿੱਲ ਵਿੱਚ ਕੰਮ ਤੇ ਲੱਗਾ ਹੋਇਆ ਸੀ। ਅੰਗਰੇਜ਼ ਸਾਮਰਾਜਵਾਦ ਤੋਂ ਹਿੰਦ ਦੀ ਮੁਕਤੀ ਤੇ ਬਰਾਬਰੀ ਵਾਲੇ ਨਵੇਂ ਨਰੋਏ ਦੇਸ਼ ਰਾਜ ਦੀ ਸਥਾਪਨਾ ਲਈ ਹੋਣ ਵਾਲੀਆਂ ਹਿੰਦੀਆਂ ਦੀਆਂ ਮੀਟਿੰਗਾਂ 'ਚ ਸਰਗਰਮੀ ਨਾਲ ਭਾਗ ਲੈਣ ਲੱਗਿਆ। ਕਰਤਾਰ ਸਿੰਘ ਸਰਾਭਾ ਬਰਕਲੇ ਯੂਨੀਵਰਸਿਟੀ 'ਚ ਕੁੱਝ ਛੁੱਟੀਆਂ ਹੋਣ ਕਾਰਨ, ਰੁਲੀਆ ਸਿੰਘ ਪਾਸ ਆਇਆ ਹੋਇਆ ਸੀ। ਉਹ ਵੀ ਇਕ ਮੀਟਿੰਗ 'ਚ ਨਾਲ ਚਲਾ ਗਿਆ। ਰੁਲੀਆ ਸਿੰਘ ਨੇ ਕਰਤਾਰ ਸਿੰਘ ਨੂੰ ਕਿਹਾ, "ਤੂੰ ਹਾਲੇ ਕੱਲ ਦਾ ਮੁੰਡਾ ਏਂ। ਤੇਰੀ ਉਮਰ ਅਜਿਹੇ ਕੰਮ ਕਰਨ ਦੀ ਨਹੀਂ। ਨਾਲੇ ਤੈਨੂੰ ਪਤਾ ਤੇਰੇ ਮਾਤਾ-ਪਿਤਾ ਤੇਰੇ ਨਿੱਕੇ ਹੁੰਦਿਆਂ ਹੀ ਤੁਰ ਗਏ ਸਨ। ਤੇਰੇ ਦਾਦਾ ਜੀ ਦੀਆਂ ਤੇਰੇ 'ਤੇ ਕਿੰਨੀਆਂ ਉਮੀਦਾਂ ਨੇ। ਤੈਨੂੰ ਅਮਰੀਕਾ ਪੜ੍ਹਨ ਭੇਜਿਆ। ਪੜ੍ਹਨ ਲਈ ਸਾਰਾ ਖਰਚ ਦੇਸ਼ ਤੋਂ ਭੇਜ ਰਹੇ ਹਨ।" ਕਰਤਾਰ ਸਿੰਘ ਤੇ ਇਨ੍ਹਾਂ ਗੱਲਾਂ ਦਾ ਕੁੱਝ ਅਸਰ ਹੋਇਆ। ਰੁਲੀਆ ਸਿੰਘ ਨੇ ਉਸਨੂੰ ਵਾਪਸ ਬਰਕਲੇ ਯੂਨੀ: ਭੇਜ ਦਿੱਤਾ। ਪਰੰਤੂ ਥੋੜ੍ਹੇ ਮਹੀਨਿਆਂ ਪਿੱਛੋਂ ਇਕ ਹੋਟਲ ਵਿਖੇ, ਜਿਸਦੇ ਬਾਹਰ ਲਿਖਿਆ ਹੋਇਆ ਸੀ, "ਭਾਰਤੀ ਤੇ ਕੁੱਤੇ ਅੰਦਰ ਨਹੀਂ ਆ ਸਕਦੇ"-ਵਾਪਰੀ ਟੱਕਰ ਨੇ ਕਰਤਾਰ ਸਿੰਘ ਨੂੰ ਮੁੜ ਰੁਲੀਆ ਸਿੰਘ ਪਾਸ ਲੈ ਆਂਦਾ। ਕਰਤਾਰ ਸਿੰਘ ਨੇ ਸਾਰੀ ਵਾਰਤਾ ਉਪਰੰਤ ਕਿਹਾ, "ਹੁਣ ਮੈਨੂੰ ਬਿਲਕੁੱਲ ਨਾ ਰੋਕਣਾ।" ਰੁਲੀਆ ਸਿੰਘ ਨੇ ਕਿਹਾ, "ਚੰਗਾ ਹੁਣ ਮੁੰਡਿਆਂ ਵਾਲੀ ਗੱਲ ਨਾ ਕਰੀਂ, ਕੁੱਝ ਕਰਕੇ ਵਿਖਾਈਂ।" ਕਰਤਾਰ ਸਿੰਘ ਨੇ ਜਵਾਬ ਦਿੱਤਾ, "ਤੁਹਾਨੂੰ ਆਪੇ ਪਤਾ ਲੱਗ ਜਾਵੇਗਾ, ਤੁਸੀਂ ਮੇਰੇ ਤੇ ਭਰੋਸਾ ਰੱਖੋ।"

ਰੁਲੀਆ ਸਿੰਘ ਗ਼ਦਰ ਪਾਰਟੀ ਦੇ ਫੈਸਲੇ ਅਨੁਸਾਰ, "ਤੋਸ਼ਾਮਾਰੂ" ਜਹਾਜ਼ ਰਾਹੀਂ ਕਲੱਕਤੇ ਪੁੱਜੇ। ਗੋਰੀ ਸਰਕਾਰ ਨੇ ਗ਼ਦਰੀਆਂ ਤੇ ਪਹਿਲਾਂ ਹੀ ਵੱਡਾ ਹਮਲਾ ਵਿੱਢਿਆ ਹੋਇਆ ਸੀ। ਰੁਲੀਆ ਸਿੰਘ ਤੇ ਅਰਜਨ ਸਿੰਘ ਸਰਾਭਾ ਸੈਂਕੜੇ ਗ਼ਦਰੀਆਂ ਨੂੰ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਪੁਲਿਸ ਦੀ ਨਿਗਰਾਨੀ ਵਿੱਚ ਪੰਜਾਬ ਲਿਆ ਰਹੇ ਸਨ ਕਿ ਗੱਡੀ ਰਾਏਵਿੰਡ ਜੰਕਸ਼ਨ ਤੇ ਹੌਲੀ ਹੋਈ। ਇਕ ਖੁਫੀਆ ਅਫਸਰ ਨਜ਼ਰਬੰਦੀ ਵਾਰੰਟ ਲੈ ਕੇ ਆਇਆ, ਤਾਂ ਰੁਲੀਆ ਸਿੰਘ ਫੁਰਤੀ ਨਾਲ ਹੌਲੀ ਹੋਈ ਗੱਡੀ 'ਚੋਂ ਛਾਲ ਮਾਰ ਕੇ ਫਰਾਰ ਹੋ ਗਿਆ ਤੇ ਸਿੱਧਾ ਪੰਜਾਬ ਆ ਪੁੱਜਿਆ।


ਰੁਲੀਆ ਸਿੰਘ, ਕਰਤਾਰ ਸਿੰਘ ਨੂੰ ਢੁਡੀਕੇ ਦੀ ਇਤਿਹਾਸਿਕ ਮੀਟਿੰਗ ਵਿੱਚ ਮਿਲਿਆ; ਜਿਸ ਵਿੱਚ 50-60 ਗ਼ਦਰ ਯੋਧੇ ਸ਼ਾਮਲ ਹੋਏ। ਰੁਲੀਆ ਸਿੰਘ ਗ਼ਦਰ ਪਾਰਟੀ ਵੱਲੋਂ ਮਾਰੇ ਸਾਰੇ ਡਾਕਿਆਂ 'ਚ ਕਰਤਾਰ ਸਿੰਘ ਨਾਲ ਸ਼ਾਮਲ ਹੁੰਦਾ। ਫੌਜੀ ਛਾਉਣੀਆਂ ਵਿਚ ਜਾ ਕੇ ਫੌਜੀਆਂ ਨੂੰ ਗ਼ਦਰ ਲਈ ਤਿਆਰ ਕਰਨ 'ਚ ਮੋਹਰੀ ਰੋਲ ਨਿਭਾਉਂਦਾ। ਇਕ ਵੇਰ ਬੀਮਾਰ ਹੋਣ ਕਰਕੇ, ਰੁਲੀਆ ਸਿੰਘ ਪਿੰਡ ਸਿੱਧਵਾਂ ਵਿਖੇ, ਜੀਵਾ ਸਿੰਘ ਦੇ ਘਰ ਠਹਿਰੇ ਹੋਏ ਸਨ। ਅੰਗਰੇਜ਼ੀ ਪੁਲਿਸ ਤੇ ਸੀ.ਆਈ.ਡੀ. ਗ਼ਦਰੀਆਂ ਦੀ ਫੜੋ ਫੜੀ ਲਈ ਪਿੰਡ-ਪਿੰਡ ਕੁੱਤਿਆਂ ਵਾਂਗ ਹਰਲ-ਹਰਲ ਕਰਦੀ ਫਿਰਦੀ ਸੀ। ਸੀ.ਆਈ.ਡੀ. ਵਾਲੇ ਇਕ ਬਦਨਾਮ ਟਾਊਟ ਨੂੰ ਲੈ ਕੇ ਜੀਵਾ ਸਿੰਘ ਦੇ ਘਰੇ ਪੁੱਜ ਗਏ, ਮੱਝਾਂ ਦੇ ਵਪਾਰੀ ਬਣ ਕੇ। ਸ਼ੱਕ ਪੈਣ ਤੇ ਜੀਵਾ ਸਿੰਘ ਨੇ ਰੁਲੀਆ ਸਿੰਘ ਨੂੰ ਕਿਹਾ ਕਿ ਉਹ ਪਿਛਲੀ ਪੌੜੀ ਚੜ੍ਹ ਕੇ ਨਿਕਲ ਜਾਵੇ। ਰੁਲੀਆ ਸਿੰਘ ਨੇ ਸੋਚਿਆ ਕਿ ਮੇਰੇ ਭੱਜਣ ਪਿੱਛੋਂ ਜੀਵਾ ਸਿੰਘ ਫੜਿਆ ਜਾਵੇਗਾ (ਜੋ ਕਿ ਸਰਾਭੇ ਪਿੰਡ ਜਵਾਈ ਹੈ)। ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਮੁਤਾਬਿਕ ਆਪ ਦੀ ਥਾਂ ਤੇ ਜਵਾਈ ਨੂੰ ਫੜਾਉਣਾ ਗਲਤ ਸਮਝਿਆ। ਸੋ ਆਪ ਫੜੇ ਜਾਣ ਦਾ ਫੈਸਲਾ ਕਰ ਲਿਆ। ਇੰਨੇ ਨੂੰ ਪੁਲਿਸ ਨੇ ਘਰ ਨੂੰ ਘੇਰਾ ਪਾ ਕੇ ਰੁਲੀਆ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ।

ਲਾਹੌਰ ਵਿਖੇ "ਪਹਿਲਾ ਲਾਹੌਰ ਸਾਜਿਸ਼ ਕੇਸ" ਚੱਲ ਕੇ ਰੁਲੀਆ ਸਿੰਘ ਸਮੇਤ 24 ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਹੋਈ। ਜਿਸ ਵਿੱਚੋਂ ਰੁਲੀਆ ਸਿੰਘ ਸਮੇਤ 17 ਦੀ ਸਜ਼ਾ ਵਾਇਸਰਾਏ ਨੇ ਬਦਲ ਕੇ ਕਾਲੇ ਪਾਣੀ ਦੀ ਉਮਰ ਕੈਦ ਵਿੱਚ ਪਲਟ ਦਿੱਤੀ। ਆਪ ਅੰਡੇਮਾਨ/ਨਿਕੋਬਾਰ ਦੇ ਕਾਲੇ ਪਾਣੀਆਂ ਵਿੱਚ ਅੰਗਰੇਜ਼ ਹਕੂਮਤ ਦੇ ਵਹਿਸ਼ੀਆਨਾ ਜਬਰ ਦੇ ਖਿਲਾਫ ਹਰ ਭੁੱਖ ਹੜਤਾਲੀ ਐਕਸ਼ਨ ਵਿੱਚ ਡੱਟ ਕੇ ਭਾਗ ਲੈਂਦੇ ਰਹੇ । ਅਖੀਰ ਗੋਰੀ ਸਰਕਾਰ ਦੇ ਅਸਿਹ ਤੇ ਅਕਿਹ ਤਸੀਹੇ ਝੱਲਦੇ ਹੋਏ 1 ਸਤੰਬਰ 1918 ਨੂੰ ਅੰਡੇਮਾਨ ਦੀ ਸੈਲੂਲਰ ਜੇਲ੍ਹ 'ਚ ਸ਼ਹੀਦੀ ਪਾ ਗਏ। ਗ਼ਦਰੀ ਸ਼ਹੀਦਾਂ ਸਮੇਤ ਸਮੁੱਚੇ ਦੇਸ਼ ਭਗਤ ਯੋਧਿਆਂ ਦੀਆਂ ਬੇਮਿਸਾਲ ਕੁਰਬਾਨੀਆਂ ਸਦਕਾ ਜਿੱਥੇ ਬਰਤਾਨਵੀ ਸਾਮਰਾਜ ਨੂੰ ਹਿੰਦ 'ਚੋਂ ਨਿਕਲਣਾ ਪਿਆ, ਉਥੇ ਉਨ੍ਹਾਂ ਦਾ ਬਰਾਬਰੀ ਖੁਸ਼ਹਾਲੀ ਤੇ ਨਿਆਂ ਵਾਲਾ ਸੱਚਾ-ਸੁੱਚਾ ਤੇ ਖਰਾ ਸਮਾਜਵਾਦੀ ਲੋਕ ਜਮਹੂਰੀ ਰਾਜ ਪ੍ਰਬੰਧ ਕਾਇਮ ਕਰਨ ਦਾ ਸੁਪਨਾ ਅੱਜ ਵੀ ਅਧੂਰਾ ਹੈ। ਇਸ ਅਧੂਰੇ ਸੁਪਨੇ ਨੂੰ ਸਾਕਾਰ ਕਰਨ ਲਈ ਜੂਝ ਰਹੀਆਂ ਦੇਸ਼ ਪ੍ਰੇਮੀ, ਅਗਾਂਹਵਧੂ, ਜਮਹੂਰੀ ਤੇ ਕ੍ਰਾਂਤੀਕਾਰੀ ਤਾਕਤਾਂ ਲਈ ਰੁਲੀਆ ਸਿੰਘ ਸਰਾਭਾ ਇਕ ਰੋਸ਼ਨ ਸੂਹੇ ਸਿਤਾਰੇ ਦੀ ਤਰ੍ਹਾਂ ਸਦਾ-ਸਦਾ ਲਈ ਪ੍ਰੇਰਨਾ, ਉਤਸ਼ਾਹ ਤੇ ਸਿੱਖਿਆ ਦਾ ਅਮੁਕ ਸੋਮਾ ਬਣ ਕੇ ਅਮਰ ਰਹਿਣਗੇ ।

**ਜਸਦੇਵ ਸਿੰਘ ਲਲਤੋਂ**
0161-2805677

# ਭਗਤ ਸਿੰਘ ਅਤੇ ਸਾਵਰਕਰ

ਦਿਵਿ ਕੁਮਾਰ
ਅਨੁ. : ਕਰਮਜੀਤ ਸਿੰਘ



26 ਫਰਵਰੀ ਨੂੰ ਰਾਸ਼ਟਰਪਤੀ ਅਬਦੁਲ ਜੇ ਕਲਾਮ ਨੇ ਸੰਸਦ ਭਵਨ ਦੇ ਕੇਂਦਰੀ ਹਾਲ ਵਿੱਚ ਸਾਵਰਕਰ ਦੇ ਚਿੱਤਰ ਨੂੰ ਸਥਾਪਤ ਕਰਨ ਦੀ ਰਸਮ ਅਦਾ ਕੀਤੀ। ਇਸ ਤੋਂ ਬਾਅਦ 2 ਮਾਰਚ ਨੂੰ ਉਹ ਪੰਜਾਬ ਦੇ ਪਿੰਡ ਖਟਕੜ ਕਲਾਂ (ਨਵਾਂ ਸ਼ਹਿਰ) ਗਏ, ਜਿੱਥੇ ਉਹਨਾਂ ਨੇ ਭਗਤ ਸਿੰਘ ਮਿਊਜ਼ਿਅਮ ਨੂੰ ਦੇਖਿਆ। ਦੋ ਆਪਸ ਵਿੱਚ ਵਿਰੋਧੀ ਆਚਰਣਾਂ ਅਤੇ ਲੱਛਣਾਂ ਵਾਲੇ ਵਿਅਕਤੀਆਂ ਨੂੰ ਵੀ ਜਦੋਂ 'ਦੇਸ਼ ਭਗਤ' ਕਿਹਾ ਜਾਂਦਾ ਹੈ ਤਾਂ ਸਹਿਜੇ ਹੀ ਉਹਨਾਂ ਦੀ ਦੇਸ਼ ਭਗਤੀ ਤੇ ਇਮਾਨਦਾਰੀ ਉਪਰ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ।

ਸਾਵਰਕਰ, ਭਗਤ ਸਿੰਘ ਤੋਂ ਚੌਵੀ ਸਾਲ ਪਹਿਲਾਂ ਪੈਦਾ ਹੋਇਆ ਅਤੇ ਭਗਤ ਸਿੰਘ ਦੀ ਸ਼ਹਾਦਤ ਤੋਂ ਪੈਂਤੀ ਵਰ੍ਹੇ ਬਾਅਦ ਤੱਕ ਜਿਉਂਦਾ ਰਿਹਾ। ਗਦਰ ਪਾਰਟੀ ਦੇ ਜੁਝਾਰੂ ਅੰਦੋਲਨਕਾਰੀਆਂ ਨੇ ਆਪਣੀ ਪੱਤ੍ਰਿਕਾ ਵਿੱਚ ਸਾਵਰਕਰ ਦੀ ਰਚਨਾ 'ਪਹਿਲਾ ਭਾਰਤੀ ਸਵਾਧੀਨਤਾ ਸੰਗਰਾਮ' 1857 ਨੂੰ (ਜੋ 1907 ਵਿੱਚ ਲਿਖੀ ਗਈ ਸੀ) 1913 ਤੋਂ ਲੈ ਕੇ ਬਾਅਦ ਵਿੱਚ ਕੜੀਆਂ ਵਿੱਚ ਪ੍ਰਕਾਸ਼ਿਤ ਕੀਤਾ ਸੀ। ਪਰੰਤੂ ਗ਼ਦਰ ਦੇ ਅੰਦੋਲਕਾਰੀਆਂ ਨੂੰ ਇਹ ਜਾਣਕਾਰੀ ਨਹੀਂ ਸੀ ਕਿ ਗ੍ਰੰਥ ਪ੍ਰਕਾਸ਼ਨ ਦੀ ਸ਼ੁਰੂਆਤ ਹੋਣ ਤੱਕ ਸਾਵਰਕਰ ਨੇ ਬਰਤਾਨੀਆਂ ਹਕੂਮਤ ਨੂੰ ਦੂਸਰੀ ਬਾਰ (ਪਹਿਲੀ ਵਾਰ ਅੰਡੇਮਾਨ ਸੈਲੂਲਰ ਜੇਲ੍ਹ ਲਿਜਾਣ ਤੋਂ ਕੁਝ ਸਮਾਂ ਬਾਅਦ ਉਸਨੇ ਸੰਨ 1911 ਵਿੱਚ) ਮੁਆਫ਼ੀਨਾਮਾ ਦੇ ਕੇ ਜੇਲ੍ਹ ਵਿੱਚੋਂ ਰਿਹਾਅ ਹੋਣ ਦਾ ਯਤਨ ਕੀਤਾ ਸੀ। ਭਗਤ ਸਿੰਘ ਦੇ ਆਦਰਸ਼ ਕਰਤਾਰ ਸਿੰਘ ਵਰਗੇ ਵੀਹ ਸਾਲਾਂ ਦੇ ਨੌਜਵਾਨ ਕ੍ਰਾਂਤੀਕਾਰੀ ਨੇ ਹੱਸਦਿਆਂ ਹੋਇਆਂ ਫਾਂਸੀ ਦੇ ਰੱਸੇ ਨੂੰ ਚੁੰਮਿਆ (ਕੁੱਲ ਪੰਜਤਾਲੀ ਗਦਰੀ ਫਾਂਸੀ ਦੇ ਤਖ਼ਤੇ 'ਤੇ ਝੂਲ ਗਏ।) ਭਗਤ ਸਿੰਘ ਨੇ ਫਾਂਸੀ 'ਤੇ ਚੜ੍ਹਨ ਵਾਲੇ ਦਿਨ ਤੋਂ (23 ਮਾਰਚ 1931) ਕਈ ਮਹੀਨੇ ਪਹਿਲਾਂ ਹੀ ਸਾਵਰਕਰ ਤੀਸਰੀ ਵਾਰ ਮੁਆਫ਼ੀਨਾਮਾ ਦੇ ਕੇ ਬਰਤਾਨੀਆਂ ਸਰਕਾਰ ਅੱਗੇ ਗਿੜਗਿੜਾ ਰਿਹਾ ਸੀ।

ਗਾਂਧੀ ਦੀ ਹੱਤਿਆ ਤੋਂ ਬਾਅਦ 1948 ਈ. ਵਿੱਚ ਤੇ ਫਿਰ 1950 ਈ. ਵਿੱਚ ਕਾਂਗਰਸ ਸਰਕਾਰ ਕੋਲ ਖਿਮਾ ਯਾਚਨਾ ਕਰਦਿਆਂ ਹੋਇਆਂ ਸਾਵਰਕਰ ਨੇ ਗੋਡੇ ਟੇਕਣ ਵਾਲੀ ਰਣਨੀਤੀ ਅਪਣਾਈ। ਇਹ ਹੈ ਦੇਸ਼ ਭਗਤ ਸਾਵਰਕਰ ਦੀ ਦੇਸ਼ ਦ੍ਰੋਹੀ ਸਾਵਰਕਰ ਵਿੱਚ ਪਰਿਵਰਤਨ ਦੀ ਰਾਮ ਕਹਾਣੀ। ਭਾਰਤੀ ਜਨਤਾ ਪਾਰਟੀ ਦੇ ਸੱਤਾਧਾਰੀਆਂ ਦੀਆਂ ਨਜ਼ਰਾਂ ਵਿੱਚ ਸ਼ਾਇਦ ਵਿਦੇਸ਼ੀ ਹਕੂਮਤ ਦੇ ਸਾਹਮਣੇ ਗੋਡੇ ਟੇਕਣਾ ਹੀ ਦੇਸ਼ ਭਗਤੀ ਹੋਵੇ। ਜਦੋਂਕਿ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਨੇ 30 ਸਤੰਬਰ, 1930 ਨੂੰ ਟ੍ਰਿਬਿਊਨਲ ਨੂੰ ਇੱਕ ਅਰਜ਼ੀ ਦੇ ਕੇ ਬਚਾਅ ਪੇਸ਼ ਕਰਨ ਲਈ ਸਮੇਂ ਦੀ ਮੰਗੀ ਕੀਤੀ ਸੀ। ਪਿਤਾ ਵੱਲੋਂ ਦਿੱਤੀ ਗਈ ਅਰਜ਼ੀ ਤੋਂ ਭਗਤ ਸਿੰਘ ਦੀ ਭਾਵਨਾ ਨੂੰ ਠੇਸ ਪਹੁੰਚੀ। ਉਸਨੇ ਆਪਣੇ ਸਿਧਾਂਤਾਂ ਉਪਰ ਜ਼ੋਰ ਦਿੰਦਿਆਂ ਹੋਇਆਂ 4 ਅਕਤੂਬਰ 1930 ਨੂੰ ਪਿਤਾ ਦੇ ਨਾਮ ਲਿਖੇ ਇੱਕ ਖ਼ਤ ਵਿੱਚ ਕਿਹਾ ਸੀ, ਮੈਨੂੰ ਡਰ ਹੈ ਕਿ ਮੈਂ ਤੁਹਾਡੇ 'ਤੇ ਦੋਸ਼ ਥੱਪਦਾ ਹੋਇਆ ਜਾਂ ਇਸ ਤੋਂ ਅਗਾਂਹ ਜਾ ਕੇ ਤੁਹਾਡੇ ਕੰਮ ਦੀ ਨਿੰਦਾ ਕਰਦਾ ਹੋਇਆ ਕਿਤੇ ਸਭਿਅਤਾ ਦੀ ਹੱਦ ਨਾ ਲੰਘ ਜਾਵਾਂ ਅਤੇ ਮੇਰੇ ਸ਼ਬਦ ਜ਼ਿਆਦਾ ਸਖ਼ਤ ਨਾ ਹੋ ਜਾਣ। ਪਰੰਤੂ ਮੈਂ ਆਪਣੀ ਗੱਲ ਸਪੱਸ਼ਟ ਸ਼ਬਦਾਂ ਵਿੱਚ ਜ਼ਰੂਰ ਕਹਾਂਗਾ। ਜੇ ਹੋਰ ਕੋਈ ਆਦਮੀ ਮੇਰੇ ਨਾਲ ਅਜਿਹਾ ਵਿਹਾਰ ਕਰਦਾ ਤਾਂ ਮੈਂ ਇਸ ਨੂੰ ਗੱਦਾਰੀ ਤੋਂ ਘੱਟ ਨਾ ਮੰਨਦਾ, ਪਰੰਤੂ ਤੁਹਾਡੇ ਪ੍ਰਸੰਗ ਵਿੱਚ ਮੈਂ ਇੰਨਾ ਹੀ ਕਹਾਂਗਾ ਕਿ ਇਹ ਇੱਕ ਕਮਜ਼ੋਰੀ ਹੈ ਹੇਠਲੇ ਦਰਜੇ ਦੀ ਕਮਜ਼ੋਰੀ। ਇਹ ਇੱਕ ਅਜਿਹਾ ਸਮਾਂ ਸੀ ਜਦੋਂ ਅਸੀਂ ਸਾਰੇ ਇੱਕ ਇਮਤਿਹਾਨ ਵਿੱਚੋਂ ਦੀ ਗੁਜ਼ਰ ਰਹੇ ਸਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਇਮਤਿਹਾਨ ਵਿੱਚ ਨਾਕਾਮ ਰਹੇ ਹੋ।

ਲਾਹੌਰ ਸਾਜਿਸ਼ ਕੇਸ ਦੀ ਸੁਣਵਾਈ ਲਈ ਇੱਕ ਖਾਸ ਟ੍ਰਿਬਿਊਨਲ ਬਣਾਇਆ ਗਿਆ। ਇਸ ਦੇ ਸਾਹਮਣੇ 7 ਅਕਤੂਬਰ, 1930 ਨੂੰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਇਹਨਾਂ ਦੇਸ਼ ਭਗਤਾਂ ਉਪਰ ਸਭ ਤੋਂ ਵੱਡਾ ਦੋਸ਼ ਇਹ ਸੀ ਕਿ ਉਹਨਾਂ ਨੇ ਜਾਰਜ ਪੰਜਵੇਂ ਵਿਰੁੱਧ ਜੰਗ ਦਾ ਐਲਾਨ ਕੀਤਾ ਸੀ। ਇਹਨਾਂ ਨੇ ਇਸ ਦੋਸ਼ ਨੂੰ ਨਕਾਰਿਆ ਹੀ ਨਹੀਂ ਸੀ, ਸਗੋਂ ਉਹਨਾਂ ਨੇ ਆਖਿਆ ਕਿ, ਅਸੀਂ ਯੁੱਧ ਬੰਦੀ ਹਾਂ ਅਸੀਂ ਬੜੀ ਹਲੀਮੀ ਨਾਲ ਆਪ ਨੂੰ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਆਪਣੀ ਸੈਨਾ ਨੂੰ ਹੁਕਮ ਦਿਉ ਕਿ ਉਹ ਸਾਨੂੰ ਗੋਲੀ ਨਾਲ ਉਡਾਉਣ ਲਈ ਸੈਨਿਕ ਦਸਤਾ ਭੇਜਣ।

ਕਿੰਨਾ ਫ਼ਰਕ ਸੀ ਸਾਵਰਕਰ ਅਤੇ ਭਗਤ ਸਿੰਘ ਵਿਚਕਾਰ। ਕਿੰਨੇ ਸਨ ਆਪਸ ਵਿੱਚ ਵਿਰੋਧੀ ਵਿਚਾਰ। ਇਹ ਵਿਰੋਧਾਭਾਸ ਇੰਨਾ ਦਰਾਜ ਹੈ ਕਿ ਸਾਵਰਕਰ ਦੀ ਭਗਤ ਸਿੰਘ ਨਾਲ ਤੁਲਨਾ ਕਰਨ ਦਾ ਯਤਨ ਵੀ ਕਿਸੇ ਕਸੂਰ ਤੋਂ ਘੱਟ ਨਹੀਂ ਮੰਨਿਆ ਜਾ ਸਕਦਾ। ਇਹ ਸੱਚ ਵੀ ਹੈ ਕਿ ਇੱਕ ਦੇਸ਼ਧਰੋਹੀ ਨੂੰ ਇੱਕ ਸੱਚੇ ਦੇਸ਼ ਭਗਤ ਦੇ ਸਾਹਵੇਂ ਤੁਲਨਾ ਲਈ ਖੜ੍ਹਾ ਨਹੀਂ ਕੀਤਾ ਜਾ ਸਕਦਾ। ਆਪਣੀਆਂ-ਆਪਣੀਆਂ ਵਿਚਾਰਧਾਰਾਵਾਂ ਤੇ ਨੀਤੀਆਂ ਲਈ ਸਾਵਰਕਰ ਤੇ ਭਗਤ ਸਿੰਘ ਦੋਨਾਂ ਨੇ ਗਾਂਧੀ ਦਾ ਵਿਰੋਧ ਕੀਤਾ ਸੀ। ਗਾਂਧੀ ਲਈ ਹਿੰਦੂ ਤੇ ਮੁਸਲਮਾਨ ਬਰਾਬਰ ਸਨ। ਭਾਵੇਂ ਗਾਂਧੀ ਪਰਮ ਭਗਤ ਸੀ ਪਰ ਉਹ ਮੁਸਲਮਾਨ ਵਿਰੋਧੀ ਨਹੀਂ ਸੀ। ਇਸੇ ਲਈ ਸਾਵਰਕਰ ਗਾਂਧੀ ਦੀ ਹੱਤਿਆ ਦੀ ਸਾਜਿਸ਼ ਦਾ ਸੂਤਰਧਾਰ ਬਣਿਆ।

ਭਗਤ ਸਿੰਘ ਨੇ ਜੇਲ੍ਹ ਤੋਂ ਕ੍ਰਾਂਤੀਕਾਰੀ ਪ੍ਰੋਗਰਾਮ ਦਾ ਮਸੌਦਾ ਨਾਂ ਤੇ ਨੌਜਵਾਨ ਰਾਜਨੀਤਕ ਕਾਰਕੁੰਨਾਂ ਦੇ ਨਾਮ ਇੱਕ ਦਸਤਾਵੇਜ਼ ਬਾਹਰ ਭੇਜੀ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਗਾਂਧੀਵਾਦ ਦੇਸ਼ ਨੂੰ ਨਾ ਕੇਵਲ ਪੂਰਨ ਆਜ਼ਾਦੀ ਦੁਆਉਣ ਵਿੱਚ ਅਸਮਰਥ ਹੀ ਹੈ, ਬਲਕਿ ਉਹ ਤਾਂ ਸੱਤਾ ਵਿੱਚ ਸਿਰਫ਼ ਭਾਈਵਾਲੀ ਚਾਹੁੰਦਾ ਹੈ। ਗਾਂਧੀ ਦੀ ਲੀਡਰਸ਼ੀਪ ਵਾਲੀ ਕਾਂਗਰਸ ਪਾਰਟੀ 'ਤੇ ਅਵੱਲ ਦਰਜੇ ਦੇ ਸਵਾਰਥੀ ਵਰਗ ਦਾ ਕਬਜ਼ਾ ਰਿਹਾ ਹੈ। ਗਾਂਧੀਵਾਦ ਦੀ ਨੀਤੀ ਨੂੰ ਹਰਾਉਣ ਲਈ ਕੀ ਕਿਸਾਨ ਕੀ ਮਜ਼ਦੂਰ ਤੇ ਕੀ ਮੱਧਵਰਗੀ ਜਨਤਾ, ਸਾਰਿਆਂ ਨੂੰ ਇਕ ਜੁੱਟ ਕਰਕੇ ਸੰਘਰਸ਼ ਦੇ ਰਾਹ 'ਤੇ ਚਲਾਉਣਾ ਪਵੇਗਾ। ਗਾਂਧੀ ਭਾਵੇਂ ਧਰਮ ਦਾ ਪੈਰੋਕਾਰ ਰਿਹਾ ਹੋਵੇ ਪਰ ਉਹ ਦੂਸਰੇ ਧਰਮ ਦਾ ਵਿਰੋਧੀ ਨਹੀਂ ਸੀ। ਇਹੀ ਕਾਰਨ ਸੀ ਕਿ ਸਾਵਰਕਰ ਨੂੰ ਗਾਂਧੀ ਉੱਪਰ ਗੁੱਸਾ ਸੀ। ਇਸੇ ਲਈ ਉਸਨੂੰ ਸਰੀਰਕ ਤੌਰ 'ਤੇ ਖ਼ਤਮ ਕਰਵਾ ਦਿੱਤਾ ਗਿਆ। ਜਦੋਂ ਕਿ ਭਗਤ ਸਿੰਘ ਤੇ ਸਾਥੀ ਚਾਹੁੰਦੇ ਸਨ ਕਿ ਗਾਂਧੀ ਦੇ ਦਲਾਲ ਚਰਿੱਤਰ ਅਤੇ ਨੀਤੀਆਂ ਦਾ ਜੁਝਾਰੂ ਲੋਕ ਲਹਿਰਾਂ ਉਸਾਰ ਕੇ ਜਵਾਬ ਦਿੰਦੇ ਹੋਏ ਰਾਜਨੀਤਿਕ ਅਖਾੜੇ ਵਿੱਚ ਹਰਾਇਆ ਜਾਵੇ।

ਭਗਤ ਸਿੰਘ ਨੇ ਸਾਮੰਤਵਾਦੀ ਭੜਾਸ ਕੱਢਣ ਵਾਲੇ ਨਾਅਰੇ 'ਵੰਦੇ ਮਾਤਰਮ' ਦੀ ਥਾਂ 'ਤੇ 'ਇਨਕਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ' ਜਿਹੇ ਸਪੱਸ਼ਟ ਦੇਸ਼ ਭਗਤੀ ਪੂਰਨ ਨਾਅਰੇ ਲਾਏ। ਸਾਵਰਕਰ ਨੇ 'ਹਿੰਦੂਵਾਦੀ' ਫਾਸੀਵਾਦੀ ਕੌਮੀ ਵਿਚਾਰਧਾਰਾ ਅੱਗੇ ਲਿਆਂਦੀ। ਭਗਤ ਸਿੰਘ ਦੇ ਪ੍ਰੇਰਣਾ ਸ੍ਰੋਤ ਸਨ, ਦੁਨੀਆ ਦਾ ਮਜ਼ਦੂਰ ਵਰਗ, ਸਾਮਰਾਜ ਵਿਰੋਧੀ ਦੇਸ਼ ਭਗਤੀ ਪੂਰਨ ਸੰਘਰਸ਼ ਅਤੇ ਸਮਾਜਵਾਦ। ਜਦਕਿ ਸਾਵਰਕਰ ਨੇ ਆਪਣੇ ਤਰੀਕੇ ਨਾਲ ਭਾਰਤੀ ਜਨਤਾ ਵਿੱਚ ਫੁੱਟ ਪਾ ਕੇ ਉਹਨਾਂ ਨੂੰ ਟੁਕੜਿਆਂ ਵਿੱਚ ਵੰਡਿਆ। 'ਜਰਮਨ ਨਾਜ਼ੀਵਾਦ' ਦੇ ਰਾਹੀਂ ਹਿੰਦੂ ਹੰਕਾਰ ਨੂੰ ਪੱਠੇ ਪਾ ਕੇ ਦੂਸਰੀਆਂ ਕੌਮਾਂ ਵੱਲ ਵੈਰ ਭਾਵ ਰੱਖਦਿਆਂ ਹੋਇਆਂ ਫਾਸ਼ੀਵਾਦ ਵਿਚਾਰਧਾਰਾ ਅਤੇ ਸੰਸਥਾਵਾਂ ਨੂੰ ਵਿਸਤਾਰਿਆ ਗਿਆ। ਇਸ ਤਰ੍ਹਾਂ ਸਾਵਰਕਰ ਬਰਤਾਨਵੀ ਹਕੂਮਤ ਦੇ ਵਿਸ਼ਵਾਸਾਂ ਤੇ ਨੀਤੀਆਂ ਨੂੰ ਵਿਅਰਥ ਹੋਣ ਤੋਂ ਬਚਾਉਂਦਿਆਂ ਹੋਇਆਂ ਉਹਨਾਂ ਨੂੰ ਅਮਲ ਵਿੱਚ ਲਿਆਉਣ ਵਿੱਚ ਸਹਾਇਕ ਸਿੱਧ ਹੋਇਆ। ਇਹ ਅਜਿਹੇ ਵਿਚਾਰਾਂ ਦਾ ਵਿਰੋਧ ਸੀ ਕਿ ਆਮ ਜਨਤਾ ਸ਼ਾਂਤੀ ਤੇ ਭਾਈਚਾਰੇ ਦੇ ਜੀਵਨ ਜਿਉਣ ਨੂੰ ਪੀੜ੍ਹੀ ਦਰ ਪੀੜ੍ਹੀ ਵਿਕਸਿਤ ਕਰਦਿਆਂ ਤੇ ਵਧਾਉਂਦਿਆਂ ਹੋਇਆਂ ਧਰਮ ਨਿਰਪੱਖ ਸਭਿਆਚਾਰ ਨੂੰ ਤਬਾਹ ਹੋਣੋ ਬਚਾਏ ਤਾਂ ਕਿ ਜ਼ਹਿਰ ਭਰਿਆ ਈਰਖਾਲੂ ਸਭਿਆਚਾਰ ਜੜ੍ਹਾਂ ਨਾ ਫੜੇ। ਹਿੰਦੂਵਾਦੀਆਂ ਦੀ ਇਹ ਨੀਤੀ ਰਹੀ ਹੈ ਕਿ ਇਤਿਹਾਸ ਤੇ ਵਰਤਮਾਨ ਦੌਰ ਨੂੰ ਹਰ ਸੰਭਵ ਪ੍ਰਸੰਗ ਅਤੇ ਘਟਨਾ ਦੇ ਆਸਰੇ ਸੰਪ੍ਰਦਾਇਕ ਜ਼ਹਿਰ ਨੂੰ ਹੋਰ ਫੈਲਾਇਆ ਜਾਵੇ। ਇਹ ਘਿਰਣਾਯੋਗ ਯਤਨ ਕਾਹਦੇ ਲਈ ਸੀ? ਧਰਮ ਨਿਰਪੱਖਤਾ ਨੂੰ ਤੇ ਮਤਦਾਨ ਨੂੰ ਗੱਦੀਆਂ ਹਾਸਲ ਕਰਨ ਦੀ ਕੋਹਜ਼ੀ ਰਾਜਨੀਤੀ ਤੱਕ ਸੀਮਤ ਕਰਕੇ ਉਸਨੂੰ ਅਸ਼ਲੀਲਤਾ ਵਿੱਚ ਬਦਲ ਦਿੱਤਾ ਗਿਆ ਤੇ ਇਹ ਲੋਕ (ਭਾਜਪਾ ਵਾਲੇ) ਸਾਵਰਕਰ ਤੋਂ ਸਿੱਖੀ ਹੋਈ ਕਪਟਤਾ ਨੂੰ ਹੀ ਇੱਕ ਨੀਤੀ ਦੇ ਰੂਪ ਵਿੱਚ ਵਿਕਸਿਤ ਕਰਕੇ ਅਮਲ ਵਿੱਚ ਲਿਆ ਰਹੇ ਹਨ। ਕੌਮੀ ਨਫ਼ਰਤ ਨੂੰ ਹਵਾ ਦਿੰਦਿਆਂ ਹੋਇਆਂ ਵੋਟਾਂ ਲੈਣੀਆਂ ਅਤੇ ਗੱਦੀਆਂ ਹਾਸਿਲ ਕਰਕੇ ਸੱਤਾ ਵਿੱਚ ਆ ਕੇ ਚਾਰ ਸਾਲ ਤੱਕ ਉਹਨਾਂ ਨੇ ਸਾਵਰਕਰ ਦਾ ਨਾਂ ਬੁੱਲ੍ਹਾਂ 'ਤੇ ਨਹੀਂ ਆਉਣ ਦਿੱਤਾ। ਜਦ ਕਿ ਹੁਣ ਸਿੱਧਾ ਸੰਸਦ ਭਵਨ ਦੇ ਕੇਂਦਰੀ ਹਾਲ ਵਿੱਚ ਉਸਨੂੰ ਸਥਾਪਿਤ ਕਰ ਦਿੱਤਾ ਗਿਆ ਹੈ। ਪਹਿਲਾਂ ਦੇ ਗਾਂਧੀਵਾਦੀ ਸਮਾਜਵਾਦ ਨੂੰ ਹਿੰਦੂਤਵ ਦੇ ਰੂਪ ਵਿੱਚ ਬਦਲ ਕੇ ਇਹਨਾਂ ਲੋਕਾਂ ਨੇ 'ਸਵਦੇਸ਼ੀ' ਨੂੰ ਬਹੁ-ਰਾਸ਼ਟਰੀ ਕੰਪਨੀਆਂ ਦੇ ਦਲੀਲਪੁਣੇ ਦੇ ਰੂਪ ਵਿੱਚ ਜਦੋਂ ਵਿਕਸਿਤ ਕੀਤਾ ਤਾਂ ਸਾਵਰਕਰ ਨੂੰ ਦੇਸ਼ ਭਗਤ ਤੇ ਰਾਸ਼ਟਰ ਨੇਤਾ ਦੇ ਰੂਪ ਵਿੱਚ ਪਹਿਚਾਣ ਦੁਆਉਣ ਵਿੱਚ ਹੈਰਾਨੀ ਦੀ ਕੋਈ ਗੱਲ ਨਹੀਂ ਸੀ। ਜਦੋਂ ਸਾਰੀ ਦੁਨੀਆ ਖੁੱਲ੍ਹੀ ਨਿੰਦਿਆ ਕਰਦਿਆਂ ਹੋਇਆਂ ਅਮਰੀਕੀ ਯੁੱਧਪ੍ਰਸਤੀ ਦਾ ਖੰਡਨ ਕਰ ਰਹੀ ਸੀ ਤਾਂ ਇਹਨਾਂ ਲੋਕਾਂ (ਭਾਜਪਾ ਵਾਲਿਆਂ) ਨੇ ਉਸੇ ਅਮਰੀਕੀ ਯੁੱਧਪ੍ਰਸਤੀ ਦੀ ਨਿੰਦਾ ਕਰਨ ਬਾਰੇ ਅੱਗਾ-ਪਿੱਛਾ ਸੋਚਦਿਆਂ ਹੋਇਆਂ ਗੋਡੇ ਟੇਕਣ ਵਾਲੀਆਂ ਨੀਤੀਆਂ ਵਿੱਚ ਸਮਾਂ ਗਵਾਇਆ।

ਸੰਘ ਪਰਿਵਾਰ ਦੀਆਂ ਤਾਕਤਾਂ ਜਾਂ ਦੂਸਰਿਆਂ ਲੋਕਾਂ ਵਲੋਂ ਕੰਧਾਂ ਉਪਰ ਕਿਤੇ-ਕਿਤੇ ਇਹ ਨਾਅਰੇ ਲਿਖੇ ਜਾ ਰਹੇ ਹਨ, ਅਸੀਂ ਭਾਰਤ ਮਾਤਾ ਦੇ ਸਪੂਤ ਹਾਂ? ਭਗਤ ਸਿੰਘ ਦੇ ਛੋਟੇ ਭਰਾ ਹਾਂ ਸਾਵਰਕਰ ਨੂੰ ਵੀ ਦੇਸ਼ ਭਗਤ ਦੇ ਰੂਪ ਵਿੱਚ ਮਾਨਤਾ ਦੇਣ ਤੋਂ ਵੱਧ ਕੇ ਹੋਰ ਅਗਿਆਨ ਤੇ ਧੋਖੇਬਾਜ਼ੀ ਕੀ ਹੋ ਸਕਦੀ ਹੈ? ਵਿਰੋਧੀ ਧਿਰਾਂ ਦੇ ਐਮ. ਪੀ. ਦੇਸ਼ ਭਰ ਦੇ ਧਰਮ ਨਿਰਪੱਖ ਲੋਕ, ਲੋਕਤੰਤਰ ਵਿੱਚ ਵਿਸ਼ਵਾਸ ਕਰਨ ਵਾਲੇ ਤੇ ਗਾਂਧੀਵਾਦੀ ਲੋਕ ਇਸ ਕਾਰੇ ਦਾ ਜਦੋਂ ਖੰਡਨ ਕਰ ਰਹੇ ਸਨ ਤਾਂ ਸਾਵਰਕਰ ਦੇ ਚਿੱਤਰ ਨੂੰ ਸੰਸਦ ਭਵਨ ਵਿੱਚ ਸਥਾਪਤ ਕਰਨ ਦੇ ਪਾਪ ਨੂੰ ਰਾਸ਼ਟਰਪਤੀ ਅਬਦੁਲ ਜੇ ਕਲਾਮ, ਭਗਤ ਸਿੰਘ ਦੀ ਮਿਊਜ਼ੀਅਮ ਵਿੱਚ ਧੋਣ ਲਈ ਸ਼ਾਇਦ ਪੰਜਾਬ ਦੇ ਦੌਰੇ 'ਤੇ ਸਨ।

ਇਸ ਪ੍ਰਸੰਗ ਵਿੱਚ :

--ਸਾਵਰਕਰ ਨੇ ਜਿਨਾਂਹ ਤੋਂ ਵੀ ਪਹਿਲਾਂ ਦੋ ਰਾਸ਼ਟਰਾਂ ਹਿੰਦੂ ਤੇ ਮੁਸਲਿਮ ਦਾ ਨਾਅਰਾ ਦਿੱਤਾ।

--ਪਟੇਲ ਨੇ ਜਵਾਹਰ ਲਾਲ ਨਹਿਰੂ ਨੂੰ ਇੱਕ ਪੱਤਰ ਰਾਹੀਂ ਸਾਵਰਕਰ ਨੂੰ ਗਾਂਧੀ ਦੇ ਕਤਲ ਲਈ ਜ਼ਿੰਮੇਵਾਰ ਠਹਿਰਾਇਆ। ਇਹ ਪੱਤਰ ਮਈ 1973 ਨੂੰ ਪਟੇਲ ਦੇ ਖ਼ਤਾਂ ਦੇ ਸੰਕਲਨ ਦੇ ਛੇਵੇਂ ਭਾਗ ਵਿੱਚ ਪ੍ਰਕਾਸ਼ਿਤ ਹੋਇਆ।

--1913 ਦੇ ਮਾਫ਼ੀਨਾਮੇ ਦਾ ਪੂਰਾ ਪਾਠ 1975 ਵਿੱਚ ਮਜੂਮਦਾਰ ਦੀ ਪੁਸਤਕ 'ਪੈਨਲ ਸੈਟਲਮੈਂਟ ਇਨ ਅੰਡੇਮਾਨਜ਼' ਵਿੱਚ ਪ੍ਰਕਾਸ਼ਿਤ ਹੋਇਆ। ਇਸਤੋਂ ਪਹਿਲਾਂ ਸਾਵਰਕਰ ਨੂੰ ਆਰ. ਐੱਸ. ਐੱਸ. ਦੇ ਪੈਰੋਕਾਰਾਂ ਨੇ ਵੀਰ ਸਾਵਰਕਰ ਬਣ ਦਿੱਤਾ ਸੀ, ਦੰਤ ਕਥਾਵਾਂ ਰਾਹੀਂ।

ਅੰਡੇਮਾਨ ਦੀ ਸੈਲੂਲਰ ਜੇਲ੍ਹ ਦੀਆਂ ਤੰਗੀਆਂ ਤੋਂ ਡਰਦਿਆਂ ਸਾਵਰਕਰ ਨੇ ਮੁਆਫ਼ੀਨਾਮੇ ਦੀ ਅਰਜ਼ੀ ਲਿਖੀ ਸੀ। ਉਸ ਵਿੱਚ ਹਰੇ ਕ੍ਰਿਸ਼ਨ ਕੋਨਾਰ, ਗਣੇਸ਼ ਘੋਸ਼, ਸਤੀਸ਼ ਪਕੜਾਸ਼ੀ, ਸੁਬੋਧ ਰਾਇ, ਲੋਕਨਾਥ ਬਲ ਅਨੰਤਾ ਸਿੰਘ, ਸੁਬੋਧ ਚੌਧਰੀ, ਸ਼ਿਵ ਵਰਮਾ ਕਿਸ਼ੋਰੀ ਲਾਲ ਵਰਗਿਆਂ ਨੇ ਲੰਬੀਆਂ ਸਜ਼ਾਵਾਂ ਕੱਟੀਆਂ ਸਨ।

--ਸੰਸਦ ਭਵਨ ਵਿੱਚ ਸਾਵਰਕਰ ਦਾ ਚਿੱਤਰ ਗਾਂਧੀ ਦੇ ਐਨ ਸਾਹਮਣੇ ਲਾਇਆ ਗਿਆ ਹੈ।

--ਬੜੇ ਧੂਮ-ਧੜਾਕੇ ਨਾਲ ਪੋਰਟ ਬਲੇਅਰ ਹਵਾਈ ਅੱਡੇ ਦਾ ਨਾਂ ਬਦਲ ਕੇ 'ਵੀਰ ਸਾਵਰਕਰ ਹਵਾਈ ਅੱਡਾ' ਰੱਖ ਦਿੱਤਾ ਗਿਆ ਹੈ।

--ਜਿਸ ਕੋਠੜੀ ਵਿੱਚ ਸਾਵਰਕਰ ਬੰਦ ਰਿਹਾ ਸੀ ਉਸ ਵਿੱਚ ਇੱਕ ਫੱਟੀ 'ਤੇ ਲਿਖਿਆ ਗਿਆ ਹੈ ਕਿ ਸਾਵਰਕਰ ਨੇ ਹਿੰਦੂਤਵ ਦਾ, ਹਿੰਦੂਆਂ ਦੀ ਸਮਾਨਤਾ ਦਾ, ਹਿੰਦੂ ਰਾਸ਼ਟਰਵਾਦ ਦਾ, ਅਖੰਡ ਭਾਰਤ ਦਾ ਮੰਤਰ ਦਿੱਤਾ।

2. ਇੱਥੇ ਅਸੀਂ ਉਸ ਪੱਤਰ ਦੇ ਕਾਫ਼ੀ ਹਿੱਸੇ ਦੇ ਰਹੇ ਹਾਂ ਜੋ 14 ਨਵੰਬਰ, 1913 ਨੂੰ ਬੀ.ਡੀ. ਸਾਵਰਕਰ ਨੇ ਹੋਮ ਮੈਂਬਰ ਦੇ ਨਾਂ ਲਿਖਿਆ।

ਮੈਂ ਤੁਹਾਡੀ ਸੇਵਾ ਵਿੱਚ ਹੇਠ ਲਿਖੇ ਨੁਕਤੇ ਰੱਖਣਾ ਚਾਹੁੰਦਾ ਹਾਂ?

3. ਜੇ ਮੈਂ ਭਾਰਤੀ ਜੇਲ੍ਹਾਂ ਵਿੱਚ ਹੁੰਦਾ ਤਾਂ ਹੁਣ ਤੱਕ ਮੈਨੂੰ ਸਜ਼ਾ ਵਿੱਚ ਕਈ ਕਟੌਤੀਆਂ ਮਿਲ ਚੁੱਕੀਆਂ ਹੋਣੀਆਂ ਸੀ। ਮੈਂ ਕਿੱਤੇ ਵਧੇਰੇ (ਹੁਣ ਨਾਲੋਂ) ਚਿੱਠੀਆਂ ਘਰ ਭੇਜ ਦਿੱਤੀਆਂ ਹੁੰਦੀਆਂ। ਮੇਰੀਆਂ ਮੁਲਾਕਾਤਾਂ ਆਈਆਂ ਹੁੰਦੀਆਂ। ਜੇ ਮੈਂ ਮਹਿਜ਼ ਇੱਕ ਬੰਦਾ ਹੁੰਦਾ ਤਾਂ ਹੁਣ ਤੱਕ ਮੈਨੂੰ ਇਸ ਜੇਲ੍ਹ ਤੋਂ ਰਿਹਾ ਕਰ ਦਿੱਤਾ ਗਿਆ ਹੁੰਦਾ ਅਤੇ ਮੈਂ ਟਿਕਟ 'ਤੇ ਛੁੱਟੀ ਦੀ ਆਸ ਕਰ ਰਿਹਾ ਹੁੰਦਾ ਪਰੰਤੂ ਸਥਿਤੀ ਇਹ ਹੈ ਕਿ ਮੈਨੂੰ ਨਾ ਤਾਂ ਭਾਰਤੀ ਜੇਲ੍ਹ ਦੇ ਲਾਭ ਹਾਸਲ ਹਨ ਤੇ ਨਾ ਹੀ ਇਸ ਬੰਦੀ ਕਾਲੋਨੀ ਦੇ ਨਿਯਮਾਂ ਵਾਲੇ, ਪਰ ਨੁਕਸਾਨ ਦੋਨਾਂ ਪਾਸਿਆਂ ਤੋਂ ਝੱਲਣਾ ਪੈ ਰਿਹਾ ਹੈ।

4. ਇਸ ਲਈ ਮਹਾਮਹਿਮ ਕੀ ਤੁਸੀਂ ਕ੍ਰਿਪਾਲਤਾ ਕਰਕੇ ਮੇਰੀ ਇਸ ਵਿਸੰਗਤੀਪੂਰਨ ਦਸ਼ਾ ਦਾ ਅੰਤ ਕਰਵਾਉਗੇ? ਕੀ ਇਸ ਲਈ ਮੈਨੂੰ ਭਾਰਤੀ ਜੇਲ੍ਹਾਂ ਵਿੱਚ ਭਿਜਵਾਉਗੇ ਜਾਂ ਫਿਰ ਮੈਨੂੰ ਕਿਸੇ ਦੂਸਰੇ ਬੰਦੀ ਵਾਂਗ ਸਿਰਫ਼ ਨਿਰਵਾਸਿਤ ਦਾ ਵਿਹਾਰ ਦੁਆਉਗੇ। ਮੈਂ ਕਿਸੇ ਸੀਨੀਆਰਿਟੀ ਵਾਲੇ ਵਰਤਾਉ ਦੀ ਮੰਗ ਨਹੀਂ ਕਰ ਰਿਹਾ ਹਾਂ। ਭਾਵੇਂ ਕਿ ਮੇਰੀ ਮਾਨਤਾ ਹੈ ਕਿ ਇਸ ਰਾਜਨੀਤਿਕ ਬੰਦੀ ਹੋਣ ਨਾਤੇ ਦੁਨੀਆਂ ਦੇ ਆਜ਼ਾਦ ਦੇਸ਼ਾਂ ਵਿੱਚ ਕਿਸੇ ਵੀ ਸਭਿਆ ਪ੍ਰਸ਼ਾਸਨ ਤੋਂ ਇਸਦੀ ਉਮੀਦ ਕੀਤੀ ਜਾ ਸਕਦੀ ਹੈ। ਮੇਰੀ ਮੰਗ ਤਾਂ ਉਹਨਾਂ

ਘਰੇਲੂ ਕੰਮ ਕਰਨ ਵਾਲੀ ਲੇਡੀ ਲੋੜ+ਨੈਨੀ
ਬਰੈਂਪਟਨ ਵਿਚ HWY 50 ਦੇ ਨੇੜੇ ਕੰਮ ਕਰਨ ਵਾਲੀ ਲੇਡੀ ਦੀ ਲੋੜ ਹੈ ਜੋ ਘਰੇਲੂ ਕੰਮ ਅਤੇ ਦੋ ਬੱਚਿਆਂ ਦੀ ਨੈਨੀ ਦਾ ਕੰਮ ਕਰ ਸਕੇ।
Call : Varun Mehra
416-400-1177
647-287-9372

ਰਿਆਇਤਾਂ ਅਤੇ ਸੁਵਿਧਾਵਾਂ ਦੀ ਹੈ ਜੋ ਸਭ ਤੋਂ ਦੁਸ਼ਟ ਕੈਦੀਆਂ ਅਤੇ ਪੱਕੇ ਅਪਰਾਧੀਆਂ ਨੂੰ ਦਿੱਤੀਆਂ ਜਾਂਦੀਆਂ ਹਨ। ਮੈਨੂੰ ਇਸ ਜੇਲ੍ਹ ਵਿੱਚ ਸਥਾਈ ਤੌਰ 'ਤੇ ਬੰਦ ਰੱਖਣ ਦੀ ਮੌਜੂਦਾ ਯੋਜਨਾ ਜੀਵਨ ਤੇ ਆਸ਼ਾ ਨੂੰ ਜਗਾਏ ਰੱਖਣ ਦੀ ਕਿਸੇ ਵੀ ਸੰਭਾਵਨਾ ਦੀ ਦ੍ਰਿਸ਼ਟੀ ਤੋਂ ਪੂਰੀ ਤਰ੍ਹਾਂ ਨਿਰਾਸ਼ ਹੀ ਕਰੀ ਜਾ ਰਹੀ ਹੈ। ਜੋ ਨਿਸ਼ਚਿਤ ਸਮੇਂ ਦੇ ਬੰਦੀ ਹੁੰਦੇ ਹਨ, ਉਹਨਾਂ ਦੀ ਹਾਲਤ ਵੱਖਰੀ ਹੁੰਦੀ ਹੈ। ਪਰੰਤੂ ਮੇਰੇ ਸਾਹਮਣੇ ਤਾਂ ਪੰਜਾਹ ਸਾਲ ਦਾ ਲੰਮਾ ਸਮਾਂ ਪਿਆ ਹੋਇਆ ਹੈ। ਮੈਂ ਇਸ ਬੰਦ ਚਾਰਦੀਵਾਰੀ ਵਿੱਚ ਇਹਨਾਂ ਪੰਜਾਹ ਵਰ੍ਹਿਆਂ ਨੂੰ ਕਿਵੇਂ ਲੰਘਾਉਣ ਦੀ ਨੈਤਿਕ ਸ਼ਕਤੀ ਇਕੱਠੀ ਕਰ ਸਕਦਾ ਹਾਂ। ਜਦੋਂ ਕਿ ਮੈਨੂੰ ਉਹਨਾਂ ਰਿਆਇਤਾਂ ਤੋਂ ਵੀ ਦੂਰ ਰੱਖਿਆ ਜਾ ਰਿਹਾ ਹੈ ਜੋ ਭੈੜੇ ਤੋਂ ਭੈੜੇ ਬੰਦੀਆਂ ਨੂੰ ਹਾਸਲ ਹੁੰਦੀਆਂ ਹਨ ਤਾਂ ਕਿ ਉਹ ਆਪਣੇ ਜੀਵਨ ਨੂੰ ਬਿਹਤਰ ਬਣਾ ਸਕਣ। ਇਸ ਲਈ ਕ੍ਰਿਪਾ ਕਰਕੇ ਮੈਨੂੰ ਜਾਂ ਤਾਂ ਭਾਰਤੀ ਜੇਲ੍ਹ ਵਿੱਚ ਭੇਜ ਦਿੱਤਾ ਜਾਵੇ, ਕਿਉਂਕਿ ਮੈਂ ਉਹ ਸਜ਼ਾ ਦੀਆਂ ਕਟੌਤੀਆਂ ਹਾਸਿਲ ਕਰ ਸਕਾਂਗਾ। (ਅ) ਹਰ ਚੌਥੇ ਮਹੀਨੇ ਆਪਣੇ ਲੋਕਾਂ ਨਾਲ ਮੁਲਾਕਾਤ ਕਰ ਸਕਾਂਗਾ, ਕਿਉਂਕਿ ਜੋ ਵੀ ਭੈੜੀ ਕਿਸਮਤ ਨਾਲ ਜੇਲ੍ਹ ਜਾ ਚੁੱਕੇ ਹਨ, ਉਹ ਜਾਣਦੇ ਹਨ ਕਿ ਕਦੇ ਕਦਾਈਂ ਆਪਣੇ ਲੋਕਾਂ ਨੂੰ ਮਿਲਣਾ ਕੀ ਨਿਹਮਤ ਹੁੰਦੀ ਹੈ। (?) ਸਭ ਤੋਂ ਵੱਡੀ ਗੱਲ ਕਾਨੂੰਨੀ ਚਾਹੇ ਨਾ ਹੋਵੇ ਪਰ ਨੈਤਿਕ ਤੌਰ 'ਤੇ 14 ਸਾਲ ਬਾਅਦ ਰਿਹਾਈ ਦਾ ਅਧਿਕਾਰ ਤਾਂ ਪਾ ਹੀ ਲਵਾਂਗਾ। (ਸ) ਇਸ ਤੋਂ ਇਲਾਵਾ ਹੋਰ ਜ਼ਿਆਦਾ ਚਿੱਠੀਆਂ ਤੇ ਦੂਸਰੇ ਲਾਭ ਪ੍ਰਾਪਤ ਕਰ ਸਕਾਂਗਾ। ਜੇਕਰ ਮੈਨੂੰ ਭਾਰ ਨਹੀਂ ਭੇਜਿਆ ਜਾ ਸਕਦਾ ਤਾਂ ਮੈਨੂੰ (ਸੇਲੂਲਰ ਜੇਲ੍ਹ ਤੋਂ) ਰਿਹਾਅ ਕਰ ਦਿੱਤਾ ਜਾਵੇ ਅਤੇ ਇਸ ਉਮੀਦ ਨਾਲ ਬਾਹਰ ਭੇਜ ਦਿੱਤਾ ਜਾਵੇ ਕਿ ਦੂਸਰੇ ਕਿਸੇ ਵੀ ਕੈਦੀ ਵਾਂਗ ਪੰਜ ਸਾਲ ਤੋਂ ਬਾਅਦ ਸਫ਼ਰ ਕਰਨ ਦਾ ਟਿਕਟ-ਛੁੱਟੀ ਹਾਸਲ ਕਰਨ ਦਾ ਅਤੇ ਆਪਣੇ ਪਰਿਵਾਰ ਨੂੰ ਇੱਥੇ ਬੁਲਾਉਣ ਦਾ ਮੌਕਾ ਮਿਲੇਗਾ। ਜੇ ਮੇਰੀ ਇਹ ਬੇਨਤੀ ਮੰਨ ਲਈ ਜਾਂਦੀ ਹੈ ਤਾਂ ਉਸ ਤੋਂ ਬਾਅਦ ਸਿਰਫ਼ ਇੱਕ ਸ਼ਿਕਾਇਤ ਰਹਿ ਜਾਵੇਗੀ ਕਿ ਮੈਨੂੰ ਸਿਰਫ਼ ਆਪਣੇ ਹੀ ਦੋਸ਼ਾਂ ਲਈ ਜ਼ਿੰਮੇਦਾਰ ਠਹਿਰਾਇਆ ਜਾਣਾ ਚਾਹੀਦਾ ਹੈ, ਨਾ ਕਿ ਦੂਸਰਿਆਂ ਦੇ ਦੋਸ਼ਾਂ ਲਈ। ਇਹ ਖੇਦ ਦਾ ਵਿਸ਼ਾ ਹੈ ਕਿ ਮੈਨੂੰ ਇਹ ਮੰਗ ਕਰਨੀ ਪੈ ਰਹੀ ਹੈ, ਜਦੋਂ ਕਿ ਇਹ ਤਾਂ ਹਰੇਕ ਮਨੁੱਖ ਦਾ ਮੌਲਿਕ ਅਧਿਕਾਰ ਹੀ ਹੈ। ਆਖ਼ਿਰ ਇੱਕ ਪਾਸੇ ਤਾਂ 20 ਰਾਜਨੀਤਿਕ ਕੈਦੀ ਹਨ, ਨੌਜਵਾਨ, ਸਕ੍ਰਿਅ ਅਤੇ ਬੇਚੈਨ ਅਤੇ ਦੂਸਰੇ ਪਾਸੇ ਕੈਦੀ ਕਲੋਨੀ ਦੇ ਕਾਇਦੇ-ਕਾਨੂੰਨ। ਆਪਣੀ ਫ਼ਿਤਰਤ ਕਾਰਨ ਹੀ ਕਾਇਦੇ-ਕਾਨੂੰਨ ਵਿਚਾਰ ਅਤੇ ਪ੍ਰਗਟਾਅ ਦੀ ਆਜ਼ਾਦੀ ਨੂੰ ਬੇਹੱਦ ਘਟਾ ਦਿੰਦੇ ਹਨ। ਅਜਿਹੀ ਸਥਿਤੀ ਵਿੱਚ ਇਹ ਜ਼ਰੂਰੀ ਹੈ ਕਿ ਜਦੋਂ-ਜਦੋਂ ਉਹਨਾਂ ਵਿੱਚੋਂ ਕੋਈ ਇੱਕ ਅਧਨਿਯਮ ਦੀ ਉਲੰਘਣਾ ਕਰਨ ਦਾ ਦੋਸ਼ੀ ਹੋਵੇ ਤਾਂ, ਜੇਕਰ ਇਸ ਲਈ ਸਾਰਿਆਂ ਨੂੰ ਜ਼ਿੰਮੇਦਾਰ ਠਹਿਰਾਇਆ ਜਾਂਦਾ ਹੈ। ਜਿਸ ਤਰ੍ਹਾਂ ਕਿ ਅਸਲ ਵਿੱਚ ਹੋ ਰਿਹਾ ਹੈ, ਤਾਂ ਮੇਰੇ ਲਈ ਜੇਲ੍ਹ ਤੋਂ ਬਾਹਰ ਰਹਿਣ ਦੀ ਬਹੁਤ ਹੀ ਘੱਟ ਗੁੰਜਾਇਸ਼ ਬਚੀ ਰਹਿ ਜਾਵੇਗੀ।

ਅੰਤ ਵਿੱਚ ਮੈਂ ਮਹਾਂਮਹਿਮ ਨੂੰ ਇਹ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਉਹ ਕ੍ਰਿਪਾ ਕਰਕੇ ਮੇਰੀ ਉਸ ਖਿਮਾ-ਯਾਚਨਾ ਦੀ ਅਰਜ਼ੀ ਉਘੱਪਰ ਗੌਰ ਕਰਨ ਜੋ ਮੈਂ 1911 ਵਿੱਚ ਭੇਜੀ ਸੀ ਅਤੇ ਉਸਨੂੰ ਭਾਰਤ ਸਰਕਾਰ ਨੂੰ ਭੇਜੇ ਜਾਣ ਹਿੱਤ ਆਪਣੀ ਸਹਿਮਤੀ ਦੇਣ। ਭਾਰਤੀ ਰਾਜਨੀਤੀ ਦੀਆਂ ਤਾਜ਼ਾ ਘਟਨਾਵਾਂ ਦੇ ਵਿਕਾਸ ਨੇ ਅਤੇ ਸਰਕਾਰ ਦੀ ਸੁਲਹ-ਸਮਝੌਤਾਵਾਦੀ ਨੀਤੀ ਨੇ ਇੱਕ ਵਾਰ ਫਿਰ ਸੰਵਿਧਾਨਕ ਰਸਤਾ ਖੋਲ੍ਹ ਦਿੱਤਾ ਹੈ। ਹੁਣ ਦਿਲ ਤੋਂ ਭਾਰਤ ਅਤੇ ਮਾਨਵਤਾ ਦਾ ਹਿੱਤ ਚਾਹੁਣ ਵਾਲਾ ਕੋਈ ਵੀ ਆਦਮੀ ਅੱਖਾਂ ਮੀਟ ਕੇ ਉਹ ਕੰਡਿਆਲੇ ਰਸਤੇ 'ਤੇ ਕਦਮ ਕਿਉਂ ਰੱਖੇਗਾ, ਜਿਸਨੇ 1906-1907 ਦੀ ਉਤੇਜਨਾਪੂਰਨ ਅਤੇ ਹਰਾਸ ਪ੍ਰਸਥਿਤੀ ਵਿੱਚ ਸਾਨੂੰ ਸ਼ਾਂਤੀ ਤੇ ਪ੍ਰਗਤੀ ਦੇ ਰਾਹੋਂ ਭਟਕਾ ਕੇ ਆਪਣੇ ਵੱਲ ਖਿੱਚ ਲਿਆ ਸੀ। ਇਸ ਲਈ ਜੇਕਰ ਸਰਕਾਰ ਆਪਣੀ ਸਮੁੱਚੀ ਕ੍ਰਿਪਾ ਅਤੇ ਦਿਆਲਤਾ ਨਾਲ ਮੈਨੂੰ ਰਿਹਾਅ ਕਰ ਦਿੰਦੀ ਹੈ ਤਾਂ ਇਹ ਤੈਅ ਹੈ ਕਿ ਮੈਂ ਸੰਵਿਧਾਨਕ ਪ੍ਰਗਤੀ ਦਾ ਅਤੇ ਅੰਗਰੇਜ਼ੀ ਰਾਜ ਪ੍ਰਤੀ ਵਫ਼ਾਦਾਰੀ ਦਾ ਜੋ ਕਿ ਇਸ ਪ੍ਰਗਤੀ ਦੀ ਪਹਿਲੀ ਸ਼ਰਤ ਹੈ, ਸਭ ਤੋਂ ਪੱਕਾ ਪੈਰੋਕਾਰ ਹੋਵਾਂਗਾ। ਜਦੋਂ ਤੱਕ ਅਸੀਂ ਜੇਲ੍ਹਾਂ ਵਿੱਚ ਹਾਂ, ਭਾਰਤ ਵਿੱਚ ਮਹਾਰਾਜਾਧਿਰਾਜ ਦੀ ਵਫ਼ਾਦਾਰ ਪਰਜਾ ਦੇ ਲੱਖਾਂ ਘਰਾਂ ਵਿੱਚ ਸੱਚੀ ਖ਼ੁਸ਼ੀ ਨਹੀਂ ਆ ਸਕਦੀ ਕਿਉਂਕਿ ਖ਼ੂਨ ਪਾਣੀ ਤੋਂ ਗਾੜ੍ਹਾ ਹੁੰਦਾ ਹੈ। ਪਰੰਤੂ ਜੇਕਰ ਸਾਨੂੰ ਰਿਹਾਅ ਕਰ ਦਿੱਤਾ ਜਾਂਦਾ ਹੈ ਤਾਂ ਲੋਕ ਸੁਭਾਵਕ ਹੀ ਖ਼ੁਸ਼ੀ ਦੇ ਅਤੇ ਸਰਕਾਰ ਦੀ ਰਿਣੀ ਹੋਣ ਦੇ ਨਾਅਰੇ ਲਾਉਣਗੇ। ਜੋ ਕਿ ਫਟਕਾਰਨ ਅਤੇ ਦੰਡ ਦੇਣ ਤੋਂ ਜ਼ਿਆਦਾ ਇਹ ਜਾਣਦੀ ਹੈ ਕਿ ਖਿਮਾ ਕਿਵੇਂ ਕੀਤਾ ਜਾਂਦਾ ਹੈ ਤੇ ਸੁਧਾਰਿਆ ਕਿਵੇਂ ਜਾਂਦਾ ਹੈ। ਏਨਾ ਹੀ ਨਹੀਂ ਸੰਵਿਧਾਨਕ ਰਸਤੇ ਦੇ ਪੱਖ ਵਿੱਚ ਮੇਰਾ ਬਦਲਾਅ ਭਾਰਤ 'ਤੇ ਵਿਦੇਸ਼ਾਂ ਵਿੱਚ ਉਹਨਾਂ ਸਾਰੇ ਗੁਮਰਾਮ ਨੌਜਵਾਨਾਂ ਨੂੰ ਵੀ ਸਹੀ ਰਸਤੇ 'ਤੇ ਲੈ ਆਵੇਗਾ, ਜਿਹੜੇ ਮੈਨੂੰ ਇੱਕ ਜ਼ਮਾਨੇ ਤੋਂ ਆਪਣਾ ਰਾਹਨੁਮਾ ਮੰਨਦੇ ਰਹੇ ਹਨ। ਮੈਂ ਕਿਸੇ ਵੀ ਹੈਸੀਅਤ ਵਿੱਚ, ਜਿਵੇਂ ਕਿ ਸਰਕਾਰ ਦੀ ਇੱਛਾ ਹੋਵੇ, ਉਸਦੀ ਸੇਵਾ ਕਰਨ ਲਈ ਤਿਆਰ ਹਾਂ ਕਿਉਂਕਿ ਪਰਿਵਰਤਨ ਇਮਾਨਦਾਰੀ ਦਾ ਹੈ ਅਤੇ ਇਸ ਲਈ ਮੈਂ ਆਸ ਕਰਦਾ ਹਾਂ ਕਿ ਮੇਰਾ ਅਗਲਾ ਆਚਰਣ ਵੀ ਉਸੇ ਤਰ੍ਹਾਂ ਦਾ ਹੋਵੇਗਾ। ਮੈਨੂੰ ਜੇਲ੍ਹ ਵਿੱਚੋਂ ਛੱਡਣ ਨਾਲ ਜੋ ਕੁਝ ਹਾਸਲ ਹੋ ਸਕਦਾ ਹੈ, ਉਹ ਕੁਝ ਜੇਲ੍ਹ ਵਿਚ ਰੱਖਣ ਨਾਲ ਨਹੀਂ ਹੋ ਸਕਦਾ। ਤਾਕਤਵਰ ਨੂੰ ਹੀ ਦਇਆ ਸ਼ੋਭਾ ਦਿੰਦੀ ਹੈ ਅਤੇ ਇਸ ਲਈ, ਵਿਗੜਿਆ ਹੋਇਆ ਇਹ ਬੇਟਾ ਸਰਕਾਰੀ ਮਾਂ-ਬਾਪ ਦੇ ਦਰ ਤੋਂ ਇਲਾਵਾ ਵਾਪਿਸ ਹੋਰ ਕਿੱਥੇ ਜਾਵੇਗਾ?

ਆਸ ਕਰਦਾ ਹਾਂ ਕਿ ਮਹਾਂਮਹਿਮ ਇਹਨਾਂ ਨੁਕਤਿਆਂ 'ਤੇ ਵਿਚਾਰ ਕਰਨਗੇ।

# ਗੋਰਖਪੁਰ ਹਸਪਤਾਲ ਦੁਖਾਂਤ: ਇੱਕ ਮੁੱਢਲੀ ਪੜਚੋਲ

ਡਾ. ਗਗਨਦੀਪ ਸਿੰਘ ਸ਼ੇਰਗਿੱਲ

*ਮੁਲਕ ਵਿੱਚ 'ਵੰਦੇਮਾਤਰਮ' ਬੋਲਣਾ, ਮਾਸੂਮਾਂ ਦੀ ਜ਼ਿੰਦਗੀ ਨਾਲੋਂ ਜ਼ਿਆਦਾ ਅਹਿਮ ਬਣ ਗਿਆ ਹੈ। ਸਮੇਂ ਦੀ ਨਬਜ਼ ਪਛਾਨਣ ਦੀ ਲੋੜ ਹੈ। ਗ਼ਰੀਬਾਂ ਅਤੇ ਆਮ ਲੋਕਾਂ ਨੂੰ ਇਕਜੁੱਟ ਹੋ ਕੇ ਇਸ ਢਾਂਚੇ ਨੂੰ ਬਦਲਣਾ ਪਵੇਗਾ। ਇਸ ਘਟੀਆ ਅਤੇ ਖ਼ੂਨ ਚੂਸ ਸਿਸਟਮ ਦੀ ਆਕਸੀਜਨ ਸਪਲਾਈ ਬੰਦ ਕਰਨ ਦਾ ਮਜ਼ਦੂਰ ਜਮਾਤ ਨੂੰ ਹੀਲਾ ਕਰਨਾ ਪਵੇਗਾ।*



ਉੱਤਰ ਪ੍ਰਦੇਸ਼, ਆਪਣੇ ਦੂਜੇ ਸਭ ਤੋਂ ਵੱਡੇ ਸਰਕਾਰੀ ਹਸਪਤਾਲ ਵਿੱਚ 5 ਦਿਨਾਂ ਦੇ ਅੰਦਰ ਹੋਈਆਂ 63 ਬੱਚਿਆਂ ਦੀ ਮੌਤ ਕਾਰਨ ਚਰਚਾ ਵਿੱਚ ਹੈ। ਇਹ ਦੁਖਾਂਤ ਯੂ.ਪੀ. ਦੇ ਗੋਰਖਪੁਰ ਵਿਖੇ ਸਥਿਤ ਬਾਬਾ ਰਾਘਵ ਦਾਸ ਮੈਡੀਕਲ ਕਾਲਜ ਵਿੱਚ 9-12 ਅਗਸਤ ਨੂੰ ਵਾਪਰਿਆ ਹੈ। ਮ੍ਰਿਤਕ ਬੱਚਿਆਂ ਵਿੱਚ ਬਹੁ-ਗਿਣਤੀ ਐਨਸੈਫਲਾਈਟਿਸ ਭਾਵ ਦਿਮਾਗ਼ੀ ਬੁਖ਼ਾਰ ਜਾਂ ਦਿਮਾਗੀ ਸੋਜ਼ਿਸ਼ ਤੋਂ ਪੀੜਤ ਸੀ ਅਤੇ ਹਸਪਤਾਲ ਦੀ ਆਕਸੀਜਨ ਸਪਲਾਈ ਬੰਦ ਹੋਣ ਕਰਕੇ ਉਨ੍ਹਾਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ। ਪਰ ਇਹ ਕੋਈ ਨਵਾਂ ਮਾਮਲਾ ਨਹੀਂ ਹੈ। ਸਿਰਫ਼ ਇਸੇ ਸਾਲ ਹੀ ਇਸੇ ਹਸਪਤਾਲ ਵਿੱਚ, ਇਸੇ ਬਿਮਾਰੀ ਨਾਲ ਗ੍ਰਸਤ 476 ਬੱਚੇ ਦਾਖ਼ਲ ਹੋਏ ਜਿਨ੍ਹਾਂ ਵਿੱਚੋਂ 117 ਦੀ ਮੌਤ ਹੋ ਗਈ। ਬੈੱਡਾਂ ਦੀ ਘਾਟ ਕਾਰਨ ਜੋ ਮਰੀਜ਼ ਦਾਖ਼ਲ ਹੀ ਨਹੀਂ ਹੋ ਸਕੇ ਅਤੇ ਏਧਰ- ਉਧਰ ਹੀ ਮਰ ਗਏ, ਉਹ ਇਸ ਗਿਣਤੀ ਦਾ ਹਿੱਸਾ ਨਹੀਂ। ਹੁਣ ਵਾਲੀਆਂ ਮੌਤਾਂ ਵੀ ਚੁੱਪ-ਚਾਪ ਇਸੇ ਖਾਤੇ ਵਿੱਚ ਪੈ ਜਾਣੀਆਂ ਸਨ, ਜੇਕਰ ਹਸਪਤਾਲ ਵਿੱਚ ਆਕਸੀਜਨ ਸਪਲਾਈ ਬੰਦ ਹੋਣ ਕਰਕੇ ਮਰੀਜ਼ਾਂ ਵਿੱਚ ਹਾਹਾਕਾਰ ਨਾ ਮਚੀ ਹੁੰਦੀ ਅਤੇ ਜੇਕਰ ਉਹ ਗੱਲ ਮੀਡੀਆ ਤਕ ਨਾ ਪਹੁੰਚਦੀ।

1970 ਵਿੱਚ ਪਹਿਲੀ ਵਾਰ ਇਸ ਬਿਮਾਰੀ ਦਾ ਕੇਸ ਗੋਰਖਪੁਰ ਵਿੱਚ ਸਾਹਮਣੇ ਆਇਆ। ਉਸ ਸਮੇਂ ਤੋਂ ਲੈ ਕੇ ਅੱਜ ਤਕ ਮੌਤਾਂ ਅਤੇ ਕੇਸਾਂ ਦੀ ਗਿਣਤੀ ਵਧੀ ਹੀ ਹੈ। ਸਰਕਾਰਾਂ ਕਈ ਬਦਲ ਗਈਆਂ। ਕਰੋੜਾਂ ਰੁਪਏ ਦੇ ਪਾਰਕ ਬਣਾਉਣ ਵਾਲੀ 'ਦਲਿਤ ਕੀ ਬੇਟੀ' ਦੀ ਸਰਕਾਰ ਨੇ ਇਸ ਬਿਮਾਰੀ ਲਈ ਸਿਰਫ਼ 18 ਕਰੋੜ ਰੁਪਏ ਅਲਾਟ ਕੀਤੇ ਸਨ। ਹਸਪਤਾਲ ਦੇ ਪ੍ਰਬੰਧਕਾਂ ਨੇ ਕੰਪਨੀ ਨੂੰ ਪੈਸੇ ਇਸ ਲਈ ਨਹੀਂ ਅਦਾ ਕੀਤੇ ਕਿਉਂਕਿ ਉਹ ਸਿਆਸੀ ਅਕਾਵਾਂ ਦਾ 'ਬਣਦਾ ਹਿੱਸਾ' ਦੇਣ ਤੋਂ ਇਨਕਾਰੀ ਸਨ। ਰਿਸ਼ਵਤਖੋਰੀ ਬੇਈਮਾਨੀ ਅਤੇ ਲੋਕਾਂ ਤੋਂ ਬੇਮੁਖ ਸਰਕਾਰਾਂ ਦਾ ਇਹ ਘਿਨੌਣਾ ਚਿਹਰਾ ਗਾਹੇ-ਬਗਾਹੇ ਸਾਹਮਣੇ ਆਉਂਦਾ ਹੀ ਰਹਿੰਦਾ ਹੈ।

ਮੌਨਸੂਨ ਦੇ ਮੌਸਮ ਵਿੱਚ ਬੱਚਿਆਂ ਨੂੰ ਜ਼ਿਆਦਾ ਲਪੇਟ ਵਿੱਚ ਲੈਂਦਾ ਇਹ ਐਨਸੈਫਲਾਈਟਿਸ ਇੱਕ ਖ਼ਾਸ ਕਿਸਮ ਦੇ ਵਾਇਰਸ ਤੋਂ ਫੈਲਦਾ ਹੈ ਜੋ ਕਿ ਸੂਰਾਂ ਜਾਂ ਕੁਝ ਪੰਛੀਆਂ ਦੀਆਂ ਪ੍ਰਜਾਤੀਆਂ ਵਿੱਚ ਪਨਪਦਾ ਹੈ। ਬਿਮਾਰੀਗ੍ਰਸਤ ਸੂਰ ਨੂੰ ਕੱਟ ਕੇ ਮੱਛਰ ਜਦੋਂ ਫਿਰ ਮਨੁੱਖ ਨੂੰ ਕੱਟਦਾ ਹੈ ਤਾਂ ਇਹ ਵਾਇਰਸ ਮਨੁੱਖ ਦੇ ਖ਼ੂਨ ਦੇ ਅੰਦਰ ਫੈਲ ਜਾਂਦਾ ਹੈ। ਖ਼ੂਨ ਰਾਹੀਂ ਇਹ ਦਿਮਾਗ਼ ਵਿੱਚ ਪਹੁੰਚਦਾ ਹੈ ਅਤੇ ਦਿਮਾਗ਼ ਸੁੱਜ ਜਾਂਦਾ ਹੈ। ਤੇਜ਼ ਬੁਖ਼ਾਰ, ਸਿਰਦਰਦ, ਉਲਟੀਆਂ, ਦੰਦਲਾਂ ਅਤੇ ਬੇਹੋਸ਼ੀ ਉਪਰੰਤ ਨਾ ਇਲਾਜ ਹੋਣ ਦੀ ਹਾਲਤ ਵਿੱਚ ਇਹ ਜਾਨਲੇਵਾ ਸਾਬਤ ਹੁੰਦਾ ਹੈ। ਇਸ ਬਿਮਾਰੀ ਨੂੰ ਹੋਣ ਤੋਂ ਰੋਕਣ ਲਈ ਵੈਕਸੀਨ ਵੀ ਬਣਾ ਲਈ ਹੈ। ਪਹਿਲਾਂ ਜਿੱਥੇ ਜਪਾਨ, ਕੋਰੀਆ ਅਤੇ ਚੀਨ ਵਿੱਚ ਇਸ ਬਿਮਾਰੀ ਨਾਲ ਮਹਾਂਮਾਰੀ ਫੈਲ ਜਾਂਦੀ ਸੀ, ਉੱਥੇ ਹੁਣ ਇਸ ਵੈਕਸੀਨ ਦੇ ਇਸਤੇਮਾਲ ਕਾਰਨ ਕੋਈ ਟਾਂਵਾ-ਟੱਲਾ ਕੇਸ ਹੀ ਨਜ਼ਰ ਆਉਂਦਾ ਹੈ। ਮੁਲਕ ਵਿੱਚ 'ਵੰਦੇਮਾਤਰਮ' ਬੋਲਣਾ, ਮਾਸੂਮਾਂ ਦੀ ਜ਼ਿੰਦਗੀ ਨਾਲੋਂ ਜ਼ਿਆਦਾ ਅਹਿਮ ਬਣ ਗਿਆ ਹੈ। ਸਮੇਂ ਦੀ ਨਬਜ਼ ਪਛਾਨਣ ਦੀ ਲੋੜ ਹੈ। ਗ਼ਰੀਬਾਂ ਅਤੇ ਆਮ ਲੋਕਾਂ ਨੂੰ ਇਕਜੁੱਟ ਹੋ ਕੇ ਇਸ ਢਾਂਚੇ ਨੂੰ ਬਦਲਣਾ ਪਵੇਗਾ। ਇਸ ਘਟੀਆ ਅਤੇ ਖ਼ੂਨ ਚੂਸ ਸਿਸਟਮ ਦੀ ਆਕਸੀਜਨ ਸਪਲਾਈ ਬੰਦ ਕਰਨ ਦਾ ਮਜ਼ਦੂਰ ਜਮਾਤ ਨੂੰ ਹੀਲਾ ਕਰਨਾ ਪਵੇਗਾ।

ਆਕਸੀਜਨ ਦੀ ਕਮੀ ਆਈ ਹੀ ਕਿਉਂ? ਗੱਲ ਇਹ ਸੀ ਕਿ ਪੁਸ਼ਪਾ ਸੇਲਜ਼ ਨਾਂ ਦੀ ਕੰਪਨੀ ਜਿਸ ਦਾ ਹਸਪਤਾਲ ਨੂੰ ਆਕਸੀਜਨ ਸਪਲਾਈ ਕਰਨ ਦਾ ਠੇਕਾ ਸੀ, ਨੇ ਸੰਸਥਾ ਨੂੰ ਸਪਲਾਈ ਰੋਕ ਦਿੱਤੀ। ਯੋਗੀ ਸਰਕਾਰ ਨੇ ਘਟਨਾ ਦਾ ਦੋਸ਼ੀ ਮੰਨਦਿਆਂ ਕੰਪਨੀ ਦੇ ਮਾਲਕ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਮਾਲਕ ਫ਼ਰਾਰ ਹੈ। ਕੰਪਨੀ ਵਾਲਿਆਂ ਦਾ ਜਵਾਬ ਵਿੱਚ ਕਹਿਣਾ ਹੈ ਕਿ ਉਨ੍ਹਾਂ ਦਾ ਸੰਸਥਾ ਵੱਲ ਲਗਪਗ 65 ਲੱਖ ਰੁਪਏ ਦਾ ਬਕਾਇਆ ਸੀ ਅਤੇ ਉਨ੍ਹਾਂ ਨੇ ਸੰਸਥਾ ਨੂੰ ਤਕਰੀਬਨ 40 ਚਿੱਠੀਆਂ ਵੀ ਇਸ ਸਬੰਧੀ ਲਿਖੀਆਂ ਹਨ। ਆਖ਼ਰੀ ਚਿੱਠੀ ਅਲਟੀਮੇਟਮ ਸੀ ਕਿ ਤੁਸੀਂ ਪੈਸੇ ਦਿਓ ਨਹੀਂ ਤਾਂ ਅਸੀਂ ਹੁਣੇ ਸਪਲਾਈ ਬੰਦ ਕਰ ਦੇਵਾਂਗੇ। ਤੀਜੇ ਦਿਨ ਸਪਲਾਈ ਬੰਦ ਕਰ ਦਿੱਤੀ। ਹਸਪਤਾਲ ਦੇ ਆਕਸੀਜਨ ਯੂਨਿਟ ਦੇ ਕਰਮਚਾਰੀਆਂ ਨੇ ਵੀ ਲਿਖਤੀ ਰੂਪ ਵਿੱਚ ਹਸਪਤਾਲ ਅਤੇ ਜ਼ਿਲ੍ਹਾ ਪ੍ਰਬੰਧਨ ਨੂੰ ਇਸ ਬਾਬਤ ਪਹਿਲਾਂ ਹੀ ਆਗਾਹ ਕਰ ਦਿੱਤਾ ਸੀ। ਪਰ ਪ੍ਰਬੰਧਕਾਂ ਨੇ ਇੱਕ ਨਾ ਗੌਲੀ। ਪ੍ਰਬੰਧਕਾਂ ਨੇ ਮ੍ਰਿਤਕਾਂ ਨੂੰ ਛੇਤੀ-ਛੇਤੀ 'ਟਿਕਾਣੇ' ਲਗਾਉਣ ਦਾ ਪ੍ਰਬੰਧ ਕੀਤਾ। ਬਜਾਏ ਮ੍ਰਿਤਕਾਂ ਦਾ ਪੋਸਟਮਾਰਟਮ ਹੋ ਕੇ ਮੌਤ ਦੇ ਅਸਲ ਕਾਰਨਾਂ ਦਾ ਪੁਖ਼ਤਾ ਤਰੀਕੇ ਨਾਲ ਪਤਾ ਲੱਗਦਾ। ਇਸ ਤੋਂ ਉੱਪਰ ਪ੍ਰਬੰਧਕਾਂ ਨੇ 5000 ਵਾਧੂ ਸੁਰੱਖਿਆ ਬਲ ਤਾਇਨਾਤ ਕਰ ਦਿੱਤੇ ਤਾਂ ਕਿ ਲੋਕਾਂ 'ਚ ਰੋਹ ਨਾ ਭੜਕੇ। ਹੁਣ ਸਵਾਲ ਹੈ ਕਿ ਬਿਮਾਰੀ ਵੈਕਸੀਨ ਰਾਹੀਂ ਰੋਕੀ ਜਾ ਸਕਦੀ ਹੈ-ਉਹ ਰੋਕੀ ਕਿਉਂ ਨਹੀਂ ਜਾ ਰਹੀ?

ਦੂਜੀ ਗੱਲ ਬਿਮਾਰੀ ਦੀ ਚਪੇਟ ਵਿੱਚ ਆਉਣ ਉਪਰੰਤ ਆਕਸੀਜਨ ਥੈਰੇਪੀ ਦਾ ਇਸ ਬਿਮਾਰੀ ਵਿੱਚ ਬੇਹੱਦ ਮਹੱਤਵਪੂਰਨ ਰੋਲ ਹੈ। ਡਾਕਟਰੀ ਅਤੇ ਉਸ ਦੇ ਹੋਰ ਸਹਾਇਕ ਸਟਾਫ ਦਾ ਆਕਸੀਜਨ ਮੁਹੱਈਆ ਕਰਵਾਉਣ ਵਿੱਚ ਕੋਈ ਰੋਲ ਨਹੀਂ ਕਿਉਂਕਿ ਇਹ ਕੰਮ ਪ੍ਰਬੰਧਕਾਂ ਦਾ ਹੈ। ਬਾਵਜੂਦ ਇਸ ਦੇ ਕਿ ਜਿਸ ਸ਼ਿੱਦਤ ਨਾਲ ਇਸ ਖ਼ਾਸ ਕੇਸ ਵਿੱਚ ਡਾ. ਰਫ਼ੀਕ ਅਹਿਮਦ ਵਰਗੇ ਦਿਨ-ਰਾਤ ਮਿਹਨਤ ਕਰਦੇ, ਆਪਣੀ ਜੇਬੋਂ ਪੈਸੇ ਖ਼ਰਚਦਿਆਂ ਆਪਣੇ ਰਸੂਖ਼ ਨਾਲ ਇਧਰੋਂ-ਉਧਰੋਂ ਆਕਸੀਜਨ ਸਿਲੰਡਰਾਂ ਦਾ ਜੁਗਾੜ ਕੀਤਾ।

ਡਾਕਟਰੀ ਪੱਖ ਤੋਂ ਬਾਅਦ ਜ਼ਰਾ ਹੁਣ ਪ੍ਰਬੰਧਕੀ ਪੱਖ ਵੱਲ ਨਜ਼ਰ ਮਾਰੀਏ। ਹਸਪਤਾਲ ਵਿੱਚ ਆਕਸੀਜਨ ਸਮੇਤ ਐਮਰਜੈਂਸੀ ਦਵਾਈਆਂ ਦਾ ਲਗਾਤਾਰ ਸਟਾਕ ਬਣਿਆ ਰਹੇ, ਸਿਹਤ ਸਟਾਫ਼-ਦਰੁੱਸਤ ਰਹੇ ਅਤੇ ਮਰੀਜ਼ਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ, ਇਸ ਦਾ ਜ਼ਿੰਮਾ ਹਸਪਤਾਲ ਦੇ ਪ੍ਰਬੰਧਕਾਂ ਦਾ ਹੁੰਦਾ ਹੈ। ਹੁਣ ਉਸ ਹਸਪਤਾਲ ਵਿੱਚ ਪਬਲਿਕ ਹੈਲਥਕੇਅਰ ਸਿਸਟਮ ਆਖ਼ਰੀ ਸਾਹਾਂ ਉੱਤੇ ਹੈ। ਇਸੇ ਹਸਪਤਾਲ ਦੇ ਅੱਧੇ ਮੁਲਾਜ਼ਮਾਂ ਨੂੰ ਦੋ-ਦੋ ਸਾਲਾਂ ਤੋਂ ਤਨਖ਼ਾਹ ਨਹੀਂ ਮਿਲੀ। ਡਾਕਟਰ ਅਤੇ ਹੋਰ ਸਟਾਫ ਦੀ ਬੇਹੱਦ ਘਾਟ ਹੈ। ਐਨਸੈਫਲਾਈਟਿਸ ਅਤੇ ਬੱਚਾ ਵਾਰਡ ਵਿੱਚ 900 ਮਰੀਜ਼ ਦਾਖਲ ਹਨ ਅਤੇ ਡਾਕਟਰ ਕੇਵਲ 5, ਇਹ ਹਾਲ ਉਸ ਜ਼ਿਲ੍ਹੇ ਦਾ ਹੈ ਜਿੱਥੋਂ ਖ਼ੁਦ ਮੌਜੂਦਾ ਮੁੱਖ ਮੰਤਰੀ ਪਿਛਲੇ 20 ਸਾਲਾਂ ਤੋਂ ਲਗਾਤਾਰ ਲੋਕ ਸਭਾ ਦੀ ਸੀਟ ਜਿੱਤਦਾ ਆਇਆ ਹੈ। ਤਾਜ਼ਾ ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਸਰਕਾਰ ਕੇਵਲ 1.3 ਪ੍ਰਤੀਸ਼ਤ ਹੀ ਸਿਹਤ ਉੱਪਰ ਖ਼ਰਚ ਕਰਦੀ ਹੈ। ਇਹ ਅੰਕੜਾ ਸ਼ਰਮਨਾਕ ਹੈ। ਸਰਕਾਰੀ ਸਿਹਤ ਅਤੇ ਸਿੱਖਿਆ ਢਾਂਚੇ ਦਾ ਯੋਜਨਾਬੱਧ ਤਰੀਕੇ ਨਾਲ ਗਲ ਘੁੱਟਣ ਦੀਆਂ ਸਕੀਮਾਂ ਏ.ਸੀ. ਕਮਰਿਆਂ ਵਿੱਚ ਦਿਨ-ਰਾਤ ਚੱਲਦੀਆਂ ਹਨ।

83602-86330

## ਭਾਸ਼ਾ ਬਹਤਾ ਨੀਰ

ਬੋਲੇ ਸੰਤ ਕਬੀਰ
ਸੰਸਕ੍ਰਿਤ ਹੈ ਕੂਪ ਜਲ
ਭਾਸ਼ਾ ਬਹਤਾ ਨੀਰ

ਗੱਲ ਕਿੰਨੀ ਸਹੀ ਹੈ
ਜੋ ਸੰਤ ਕਬੀਰ ਜੀ ਨੇ ਕਹੀ ਹੈ
ਸੰਸਕ੍ਰਿਤ ਤਾਂ ਖੂਹ ਦੇ ਜਲ ਜਹੀ ਹੈ
ਮੇਰੀ ਭਾਸ਼ਾ ਦਾ ਵਗਦਾ ਦਰਿਆ ਹੈ
ਜੋ ਪਤਾ ਨਹੀਂ ਆਪਣੇ 'ਚ
ਕੀ ਕੁਝ ਸਮੋ ਕੇ ਵਹਿ ਰਿਹਾ ਹੈ

ਸੁਣੋ ਮਾਈ ਭਾਈ
ਜਿਉਂਦੀਆਂ ਜਾਗਦੀਆਂ ਭਾਸ਼ਾਵਾਂ
ਅਸ਼ੁੱਧਤਾ ਦਾ ਜਸ਼ਨ ਹੁੰਦੀਆਂ ਹਨ
ਇਕ ਦਿਨ ਕਹਿਣ ਲੱਗੇ ਅਸ਼ੋਕ ਵਾਜਪਾਈ

ਮੈਂ ਦਰਵਾਜ਼ਾ ਖੋਲ੍ਹਿਆ
ਕਮਰੇ ਵਿਚ ਆਇਆ
ਲਾਈਟ ਜਗਾਈ
ਕੁਰਸੀ 'ਤੇ ਬੈਠ ਗਿਆ
ਕਿਤਾਬ ਖੋਲ੍ਹੀ

ਜੀ ਹਾਂ ਪੰਜਾਬੀ ਹੀ ਹੈ ਇਸ ਸਾਰੇ ਬਿਰਤਾਂਤ ਦੀ ਬੋਲੀ
ਪਰ ਇਸ ਵਿਚ ਕਿਤਾਬ ਤੇ ਦਰਵਾਜ਼ਾ ਫ਼ਾਰਸੀ ਹਨ
ਕਮਰਾ ਪੁਰਤਗੇਜ਼ੀ ਹੈ
ਕੁਰਸੀ ਅਰਬੀ
ਤੇ ਲਾਈਟ ਅੰਗਰੇਜ਼ੀ ਹੈ

ਭਾਸ਼ਾ ਵਿਗਿਆਨੀ ਠੀਕ ਹੀ ਕਹਿੰਦੇ ਹਨ
ਭਾਸ਼ਾ ਦਾ ਪਤਾ ਲਫ਼ਜ਼ ਤੋਂ ਨਹੀਂ
ਵਾਕ ਤੋਂ ਲੱਗਦਾ ਹੈ

ਤੇ ਇਹ ਵੀ
ਕਿ ਕਿਰਿਆ ਹੁੰਦੀ ਹੈ ਮਹਾਰਾਣੀ
ਲਫ਼ਜ਼ ਤਾਂ ਉਸ ਦਾ ਪਾਣੀ ਭਰਦੇ ਨੇ

ਕੁਝ ਵੀ ਹੈ
ਜਿਨ੍ਹਾਂ ਭਾਸ਼ਾਵਾਂ ਨਾਲ ਸਾਡਾ ਵਾਹ ਪੈਂਦਾ ਹੈ
ਉਨ੍ਹਾਂ ਦੇ ਲਫ਼ਜ਼ ਸਾਡੀ ਭਾਸ਼ਾ ਵਿਚ
ਆਉਂਦੇ ਹੀ ਆਉਂਦੇ ਹਨ

ਪੱਗ ਦੇ ਹੁੰਦਿਆਂ ਸੁੰਦਿਆਂ
ਫ਼ਾਰਸੀ ਤੋਂ ਦਸਤਾਰ ਆਈ
ਨਾ ਸਿਰਫ਼ ਆਈ
ਪੱਗ ਤੋਂ ਵੀ ਜ਼ਿਆਦਾ ਸ਼ਾਨਾਂਮੱਤੀ ਬਣ ਗਈ
ਤੇ ਸਿੰਘਾਂ ਨੇ ਉਸ ਵਿਚ ਆਪਣੀ ਸਿਰਜਣਾ ਵੀ ਰਲਾਈ
ਤੇ ਦਸਾਂ ਪੇਚਾਂ ਦੀ ਪੱਗ ਦਸ-ਤਾਰ ਬਣਾਈ

ਪਰਮਾਤਮਾ ਦੇ ਹੁੰਦਿਆਂ ਸੁੰਦਿਆਂ
ਅਰਬੀ ਜਾਂ ਸ਼ੈਰੇ ਇਬਰਾਨੀ ਤੋਂ ਰੱਬ ਆਇਆ
ਤੇ ਦੁੱਖ ਸੁੱਖ ਵੇਲੇ
ਸਾਨੂੰ ਪਰਮਾਤਮਾ ਤੋਂ ਵੀ ਵੱਧ ਯਾਦ ਆਇਆ

ਜਦ ਔੜ ਲੱਗੀ
ਤਾਂ ਅਸੀਂ ਮੀਂਹ ਪਾਉਣ ਦਾ ਵਾਸਤਾ
ਰੱਬ ਅੱਗੇ ਹੀ ਪਾਇਆ;
ਰੱਬਾ ਰੱਬਾ ਮੀਂਹ ਵਰ੍ਹਾ
ਸਾਡੀ ਕੋਠੀ ਦਾਣੇ ਪਾ

ਤੇ ਦੇਖੋ ਇਸ਼ਕ ਫ਼ਾਰਸੀ ਤੋਂ ਆਇਆ
ਤੇ ਪ੍ਰੇਮ ਤੋਂ ਵੀ ਗੂੜ੍ਹਾ ਹੋ ਗਿਆ

ਲਾਲ ਨਾਲ ਸੁਰਖ਼
ਪੀਲੇ ਨਾਲ ਜ਼ਰਦ
ਚਿੱਟੇ ਨਾਲ ਸਫ਼ੈਦ
ਤੇ ਕਾਲ਼ੇ ਨਾਲ ਸਿਆਹ ਜੁੜਿਆ
ਤਾਂ ਸਾਰੇ ਰੰਗਾਂ ਦੇ ਰੰਗ ਹੋਰ ਗੂੜ੍ਹੇ ਹੋ ਗਏ
ਪਰ ਮੇਰਾ ਰੰਗ ਕੁਝ ਫਿੱਕਾ ਹੋ ਗਿਆ
ਜਦ ਮੈਂ ਸੋਚਿਆ
ਫ਼ਾਰਸੀ ਨੇ ਤਾਂ ਨਹੀਂ ਲਿਆ ਪੰਜਾਬੀ ਤੋਂ ਕੋਈ ਲਫ਼ਜ਼
ਅੰਗਰੇਜ਼ਾਂ ਨੇ ਤਾਂ ਕਦੀ ਨਹੀਂ ਕਿਹਾ
ਆਪਣੀ ਮਦਰ ਨੂੰ ਅੰਮੀ ਤੇ ਫ਼ਾਦਰ ਨੂੰ ਬਾਪੂ
ਉਨ੍ਹਾਂ ਨੇ ਤਾਂ ਸਾਡੇ ਕੋਲੋਂ ਸਾਲ਼ਾ ਤੇ ਜੀਜਾ ਵੀ ਨਹੀਂ ਲਏ
ਮਾਮਾ, ਚਾਚਾ, ਤਾਇਆ, ਨਾਨਾ, ਨਾਨੀ,
ਨਣਾਨ ਤੇ ਨਣਦੋਈਆ, ਭੂਆ ਤੇ ਫੁੱਫੜ ਵੀ ਨਹੀਂ ਲਏ
ਜਦ ਕਿ ਉਨ੍ਹਾਂ ਕੋਲ ਹੈ ਵੀ ਨਹੀਂ ਸਨ।

ਅਸੀਂ ਪੰਜਾਬੀ ਤਾਂ ਆਪਸ ਵਿਚ ਗੱਲ ਕਰਦਿਆਂ ਵੀ
ਅੰਗਰੇਜ਼ੀ ਬੋਲਦੇ ਹਾਂ
ਅੰਗਰੇਜ਼ਾਂ ਨੇ ਤਾਂ ਕਦੀ ਸਾਡੇ ਨਾਲ ਗੱਲ ਕਰਦਿਆਂ ਵੀ
ਪੰਜਾਬੀ ਨਹੀਂ ਬੋਲੀ
ਅਸੀਂ ਹੀ ਬੋਲਦੇ ਹਾਂ ਅੰਗਰੇਜ਼ੀ
ਕਦੀ ਆਪਣਾ ਲਫ਼ਜ਼ ਲੱਭਣ
ਜਾਂ ਸਿਰਜਣ ਦੀ ਖੇਚਲ ਤੋਂ ਬਚਣ ਲਈ
ਪਰ ਬਹੁਤੀ ਵਾਰ ਟੌਹਰ ਲਈ
ਜਾਂ ਦਿਖਾਵੇ ਦੀ ਝੂਠੀ ਸ਼ਾਨ ਲਈ

ਏਦਾਂ ਕਿਉਂ ਹੁੰਦਾ ਹੈ ਹਰ ਵਾਰ
ਉਨ੍ਹਾਂ ਤਾਂ ਕਦੀ ਨਹੀਂ ਪਹਿਨਿਆ ਸਾਡਾ ਉਤਾਰ
ਉਨ੍ਹਾਂ ਤਾਂ ਕਦੀ ਨਹੀਂ ਲਿਆ
ਸਾਡਾ ਕੋਈ ਲਫ਼ਜ਼, ਕੋਈ ਵਾਕ
ਅਸੀਂ ਹੀ ਕਿਉਂ ਬਣਦੇ ਹਾਂ ਸਦਾ
ਉਨ੍ਹਾਂ ਦੇ ਗਰੀਬ ਸਾਕ

ਸ਼ਾਇਦ ਇਸ ਲਈ
ਕਿ ਪਾਣੀ ਆਉਂਦੇ ਨੇ ਸਦਾ ਉਚੀਆਂ ਥਾਵਾਂ ਤੋਂ
ਨੀਵੀਆਂ ਥਾਵਾਂ ਵੱਲ
ਪਰ ਗੁੱਸਾ ਨਾ ਕਰਨਾ
ਕੀ ਲਫ਼ਜ਼ ਵੀ ਆਉਂਦੇ ਨੇ ਸਦਾ
ਉਚੀਆਂ ਭਾਸ਼ਾਵਾਂ ਤੋਂ ਨੀਵੀਆਂ ਵੱਲ?

ਕੀ ਸਾਡੀ ਭਾਸ਼ਾ ਨੀਵੀਂ ਹੈ?
ਦੇਖੋ ਤੁਸੀਂ ਗੁੱਸਾ ਕਰ ਗਏ।
ਬਾਬੇ ਨੇ ਕਿਹਾ ਸੀ;
ਰੋਸੁ ਨ ਕੀਜੈ
ਉਤਰੁ ਦੀਜੈ

ਗੁੱਸਾ ਨਾ ਕਰੋ
ਵਿਚਾਰ ਕਰੋ ਵਿਚਾਰ

ਮੈਂ ਇਹ ਤਾਂ ਨਹੀਂ ਕਹਿੰਦਾ
ਸਾਡੀ ਭਾਸ਼ਾ ਨੀਵੀਂ ਹੈ
ਪਰ ਤੁਸੀਂ ਆਪ ਹੀ ਸੋਚੋ

ਫ਼ਾਰਸੀ ਤੇ ਅੰਗਰੇਜ਼ੀ ਵਿਚੋਂ ਹਜ਼ਾਰਾਂ ਲਫ਼ਜ਼ ਆਏ
ਏਸ ਪਾਰ
ਸਾਡੇ ਵਲੋਂ ਵੀ ਗਿਆ ਕੋਈ ਲਫ਼ਜ਼ ਉਸ ਪਾਰ?

ਹਾਂ ਸੱਚ
ਇਕ ਦਿਨ ਬੜੀ ਮਜ਼ੇਦਾਰ ਗੱਲ ਹੋਈ
ਬਿਹਾਰ ਤੋਂ ਆਇਆ
ਸਾਡੇ ਘਰ ਕੰਮ ਕਰਦਾ
ਭੋਲ਼ਾ ਜਿਹਾ ਰਾਜ ਮਿਸਤਰੀ ਰਾਮ ਲਖ਼ਨ ਕਹਿਣ ਲੱਗਾ,

ਸਾਅਬ ਜੀ, ਪੰਜਾਬ ਮੇਂ ਆ ਕੇ ਮੁਝੇ ਪਤਾ ਚਲਾ
ਕਿ ਅਸਲੀ ਭਾਸ਼ਾ ਤੋ ਪੰਜਾਬੀ ਹੈ
ਬਾਕੀ ਸਭੀ ਭਾਸ਼ਾਏਂ ਇਸ ਸੇ ਬਿਗੜ ਕਰ ਬਨੀਂ ਹੈਂ

ਮੈਂ ਹੱਸ ਪਿਆ : ਹਾਂ ਰਾਮ ਲਖਨ
ਜਿਹੜੀ ਭਾਸ਼ਾ ਸਾਡੇ ਸਾਹਿਬ ਦੀ ਹੁੰਦੀ ਹੈ
ਉਸ ਦੇ ਅੱਖਰ ਸਾਡੇ ਲਈ ਖਾਹਮਖਾਹ
ਸੁਨਹਿਰੀ ਹੋ ਜਾਂਦੇ ਹਨ

ਤੇ ਮੈਨੂੰ ਗੱਲ ਸਮਝ ਆਈ
ਕਿ ਅਸਲ ਵਿਚ ਉਚੀਆਂ ਨੀਵੀਆਂ
ਭਾਸ਼ਾਵਾਂ ਨਹੀਂ ਹੁੰਦੀਆਂ
ਉਚੀਆਂ ਨੀਵੀਆਂ ਥਾਵਾਂ ਹੁੰਦੀਆਂ ਹਨ

ਉਚੀਆਂ ਥਾਵਾਂ 'ਤੇ ਬੈਠੀਆਂ ਭਾਸ਼ਾਵਾਂ
ਉਚੀਆਂ ਹੋ ਜਾਂਦੀਆਂ ਹਨ
ਤੇ ਨੀਵੀਆਂ ਥਾਵਾਂ 'ਤੇ ਬੈਠੀਆਂ ਨੀਵੀਆਂ

ਤੇ ਆਉਂਦੇ ਰਹਿੰਦੇ ਹਨ ਉਚੀਆਂ ਥਾਵਾਂ ਵਲੋਂ ਲਫ਼ਜ਼
ਨੀਵੀਆਂ ਥਾਵਾਂ ਵੱਲ
ਖੋਰਦੇ ਸਾਡੇ ਅੱਖਰਾਂ ਨੂੰ
ਸਾਡੇ ਲਫ਼ਜ਼ਾਂ ਨੂੰ
ਸਾਡੀਆਂ ਬਾਤਾਂ, ਬੁਝਾਰਤਾਂ, ਕਹਾਵਤਾਂ ਨੂੰ
ਸਾਡੇ ਲੋਕ ਗੀਤਾਂ ਨੂੰ
ਸਾਡੇ ਪੁਰਖਿਆਂ ਦੇ ਬਣਾਏ ਲਫ਼ਜ਼ਾਂ ਦੇ ਪੁਲਾਂ ਨੂੰ

ਪਰ ਇਹ ਭਾਸ਼ਾਵਾਂ ਉਚੀਆਂ ਥਾਵਾਂ 'ਤੇ
ਕਿਵੇਂ ਜਾ ਬਹਿੰਦੀਆਂ ਨੇ?
ਅੰਗਰੇਜ਼ ਜਿੱਤਾਂ ਜਿੱਤਦੇ ਗਏ
ਤੇ ਉਨ੍ਹਾਂ ਨਾਲ ਅੰਗਰੇਜ਼ੀ ਵੀ
ਚੜ੍ਹਦੀ ਗਈ ਉਚੀਆਂ ਪੌੜੀਆਂ

ਏਸੇ ਤਰ੍ਹਾਂ ਉਚ ਆਏ
ਘੋੜਿਆਂ 'ਤੇ ਸਵਾਰ
ਕਾਬਲ ਕੰਧਾਰ ਤੋਂ
ਡਰਾ ਕੇ ਹਿੰਦੁਸਤਾਨ ਨੂੰ
ਇਸ ਦੇ ਸ਼ਹਿਨਸ਼ਾਹ ਬਣ ਗਏ
ਤੇ ਸ਼ਹਿਨਸ਼ਾਹਾਂ ਦੀ ਜ਼ਬਾਨ
ਸਾਡੇ ਦਿਲਾਂ ਦਿਮਾਗਾਂ 'ਤੇ ਰਾਜ ਕਰਨ ਲੱਗੀ
ਘਰ ਘਰ ਮੀਆਂ ਹੋਣ ਲੱਗੀ
ਬੋਲੀ ਹੋ ਗਈ ਅਵਰ ਹਮਾਰੀ

ਆਬ ਆਬ ਕਰ ਮੋਇਓਂ ਬੱਚਾ, ਫ਼ਾਰਸੀਆਂ ਘਰ ਗਾਲ਼ੇ
ਜੇ ਮੈਂ ਜਾਣਾ ਪਾਣੀ ਮੰਗੇ ਭਰ ਦੇਂਦੀ ਪਿਆਲੇ

ਪਰ ਫ਼ਾਰਸੀ ਨੇ ਉਨ੍ਹਾਂ ਦੇ ਘਰ ਗਾਲ਼ੇ
ਜਿਨ੍ਹਾਂ ਨੇ ਇਹ ਝੂਠੀ ਸ਼ਾਨ ਲਈ ਅਪਣਾਈ
ਜਿਨ੍ਹਾਂ ਨੇ ਇਸ ਦੇ ਹੁਸਨ ਤੇ ਸਿਆਣਪ ਨੂੰ ਪਛਾਣਿਆ
ਅਪਣਾਉਣਯੋਗ ਨੂੰ ਅਪਣਾ ਲਿਆ
ਰੱਬ, ਸਾਹਿਬ, ਸਲਾਮਤ, ਮਿਹਰ, ਹੁਕਮ, ਰਜ਼ਾ, ਕੁਦਰਤ
ਸਾਡੇ ਘਰ ਦੇ ਜੀਅ ਬਣ ਗਏ

ਮੇਰੀ ਧਰਤੀ ਸੰਵਾਦ ਦੀ ਧਰਤੀ ਬਣ ਗਈ

ਮੇਰੀ ਧਰਤੀ ਕੋਲ ਸ਼ੇਖ਼ ਫ਼ਰੀਦ ਵੀ ਹੈ, ਸ਼ੇਕਸਪੀਅਰ ਵੀ
ਕਾਲੀਦਾਸ ਵੀ, ਕਾਮੂ ਵੀ
ਗੁਰੂ ਨਾਨਕ ਵੀ, ਨੀਤਸ਼ੇ ਵੀ
ਬੁਲ੍ਹਾ ਵੀ, ਬ੍ਰੈਖ਼ਤ ਵੀ

ਮੈਂ ਉਨ੍ਹਾਂ ਨਾਲੋਂ ਵੱਧ ਅਮੀਰ ਹਾਂ
ਜਿਨ੍ਹਾਂ ਕੋਲ ਸ਼ੇਕਸਪੀਅਰ ਤਾਂ ਹੈ ਪਰ ਸ਼ੇਖ਼ ਫ਼ਰੀਦ ਨਹੀਂ
ਨੀਤਸ਼ੇ ਤਾਂ ਹੈ ਪਰ ਗੁਰੂ ਨਾਨਕ ਨਹੀਂ

ਬੱਸ ਏਹੀ ਅਰਜ਼ੋਈ ਹੈ ਆਉਣ ਵਾਲੇ ਲੋਕੋ
ਜੋ ਵੀ ਲਿਖਣਾ ਗਹਿਰੀ ਸਮਾਧੀ 'ਚ ਉਤਰ ਕੇ ਲਿਖਣਾ
ਜ਼ਿੰਦਗੀ ਦੀ ਤਪਸ਼ 'ਚੋਂ ਕਸ਼ੀਦ ਕਰ ਕੇ ਲਿਖਣਾ।

- ਸੁਰਜੀਤ ਪਾਤਰ
98145-04272

## ਕਵਿਤਾ

ਬੱਚਿਆਂ ਦੀਂ ਲੋੜ ਨਹੀਂ ਸਾਨੂੰ,
ਫੰਡਰ ਗਾਵਾਂ ਦੀ ਲੋੜ ਹੈ
ਭਾਵੇਂ ਆਕਸੀਜਨ ਖਾਲੀ ਸਾਨੂੰ
ਮੂਤ ਗੋਹਿਆਂ ਦੀ ਲੋੜ ਹੈ

ਦਵਾ ਦਾਰੂ ਵੀ ਹੈ ਨਹੀਂ
ਜਪਾਨੀ ਬੁਖਾਰ ਲਈ, ਫਿਰ ਵੀ
ਚੀਨ ਪਾਕ ਲਈ ਭਗਤੋ
ਅਮਰੀਕੀ ਤੋਪਾਂ ਦੀ ਲੋੜ ਹੈ

ਹਸਪਤਾਲਾਂ ਦੀ ਜਮੀਨ ਵੇਚਕੇ
ਬਜ਼ਾਰ ਖੋਲੀ ਜਾਣੇ ਨੇ
ਐਮਰਜੈਂਸੀ 'ਚ ਡਾਕਟਰ ਹੈਨੀ,
ਗਊ ਰੱਖਕਾਂ ਦੀ ਲੋੜ ਹੈ

ਜੋ ਬਚਦੇ ਨੇ ਉਹ ਫੇਲ ਨੇ
ਕਰਨੇ ਤੇ ਆਪਾਂ ਕਹਿ ਦੇਣਾ
ਲੋਕਾਂ ਦੀ ਸਿਹਤ ਲਈ
ਬਾਬੇ ਰਾਮ ਦੇਵਾਂ ਦੀ ਲੋੜ ਹੈ

ਛੱਪੜਾਂ 'ਚ ਬੱਚੇ ਪੜ੍ਹਦੇ
ਭਾਵੇਂ ਡੇਂਗੂੰ ਨਾਲ ਲੱਖਾਂ ਮਰਦੇ
ਸਕੂਲਾਂ ਨਾਲੋਂ ਜ਼ਿਆਦਾ
ਮੰਦਿਰਾਂ ਤੇ ਦੰਗਿਆਂ ਦੀ ਲੋੜ ਹੈ

ਪੁੱਤ ਲੜਦੇ ਮਰ ਜਾਂਦੇ
ਹਸਪਤਾਲ 'ਚ ਕਦੇ ਸਰਹੱਦਾਂ 'ਤੇ
ਜ਼ਖ਼ਮਾਂ ਉਤੇ ਲਾਇਟਾਂ ਲਾਕੇ
ਜਸ਼ਨ ਅਜ਼ਾਦੀਆਂ ਦੀ ਲੋੜ ਹੈ।

- ਸੋਨੀ ਬਰਨਾਲੇ

## ਕਵਿਤਾ

ਕਵੀਆਂ ਨੂੰ ਕਹੋ
ਮਜਦੂਰਾਂ ਦੀ ਗੱਲ ਨਾਂ ਕਰਨ
ਮਜਬੂਰਾਂ ਦੀ ਗੱਲ ਨਾਂ ਕਰਨ
ਸਰਮਾਏਦਾਰਾਂ ਦੀ ਲੁੱਟ ਦੀ ਗੱਲ ਨਾਂ ਕਰਨ
ਪੁਲਸ ਦੀ ਕੁੱਟ ਦੀ ਗੱਲ ਨਾਂ ਕਰਨ
ਗਰੀਬਾਂ ਦੀ ਗੱਲ ਨਾਂ ਕਰਨ
ਬਦਨਸੀਬਾਂ ਦੀ ਗੱਲ ਨਾਂ ਕਰਨ
ਬਲਾਤਕਾਰਾਂ ਦੀ ਗੱਲ ਨਾਂ ਕਰਨ
ਅੱਤਿਆਚਾਰਾਂ ਦੀ ਗੱਲ ਨਾਂ ਕਰਨ
ਬੱਸ
ਇਨਾਮਾਂ ਸਨਮਾਨਾਂ ਦੀ ਗੱਲ ਕਰਨ
ਸੁਆਦੀ ਪਕਵਾਨਾਂ ਦੀ ਗੱਲ ਕਰਨ
ਔਰਤ ਦੇ ਅੰਗਾਂ ਦੀ ਗੱਲ ਕਰਨ
ਚੁੰਮਣ ਦੇ ਸੰਗਾਂ ਦੀ ਗੱਲ ਕਰਨ
ਨਹੀਂ ਤਾਂ
ਟੇਬਲ ਤੇ ਪਈ ਬੋਤਲ ਰੁੱਸ ਜਾਵੇਗੀ
ਪਲੇਟ ਚ ਪਈ ਮੁਰਗੀ ਖੁਸ ਜਾਵੇਗੀ
ਕਵੀਆਂ ਨੂੰ ਕਹੋ
ਮਜਦੂਰਾਂ ਦੀ ਗੱਲ ਨਾਂ ਕਰੋ
ਮਜਬੂਰਾਂ ਦੀ ਗੱਲ ਨਾਂ ਕਰੋ

- ਹਰੀ ਪਾਲ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਆਇਨਸਟਾਈਨ ਦਾ ਸਾਪੇਖਤਾ ਦਾ ਸਿਧਾਂਤ




ਡਾ ਬਲਜਿੰਦਰ ਸਿੰਘ ਸੇਖੋਂ

ਪਹਿਲੇ ਲੇਖ ਵਿੱਚ ਅਸੀਂ ਅਲਬਰਟ ਆਇਨਸਟਾਈਨ ਦੇ ਖਾਸ ਸਪੇਖਤਾ ਦੇ ਸਿਧਾਂਤ ਬਾਰੇ ਜਾਣ ਚੁੱਕੇ ਹਾਂ। ਇਸ ਵਿਚ ਆਇਨਸਟਾਈਨ ਨੂੰ ਦੋ ਘਾਟਾਂ ਰੜਕ ਰਹੀਆਂ ਸਨ।

1. ਸਿਧਾਂਤ ਦਾ ਦੂਜਾ ਨਿਯਮ ਕੋਈ ਵੀ ਚੀਜ਼ ਰੌਸ਼ਨੀ ਦੀ ਗਤੀ (ਰਫਤਾਰ) ਨਾਲੋਂ ਤੇਜ਼ ਨਹੀਂ ਜਾ ਸਕਦੀ। ਇਸ ਨਾਲ ਨਿਊਟਨ ਦਾ ਗਰੂਤਾ ਦਾ ਸਿਧਾਂਤ ਗਲਤ ਹੋ ਜਾਂਦਾ ਸੀ। ਨਿਊਟਨ ਮੁਤਾਬਿਕ ਇੱਕ ਵਸਤੂ ਦੂਸਰੀ ਨੂੰ ਖਿਚਦੀ ਹੈ ਅਤੇ ਇਹ ਖਿੱਚ ਉਸੇ ਵੇਲੇ ਖਤਮ ਹੋ ਜਾਵੇਗੀ ਜਦ ਉਨ੍ਹਾਂ ਵਿਚੋਂ ਇੱਕ ਗਾਇਬ ਹੋ ਜਾਵੇ। ਉਦਾਰਹਰਣ ਦੇ ਤੌਰ 'ਤੇ ਜੇਕਰ ਹੁਣ ਸੂਰਜ ਕਿਧਰੇ ਗਾਇਬ ਹੋ ਜਾਵੇ ਤਾਂ ਧਰਤੀ ਸੂਰਜ ਦੁਆਲੇ ਅਪਣੇ ਗੋਲ ਦਾਇਰੇ ਵਾਲੇ ਰਾਹ ਨੂੰ ਉਸੇ ਵੇਲੇ ਛੱਡ ਕੇ ਸਿੱਧੀ ਪੁਲਾੜ ਵਿਚ ਚਲੀ ਜਾਵੇਗੀ। ਪਰ ਸਪੇਖਤਾ ਦੇ ਸਿਧਾਂਤ ਨੇ ਕਹਿ ਦਿੱਤਾ ਕਿ ਨਹੀਂ, 8 ਮਿੰਟ ਤੋਂ ਪਹਿਲਾਂ ਅਜਿਹਾ ਕੁਝ ਹੋ ਹੀ ਨਹੀਂ ਸਕਦਾ ਕਿਉਂਕਿ ਰੌਸ਼ਨੀ ਦੀ ਰਫਤਾਰ ਤੋਂ ਤੇਜ਼ ਇਹ ਜਾਣਕਾਰੀ ਧਰਤੀ ਤੱਕ ਨਹੀਂ ਪਹੁੰਚ ਸਕਦੀ। ਫਿਰ ਜੇਕਰ ਗਰੂਤਾ ਨਿਊਟਨ ਦੇ ਨਿਯਮ ਮੁਤਾਬਿਕ ਕੰਮ ਨਹੀਂ ਕਰਦੀ ਤਾਂ ਕਿਵੇਂ ਕਰਦੀ ਹੈ?

2. ਖਾਸ ਸਪੇਖਤਾ ਦਾ ਸਿਧਾਂਤ ਉਨ੍ਹਾਂ ਹਾਲਤਾਂ ਵਿੱਚ ਹੀ ਲਾਗੂ ਹੁੰਦਾ ਸੀ ਜਦ ਦੋ ਵਿਅਕਤੀ ਇੱਕ ਦੂਜੇ ਦੇ ਸੰਦਰਭ ਵਿੱਚ ਖੜ੍ਹੇ ਹੋਣ ਜਾਂ ਇੱਕ ਸੇਧ ਵਿਚ ਇੱਕੋ ਗਤੀ ਉੱਤੇ ਜਾ ਰਹੇ ਹੋਣ। ਪਰ ਜਦ ਗਤੀ ਵਿੱਚ ਵਾਧਾ, ਘਾਟਾ ਜਾਂ ਦਿਸ਼ਾ ਵਿਚ ਤਬਦੀਲੀ ਹੋ ਰਹੀ ਹੋਵੇ ਉਸ ਹਾਲਤ ਵਿੱਚ ਲਾਗੂ ਨਹੀਂ ਸੀ ਹੁੰਦਾ।

ਅਗਲੇ ਦਸ ਸਾਲ ਅਇਨਸਟਾਈਨ ਇਨ੍ਹਾਂ ਘਾਟਾਂ ਨੂੰ ਪੂਰਾ ਕਰਨ ਵਿਚ ਲੱਗਾ ਰਿਹਾ। ਉਸ ਨੂੰ ਪਹਿਲੀ ਸਫਲਤਾ 1907 ਵਿਚ ਮਿਲੀ ਜਦ ਉਹ ਸਪੇਖਤਾ ਬਾਰੇ ਇੱਕ ਰਸਾਲੇ ਨੂੰ ਲੇਖ ਲਿਖ ਰਿਹਾ ਸੀ। ਉਸ ਨੇ ਗਰੂਤਾ (ਧਰਤੀ ਦੀ ਖਿੱਚ) ਅਤੇ ਵਧ ਜਾਂ ਘਟ ਰਹੀ ਗਤੀ ਵਾਲੀ ਸਥਿਤੀ (ਪ੍ਰਵੇਗ) ਵਿਚ ਸਮਾਨਤਾ ਬਾਰੇ ਲਿਖਿਆ। ਮੰਨ ਲਓ ਇੱਕ ਵਿਅਕਤੀ ਰਾਕਟ ਵਿਚ ਖੜ੍ਹਾ ਹੈ ਜਿਸ ਦੀ ਉਪਰ ਵੱਲ ਨੂੰ ਰਫ਼ਤਾਰ ਵਧ ਰਹੀ ਹੈ। ਦੂਸਰਾ ਵਿਅਕਤੀ ਧਰਤੀ ਤੇ ਖੜ੍ਹਾ ਹੈ, ਸੋ ਉਹ ਧਰਤੀ ਦੀ ਗਰੂਤਾ ਦੇ ਅਸਰ ਹੇਠ ਹੈ। ਰਾਕਟ ਵਿਚਲਾ ਵਿਅਕਤੀ ਹੱਥ ਵਿਚੋਂ ਸਿੱਕਾ ਛੱਡ ਦਿੰਦਾ ਹੈ। ਇਹ ਰਾਕਟ ਦੇ ਫਰਸ਼ ਵੱਲ ਨੂੰ ਡਿਗੇਗਾ। ਧਰਤੀ 'ਤੇ ਖੜ੍ਹੇ ਵਿਅਕਤੀ ਦੇ ਹੱਥ ਵਿਚੋਂ ਛੱਡਿਆ ਸਿੱਕਾ ਵੀ ਹੇਠਾ ਹੀ ਆਵੇਗਾ। ਰਾਕਟ ਵਾਲੇ ਨੂੰ ਲੱਗੇਗਾ ਕਿ ਉਸ ਦੇ ਪੈਰ ਫਰਸ਼ ਵੱਲ ਨੂੰ ਦੱਬੇ ਜਾ ਰਹੇ ਹਨ। ਧਰਤੀ ਤੇ ਖੜ੍ਹਾ ਵੀ ਇਹੀ ਮਹਿਸੂਸ ਕਰੇਗਾ। ਰਾਕਟ ਵਿਚਲੇ ਵਿਅਕਤੀ ਨੂੰ ਭਾਰ ਹੀਣ ਹੋਣ ਦਾ ਅਹਿਸਾਸ ਹੋਣ ਲੱਗੇ ਤਾਂ ਬੰਦ ਰਾਕਟ ਵਿਚ ਉਹ ਨਹੀਂ ਦੱਸ ਸਕੇਗਾ ਕਿ ਰਾਕਟ ਹੇਠਾਂ ਵੱਲ ਤੇਜ਼ੀ ਨਾਲ ਡਿਗ ਰਿਹਾ ਹੈ, ਜਿਸ ਕਰਕੇ ਉਹ ਉੱਡ ਰਿਹਾ ਹੈ ਜਾਂ ਇਹ ਗਰੂਤਾ ਸ਼ਕਤੀ ਤੋਂ ਬਾਹਰ ਜਾ ਚੁੱਕਾ ਹੈ।



ਉਪਰੋਕਤ ਗੱਲਾਂ ਤਾਂ ਆਮ ਇਨਸਾਨ ਵੀ ਸੋਚ ਸਕਦਾ ਹੈ, ਪਰ ਅਇਨਸਟਾਈਨ ਆਮ ਨਹੀਂ ਸੀ। ਉਹ ਇਸ ਸਮਾਨਤਾ ਨੂੰ ਹੋਰ ਅੱਗੇ ਲੈ ਗਿਆ। ਉਸ ਨੇ ਕਿਹਾ ਕਿ ਜੇਕਰ ਤੇਜ਼ ਹੋ ਰਹੀ ਗਤੀ ਵਿਚਲੇ ਰਾਕਟ ਦੀ ਇੱਕ ਪਾਸੇ ਦੀ ਮੋਰੀ ਵਿਚੋਂ ਚਾਨਣ ਅੰਦਰ ਸੁਟਿਆ ਜਾਵੇ ਤਾਂ ਇੱਕ ਕੰਧ ਤੋਂ ਦੂਸਰੀ ਕੰਧ ਤੱਕ ਸਿੱਧੀ ਲਕੀਰ ਵਿਚ ਨਹੀਂ ਜਾਵੇਗਾ। ਉਹ ਰਾਕਟ ਵਿਚ ਇੱਕ ਚਾਪ ਬਣਾਵੇਗਾ। ਕਿਉਂਕਿ ਜਦ ਰੌਸ਼ਨੀ ਦੀ ਕਿਰਨ ਇੱਕ ਪਾਸੇ ਤੋਂ ਦੂਜੇ ਪਾਸੇ ਜਾ ਰਹੀ ਹੈ ਤਾਂ ਉਸੇ ਵੇਲੇ ਰਾਕਟ ਵੀ ਵਧ ਰਹੀ ਗਤੀ ਨਾਲ ਉਤਾਂਹ ਵੱਲ ਨੂੰ ਜਾ ਰਿਹਾ ਹੈ ਸੋ ਜਿਸ ਤਰ੍ਹਾਂ ਅਸੀਂ ਵੱਟਾ ਅੱਗੇ ਵੱਲ ਨੂੰ ਸੁਟੀਏ ਇਹ ਇੱਕ ਚਾਪ ਦੀ ਸ਼ਕਲ ਵਿਚ ਅੱਗੇ ਡਿਗੇਗਾ, ਇਸੇ ਤਰ੍ਹਾਂ ਦਾ ਰਾਹ ਇਹ ਰੌਸ਼ਨੀ ਦੀ ਕਿਰਨ ਵੀ ਲਵੇਗੀ।

ਇਸ ਤੋਂ ਇੱਕ ਹੋਰ ਸੁਆਲ ਨਿਕਲ ਆਇਆ। ਰੌਸ਼ਨੀ ਹਮੇਸ਼ਾ ਸਿੱਧੀ ਲਕੀਰ ਵਿਚ ਚਲਦੀ ਹੈ। ਜੇਕਰ ਗਰੂਤਾ ਰੌਸ਼ਨੀ ਦੀ ਕਿਰਨ ਦੇ ਰਾਹ ਨੂੰ ਚਾਪ ਵਰਗਾ ਕਰ (ਮੋੜ) ਦਿੰਦੀ ਹੈ ਤਾਂ ਉਸ ਦੇ ਸਿੱਧੀ ਲਕੀਰ ਵਿਚ ਚੱਲਣ ਦਾ ਕੀ ਬਣੇਗਾ? ਇਸ ਤੇ ਆਇਨਸਟਾਈਨ ਨੇ ਕਿਹਾ ਕਿ ਇਹ ਮੁੜਨ ਤੇ ਵੀ ਸਿੱਧੀ ਲਕੀਰ ਵਿਚ ਹੀ ਚਲਦੀ ਹੈ। ਇਹ ਸਿੱਧੀ ਲਕੀਰ ਪੱਧਰੀ ਥਾਂ ਵਾਲੀ ਸਿੱਧੀ ਨਹੀਂ ਕਿਸੇ ਗੋਲੇ ਤੇ ਮਾਰੀ ਸਿੱਧੀ ਲਕੀਰ ਹੁੰਦੀ ਹੈ। ਇਸ ਦੀ ਉਦਾਹਰਣ ਅਸੀਂ ਹਵਾਈ ਜਹਾਜਾਂ ਵਲੋਂ ਇੱਕ ਥਾਂ ਤੋਂ ਦੂਸਰੀ ਥਾਂ ਜਾਣ ਲਈ ਲਏ ਜਾਂਦੇ ਸਿੱਧੇ ਰਸਤਿਆਂ ਤੇ ਨਿਗਾਹ ਮਾਰ ਕੇ ਵੇਖ ਸਕਦੇ ਹਾਂ। ਹੇਠਲੇ ਨਕਸ਼ੇ ਵਿਚ ਨਵੀਂ ਦਿੱਲੀ ਤੋਂ ਲੰਡਨ, ਫਰੈਂਕਫਰਟ ਜਾਂ ਪੈਰਿਸ ਲਈ ਲਏ ਜਾਂਦੇ ਸਿੱਧੇ ਰਾਹ ਦਰਸਾਏ ਗਏ ਹਨ। ਵੇਖਣ ਨੂੰ ਇਹ ਇੱਕ ਚਾਪ ਦੀ ਸ਼ਕਲ ਵਿਚ ਲਗਦੇ ਹਨ। ਪਰ ਇਹੋ ਰਾਹ ਅਸਲ ਵਿਚ ਧਰਤੀ ਦੀ ਗੋਲਾਈ ਦੇ ਨਾਲ ਨਾਲ ਜਾਂਦੇ ਸਿੱਧੇ ਹਨ। ਇਸ ਨਕਸ਼ੇ ਵਿਚ ਨਵੀਂ ਦਿੱਲੀ ਤੇ ਲੰਡਨ ਵਿਚਕਾਰ ਜੇਕਰ ਸਿੱਧੀ ਲਕੀਰ ਨਾਲ ਵਾਹ ਦਿੱਤੀ ਜਾਵੇ ਅਤੇ ਜਹਾਜ ਉਸ ਦੇ ਮੁਤਾਬਿਕ ਚੱਲੇ, ਉਹ ਰਾਹ ਲੰਬਾ ਪਵੇਗਾ। ਇਹ ਸਮੇਂ-ਸਥਾਨ ਵਿਚ ਗੋਲ ਡੂੰਘਾਈ ਜਿਸ ਵਿਚੋਂ ਕਿਰਨ ਲੰਘ ਰਹੀ ਹੁੰਦੀ ਹੈ, ਕਿਸੇ ਸੂਰਜ ਵਰਗੀ ਭਾਰੀ ਵਸਤੂ ਦੀ ਗਰੂਤਾ ਕਾਰਨ ਉਸ ਦੇ ਆਲੇ ਦੁਆਲੇ ਦੇ ਪੁਲਾੜ ਵਿਚ ਬਣਦੀ ਹੈ। ਇਸੇ ਗੁਲਾਈ ਵਿਚੋਂ ਲੰਘ ਰਹੀ ਰੌਸ਼ਨੀ ਦੀ ਕਿਰਨ ਬੇਸ਼ੱਕ ਦੂਰੋਂ ਵੇਖਣ ਨੂੰ ਮੁੜ ਰਹੀ ਹੁੰਦੀ ਹੈ ਪਰ ਅਸਲ ਵਿਚ ਇਹ ਪੁਲਾੜ ਵਿਚਲੇ ਡੂੰਘ ਵਿਚ ਸਿੱਧੀ ਚੱਲ ਰਹੀ ਹੁੰਦੀ ਹੈ।

ਇਸ ਬਾਰੇ ਆਇਨਸਟਾਈਨ ਨੇ 1911 ਵਿਚ ਇੱਕ ਖੋਜ ਪੱਤਰ ਲਿਖਿਆ, ਜਿਸ ਵਿਚ ਉਸ ਨੇ ਕਿਹਾ ਕਿ ਜੇਕਰ ਮੇਰੀ ਧਾਰਨਾ ਠੀਕ ਹੈ ਤਾਂ ਤਾਰਿਆਂ ਤੋਂ ਆ ਰਹੀ ਰੌਸ਼ਨੀ ਜਦ ਸੂਰਜ ਕੋਲੋਂ ਲੰਘੇਗੀ ਤਾਂ ਸੂਰਜ ਦੀ ਗਰੂਤਾ ਕਾਰਨ ਪੁਲਾੜ ਵਿਚ ਪਏ ਡੂੰਘ ਵਿਚ ਇੱਹ ਮੁੜੇਗੀ। ਉਸ ਨੇ ਗਣਨਾ ਕਰਕੇ ਇਹ ਕਿਨੀ ਮੁੜੇਗੀ ਦਾ ਅੰਕੜਾ ਵੀ ਦੱਸ ਦਿੱਤਾ। ਸੂਰਜ ਦੀ ਤੇਜ ਰੌਸ਼ਨੀ ਕਾਰਨ ਉਸ ਦੇ ਪਿਛਲੇ ਤਾਰੇ ਆਮ ਦਿਨਾਂ ਵਿਚ ਤਾਂ ਦਿਸਦੇ ਨਹੀਂ ਪਰ ਜਦ ਪੂਰਨ ਸੂਰਜ ਗ੍ਰਹਿਣ ਲੱਗ ਜਾਂਦਾ ਹੈ ਤਾਂ ਇਹ ਅਕਾਸ਼ ਵਿਚ ਦਿਸਣ ਲਗਦੇ ਹਨ। ਤਾਰਾ ਵਿਗਿਆਨੀਆਂ ਨੂੰ ਅਕਾਸ਼ ਵਿਚ ਇਨ੍ਹਾਂ ਦੇ ਅਸਲ ਥਾਂ ਦੀ ਜਾਣਕਾਰੀ ਹੁੰਦੀ ਹੈ। ਜੇਕਰ ਗ੍ਰਹਿਣ ਵੇਲੇ ਵੇਖਿਆਂ ਸੂਰਜ ਨੇੜਲੇ ਤਾਰਿਆਂ ਦੀ ਸਥਿਤੀ ਬਦਲਦੀ ਹੈ ਤਾਂ ਇਹ ਪ੍ਰਮਾਣ ਹੋ ਸਕਦਾ ਸੀ ਕਿ ਆਇਨਸਟਾਇਨ ਦਾ ਸਿਧਾਂਤ ਠੀਕ ਹੈ। 21 ਅਗਸਤ 1914 ਨੂੰ ਸੂਰਜ ਗ੍ਰਹਿਣ ਲੱਗਣਾ ਸੀ ਜੋ ਰੂਸ ਦੇ ਕਰੀਮੀਆ ਇਲਾਕੇ ਵਿਚ ਪੂਰਨ ਹੋਣਾ ਸੀ। ਔਖੇ ਸੌਖੇ ਪੈਸੇ ਤੇ ਸਮਾਨ ਦਾ ਪ੍ਰਬੰਧ ਕਰਕੇ ਅਪਣੇ ਸਾਥੀਆਂ ਸਮੇਤ ਇਕ ਨੌਜਵਾਨ ਤਾਰਾ ਵਿਗਿਆਨੀ ਇਰਵਿਨ ਫਰੂੰਡਲਿੱਚ ਉੱਥੇ ਪਹੁੰਚ ਵੀ ਗਿਆ ਪਰ ਉਸ ਵੇਲੇ ਪਹਿਲੀ ਵੱਡੀ ਜੰਗ ਲੱਗ ਚੁੱਕੀ ਸੀ। ਰੂਸ ਦੇ ਫੌਜੀਆਂ ਨੇ ਉਨ੍ਹਾਂ ਦਾ ਸਮਾਨ ਖੋਹ ਲਿਆ ਅਤੇ ਉਨ੍ਹਾਂ ਨੂੰ ਵਾਪਿਸ ਭੇਜ ਦਿੱਤਾ। ਜੇਕਰ ਉਹ ਨਾ ਵੀ ਫੜੇ ਜਾਂਦੇ ਤਾਂ ਵੀ ਇਹ ਮਿਣਤੀ ਨਹੀਂ ਸੀ ਹੋ ਸਕਣੀ ਕਿਉਂਕਿ ਕਰੀਮੀਆਂ ਦੇ ਪੂਰਨ ਗ੍ਰਹਿਣ ਵਾਲੇ ਇਲਾਕੇ ਵਿਚ ਉਸ ਦਿਨ ਬੱਦਲ ਛਾਏ ਰਹੇ। ਕੁਝ ਚੰਗਾ ਵੀ ਹੋਇਆ ਕਿਉਂਕਿ ਆਇਨਸਟਾਈਨ ਨੂੰ ਪੱਤਾ ਲੱਗਾ ਕਿ ਉਸ ਦੀ ਗਣਨਾ ਗਲਤ ਸੀ ਅਤੇ ਅਸਲ ਵਿਚ ਰੌਸ਼ਨੀ ਦੀ ਕਿਰਨ ਵਿਚ ਮੋੜ ਪਹਿਲੇ ਹਿਸਾਬ ਨਾਲੋਂ ਦੁਗਣਾ ਪੈਣਾ ਸੀ। ਆਇਨਸਟਾਈਨ ਨੇ ਅਪਣੇ ਸਿਧਾਂਤ ਵਿਚ ਤਬਦੀਲਆਂ ਕਰਕੇ ਸਪੇਖਤਾ ਦੇ ਸਹੀ ਫਾਰਮੂਲੇ 25 ਨਵੰਬਰ 1915 ਨੂੰ ਮੁਕੰਮਲ ਕਰ ਲਏ ਸਨ। ਬੇਸ਼ਕ ਬਰਤਾਨੀਆਂ ਅਤੇ ਜਰਮਨ ਦਰਮਿਆਨ ਅਜੇ ਲੜਾਈ ਚੱਲ ਰਹੀ ਫਿਰ ਵੀ ਕੈਂਬਰਿਜ ਯੂਨੀਵਰਸਿਟੀ ਦੇ ਆਰਥਰ ਇਡਿੰਗਟਨ ਨੇ ਜੋ ਅੰਗਰੇਜ਼ ਸੀ, 29 ਮਈ 1919 ਨੂੰ ਲੱਗਣ ਵਾਲੇ ਪੂਰਨ ਸੂਰਜ ਗ੍ਰਹਿਣ ਸਮੇਂ, ਜਰਮਨ ਸਇੰਸਦਾਨ ਆਇਨਸਟਾਈਨ ਦੇ ਸਿਧਾਂਤ ਨੂੰ ਸਿੱਧ ਕਰਨ ਲਈ ਫੋਟੋਆਂ ਲੈਣ ਦਾ ਫੈਸਲਾ ਕੀਤਾ। ਗ੍ਰਹਿਣ ਲੱਗਣ ਤੋਂ ਪਹਿਲਾਂ ਲੜਾਈ ਵੀ ਖਤਮ ਹੋ ਗਈ। ਇਡਿੰਗਟਨ ਅਤੇ ਉਸ ਦੇ ਸਾਥੀਆਂ ਨੇ ਬ੍ਰਾਜੀਲ ਦੇ ਐਮਾਜ਼ਨ ਜੰਗਲ ਅਤੇ ਅਫਰੀਕਾ ਦੇ ਪੱਛਮੀ ਵਿਚ ਅਟਲਾਂਟਿਕ ਮਹਾਂਸਾਗਰ ਵਿਚਲੇ ਪ੍ਰਿਸਾਈਪ ਟਾਪੂ ਤੋਂ ਸੂਰਜ ਗ੍ਰਹਿਣ ਦੀਆਂ ਫੋਟੋਆਂ ਲਈਆਂ ਅਤੇ ਆਇਨਸਟਾਈਨ ਦੁਆਰਾ ਦਰਸਾਏ ਅਨੁਸਾਰ ਰੌਸ਼ਨੀ ਦੇ ਮੁੜਨ ਨੂੰ ਠੀਕ ਪਾਇਆ।

ਅਪਣੇ ਇਸ ਸਿਧਾਂਤ ਦੇ ਫਾਰਮੂਲੇ ਲੱਭਣ ਲਈ ਆਇਨਸਟਾਈਨ ਨੇ ਗੋਲ ਜਾਂ ਵਿੰਗੀਆਂ ਟੇਢੀਆਂ ਥਾਵਾਂ ਤੇ ਲਾਗੂ ਹੋ ਸਕਣ ਵਾਲੀ ਜੁਮੈਟਰੀ ਚੰਗੀ ਤਰ੍ਹਾਂ ਸਿੱਖੀ ਅਤੇ ਆਖਿਰ ਸਹੀ ਫਾਰਮੂਲੇ ਇਜ਼ਾਦ ਕੀਤੇ ਜਿਨ੍ਹਾਂ ਨੂੰ ਵਰਤਕੇ ਗ੍ਰਹਿਆਂ ਦੇ ਸੂਰਜ ਦੁਆਲੇ ਅਤੇ ਬ੍ਰਹਿਮੰਡ ਵਿਚਲੀਆਂ ਅਕਾਸ਼ ਗੰਗਾਵਾਂ ਦੇ ਸਹੀ ਚੱਕਰਾਂ ਨੂੰ ਦਰਸਾਇਆ ਜਾ ਸਕਦਾ ਹੈ। ਨਿਊਟਨ ਦੇ ਨਿਯਮਾਂ ਨਾਲ ਇਨ੍ਹਾਂ ਦੇ ਦਾਇਰਿਆਂ ਨੂੰ ਤਕਰੀਬਨ ਠੀਕ ਬਿਆਨਿਆਂ ਜਾ ਸਕਦਾ ਸੀ ਪਰ ਅਇਨਸਟਾਈਨ ਦੇ ਫਾਰਮੂਲੇ ਇਨ੍ਹਾਂ ਦੇ ਚੱਕਰਾਂ ਦਾ ਪੂਰੀ ਤਰ੍ਹਾਂ ਸਹੀ ਦਰਸਾਉਂਦੇ ਹਨ। ਇਸ ਤੋਂ ਇਲਾਵਾ ਇਸ ਸਿਧਾਂਤ ਨਾਲ ਆਇਨਸਟਾਈਨ ਨੇ ਸਿੱਧ ਕਰ ਦਿੱਤਾ ਕਿ:

ਘੰਟੇ ਗਰੂਤਾ ਦੇ ਪ੍ਰਭਾਵ ਵਿਚ ਹੌਲੀ ਚਲਦੇ ਹਨ, ਇਥੋਂ ਤੱਕ ਕਿ ਕਾਲੇ ਮੋਰੇ ਵਿਚ ਤਾਂ ਵੱਕਤ ਰੁੱਕ ਹੀ ਜਾਂਦਾ ਹੈ।

ਗ੍ਰਹਿਆਂ ਦੇ ਚੱਕਰ ਵਾਲੇ ਧੁਰੇ ਦਾ ਕੋਣ ਬਦਲਦਾ ਰਹਿੰਦਾ ਹੈ, ਸਮੇਤ ਧਰਤੀ ਦੇ।

ਬ੍ਰਹਿਮੰਡ ਫੈਲ ਰਿਹਾ ਹੈ।

ਘੁੰਮ ਰਹੇ ਭਾਰੇ ਤਾਰੇ ਸਮੇਂ-ਸਥਾਨ ਨੂੰ ਅਪਣੇ ਨਾਲ ਘਸੀਟਦੇ ਹਨ।

ਰੌਸ਼ਨੀ ਦੀ ਕਿਰਨ ਗਰੂਤਾ ਵਿਚ ਮੁੜ ਜਾਂਦੀ ਹੈ।

ਇਨ੍ਹਾਂ ਸਾਰੇ ਨੁਕਤਿਆਂ ਨੂੰ ਸਮਝਣ ਲਈ ਕਾਫੀ ਵਿਸਥਾਰ ਵਿਚ ਜਾਣਾ ਜ਼ਰੂਰੀ ਹੈ, ਜਿਸ ਵਿਚ ਆਮ ਪਾਠਕਾਂ ਦੀ ਦਿਲਚਸਪੀ ਸ਼ਾਇਦ ਨਾ ਹੋਵੇ, ਇਸ ਲਈ ਇਸ ਲੇਖ ਲੜੀ ਨੂੰ ਇਸ ਥਾਂ ਖਤਮ ਕੀਤਾ ਜਾਂਦਾ ਹੈ।

001 905 781 1197

## ਪੁਸਤਕ ਰਿਵੀਊ

**ਨਾਮ : ਜੀਵਨੀ ਸ਼ਹੀਦ ਭਗਤ ਸਿੰਘ**
**ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ**
**ਪ੍ਰਕਾਸ਼ਕ : ਤਰਕ ਭਾਰਤੀ ਪ੍ਰਕਾਸ਼ਨ**
**ਕੀਮਤ : 80/- ਰੁਪਏ**
**ਰਿਵੀਊ ਕਰਤਾ : ਪ੍ਰੋ: ਹਰੀ ਸਿੰਘ, ਦੁੱਗਰੀ, ਲੁਧਿਆਣਾ 98155-51542**
**ਇਸ ਪੁਸਤਕ ਦੇ ਲੇਖਕ ਨਾਮਵਰ ਇਤਿਹਾਸਕਾਰ ਮਲਵਿੰਦਰਜੀਤ ਸਿੰਘ ਵੜੈਚ ਹਨ।**



14 ਅਪ੍ਰੈਲ 1919 ਨੂੰ ਭਗਤ ਸਿੰਘ (12 ਸਾਲ) ਦਾ ਜ਼ਲ੍ਹਿਆਂ ਵਾਲਾ ਬਾਗ 'ਚੋਂ ਸ਼ੀਸ਼ੀ 'ਚ ਮਿੱਟੀ ਭਰ ਕੇ ਲਿਆਇਆ ਜੋ ਜ਼ਿੰਦਗੀ ਭਰ ਪ੍ਰੇਰਣਾ ਸਰੋਤ ਬਣੀ ਰਹੀ ਤੇ ਭਗਤ ਸਿੰਘ ਨੇ ਰਹਿੰਦੇ 12 ਸਾਲ ਦੇਸ਼ ਦੀ ਆਜ਼ਾਦੀ ਦੇ ਲੇਖੇ ਲਾ ਦਿੱਤੇ।

ਲੇਖਕ ਭਗਤ ਸਿੰਘ ਦੇ ਪਿਛੋਕੜ ਬਾਰੇ ਜਾਣਕਾਰੀ ਦਿੰਦੇ ਹੋਏ, ਉਸਦੇ ਸਾਰੇ ਪਰਿਵਾਰ ਨਾਲ ਜਾਣ ਪਛਾਣ ਕਰਵਾਂਦਾ ਹੈ ਅਤੇ ਵਿਸ਼ੇਸ਼ ਤੌਰ ਤੇ ਦਾਦਾ ਅਰਜਨ ਸਿੰਘ ਤੇ ਪਿਤਾ ਕਿਸ਼ਨ ਸਿੰਘ ਦੇ ਪ੍ਰਭਾਵਾਂ ਉਪਰ ਚਾਨਣਾ ਪਾਉਂਦਾ ਹੈ। ਭਗਤ ਸਿੰਘ ਦੀ ਸਕੂਲੀ ਤੇ ਕਾਲਜ ਦੀ ਪੜ੍ਹਾਈ ਸਮੇਂ ਮਿਲੇ ਚੰਗੇ ਸਾਥੀਆਂ ਬਾਰੇ ਜਾਣਕਾਰੀ ਮਿਲਦੀ ਹੈ। ਹਿੰਦੋਸਤਾਨ ਰਿਪਬਲਿਕਨ ਐਸੋਸੀਏਸ਼ਨ ਬਣਨ ਦਾ ਇਤਿਹਾਸ ਤੇ ਫਿਰ ਨੌਜਵਾਨ ਭਾਰਤ ਸਭਾ ਬਾਰੇ ਜਾਣਕਾਰੀ ਮਿਲਦੀ ਹੈ। ਭਗਤ ਸਿੰਘ ਦੀ ਪਹਿਲੀ ਗ੍ਰਿਫ਼ਤਾਰੀ, ਫਿਰ ਸਮਾਜਵਾਦ ਵੱਲ ਜੁੜਨ ਦੀ ਸੋਚ ਅਤੇ ਲਾਲਾ ਲਾਜਪਤ ਰਾਏ ਦੀ ਮੌਤ ਉਪਰੰਤ ਬਦਲਾ ਲੈਣ ਲਈ ਸਾਂਡਰਸ ਦੇ ਕਤਲ ਦੀ ਵਿਆਖਿਆ ਹੈ। ਬੰਬ ਬਣਾਉਣ ਲਈ ਜਤਿਨ ਦਾਸ ਦੇ ਯੋਗਦਾਨ ਤੇ ਫਿਰ ਅਸੈਂਬਲੀ 'ਚ ਭਗਤ ਸਿੰਘ ਤੇ ਬਟਕੇਸ਼ਵਰ ਦੱਤ ਵਲੋਂ ਬੰਬ ਸੁੱਟਕੇ ਇਨਕਲਾਬ ਜ਼ਿੰਦਾਬਾਦ ਸਾਮਰਾਜ ਮੁਰਦਾਬਾਦ ਦਾ ਨਾਹਰਾ ਲਾਉਣਾ ਜੋ ਬਾਅਦ 'ਚ ਦੇਸ਼ ਭਰ 'ਚ ਨਾਹਰਾ ਬਣ ਗਿਆ, ਬਾਰੇ ਜਾਣਕਾਰੀ ਮਿਲਦੀ ਹੈ। ਭਗਤ ਸਿੰਘ ਦੀ 63 ਦਿਨ ਦੀ ਭੁੱਖ ਹੜਤਾਲ ਤੇ ਜਤਿਨ ਦਾਸ ਦੀ ਮਹਾਨ ਸ਼ਹੀਦੀ ਪ੍ਰਾਪਤ 63 ਦਿਨ ਦੀ ਭੁੱਖ ਹੜਤਾਲ ਬਾਰੇ ਜਾਣਕਾਰੀ ਹੈ। ਸਪੈਸ਼ਲ ਟ੍ਰਿਬਿਊਨਲ 'ਚ ਚਲੇ ਮੁਕੱਦਮੇ ਦੀ ਜਾਣਕਾਰੀ ਦੇ ਨਾਲ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੀ ਫਾਂਸੀ ਦੀ ਸਜ਼ਾ ਮਿਲਣ ਤੋਂ ਬਾਅਦ 24 ਮਾਰਚ ਫਾਂਸੀ ਦੇ ਦਿਨ ਤੱਕ ਹੋਈਆਂ ਗਤੀਵਿਧੀਆਂ ਬਾਰੇ ਵਿਆਖਿਆ ਹੈ। ਇਸ ਪੁਸਤਕ 'ਚ ਬਹੁਤ ਸਾਰੇ ਦੇਸ਼ ਭਗਤਾਂ/ਕ੍ਰਾਂਤੀਕਾਰੀਆਂ ਬਾਰੇ ਸੰਖੇਪ ਜਾਣਕਾਰੀ ਹੈ। ਇਸ ਪੁਸਤਕ 'ਚ ਜੋ ਭਗਤ ਸਿੰਘ ਦੇ ਪਰਿਵਾਰ ਤੇ ਉਸ ਦੇ ਸਾਥੀਆਂ ਬਾਰੇ ਨਿੱਜੀ ਜਾਣਕਾਰੀ ਵਡਮੁੱਲੀ ਹੈ। ਇੰਝ ਜਾਣਕਾਰੀ ਵਲੋਂ ਇਹ ਜੀਵਨੀ ਕੁੱਜੇ 'ਚ ਸਮੁੰਦਰ ਨੂੰ ਬੰਦ ਕੀਤਾ ਗਿਆ ਹੈ। ਭਗਤ ਸਿੰਘ ਦਾ ਸੂਰਮਾ ਤੇ ਉੱਚੀ ਸਮਾਜੀ ਸੋਚ ਵਾਲਾ ਬਣਨ ਦੇ ਸਫ਼ਰ ਦੀ ਖ਼ੂਬਸੂਰਤ ਜਾਣਕਾਰੀ ਹੈ। ਹਰ ਉਸਾਰੂ ਸੋਚ ਵਾਲੇ ਨੂੰ ਇਹ ਪੁਸਤਕ ਪੜ੍ਹਨੀ ਚਾਹੀਦੀ ਹੈ।

**ਪ੍ਰੋ: ਹਰੀ ਸਿੰਘ ਦੁੱਗਰੀ (ਲੁਧਿਆਣਾ)**
**ਸਾਬਕਾ ਪ੍ਰਿੰਸੀਪਲ**
**98155-51542**

## Anti racist rally



It was news like a bombshell.that some white supremacists were planning to demonstrate at Vancouver city hall on 19th August in the guise of free speech ?Happengins in USA were fresh on people's minds.immediately an ad hok group to counter it was formed by democratic and liberal people which are in majority in the western coast of USA Canada .communist party of Canada was also in.they mailed me on 18 th morning to attend.the city had given them permission the anti group asked to cancel permission but they did not.on the same the mayor too took the side of anti racists the price ire too came in.we four people from abbotsford self ,sher Singh,Ikbal,and hardev went there was a sea of people from 10.30 onwards. Racists rally time was 2.00.by noontime entire space around city was jam packed by young and not so young people around their time some four five people came with anti Immigrant banners. People encircled them some rebuked them some yelling ,,,kick them out kick them out .police was present they took them out .one leader of them was handcuffed.Mayor addressed the rally .Horgan also sent a message.the mood of the rallyists was seen to be believed. The police estimated the gathering to be 4000 plus but it was more only we two were turbaned so most of the media enjoyed clicking us.



ਨਰਾਇਣ ਦੱਤ

### ਸ਼ਹੀਦ ਕਿਰਨਜੀਤ ਦੀ 20ਵੀਂ ਬਰਸੀ ਉੱਤੇ

# ਮਹਿਲਕਲਾਂ ਲੋਕ-ਘੋਲ ਦੇ ਸੰਗਰਾਮੀ ਇਤਿਹਾਸ ਦੇ ਕੀਮਤੀ ਸਬਕਾਂ ਨੂੰ ਗ੍ਰਹਿਣ ਕਰੋ

ਇਤਿਹਾਸਕ ਸੱਚ 'ਜਿੱਥੇ ਜਬਰ ਹੈ, ਉੱਥੇ ਟੱਕਰ ਹੈ' ਦਾ ਅਕਸਰ ਹੀ ਅਸੀਂ ਹਵਾਲਾ ਦਿੰਦੇ ਹਾਂ। ਪਰ ਸ਼ਹੀਦ ਕਿਰਨਜੀਤ ਕੌਰ ਮਹਿਲਕਲਾਂ ਦੇ ਲੰਮੇ ਲੋਕ-ਘੋਲ ਨੇ ਇਸ ਸੱਚ ਨੂੰ, ਜਬਰ ਖਿਲਾਫ ਟੱਕਰ ਦੀ ਰਵਾਇਤ ਨੂੰ ਹੋਰ ਵੱਧ ਗੂੜ੍ਹਾ ਕੀਤਾ ਹੈ। ਜਿਸ ਗੁੰਡਾ-ਪੁਲਿਸ-ਸਿਆਸੀ ਗੱਠਜੋੜ ਖਿਲਾਫ ਸ਼ੁਰੂ ਹੋਇਆ ਸੰਘਰਸ਼ ਇੱਕ ਪੜਾਅ 'ਤੇ ਆਕੇ ਖਾਸ ਕਰ ਮਾਰਚ 2005 ਦੇ ਅਖੀਰ ਵਿੱਚ ਜਦ ਅਦਾਲਤ ਨੇ ਸੰਘਰਸ਼ ਦੀ ਅਗਵਾਈ ਕਰਨ ਵਾਲੇ ਤਿੰਨ ਲੋਕ ਆਗੂਆਂ (ਨਰਾਇਣ ਦੱਤ, ਮਨਜੀਤ ਧਨੇਰ, ਪ੍ਰੇਮ ਕੁਮਾਰ) ਨੂੰ ਝੂਠੇ ਮੁਕੱਦਮੇ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਕੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਕਰ ਦਿੱਤਾ ਸੀ ਤਾਂ ਸੰਘਰਸ਼ ਦੀ ਧਾਰ ਇਨ੍ਹਾਂ ਸਮੇਤ ਅਦਾਲਤੀ ਗੱਠਜੋੜ ਖਿਲਾਫ ਵੀ ਸੇਧਤ ਹੋ ਗਈ ਸੀ/ਹੈ। ਇਹੀ ਨਹੀਂ ਹੁਣ ਤਾਂ ਇਹ ਸੰਘਰਸ਼ ਔਰਤਾਂ ਉੱਪਰ ਹੁੰਦੇ ਅੱਤਿਆਚਾਰਾਂ ਸਮੇਤ ਕਿਰਤੀ ਲੋਕਾਂ ਦੇ ਬੁਨਿਆਦੀ ਮਸਲਿਆਂ ਦੇ ਜਿੰਮੇਵਾਰ ਇਸ ਲੁਟੇਰੇ ਅਤੇ ਜਾਬਰ ਰਾਜ ਪ੍ਰਬੰਧ ਖਿਲਾਫ ਵੀ ਸੇਧਤ ਹੁੰਦਾ ਹੋਇਆ ਨਵਾਂ ਲੋਕ ਪੱਖੀ ਸਮਾਜ ਸਿਰਜਣ ਦਾ ਸੱਦਾ ਦੇ ਰਿਹਾ ਹੈ।

1997 ਤੋਂ ਪਹਿਲਾਂ ਵੀ ਇਸ ਗੁੰਡਾ ਲਾਣੇ ਵੱਲੋਂ ਆਪਣੇ ਪਾਲਣਹਾਰਾਂ ਦੇ ਆਸਰੇ ਲੋਕਾਂ ਉੱਪਰ ਜ਼ੁਲਮ ਕੀਤੇ ਜਾਂਦੇ ਸਨ। ਤੱਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਇਸ ਗੁੰਡਾ ਲਾਣੇ ਦੇ ਜ਼ੁਲਮਾਂ ਦੀ ਦਾਸਤਾਨ ਬਹੁਤ ਲੰਮੀ ਹੈ। ਇਸ ਗੁੰਡਾ ਲਾਣੇ ਦੇ ਮੋਢੀ ਜਵਾਹਰੇ ਤੋਂ ਸ਼ੁਰੂ ਹੋਈ ਲੋਕਾਂ ਉੱਪਰ ਵਧੀਕੀਆਂ ਦੀ ਕੜੀ ਇਨ੍ਹਾਂ ਦੀ ਤੀਜੀ ਪੀੜ੍ਹੀ 'ਚ ਦਾਖਲ ਹੋ ਚੁੱਕੀ ਹੈ। ਇਨ੍ਹਾਂ ਦੇ ਹਰ ਕਿਸਮ ਦੇ ਲੋਕ ਵਿਰੋਧੀ ਕਾਰਨਾਮਿਆਂ ਦੀ ਸ਼ਾਹਦੀ ਬਰਨਾਲਾ-ਮਹਿਲਕਲਾਂ ਥਾਣਿਆਂ 'ਚ ਦਰਜ ਮੁਕੱਦਮੇ ਬਾਖੂਬੀ ਭਰਦੇ ਹਨ। ਜੋ ਦਰਜ ਹੀ ਨਹੀਂ ਹੋਏ ਉਨ੍ਹਾਂ ਦੀ ਗਿਣਤੀ ਵੱਖਰੀ ਹੈ। ਹਰ ਕਿਸਮ ਦੇ ਅਨੈਤਿਕ (ਕਤਲ, ਨਸ਼ਾ, ਸਮਗਲਿੰਗ, ਔਰਤਾਂ ਦੀ ਖ੍ਰੀਦੋ ਫਰੋਖਤ, ਜ਼ਮੀਨਾਂ ਜਾਇਦਾਦਾਂ ਉੱਪਰ ਕਬਜੇ) ਕੰਮ ਇਸ ਲਾਣੇ ਦਾ ਕਿੱਤਾ ਸੀ। 80ਵਿਆਂ ਦੇ ਦੌਰ 'ਚ ਜਦ ਨੌਜਵਾਨ ਸਭਾਵਾਂ ਪੂਰੀ ਚੜ੍ਹਤ 'ਚ ਸਨ ਤਾਂ ਉਸ ਸਮੇਂ ਐਕਸ਼ਨ ਕਮੇਟੀ ਮਹਿਲਕਲਾਂ ਦੇ ਮਰਹੂਮ ਕਨਵੀਨਰ ਸਾਥੀ ਭਗਵੰਤ ਸਿੰਘ, ਪ੍ਰੇਮ ਕੁਮਾਰ, ਪ੍ਰੀਤਮ ਦਰਦੀ ਦੀ ਅਗਵਾਈ 'ਚ ਨੌਜਵਾਨ ਭਾਰਤ ਸਭਾ ਦੇ ਆਗੂਆਂ ਨੇ ਇਸੇ ਲਾਣੇ ਦੇ ਮੋਢੀ ਦਲੀਪੇ ਨੂੰ ਵੰਗਾਰਿਆ ਸੀ ਅਤੇ ਭਾਜੜ੍ਹਾਂ ਵੀ ਪਾਈਆਂ ਸਨ। ਪਰ ਨੌਜਵਾਨ ਸਭਾ ਦਾ ਦੌਰ ਨਰਮ ਪੈਣ ਤੋਂ ਬਾਅਦ ਇਸ ਲੋਕ ਵਿਰੋਧੀ ਕਿਰਦਾਰ ਵਾਲੇ ਲਾਣੇ ਨੇ ਫਿਰ ਆਪਣਾ ਫਨ ਚੁੱਕ ਲਿਆ। ਲੋਕਾਂ ਉੱਪਰ ਇਹਨਾਂ ਦੁਆਰਾ ਪਾਈ ਜਾਂਦੀ ਦਹਿਸ਼ਤ ਦਾ ਸਿੱਟਾ ਇਹ ਨਿੱਕਲਿਆ ਕਿ ਲੋਕਾਂ ਉੱਪਰ ਵਧੀਕੀਆਂ ਕਰਨ ਦਾ ਇਨ੍ਹਾਂ ਦਾ ਅਮਲ ਤੇਜ਼ ਹੁੰਦਾ ਗਿਆ।

ਗੱਲ ਮਹਿਲਕਲਾਂ ਤੱਕ ਸੀਮਤ ਰੱਖਕੇ ਵੇਖਾਂਗੇ ਤਾਂ ਸ਼ਾਇਦ ਅਸੀਂ ਸਹੀ ਸਿੱਟੇ ਕੱਢਣ 'ਚ ਕਾਮਯਾਬ ਨਾ ਹੋ ਸਕੀਏ। ਪੰਜਾਬ ਅੰਦਰ ਅਨੇਕਾਂ ਦਿਲ ਕੰਬਾਊ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਖਿਲਾਫ ਸੰਘਰਸ਼ ਲੜਕੇ ਇਨਸਾਫ ਹਾਸਲ ਕਰਨ ਦਾ ਇਤਿਹਾਸ ਰਿਹਾ ਹੈ। ਦਾਮਿਨੀ ਕਾਂਡ ਦਿੱਲੀ, ਪਿੰਕੀ ਕਾਂਡ ਬਰੇਟਾ ਅਤੇ ਸ਼ਰੂਤੀ ਕਾਂਡ ਫਰੀਦਕੋਟ ਗਿਣਨਯੋਗ ਘਟਨਾਵਾਂ ਹਨ ਜਿਨ੍ਹਾਂ ਖਿਲਾਫ ਲੋਕ ਸੜਕਾਂ ਉੱਪਰ ਨਿੱਕਲੇ ਹਨ। ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ 'ਚ ਵੀ ਸਫਲਤਾ ਹਾਸਲ ਕੀਤੀ। ਕਿਰਨਜੀਤ ਘੋਲ ਨੇ ਇਨ੍ਹਾਂ ਘਟਨਾਵਾਂ ਖਾਸ ਕਰ ਪੰਜਾਬ ਅੰਦਰਲੀਆਂ ਦੋਵੇਂ ਘਟਨਾਵਾਂ ਨੂੰ ਸਾਂਝਾ ਅਤੇ ਵਿਆਪਕ ਅਧਾਰ ਵਾਲਾ ਬਨਾਉਣ ਵਿੱਚ ਸਹੀ ਸੇਧ ਦਾ ਮਹੱਤਵਪੂਰਨ ਰੋਲ ਅਦਾ ਕੀਤਾ ਹੈ।

ਮਹਿਲਕਲਾਂ ਇਲਾਕੇ ਦਾ ਬੀਤੇ ਸਮੇਂ 'ਚ ਚੱਲੀਆਂ ਵੱਖ-ਵੱਖ ਲਹਿਰਾਂ 'ਚ ਸਿਰਕੱਢ ਯੋਗਦਾਨ ਰਿਹਾ ਹੈ। ਵੱਡਾ ਘੱਲੂਘਾਰਾ ਕੁੱਪ-ਰੋਹੀੜਾ ਤੇ ਕੁਤਬਾ-ਬਾਹਮਣੀਆਂ ਅਤੇ ਗਹਿਲ, ਗਦਰ ਲਹਿਰ, ਬੱਬਰ ਅਕਾਲੀ ਲਹਿਰ, ਪਰਜਾ ਮੰਡਲ, ਕਿਰਤੀ ਪਾਰਟੀ, ਲਾਲ ਪਾਰਟੀ, ਪੈਪਸੂ ਮੁਜਾਰਾ ਲਹਿਰ, ਖੁਸ਼ਹੈਸੀਅਤ ਟੈਕਸ ਵਿਰੋਧੀ ਮੋਰਚਾ ਤੋਂ ਇਲਾਵਾ ਨਕਸਲਵਾੜੀ ਲਹਿਰ, ਜਨਤਕ ਜਮਹੂਰੀ ਜਥੇਬੰਦੀਆਂ ਨੌਜਵਾਨ ਭਾਰਤ ਸਭਾ, ਪੰਜਾਬ ਸਟੂਡੈਂਟਸ ਯੂਨੀਅਨ ਦਾ ਵੀ ਇਹ ਇਲਾਕਾ ਗੜ੍ਹ ਰਿਹਾ ਹੈ। ਹੁਣ ਵੀ ਕਿਸਾਨਾਂ-ਮਜਦੂਰਾਂ-ਮੁਲਾਜਮਾਂ ਸਮੇਤ ਹੋਰ ਜਨਤਕ ਜਥੇਬੰਦੀਆਂ ਦਾ ਤਕੜਾ ਅਧਾਰ ਹੈ। ਜਬਰ ਜੁਲਮ ਅੱਗੇ ਹਿੱਕ ਡਾਹਕੇ ਜੂਝਣ ਤੋਂ ਅੱਗੇ ਮਰ ਮਿਟ ਜਾਣ (ਸ਼ਹੀਦੀਆਂ ਪਾਉਣ) ਦਾ ਸ਼ਾਨਾਮੱਤਾ ਇਤਿਹਾਸ ਇਹ ਇਲਾਕਾ ਆਪਣੀ ਬੁੱਕਲ 'ਚ ਸਮੋਈ ਬੈਠਾ ਹੈ। ਗੱਲ ਕੀ ਮਹਿਲਕਲਾਂ ਦੀ ਧਰਤੀ ਸੰਗਰਾਮਾਂ ਦੀ ਧਰਤੀ ਵਜੋਂ ਜਾਣੀ ਜਾਂਦੀ ਰਹੀ ਹੈ। ਸ਼ਹੀਦ ਸੇਵਾ ਸਿੰਘ ਠੀਕਰੀਵਾਲ, ਰਹਿਮਤ ਅਲੀ ਵਜੀਦਕੇ, ਬਾਬਾ ਦੂਲਾ ਸਿੰਘ ਜਲਾਲਦੀਵਾਲ ਅਤੇ ਨਕਸਲਵਾੜੀ ਲਹਿਰ ਦੇ ਸ਼ਹੀਦਾਂ, ਰਾਜ ਕਿਸ਼ੋਰ, ਗੁਰਦੇਵ ਦਰਦੀ, ਮੋਹਰ ਸਿੰਘ ਮੰਡਵੀਂ, ਨਿਰੰਜਣ ਸਿੰਘ ਅਕਾਲੀ ਕਾਲਸਾਂ, ਸ਼ਹੀਦ ਬੇਅੰਤ ਮੂੰਮ, ਪਿਆਰਾ ਸਿੰਘ, ਟਹਿਲ ਸਿੰਘ ਦੱਧਾਹੂਰ, ਮੁਹਿੰਮਦ ਸ਼ਰੀਫ ਕਾਂਝਲਾ, ਬਾਬੂ ਸਿੰਘ, ਦਲੀਪ ਸਿੰਘ, ਛੋਟਾ ਸਿੰਘ ਸੁਲਤਾਨਪੁਰ ਤੋਂ ਇਲਾਵਾ ਸਾਂਝੀ ਕਮਿਊਨਿਸਟ ਪਾਰਟੀ ਅਤੇ ਕਾ. ਹਰਨਾਮ ਸਿੰਘ ਚਮਕ, ਕਾ.ਤੇਜਾ ਸਿੰਘ ਸੁਤੰਤਰ, ਬਾਬਾ ਅਰਜਨ ਸਿੰਘ ਭਦੌੜ ਦਾ ਜੇਲ੍ਹਾਂ 'ਚ ਲੰਬਾ ਸਮਾਂ ਕੱਟਣ, ਹਕੂਮਤ ਦਾ ਹਰ ਜਬਰ ਤਸ਼ੱਦਦ ਝੱਲਣ, ਹਕੂਮਤ ਨਾਲ ਘਮਸਾਨੀ ਟੱਕਰਾਂ ਲੈਣਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ। ਮਹਿਲਕਲਾਂ ਦੇ ਲੋਕ ਸੰਘਰਸ਼ ਨੇ ਆਪਣੇ ਇਤਿਹਾਸਕ ਵਿਰਸੇ ਤੋਂ ਸਬਕਾਂ ਨੂੰ ਪੱਲੇ ਬੰਨ੍ਹਦਿਆਂ ਉਸੇ ਰਾਹ 'ਤੇ ਅੱਗੇ ਤੁਰਨ ਦਾ ਯਤਨ ਕੀਤਾ ਹੈ। ਇਸੇ ਕਰਕੇ ਲੋਕ ਸੰਘਰਸ਼ ਦੀ ਅਗਵਾਈ ਕਰਨ ਵਾਲੇ ਤਿੰਨ ਲੋਕ ਆਗੂਆਂ ਉੱਪਰ ਪੁਲਿਸ ਵੱਲੋਂ 3 ਮਾਰਚ 2001 ਨੂੰ ਸਾਜਿਸ਼ ਤਹਿਤ ਝੂਠਾ ਕੇਸ ਕਰਨ ਅਤੇ 28-30 ਮਾਰਚ 2005 ਨੂੰ ਬਰਨਾਲਾ ਸ਼ੈਸ਼ਨ ਕੋਰਟ ਵੱਲੋਂ ਉਮਰ ਕੈਦ ਵਰਗੀਆਂ ਸਜਾਵਾਂ ਦੇ ਕੇ ਜੇਲ੍ਹ ਦੀਆਂ ਕਾਲ ਕੋਠੜੀਆਂ ਪਿੱਛੇ ਕੈਦ ਕਰਨ ਦੇ ਜਾਬਰ ਵਾਰ ਨੂੰ ਲੋਕ ਤਾਕਤ ਦੇ ਉੱਸਰੇ ਕਿਲ੍ਹੇ ਸਦਕਾ ਘੱਟੋ ਰੋਲ ਕੇ ਆਪਣੀ ਤਾਕਤ ਦਾ ਲੋਹਾ ਮਨਵਾਇਆ।

ਦੋਸ਼ੀਆ ਵੱਲੋਂ ਸਜ਼ਾ ਪੂਰੀ ਕਰਨ ਤੋਂ ਬਾਅਦ ਬਾਹਰ ਆਕੇ ਇੱਕ ਵਾਰ ਫਿਰ ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਮਹਿਲਕਲਾਂ ਦਾ ਨਾਮ ਮਿਟਾਉਣ ਦੀ ਸਾਜਿਸ਼ ਰਚੀ ਸੀ ਪਰ ਸਲਾਮ ਹੈ ਮਹਿਲਕਲਾਂ ਦੀ ਧਰਤੀ ਨੂੰ, ਇਸ ਦੇ ਸੱਚੇ ਵਾਰਸਾਂ ਨੂੰ ਜਿਨ੍ਹਾਂ ਨੇ 20 ਸਾਲ ਦੀ



ਲਗਾਤਾਰ ਜੱਦੋ-ਜਹਿਦ ਤੋਂ ਬਾਅਦ ਵੀ ਆਪਣੀ ਏਕਤਾ, ਦ੍ਰਿੜਤਾ ਦਾ ਸਬੂਤ ਦਿੰਦਿਆਂ ਦੋਸ਼ੀਆਂ ਦੀ ਸਾਜਿਸ਼ ਨੂੰ ਪੈਰਾਂ ਹੇਠ ਰੋਲਕੇ ਰੱਖ ਦਿੱਤਾ। ਅੱਜ 'ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਮਹਿਲਕਲਾਂ' ਜਾਬਰਾਂ ਦੀ ਹਿੱਕ ਉੱਤੇ ਸਦੀਵੀ ਦੀਵਾ ਬਣ ਬਲ ਰਿਹਾ ਹੈ।

ਇਸ ਤਰ੍ਹਾਂ ਅਸੀਂ ਇਸ ਲੋਕ ਸੰਘਰਸ਼ ਉੱਪਰ ਜਦ ਘੋਖਵੀਂ ਝਾਤ ਮਾਰਦੇ ਹਾਂ ਤਾਂ ਉਸ ਸਮੇਂ ਦੀ ਹਾਲਾਤ ਇਹ ਸੀ ਕਿ ਇਲਾਕੇ ਅੰਦਰ ਸਾਂਝੇ ਸੰਘਰਸ਼ਾਂ ਦੀ ਦਰੁਸਤ ਬੁਨਿਆਦ ਨੂੰ ਬੁਲੰਦ ਕਰਦੀ ਆਗੂ ਟੁਕੜੀ ਮੌਜੂਦ ਸੀ। ਇਸ ਘਟਨਾ ਤੋਂ ਕੁੱਝ ਸਮਾਂ ਪਹਿਲਾਂ ਹੀ ਪਿੰਡ ਪੰਡੋਰੀ ਦੀ ਦਲਿਤ ਔਰਤ ਨੂੰ ਨਿਰਵਸਤਰ ਕਰਕੇ ਬੇਇੱਜਤ ਕਰਨ ਖਿਲਾਫ ਸਾਂਝਾ ਸੰਘਰਸ਼ ਕਰਕੇ ਦੋਸ਼ੀਆਂ ਨੂੰ ਭਰੇ ਇਕੱਠ ਵਿੱਚ ਸਜਾ ਦਿਵਾਈ ਸੀ ਅਤੇ ਇਸ ਇਲਾਕੇ ਦੇ ਪਿੰਡ ਕਿਰਪਾਲ ਸਿੰਘ ਵਾਲਾ ਦੇ ਗਰੀਬ ਦਲਿਤ ਮਜਦੂਰ ਪਿਆਰਾ ਸਿੰਘ ਨੂੰ ਮਹਿਲਕਲਾਂ ਥਾਣੇ ਵਿੱਚ ਕੁੱਟ ਕੇ ਮਾਰਨ ਖਿਲਾਫ ਸਾਂਝਾ ਸੰਘਰਸ਼ ਚੱਲਿਆ ਸੀ। ਇਸ ਸੰਘਰਸ਼ ਵਿੱਚ ਹਾਲਾਂ ਕਿ ਕਿਰਨਜੀਤ ਕੌਰ ਦੇ ਕਤਲ ਲਈ ਜ਼ਿੰਮੇਵਾਰ ਪ੍ਰੀਵਾਰ ਦੇ ਲਾਣੇ ਦੇ ਲੋਕ ਵੀ ਛੁਪੇ ਹੋਏ ਸਨ। ਇਨਕਲਾਬੀ ਜਮਹੂਰੀ ਲਹਿਰ ਦੀ ਅਗਵਾਨੂੰ ਟੁਕੜੀ ਦੀ ਸਰਗਰਮ ਤੇ ਦਰੁਸਤ ਸ਼ਮੂਲੀਅਤ ਦੀ ਬਦੌਲਤ ਜੇਕਰ ਅੱਜ ਦੀ ਹਾਲਾਤ ਵਿੱਚ ਇੱਕ ਵਿਦਿਆਰਥਣ ਨੂੰ ਇਨਸਾਫ ਦਿਵਾਉਣ ਤੋਂ ਸ਼ੁਰੂ ਹੋਈ ਜੱਦੋ ਜਹਿਦ ਨਾਂ ਸਿਰਫ ਗੁੰਡਾ-ਪੁਲਿਸ-ਸਿਆਸੀ-ਅਦਾਲਤੀ ਗੱਠਜੋੜ ਖਿਲਾਫ ਸੇਧਤ ਹੋ ਚੁੱਕੀ ਹੈ ਸਗੋਂ ਇਸ ਬੁਰਾਈ ਦੀ ਜੜ੍ਹ ਲੁੱਟ ਜਬਰ ਅਤੇ ਦਾਬੇ ਵਾਲੇ ਪ੍ਰਬੰਧ ਦੀ ਕਬਰ ਪੁੱਟਣ ਦੇ ਚੱਲ ਰਹੇ ਇਨਕਲਾਬੀ ਸੰਗਰਾਮ ਦਾ ਅੰਗ ਬਣ ਚੁੱਕੀ ਹੈ। ਅਜਿਹਾ ਨਹੀਂ ਕਿ ਇਹ ਸਾਰਾ ਕੁੱਝ ਸਹਿਜੇ ਹੀ ਵਾਪਰ ਗਿਆ। ਇਹ ਰਸਤਾ ਸਿੱਧ ਪੱਧਰਾ ਨਹੀਂ ਸੀ। ਸਗੋਂ ਇਹ ਲੋਕ ਘੋਲ ਆਪਣੇ ਵੀਹ ਸਾਲਾਂ ਦੇ ਸੰਗਰਾਮੀ ਸਫ਼ਰ ਦੌਰਾਨ ਬਹੁਤ ਸਾਰੇ ਨਾਜ਼ੁਕ ਮੋੜਾਂ ਘੋੜਾਂ 'ਚੋਂ ਅੱਗੇ ਵਧਿਆ ਹੈ। ਜਿਸ ਦੌਰਾਨ ਵੱਖ-ਵੱਖ ਵਿਚਾਰਾਂ ਦੀ ਪ੍ਰਤੀਨਿਧਤਾ ਕਰਦੇ ਸਾਥੀਆਂ ਵਾਲੇ ਅਦਾਰੇ ਅੰਦਰ ਹਾਲਾਤ ਦਾ ਸਹੀ ਜਾਇਜ਼ਾ ਬਨਾਉਣ, ਦੁਸ਼ਮਣ ਦੇ ਬੀਤੇ ਅਮਲ ਨੂੰ ਧਿਆਨ 'ਚ ਰੱਖਣ, ਇਲਾਕੇ ਦੀ ਸਿਆਸੀ ਹਾਲਾਤ ਦਾ ਠੀਕ ਨਿਰਨਾ ਕਰਨ, ਲੋਕਾਂ 'ਤੇ ਟੇਕ ਰਖਦੇ ਹੋਏ ਸੰਘਰਸ਼ ਦਾ ਘੇਰਾ ਲਗਾਤਾਰ ਵਿਸ਼ਾਲ ਕਰਨ, ਸੰਘਰਸ਼ ਨੂੰ ਸਹੀ ਦਿਸ਼ਾ ਵੱਲ ਸੇਧਤ ਰੱਖਣਾ, ਕਿਸੇ ਭਟਕਾਅ ਵਿੱਚ ਨਾ ਆਉਣ ਦੇਣਾ ਅਤੇ ਸਰਕਾਰ ਨਾਲ ਸੰਘਰਸ਼ ਦੀਆ ਮੰਗਾਂ ਮਨਵਾਉਣ ਸਬੰਧੀ ਚੱਲਦੀ ਰਹੀ ਗੱਲਬਾਤ ਦੌਰਾਨ ਹਮੇਸ਼ਾਂ ਲੋਕ ਹਿਤਾਂ ਨੂੰ ਮੂਹਰੇ ਰੱਖਣ ਤੇ ਸੰਘਰਸ਼ ਨੂੰ ਹੋਰ ਵਧੇਰੇ ਤਿੱਖਾ ਕਰਨ ਦੀ ਸੇਧ 'ਤੇ ਡੱਟਕੇ ਚੱਲਦੇ ਰਹਿਣਾ ਦਾ ਸੌਖਾ ਕਾਰਜ ਨਹੀਂ ਸੀ। ਬਹੁਤ ਸਾਰੇ ਮੌਕੇ ਅਜਿਹੇ ਵੀ ਆਏ ਜਦ ਦੁਸ਼ਮਣ ਵੱਲੋਂ ਰਚੀਆਂ ਜਾ ਰਹੀਆਂ ਸਾਜਿਸ਼ਾਂ ਭਾਂਡਾ ਫੋੜ ਕਰਦੇ ਹੋਏ ਉਨ੍ਹਾਂ ਦਾ ਵਧੇਰੇ ਸਿਦਕ ਦਿਲੀ ਨਾਲ ਟਾਕਰਾ ਵੀ ਕੀਤਾ ਅਤੇ ਸੰਘਰਸ਼ ਉੱਪਰ ਬਾਹਰੋਂ ਬਾਜ ਅੱਖ ਰੱਖ ਰਹੇ ਸਿਆਸੀ ਵਿਰੋਧੀ ਵਿਚਾਰਾਂ ਦੀਆਂ ਟਿੱਪਣੀਆਂ ਨੂੰ ਵੀ ਸੁਣਨਾ ਪਿਆ ਜੋ ਹਾਲੇ ਵੀ ਕਿਸੇ ਨਾ ਕਿਸੇ ਰੂਪ 'ਚ ਦਰਪੇਸ਼ ਹਨ।

ਜਿਵੇਂ ਅਸੀਂ ਉੱਪਰ ਚਰਚਾ ਕੀਤੀ ਹੈ ਕਿ ਇਸ ਲੋਕ ਸੰਘਰਸ਼ ਦੀ ਬੁਨਿਆਦ ਰੱਖਣ ਵੇਲੇ ਹੀ ਤਹਿ ਕਰ ਲਿਆ ਸੀ ਕਿ ਇਹ ਸੰਘਰਸ਼ ਵੋਟ ਵਟੋਰੂ ਪਾਰਟੀਆਂ ਦੇ ਸਿਆਸਤਦਾਨਾਂ ਉੱਪਰ ਟੇਕ ਰੱਖਕੇ ਚੱਲਣ ਦੀ ਥਾਂ ਹਮੇਸ਼ਾ ਲੋਕਾਂ ਉੱਤੇ ਟੇਕ ਰੱਖਕੇ ਚੱਲੇਗਾ। ਇਸ ਸੰਘਰਸ਼ ਵਿੱਚ ਜਥੇਬੰਦੀਆਂ, ਆਮ ਲੋਕਾਂ, ਸਮਾਜਿਕ ਸੰਸਥਾਵਾਂ, ਪੰਚਾਇਤਾਂ, ਕੁੱਝ ਸਿਆਸੀ ਜਥੇਬੰਦੀਆਂ ਵੱਲੋਂ ਕਿਸੇ ਨਾਂ ਕਿਸੇ ਰੂਪ 'ਚ ਬਣਦਾ ਯੋਗਦਾਨ ਪਾਇਆ ਹੈ। ਭਾਵੇਂ ਕਿ ਹਕੀਕਤ ਇਹ ਵੀ ਹੈ ਕਿ ਇਹ ਹਰ ਤਾਕਤਾਂ ਸੰਘਰਸ਼ ਦੇ ਅੰਤਿਮ ਪੜਾਅ ਤੱਕ ਨਹੀਂ ਨਿਭ ਸਕੀਆਂ ਦੀ ਮਹੱਤਤਾ ਨੂੰ ਛੁਟਿਆਇਆ ਵੀ ਨਹੀਂ ਜਾ ਸਕਦਾ।

ਲੋਕਾਂ ਦੇ ਪ੍ਰਚਾਰ ਸਾਧਨਾਂ ਦੇ ਆਸਰੇ ਇਸ ਸੰਘਰਸ਼ ਨੂੰ ਦੇਸ਼ ਤੇ ਦੁਨੀਆਂ ਪੱਧਰ 'ਤੇ ਪ੍ਰਚਾਰਨ ਦੇ ਉਪਰਾਲੇ ਕੀਤੇ ਗਏ। ਦਿੱਲੀ ਤੋਂ ਸੈਂਕੜੇ ਮੀਲ ਦੂਰ ਹੋਣ ਦੇ ਬਾਵਜੂਦ ਲੋਕ ਪੱਖੀ ਕਲਮਾਂ ਨੇ ਲੋਕਾਂ ਦੀ ਅਵਾਜ ਨੂੰ ਅਖਬਾਰੀ ਪੰਨਿਆਂ ਦਾ ਹਿੱਸਾ ਬਣਾਇਆ ਹੈ, ਸੰਪਾਦਕੀਆਂ ਲਿਖੀਆਂ ਹਨ, ਲੇਖ ਲਿਖੇ ਹਨ, ਕਿਤਾਬਾਂ, ਸੀਡੀ, ਵੀਡੀਓ ਰਾਹੀਂ ਲੋਕਾਂ ਤੱਕ ਇਹ ਆਵਾਜ ਪਹੁੰਚਾਈ ਹੈ। ਇਸ ਤਰ੍ਹਾਂ ਪਿਛਲੇ ਵੀਹ ਸਾਲਾਂ ਤੋਂ ਮਘਦਾ ਭੱਖਦਾ ਤੇ ਬੁਲੰਦੀਆਂ ਉੱਤੇ ਪਹੁੰਚਦਾ ਰਿਹਾ ਇਹ ਮਹਿਲਕਲਾਂ ਦਾ ਲੋਕ ਘੋਲ ਲੋਕ ਪੱਖੀ ਆਵਾਜ਼ ਦਾ ਇੱਕ ਸ਼ਾਨਦਾਰ ਹਿੱਸਾ ਬਣਿਆ ਹੈ। ਇਸ ਘੋਲ ਦੇ ਹੋਰ ਪੱਖੀ ਸਾਹਿਤ ਸਮੇਤ ਇਸਦੇ ਸੰਗਰਾਮੀ ਇਤਿਹਾਸ ਨੂੰ ਇੱਕ ਕੜੀ 'ਚ ਬੋਲਦੇ ਹੋਏ ਲੋਕ ਪੱਖੀ ਕਲਾਕਾਰ ਦਲਜੀਤ ਅਮੀ ਨਿਰਦੇਸ਼ਤ ਕੀਤੀ ਡਾਕੂਮੈਂਟਰੀ ਫਿਲਮ "ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ" ਨੇ ਲੋਕ ਪੱਖੀ ਮੀਡੀਏ ਅੰਦਰ ਇੱਕ ਅਸਰਦਾਰ ਥਾਂ ਬਣਾਈ ਹੋਈ ਹੈ।

20 ਸਾਲ ਦੇ ਲੰਬੇ ਅਰਸੇ ਦੌਰਾਨ ਮਹਿਲਕਲਾਂ ਦਾ ਲੋਕ ਸੰਘਰਸ਼ ਇਹ ਗੱਲ ਦਾ ਬਹੁਤ ਮਾਣ ਨਾਲ ਠੋਕ ਵਜਾਕੇ ਐਲਾਨ ਕਰਦਾ ਹੈ ਕਿ ਇਸ ਸੰਘਰਸ਼ ਵਿੱਚ ਫੰਡ ਦੇ ਰੂਪ ਵਿੱਚ ਸਭ ਤੋਂ ਵੱਧ ਯੋਗਦਾਨ ਮਿਹਨਤਕਸ਼ ਹਿੱਸਿਆਂ (ਭਾਈ ਲਾਲੋਆਂ) ਵਿੱਚੋਂ ਆਇਆ ਹੈ। ਸਰਕਾਰੀ ਫੰਡ ਦਾ ਐਕਸ਼ਨ ਕਮੇਟੀ ਕੋਲ ਇੱਕ ਧੇਲਾ ਵੀ ਨਹੀਂ ਆਇਆ ਨਾ ਹੀ ਅਸੀਂ ਸਰਕਾਰੀ ਫੰਡ ਉੱਪਰ ਕੋਈ ਟੇਕ ਰੱਖੀ। ਆਮ ਲੋਕਾਂ ਵਾਂਗ ਕੁੱਝ ਸਿਆਸਤਦਾਨਾਂ ਨੇ ਇਸ ਲੋਕ ਸੰਘਰਸ਼ ਵਿੱਚ ਯੋਗਦਾਨ ਪਾਇਆ ਹੈ। ਪਰ ਉਹ ਕੁੱਲ ਫੰਡ ਦਾ ਬਹੁਤ ਹੀ ਨਿਗੂਣਾ ਹਿੱਸਾ ਹੈ। ਐਕਸ਼ਨ ਕਮੇਟੀ ਪਾਸ ਕਿਸਾਨਾਂ-ਮੁਲਾਜਮਾਂ-ਮਜਦੂਰਾਂ ਸਮੇਤ ਹੋਰਨਾਂ ਤਬਕਿਆਂ ਦੇ ਫੰਡ ਦਾ ਇਤਨਾ ਕੁ ਰਾਖਵਾਂ ਭੰਡਾਰ ਪਿਆ ਹੈ ਕਿ ਲੋਕ ਆਗੂ ਮਨਜੀਤ ਵਾਲੇ ਕੇਸ ਦੀ ਸੁਪਰੀਮ ਕੋਰਟ ਵਿੱਚ ਪੈਰਵਾਈ ਕਰਨ ਲਈ ਕੋਈ ਤੋਟ ਨਹੀਂ ਹੈ। ਹਰ ਪੱਖੋਂ ਸਰਗਰਮੀਆਂ ਜਾਰੀ ਰੱਖਣ ਲਈ ਅੱਜ ਵੀ ਫੰਡ ਦੀ ਬਹੁਤ ਜ਼ਰੂਰਤ ਹੈ।

**ਸਾਜਿਸ਼ਾਂ ਇੱਕ ਨਹੀਂ ਸੈਂਕੜੇ ਰਚੀਆਂ :** 2 ਅਗਸਤ 1997 ਨੂੰ ਐਕਸ਼ਨ ਕਮੇਟੀ ਮਹਿਲਕਲਾਂ ਦੀ ਬੁਨਿਆਦ ਰੱਖੀ ਗਈ ਸੀ। ਉਸੇ ਸਮੇਂ ਤੋਂ ਹੀ ਸਾਜਿਸ਼ਾਂ ਦਾ ਦੌਰ ਸ਼ੁਰੂ ਹੋ ਗਿਆ ਸੀ। ਐਕਸ਼ਨ ਕਮੇਟੀ ਬਾਰੇ ਅਫਵਾਹਾਂ ਫੈਲਾਉਣ ਤੋਂ ਸ਼ੁਰੂ ਹੋਇਆ ਸਾਜਿਸ਼ਾਂ ਦਾ ਦੌਰ 3 ਮਾਰਚ 2001 ਨੂੰ ਦਲੀਪੇ ਦੇ ਹੋਏ ਕਤਲ ਤੋਂ ਬਾਅਦ ਵੱਡੀ ਸਾਜਿਸ਼ ਦਾ ਰੂਪ ਅਖਤਿਆਰ ਕਰ ਗਿਆ ਸੀ। ਜਦ ਸਾਡੇ ਤਿੰਨ ਐਕਸ਼ਨ ਕਮੇਟੀ ਮੈਂਬਰਾਂ ਨੂੰ ਗੁੰਡਾ-ਪੁਲਿਸ-ਸਿਆਸੀ ਗੱਠਜੋੜ ਨੇ ਵਿਉਂਤਬੱਧ ਸਾਜਿਸ਼ ਨਾਲ ਇਸ ਝੂਠੇ ਕੇਸ ਵਿੱਚ ਅੜੁੰਗ ਦਿੱਤਾ ਸੀ। ਅਦਾਲਤਾਂ ਵੀ ਇਸ ਜਾਬਰ ਪ੍ਰਬੰਧ ਦਾ ਹੀ ਹਿੱਸਾ ਹਨ ਜਿਨ੍ਹਾਂ ਸੱਚ ਨੂੰ ਦਰਕਿਨਾਰ ਕਰਕੇ ਪੁਲਿਸ ਦੀ ਝੂਠੀ ਕਹਾਣੀ ਉੱਪਰ ਮੋਹਰ ਲਾਕੇ ਲੋਕਾਂ ਵਿੱਚ ਡਰ, ਸਹਿਮ ਅਤੇ ਦਹਿਸ਼ਤ ਪੈਦਾ ਕਰਨ ਲਈ 28,30 ਮਾਰਚ 2005 ਨੂੰ ਉਮਰ ਕੈਦ ਦੀ ਸਜਾ ਸੁਣਾਕੇ ਆਪਣੇ ਲੋਕ ਵਿਰੋਧੀ ਖਾਸੇ ਦਾ ਸਬੂਤ ਦਿੱਤਾ ਸੀ। ਲੋਕ ਹਮੇਸ਼ਾ ਆਪਣੇ ਹੱਥੀਂ ਆਪਣਾ ਇਤਿਹਾਸ ਸਿਰਜਦੇ ਆਏ ਹਨ, ਮਹਿਲਕਲਾਂ ਦੀ ਧਰਤੀ ਦੇ ਵਾਰਸਾਂ ਨੇ ਵੀ ਇਤਿਹਾਸਕ ਪਦ ਚਿੰਨ੍ਹਾਂ ਉੱਪਰ ਚੱਲਦਿਆਂ ਲੰਮਾ ਅਰਸਾ ਬੀਤ ਜਾਣ ਦੇ ਬਾਵਜੂਦ ਦੁਸ਼ਮਣ ਦੀ ਸਾਜਿਸ਼ ਨੂੰ ਚਕਨਾਚੂਰ ਕੀਤਾ। ਵਿਸ਼ਾਲ ਲਾਮਬੰਦੀ ਰਾਹੀਂ ਸੰਘਰਸ਼ ਦਾ ਅਜਿਹਾ ਦਬਾਅ ਬਣਾਇਆ ਕਿ ਹਕੂਮਤ ਨੂੰ ਤਿੰਨ ਲੋਕ ਆਗੂਆਂ ਨੂੰ ਅਦਾਲਤ ਵੱਲੋਂ ਸੁਣਾਈ ਉਮਰ ਕੈਦ ਸਜਾ ਦਾ ਹੁਕਮ ਰੱਦ ਕਰਨ ਦਾ ਕੌੜਾ ਘੁੱਟ ਭਰਨ ਲਈ ਮਜਬੂਰ ਕੀਤਾ। ਪਰ "ਇਨਸਾਫ ਦੇ ਮੰਦਿਰ ਪੰਜਾਬ ਤੇ ਹਰਿਆਣਾ ਹਾਈ ਕੋਰਟ" ਨੂੰ ਇਹ ਲੋਕਸ਼ਾਹੀ ਸੱਚ ਹਜਮ ਕਰਨਾ ਔਖਾ ਸੀ। ਇਸੇ ਕਰਕੇ ਤਕਨੀਕੀ ਬਹਾਨੇ ਲੱਭ ਕੇ ਗਵਰਨਰ ਵੱਲੋਂ ਖਤਮ ਕੀਤੀ ਸਜਾ ਦਾ ਹੁਕਮ ਰੱਦ ਕਰ ਦਿੱਤਾ। ਜਿਸ ਦਾ ਸਿੱਟਾ ਇਹ ਹੈ ਕਿ ਦੋ ਲੋਕ ਆਗੂਆਂ ਦੇ ਅਦਾਲਤ ਵੱਲੋਂ ਬਰੀ ਹੋ ਜਾਣ ਤੋਂ ਬਾਅਦ ਇਕ ਲੋਕ ਆਗੂ ਮਨਜੀਤ ਧਨੇਰ ਦੀ ਬਹਾਲ ਰੱਖੀ ਉਮਰ ਕੈਦ ਸਜਾ ਵਾਲੀ ਵੱਡੀ ਚੁਣੌਤੀ ਦਰਪੇਸ਼ ਹੈ। ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਮਹਿਲਕਲਾਂ ਦਾ ਨਾਮ ਤਬਦੀਲ ਕਰਨ ਦੀ ਸਾਜਿਸ਼ ਰਚਣਾ ਦੁਸ਼ਮਣ ਦੀ ਕੋਈ ਪਹਿਲੀ ਜਾਂ ਆਖਿਰੀ ਸਾਜਿਸ਼ ਨਹੀਂ। ਇੱਕ ਵਾਰ ਪਿੱਛੇ ਹਟਣ ਤੋਂ ਬਾਅਦ ਹੇਮੂ ਥਾਣੀਏ ਵਾਲਿਆਂ ਮਨਆਈਆਂ ਕਰਕੇ ਲੋਕ ਤਾਕਤ ਦੇ ਉੱਸਰੇ ਕਿਲੇ ਨੂੰ ਪਾੜਨ ਖਿੰਡਾਉਣ ਦਾ ਭਰਮ ਪਾਲਦਾ ਸੀ।

ਦੁਸ਼ਮਣ ਸੋਚਦਾ ਸੀ ਕਿ ਅਠਾਰਾਂ ਸਾਲ ਬੀਤ ਗਏ ਹੁਣ ਸਾਡੇ ਰਾਹ ਵਿੱਚ ਰੋੜਾ ਕੌਣ ਹੈ। ਪਰ ਐਕਸ਼ਨ ਕਮੇਟੀ ਨੇ ਲੰਬੇ ਸਮੇਂ ਤੋਂ ਇਸ ਲੋਕ ਸੰਘਰਸ਼ ਨੂੰ ਜਾਰੀ ਰੱਖਣ ਦੀ ਲੋੜ ਇਸ ਕਰਕੇ ਹੀ ਮਹਿਸੂਸ ਕੀਤੀ ਕਿ ਜਿਉਂ ਹੀ ਸੰਘਰਸ਼ ਦੀ ਧਾਰ ਮੱਠੀ ਪਈ

ਦੁਸ਼ਮਣ ਆਪਣੀਆਂ ਪਹਿਲੀਆਂ ਮਨਆਈਆਂ ਕਰਨ ਤੇ ਉੱਤਰੇਗਾ। ਜਿਸ ਦਾ ਖਮਿਆਜਾ ਆਮ ਲੋਕਾਂ ਨੂੰ ਭੁਗਤਣਾ ਪਵੇਗਾ। ਸੰਘਰਸ਼ ਜਾਰੀ ਰਹਿਣ ਦਾ ਹੀ ਸਿੱਟਾ ਹੈ ਕਿ 20 ਸਾਲ ਤੋਂ ਜਦ ਤੋਂ ਲੋਕਾਂ ਨੇ ਸਿਰ ਜੋੜਕੇ ਸੰਘਰਸ਼ਾਂ ਦਾ ਪਿੜ ਮੱਲਿਆ ਹੈ ਦੁਸ਼ਮਣ ਟੋਲੇ ਦੀ ਜੁਰਅਤ ਨਹੀਂ ਪਈ ਕਿ ਉਹ ਕਿਸੇ ਦੀ ਧੀਅ ਭੈਣ ਵੱਲ ਕੈਰੀ ਅੱਖ ਚੁੱਕ ਕੇ ਵੀ ਵੇਖ ਸਕੇ। ਇਹ ਘਟਨਾ ਉਨ੍ਹਾਂ ਲੋਕਾਂ ਲਈ ਵੀ ਕਰਾਰਾ ਜਵਾਬ ਹੈ ਜੋ ਸੋਚਦੇ ਸਨ ਕਿ ਹੁਣ ਕੀ ਜ਼ਰੂਰਤ ਹੈ ਕਿਰਨਜੀਤ ਕੌਰ ਦੇ ਸੰਘਰਸ਼ ਨੂੰ ਜਾਰੀ ਰੱਖਣ ਦੀ। ਦੋਸ਼ੀਆਂ ਨੂੰ ਸਜਾ ਹੋ ਗਈ ਹੈ। ਪਰ ਸਲਾਮ ਹੈ 'ਭਾਈ ਲਾਲੋਆਂ ਦੇ ਵਾਰਸਾਂ' ਨੂੰ ਜਿਨ੍ਹਾਂ 1997 ਵਾਲਾ ਹੀ ਇਤਿਹਾਸ ਦੁਸ਼ਮਣ ਦੀ ਹਰ ਸਾਜਿਸ਼ ਖਿਲਾਫ ਦੁਹਰਾਇਆ ਕਿ ਦੁਸ਼ਮਣ ਨੂੰ ਮੂੰਹ ਦੀ ਖਾਣੀ ਪਈ। ਇਹ ਲੋਕ ਸੰਘਰਸ਼ ਪੰਜਾਬ ਅੰਦਰ ਹੀ ਨਹੀਂ, ਹੋਰਨਾਂ ਥਾਵਾਂ ਉੱਪਰ ਵੀ ਇੱਕ ਅਜਿਹਾ ਮੀਲ-ਪੱਥਰ ਸਾਬਤ ਹੋਇਆ ਕਿ ਇਸ ਸੰਘਰਸ਼ ਨੇ ਪਹਿਲਾਂ ਸਥਾਪਤ ਜਗੀਰੂ ਰਹਿੰਦ-ਖੂੰਹਦ ਦੀਆਂ ਕਦਰਾਂ ਕੀਮਤਾਂ ਭੰਨ ਸੁੱਟੀਆਂ। ਇਹ ਲੋਕ ਸੰਘਰਸ਼ ਅਨੇਕਾਂ ਸੰਘਰਸ਼ਾਂ ਲਈ ਇੱਕ ਚਾਨਣ ਮੁਨਾਰਾ ਬਣਿਆ ਹੈ।

ਐਕਸ਼ਨ ਕਮੇਟੀ ਨੂੰ ਸਮੇਂ ਸਮੇਂ ਉੱਤੇ ਇਸ ਗੱਲ ਨਾਲ ਦੋ ਚਾਰ ਹੋਣਾ ਪੈ ਰਿਹਾ ਹੈ ਕਿ ਜਦੋਂ ਕੁੱਝ ਮੁੱਠੀ ਭਰ ਲੋਕਾਂ ਵੱਲੋਂ ਇਹ ਪ੍ਰਚਾਰ ਧੁਮਾਇਆ ਜਾਂਦਾ ਹੈ ਐਕਸ਼ਨ ਕਮੇਟੀ ਹਾਕਮ ਜਮਾਤੀ ਸਿਆਸਤਦਾਨਾਂ ਦੀ ਝੋਲੀ 'ਚ ਪੈ ਗਈ ਹੈ। ਪਰ ਸੱਚਾਈ ਨੂੰ ਛੁਪਾਇਆ ਨਹੀਂ ਸਕਦਾ। ਸੱਚ ਤਾਂ ਇਹ ਹੈ ਕਿ ਐਕਸ਼ਨ ਕਮੇਟੀ ਨੇ ਟੇਕ ਹਮੇਸ਼ਾ ਲੋਕਾਂ ਉੱਤੇ ਰੱਖੀ ਹੈ/ ਰੱਖੇਗੀ। ਪਰ ਸਿਆਸਤਦਾਨਾਂ ਪ੍ਰਤੀ ਪਹੁੰਚ ਕੀ ਹੋਵੇ ਇਹ ਕਾਫੀ ਗੁੰਝਲਦਾਰ ਮਸਲਾ ਹੈ। ਐਕਸ਼ਨ ਕਮੇਟੀ ਨੇ ਸਿਆਸਤਦਾਨਾਂ ਨੂੰ ਸਟੇਜ 'ਤੇ ਬੁਲਾਉਣ ਤੋਂ ਜਵਾਬ ਨਹੀਂ ਦਿੱਤਾ। ਪਰ ਨਾਲ ਦੀ ਨਾਲ ਐਕਸ਼ਨ ਕਮੇਟੀ ਦਾ ਜਾਬਤਾ ਵੀ ਬਰਕਰਾਰ ਰੱਖਿਆ ਹੈ ਕਿ ਕੋਈ ਵੀ ਸਿਆਸਤਦਾਨ ਇਸ ਸਟੇਜ ਦੀ ਵੋਟ ਮੰਗਣ ਲਈ ਵਰਤੋਂ ਨਹੀਂ ਕਰ ਸਕਦਾ। ਉਹ ਸਮਾਜਿਕ ਜਬਰ ਦੇ ਮੁੱਦੇ ਤੇ ਆਪਣੀ ਗੱਲ ਰੱਖ ਸਕਦਾ ਹੈ। ਇਸ ਸਮੇਂ ਦੋ ਪ੍ਰਚੱਲਿਤ ਰਵਾਇਤਾਂ ਹਨ ਕਿ ਇੱਕ ਤਾਂ ਸਿਆਸਤਦਾਨਾਂ ਨੂੰ ਸਟੇਜ ਦੇ ਨੇੜੇ ਹੀ ਨਾ ਫਟਕਣ ਦਿੱਤਾ ਜਾਵੇ ਦੂਜਾ ਵਿਚਾਰ ਇਹ ਹੈ ਕਿ ਆਪਣੀ ਬੁਨਿਆਦ ਨੂੰ ਭੁਲਾ ਕੇ ਸਿਆਸਤਦਾਨਾਂ ਨੂੰ ਖੁੱਲ੍ਹੀ ਕੌਡੀ ਪਾਉਣ ਦਾ ਮੌਕਾ ਦੇ ਦਿੱਤਾ ਜਾਵੇ। ਅਸਲ ਵਿੱਚ ਮਹਿਲਕਲਾਂ ਦੇ ਲੋਕ ਇਸ ਨਿਵੇਕਲੇ ਸੰਘਰਸ਼ ਨੇ ਇਨ੍ਹਾਂ ਦੋਵੇਂ ਗਲਤ ਪਹੁੰਚਾਂ ਨੂੰ ਰੱਦ ਕਰਦਿਆਂ 20 ਸਾਲ ਦੇ ਸਾਂਝੇ ਤੇ ਵਿਸ਼ਾਲ ਜ਼ਬਰ ਵਿਰੋਧੀ ਸੰਘਰਸ਼ ਸਮੇਂ ਸਿਆਸਤਦਾਨਾਂ ਨੂੰ ਜਾਬਤੇ ਵਿੱਚ ਰਹਿਕੇ ਔਰਤਾਂ ਉੱਪਰ ਹੋ ਰਹੇ ਜਬਰ ਸਬੰਧੀ ਬੋਲਣ ਲਈ ਜਾਂ ਇਹ ਕਹਿ ਲਵੋ ਲੋਕਾਂ ਦੀ ਗੱਲ ਕਹਿਣ ਲਈ ਮਜਬੂਰ ਕੀਤਾ ਹੈ।

**ਮਾ. ਦਰਸ਼ਨ ਸਿੰਘ ਦੇ ਪ੍ਰੀਵਾਰ ਨੂੰ ਸਲਾਮ** : ਹਾਕਮਾਂ ਨੇ ਅੱਜ ਕੱਲ੍ਹ ਪ੍ਰੀਵਾਰਾਂ ਨੂੰ ਖ੍ਰੀਦਣ ਦਾ ਨਵਾਂ ਢੰਗ ਲੱਭ ਲਿਆ ਹੈ। ਜਦ ਵੀ ਕਦੇ ਅਜਿਹਾ ਵਰਤਾਰਾ ਵਾਪਰਦਾ ਹੈ ਤਾਂ ਹਾਕਮ ਪ੍ਰੀਵਾਰ ਉੱਪਰ ਵਿੰਗੇ ਟੇਢੇ ਢੰਗਾਂ ਨਾਲ ਦਬਾਅ ਪਾਕੇ ਸਮਝੌਤਾ ਕਰਨ 'ਚ ਗਲਤਾਨ ਰਹਿੰਦੇ ਹਨ। ਇਹ ਲੋਕਾਂ ਨਾਲੋਂ ਸਬੰਧਤ ਪ੍ਰੀਵਾਰ ਨੂੰ ਨਿਖੇੜਨ ਦਾ ਨਵਾਂ ਤਰੀਕਾ ਹੈ ਕਿਉਂਕਿ ਲੋਕ ਇਹ ਸਮਝਦੇ ਹਨ ਕਿ ਪ੍ਰੀਵਾਰ ਨੇ ਸਰਕਾਰ ਕੋਲੋਂ ਰਿਆਇਤ ਹਾਸਲ ਕਰ ਲਈ ਹੈ। ਸਾਡਾ ਉਸ ਨਾਲ ਕੀ ਲਾਗਾ ਦੇਗਾ ਹੈ। ਅਜਿਹਾ ਨਹੀਂ ਕਿ ਮਾ. ਦਰਸ਼ਨ ਸਿੰਘ ਦੇ ਪ੍ਰੀਵਾਰ ਨੂੰ ਹਾਕਮਾਂ ਨੇ ਖ੍ਰੀਦਣ ਦਾ ਯਤਨ ਨਹੀਂ ਕੀਤਾ। ਜਦ ਐਕਸ਼ਨ ਕਮੇਟੀ ਦੀ ਹਾਜਰੀ 'ਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਾ ਦਰਸ਼ਨ ਸਿੰਘ ਦੇ ਪ੍ਰੀਵਾਰ ਨਾਲ ਇਕੱਲਿਆਂ ਗੱਲਬਾਤ ਕਰਨ ਦੀ ਇੱਛਾ ਜਾਹਰ ਕਰਦਿਆਂ ਮੰਗ ਬਾਰੇ ਪੁੱਛਿਆ ਤਾਂ ਸ਼ਹੀਦ ਕਿਰਨਜੀਤ ਕੌਰ ਦੀ ਮਾਤਾ ਪਰਮਜੀਤ ਕੌਰ ਨੇ ਦੋ ਟੁੱਕ ਸ਼ਬਦਾਂ 'ਚ ਕਿਹਾ ਕਿ ਸਾਡੀ ਤਾਂ ਇੱਕੋ ਇੱਛਾ ਹੈ ਕਿ "ਜਿਸ ਥਾਂ ਮੇਰੀ ਧੀ ਨਾਲ ਕੁਕਰਮ ਹੋਇਆ ਹੈ, ਉਸੇ ਥਾਂ ਦੋਸ਼ੀਆਂ ਨੂੰ ਫਾਹੇ ਟੰਗ ਦਿੱਤਾ ਜਾਵੇ"। ਅਜਿਹਾ ਜਵਾਬ ਸੁਣਕੇ ਮੁੱਖ ਮੰਤਰੀ ਬਾਦਲ ਨੂੰ ਕਹਿਣਾ ਪਿਆ ਕਿ ਮੈਂ ਅਜਿਹਾ ਤਾਂ ਨਹੀਂ ਕਰ ਸਕਦਾ ਤਾਂ ਪ੍ਰੀਵਾਰ ਨੇ ਕਿਹਾ ਕਿ ਬਾਕੀ ਸਭ ਕੁੱਝ ਤਾਂ ਸਾਡੇ ਕੋਲ ਹੈ ਸਾਨੂੰ ਤੁਹਾਡੀ ਕਿਸੇ ਖੈਰਾਤ ਦੀ ਕੋਈ ਲੋੜ ਨਹੀਂ। ਉਸ ਸਮੇਂ ਤੋਂ ਅੱਜ ਤੱਕ ਮਾ.ਦਰਸ਼ਨ ਸਿੰਘ ਦਾ ਪ੍ਰੀਵਾਰ ਨਾਂ ਸਿਰਫ ਲੋਕ ਸੰਘਰਸ਼ ਨਾਲ ਹਿੱਕ ਡਾਹਕੇ ਖੜਾ ਹੈ ਸਗੋਂ ਹਰ ਸਾਲ ਸੰਘਰਸ਼ ਵਿੱਚ ਹਰ ਪੱਖੋਂ ਯੋਗਦਾਨ ਪਾਉਂਦਾ ਆ ਰਿਹਾ ਹੈ।

**ਘੋਲ ਦੇ ਸਬਕ** : ਇਸ ਘੋਲ ਦੀ ਅਗਵਾਈ ਕਰ ਰਹੀ ਅਗਵਾਨੂੰ ਟੁਕੜੀ ਲਈ ਇਹ ਸੰਘਰਸ਼ ਖੰਡੇ ਦੀ ਧਾਰ ਉੱਪਰ ਤੁਰਨ ਸਮਾਨ ਸੀ। ਵੱਡੇ ਤੇ ਖੂੰਖਾਰ ਗੁੰਡਾ-ਪੁਲਿਸ-ਸਿਆਸੀ-ਅਦਾਲਤੀ ਗੱਠਜੋੜ ਖਿਲਾਫ ਚੱਲਦੇ ਇਸ ਸੰਘਰਸ਼ ਦੌਰਾਨ ਬਹੁਤ ਸਾਰੇ ਮੌਕੇ ਅਜਿਹੇ ਵੀ ਆਏ ਜਦੋਂ ਇਸ ਘੋਲ ਦੀ ਆਗੂ ਟੁਕੜੀ ਲਈ ਸਿਰੇ ਦੀ ਪਰਖ ਦੀ ਘੜੀ ਸੀ। ਜਿੱਥੇ ਮੁਢਲੀ ਹਾਲਾਤ ਵਿੱਚ ਦੁਸ਼ਮਣਾਨਾ ਤਿੱਕੜੀ ਨਾਲ ਸਿੱਧੇ ਮੱਥੇ ਆਢਾ ਲੈਣਾ ਮੌਤ ਨੂੰ ਮਾਸੀ ਕਹਿਣ ਦੇ ਤੁੱਲ ਸੀ। ਅਸਲ ਵਿੱਚ ਅਗਵਾਨੂੰ ਟੀਮ ਨੇ ਸਿੱਧੇ ਰੂਪ 'ਚ ਸਿਰਾਂ ਉੱਤੇ 'ਮੌਤ ਦੇ ਕੱਫਨ ਬੰਨ੍ਹਕੇ' ਸੰਘਰਸ਼ ਦੀ ਅਗਵਾਈ ਕੀਤੀ ਹੈ ਨਾਲ ਦੀ ਨਾਲ ਸਮੇਂ-ਸਮੇਂ ਉੱਪਰ ਅਗਵਾਈ ਦੇਣ ਦੇ ਮਹੱਤਵਪੂਰਨ ਰੋਲ ਉੱਪਰ ਵੀ ਸੁਚੇਤ ਪਹਿਰਾ ਦਿੱਤਾ ਹੈ। ਇਸ ਲਈ ਇਸ ਵਰਤਾਰੇ ਦੀਆਂ ਕੜੀਆਂ ਬਹੁਪਰਤੀ ਹਨ। ਇਸ ਲੋਕ ਸੰਘਰਸ਼ ਦੇ ਅਹਿਮ ਸਬਕਾਂ ਨੂੰ ਪੱਲੇ ਬੰਨ੍ਹਦਿਆਂ। ਵਿੱਖ ਦੀਆਂ ਸੰਭਾਵਨਾਵਾਂ ਪ੍ਰਤੀ ਦਰੁੱਸਤ ਰਣਨੀਤੀ ਘੜਨਾ ਕਾਫੀ ਸੋਚ ਵਿਚਾਰ ਕਰਨ ਦਾ ਮੁੱਦਾ ਹੈ। ਹਾਲਾਂਕਿ ਬਹੁਤ ਸਾਰੇ ਲੋਕ ਕਿਸੇ ਵੀ ਮਸਲੇ ਨੂੰ ਸਤਹੀ ਤੌਰ 'ਤੇ ਹੀ ਵੇਖਦੇ ਹਨ। ਮਾਮਲੇ ਦੇ ਉਧੇੜ ਅਮਲ ਬਾਰੇ ਡੂੰਘਾਈ 'ਚ ਜਾਕੇ ਨਹੀਂ ਸੋਚਦੇ। ਕੋਈ ਇੱਕ ਮਸਲਾ ਹੱਲ ਹੋਣ ਦੀ ਸੂਰਤ ਵਿੱਚ ਸੰਘਰਸ਼ ਨੂੰ ਖਤਮ ਕਰਨਾ ਲੋਚਦੇ ਹੁੰਦੇ ਹਨ ਜਦ ਕਿ ਸੱਚਾਈ ਇਹ ਹੁੰਦੀ ਹੈ ਕਿ ਬਾਹਰੀ ਤੌਰ 'ਤੇ ਦਿਖ ਰਹੇ ਮਾਮਲੇ ਦੀਆਂ ਜੜ੍ਹਾਂ ਡੂੰਘਾਈ ਨਾਲ ਨਜ਼ਰ ਮਾਰਿਆਂ ਇਸ ਪ੍ਰਬੰਧ ਦੀ ਜੜ੍ਹ ਤੱਕ ਜਾਕੇ ਲੱਭਦੀਆਂ ਹਨ। ਜਿਵੇਂ ਕਿਰਨਜੀਤ ਕੌਰ ਵਾਲੇ ਮਸਲੇ ਬਾਰੇ ਵੀ ਮਸਲੇ ਦੇ ਹੱਲ ਹੋਣ ਤੋਂ ਬਾਅਦ ਦੁਸ਼ਮਣ ਵੱਲੋਂ ਚੁਣੌਤੀ ਖੜੀ ਕਰਨ ਦਾ ਅਮਲ ਲਗਾਤਾਰ ਚੱਲ ਰਿਹਾ ਹੈ। ਇਸ ਪ੍ਰਬੰਧ ਅਧੀਨ ਅਸੀਂ ਫੌਰੀ ਅਤੇ ਅੰਸ਼ਕ ਮੰਗਾਂ ਲਈ ਉੱਠਣ ਵਾਲੇ ਲੋਕ ਸੰਘਰਸ਼ਾਂ ਰਾਹੀਂ ਅਨੇਕਾਂ ਪ੍ਰਾਪਤੀਆਂ ਕਰਾਂਗੇ ਪਰ ਪ੍ਰਬੰਧ ਉਹੀ ਹੋਣ ਕਰਕੇ ਕਿਸੇ ਨਵੇਂ ਰੂਪ 'ਚ ਸਮੱਸਿਆਵਾਂ ਫਿਰ ਉੱਠਣਗੀਆਂ। ਇਸ ਲਈ ਅੰਸ਼ਕ ਮੰਗਾਂ ਲਈ ਘੋਲਾਂ ਅੰਦਰ ਸੰਘਰਸ਼ ਕਰਦੇ ਜਾਣਾ ਇਕ ਜ਼ਰੂਰੀ ਲੋੜ ਹੈ ਪਰ ਜਿਹਨਾਂ ਕੁੱਝ ਘੋਲਾਂ ਅੰਦਰ ਜਿੱਤਾਂ ਪ੍ਰਾਪਤ ਹੁੰਦੀਆਂ ਹਨ ਉਨ੍ਹਾਂ ਨੂੰ ਲੋਕਾਂ ਅੰਦਰ ਸਥਾਪਤ ਕਰਨਾ ਅਤਿ ਜ਼ਰੂਰੀ ਹੈ। ਪਰ ਫ਼ੌਰੀ ਘੋਲ ਤੇ ਇਨ੍ਹਾਂ ਵਿੱਚੋਂ ਕੁੱਝ ਅੰਦਰ ਪ੍ਰਾਪਤ ਕੀਤੀਆਂ ਜਿੱਤਾਂ ਹੀ ਸਭ ਕੁੱਝ ਨਹੀਂ ਪਰ ਵਡੇਰੀ ਅਤੇ ਅਸਲ ਲੋੜ ਲੁੱਟ, ਜਬਰ ਅਤੇ ਦਾਬੇ ਵਾਲੇ ਪ੍ਰਬੰਧ ਜੋ ਵਾਰ-ਵਾਰ ਉੱਠਣ ਵਾਲੀਆਂ ਸਮੱਸਿਆਵਾਂ ਦੀ ਜੰਮਣ ਭੋਇੰ ਹੈ ਨੂੰ ਤਬਦੀਲ ਕਰਕੇ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੇ ਸੁਪਨਿਆਂ ਦਾ ਲੋਕਪੱਖੀ ਸਮਾਜ ਸਿਰਜਣ ਦੀ ਹੈ। ਸਮਾਜਿਕ ਜਬਰ ਖਾਸ ਕਰਕੇ ਔਰਤਾਂ ਉੱਪਰ ਵੱਧ ਰਹੇ ਜਬਰ ਨੂੰ ਠੱਲ ਪਾਉਣ ਲਈ ਅਜਿਹੇ ਲੋਕ ਸੰਘਰਸ਼ਾਂ ਨੂੰ ਲੁੱਟ-ਜਬਰ ਅਤੇ ਦਾਬੇ ਵਾਲੇ ਲੋਕ ਦੋਖੀ ਪ੍ਰਬੰਧ ਨੂੰ ਬਦਲਣ ਦੀ ਲੜਾਈ ਵਜੋਂ ਅੱਗੇ ਵਧਾਉਂਦਿਆਂ ਠੋਸ ਰਣਨੀਤੀ ਤਿਆਰ ਕਰਨ ਦੀ ਲੋੜ ਹੈ।

# ਹਿੰਦੂਤਵੀ ਫਾਸ਼ੀਵਾਦ ਨੂੰ ਚੁਣੌਤੀ ਦੇਣ ਲਈ ਅਗਾਂਹਵਧੂ ਤਾਕਤਾਂ ਅੱਗੇ ਆਉਣ : ਸ਼ਮਸੁਲ ਇਸਲਾਮ



ਲੁਧਿਆਣਾ : "ਹਿੰਦੂਤਵੀ ਫਾਸ਼ੀਵਾਦ ਦਾ ਅੰਧਕਾਰ ਇਸ ਲਈ ਦਨਦਨਾ ਰਿਹਾ ਹੈ ਕਿਉਂਕਿ ਅਸੀਂ ਸਮਾਜ ਵਿਰੋਧੀ ਵਰਤਾਰੇ ਉੱਪਰ ਸਵਾਲ ਨਹੀਂ ਉਠਾ ਰਹੇ।"

ਇਹ ਵਿਚਾਰ ਅੱਜ ਇਥੇ ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ ਅੱਜ ਸਥਾਨਕ ਪੰਜਾਬੀ ਭਵਨ ਵਿਖੇ ਆਯੋਜਤ ਪ੍ਰੋਫੈਸਰ ਅਜਮੇਰ ਸਿੰਘ ਔਲਖ ਯਾਦਗਾਰੀ ਲੈਕਚਰ ਦੇ ਮੌਕੇ ਹਿੰਦੂਤਵੀ ਫਾਸ਼ੀਵਾਦ ਅਤੇ ਜਮਹੂਰੀ ਹੱਕਾਂ ਦੀ ਲਹਿਰ ਅੱਗੇ ਚੁਣੌਤੀਆਂ ਵਿਸ਼ੇ ਉੱਪਰ ਬੋਲਦਿਆਂ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਅਤੇ ਰੰਗਕਰਮੀ ਪ੍ਰੋਫੈਸਰ ਸ਼ਮਸੁਲ ਇਸਲਾਮ ਨੇ ਪ੍ਰਗਟ ਕੀਤੇ। ਕਨਵੈਨਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਮੁੱਖ ਵਕਤਾ ਦੇ ਨਾਲ ਪ੍ਰੋਫੈਸਰ ਜਗਮੋਹਣ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਪ੍ਰਿੰਸੀਪਲ ਬੱਗਾ ਸਿੰਘ ਅਤੇ ਪ੍ਰੋਫੈਸਰ ਔਲਖ ਦੀਆਂ ਬੇਟੀਆਂ ਸੁਪਨਦੀਪ ਕੌਰ ਅਤੇ ਅਜਮੀਤ ਕੌਰ ਸੁਸ਼ੋਭਿਤ ਸਨ। ਪ੍ਰੋਫੈਸਰ ਔਲੱਖ ਬਾਰੇ ਗੱਲ ਕਰਦਿਆਂ ਮੁੱਖ ਵਕਤਾ ਨੇ ਕਿਹਾ ਕਿ ਉਨ੍ਹਾਂ ਦੇ ਦੇਹਾਂਤ ਨਾਲ ਅਸੀਂ ਸੱਭਿਆਚਾਰ ਖੇਤਰ ਦਾ ਕਮਾਂਡਰ-ਇਨ-ਚੀਫ਼ ਤੋਂ ਵਾਂਝੇ ਹੋ ਗਏ ਹਾਂ। ਤਾਨਾਸ਼ਾਹਾਂ ਅਤੇ ਜ਼ਾਲਮਾਂ ਦੀ ਬਜਾਏ ਲੋਕ ਉਨ੍ਹਾਂ ਸਿਦਕਵਾਨ ਲੋਕ ਨਾਇਕਾਂ ਨੂੰ ਯਾਦ ਕਰਦੇ ਹਨ ਜੋ ਸਟੇਟ ਦੇ ਜ਼ੁਲਮਾਂ ਵਿਰੁੱਧ ਬੇਖੌਫ਼ ਜੂਝਦੇ ਹਨ। ਪ੍ਰੋਫੈਸਰ ਔਲਖ ਆਪਣੇ ਕੰਮ, ਆਪਣੇ ਨਾਟਕਾਂ ਜ਼ਰੀਏ ਜ਼ਿੰਦਾ ਰਹਿਣਗੇ। ਮੁਲਕ ਦੇ ਅੱਜ ਦੇ ਹਾਲਾਤ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਸੱਤਾ ਇਨਸਾਨਾਂ ਦੇ ਜਿਸਮਾਂ ਨੂੰ ਉਨ੍ਹਾਂ ਦੇ ਦਿਮਾਗਾਂ ਜ਼ਰੀਏ ਕੰਟਰੋਲ ਕਰਦੀ ਹੈ। ਇਹੀ ਅੱਜ ਸੱਤਾ ਉੱਪਰ ਕਾਬਜ਼ ਸੰਘ ਪਰਿਵਾਰ ਕਰ ਰਿਹਾ ਹੈ। ਹਿੰਦੂਤਵੀ ਕੈਂਪ ਸ਼ੁਰੂ ਤੋਂ ਹੀ ਸੰਵਿਧਾਨ ਅਤੇ ਤਿਰੰਗੇ ਝੰਡੇ ਦਾ ਦੁਸ਼ਮਣ ਰਿਹਾ ਹੈ ਅਤੇ ਬਸਤੀਵਾਦੀ ਦੌਰ ਵਿਚ ਜਿਸ ਹਿੰਦੂ ਮਹਾਂ ਸਭਾ ਦੀਆਂ ਸਰਕਾਰਾਂ ਤਿਰੰਗਾ ਲਹਿਰਾਉਣ ਵਾਲਿਆਂ ਉੱਪਰ ਹਮਲੇ ਕਰਦੀਆਂ ਰਹੀਆਂ ਹਨ ਉਹੀ ਦੇਸ਼ਧ੍ਰੋਹੀ ਅੱਜ ਤਰੰਗੇ ਦੇ ਨਾਂ ਹੇਠ ਸੱਚੇ ਦੇਸ਼ਭਗਤਾਂ, ਘੱਟਗਿਣਤੀਆਂ ਅਤੇ ਅਸਹਿਮਤ ਚਿੰਤਕਾਂ ਨੂੰ ਨਿਸ਼ਾਨਾ ਬਣਾ ਰਿਹਾ ਹਨ। ਠੋਸ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਸ਼ਿਆਮਾ ਪ੍ਰਸਾਦ ਮੁਖਰਜੀ ਜਿਸ ਨੂੰ ਸੰਘ ਪਰਿਵਾਰ ਵਲੋਂ ਮਾਡਲ ਰਾਸ਼ਟਰਵਾਦੀ ਬਣਾਕੇ ਪੇਸ਼ ਕੀਤਾ ਜਾ ਰਿਹਾ ਹੈ ਉਹ ਜਦੋਂ ਬਸਤੀਵਾਦੀ ਰਾਜ ਵਿਚ ਬੰਗਾਲ ਪ੍ਰੈਜ਼ੀਡੈਂਸੀ ਦਾ ਡਿਪਟੀ ਪ੍ਰਧਾਨ ਮੰਤਰੀ ਸੀ ਉਸ ਨੂੰ 'ਭਾਰਤ ਛੱਡੋ ਅੰਦੋਲਨ' ਨੂੰ ਦਬਾਉਣ ਦਾ ਜ਼ਿੰਮਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਭਾਵੇਂ ਸੱਤਾ ਬਦਲੀ ਦੇ ਸਮੇਂ ਤੋਂ ਭਾਰਤੀ ਹੁਕਮਰਾਨ ਜਮਾਤ ਸੰਵਿਧਾਨ ਅਤੇ ਧਰਮਨਿਰਪੱਖਤਾ ਦੀ ਹਾਮੀ ਭਰਦੇ ਸਨ ਪਰ ਉਨ੍ਹਾਂ ਦੇ ਘੱਟਗਿਣਤੀਆਂ, ਦਲਿਤਾਂ ਲਈ ਕਾਨੂੰਨ ਹੋਰ ਰਹੇ ਹਨ ਅਤੇ ਬਹੁਗਿਣਤੀ, ਉੱਚ ਜਾਤੀਆਂ ਲਈ ਹੋਰ। ਇਸੇ ਲਈ ਅੱਜ ਤਕ ਘੱਟ-ਗਿਣਤੀਆਂ ਤੇ ਦਲਿਤਾਂ ਦੇ ਕਤਲੇਆਮਾਂ ਨੂੰ ਅੰਜਾਮ ਦੇਣ ਵਾਲੇ ਕਿਸੇ ਵੀ ਕਸੂਰਵਾਰ ਨੂੰ ਸਜ਼ਾ ਨਹੀਂ ਮਿਲੀ। ਇਹ ਸਾਰੇ ਕਸੂਰਵਾਰ ਜ਼ਮਾਨਤ 'ਤੇ ਬਾਹਰ ਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮਈ 2014 ਵਿਚ ਭਾਜਪਾ ਦੇ ਸੱਤਾਧਾਰੀ ਹੋਣ ਤੋਂ ਬਾਦ ਘੱਟਗਿਣਤੀਆਂ ਅਤੇ ਅਸਹਿਮਤ ਆਵਾਜ਼ਾਂ ਉੱਪਰ ਹਮਲਿਆਂ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ, ਦਲਿਤਾਂ ਉੱਪਰ ਅੱਤਿਆਚਾਰ 300ਫ਼ੀਸਦੀ ਵਧੇ ਹਨ। ਜਦੋਂ ਹਿੰਦੂ ਰਾਸ਼ਟਰਵਾਦੀ ਹੋਣ 'ਤੇ ਮਾਣ ਕਰਨ ਵਾਲਾ ਸੰਘ ਪ੍ਰਚਾਰਕ ਪ੍ਰਧਾਨ ਮੰਤਰੀ ਬਣ ਚੁੱਕਾ ਹੈ ਤਾਂ ਟੈਂਕ ਰਾਸ਼ਟਰਵਾਦ, ਰਾਮ ਮੰਦਰ, ਗਊ ਹੱਤਿਆ, ਸਰਸਵਤੀ ਦੀ ਮੂਰਤੀ ਆਦਿ ਹਿੰਦੂਤਵੀ ਏਜੰਡੇ ਨੂੰ ਦੇਸ਼ ਦੇ ਮੁੱਖ ਮਸਲੇ ਬਣਾਕੇ ਪੇਸ਼ ਕਰਨਾ ਹੈਰਾਨੀਜਨਕ ਨਹੀਂ। ਸੱਚਾਈ, ਵਿਚਾਰਾਂ ਦੀ ਗ਼ਰੀਬੀ ਦੇ ਦੌਰ ਵਿਚ ਫਾਸ਼ੀਵਾਦੀ ਤਾਕਤਾਂ ਦਾ ਕੰਮ ਇਸ ਕਰਕੇ ਆਸਾਨ ਹੋ ਗਿਆ ਹੈ ਕਿ ਇਨ੍ਹਾਂ ਨੂੰ ਜ਼ੁਅਰਤ ਨਾਲ ਸਵਾਲ ਪੁੱਛਣ ਲਈ ਲੋਕ ਅੱਗੇ ਨਹੀਂ ਆ ਰਹੇ। ਸਿਰਫ਼ ਗੋਲਵਾਲਕਰ ਦੇ ਇਕ ਲੇਖ ਲਿਖਣ ਨਾਲ ਇਹ ਸੱਚ ਮੰਨ ਲਿਆ ਗਿਆ ਕਿ ਮੁਸਲਮਾਨਾਂ ਅਤੇ ਈਸਾਈਆਂ ਦੇ ਆਉਣ ਤੋਂ ਬਾਦ ਹੀ ਗਊ ਹੱਤਿਆ ਸ਼ੁਰੂ ਹੋਈ। ਉਨ੍ਹਾਂ ਡਾ. ਅੰਬੇਡਕਰ ਦੀ ਖੋਜ ਦੇ ਹਵਾਲੇ ਨਾਲ ਕਿਹਾ ਕਿ ਹਿੰਦੂ ਗ੍ਰੰਥਾਂ ਵਿਚ ਨਾ ਸਿਰਫ਼ ਗਊ ਮਾਸ ਖਾਣ ਉੱਪਰ ਜ਼ੋਰ ਦਿੱਤਾ ਗਿਆ ਹੈ ਸਗੋਂ ਇਨ੍ਹਾਂ ਗ੍ਰੰਥਾਂ ਵਿਚ ਉਚੇਚੇ ਤਰੀਕੇ ਸੁਝਾਏ ਗਏ ਹਨ ਕਿ ਗਊ ਮਾਸ ਨੂੰ ਕਿਨ੍ਹਾਂ ਤਰੀਕਿਆਂ ਨਾਲ ਜ਼ਾਇਕੇਦਾਰ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ 'ਬੰਦੇ ਮਾਤਰਮ' ਨਾਅਰੇ ਦੇ ਮੂਲ ਸਰੋਤ ਨਾਵਲ ਆਨੰਦ ਮੱਠ ਦੇ ਹਵਾਲੇ ਨਾਲ ਸਪਸ਼ਟ ਕੀਤਾ ਕਿ ਇਸ ਨੂੰ ਪੂਰੀ ਤਰ੍ਹਾਂ ਰਾਸ਼ਟਰਵਾਦੀ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਨਾਵਲ ਦੇ ਅੰਤ ਵਿਚ ਮੁਸਲਿਮ ਫ਼ਿਰਕੇ ਵਿਰੁੱਧ ਨਫ਼ਰਤ ਪੈਦਾ ਕਰਨ ਵਾਲਾ ਅਤੇ ਬਰਤਾਨਵੀ ਪ੍ਰਸ਼ਾਸਨ ਵਿਰੁੱਧ ਲੜਾਈ ਬੰਦ ਕਰਨ ਦਾ ਸੰਦੇਸ਼ ਦਿਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਨੂੰ ਰਾਸ਼ਟਰਵਾਦੀ ਲਹਿਰ ਨੇ ਇਕ ਨਾਅਰੇ ਦੇ ਤੌਰ 'ਤੇ ਅਪਨਾਇਆ ਗਿਆ ਸੀ ਨਾ ਕਿ ਰਾਸ਼ਟਰੀ ਗੀਤ ਦੇ ਤੌਰ 'ਤੇ।

ਉਨ੍ਹਾਂ ਕਿਹਾ ਕਿ ਹੁਕਮਰਾਨਾਂ ਦਾ ਪ੍ਰਚਾਰ ਹਮੇਸ਼ਾ ਲਈ ਲੋਕਾਂ ਨੂੰ ਗੁੰਮਰਾਹ ਕਰਕੇ ਹਨੇਰੇ ਵਿਚ ਨਹੀਂ ਰੱਖ ਸਕਦਾ। ਸਾਨੂੰ ਸਵਾਲ ਕਰਨ ਲਈ ਅੱਗੇ ਆਕੇ ਹਿੰਦੂਤਵੀ ਫਾਸ਼ੀਵਾਦੀਆਂ ਵਲੋਂ ਫੈਲਾਏ ਅੰਧਕਾਰ ਨੂੰ ਤੋੜਨਾ ਹੋਵੇਗਾ। ਉਨ੍ਹਾਂ ਨੇ ਖ਼ੁਲਾਸਾ ਕੀਤਾ ਕਿ ਹਿੰਦੂਤਵੀ ਫਾਸ਼ੀਵਾਦੀਆਂ ਵਲੋਂ ਘੱਟਗਿਣਤੀਆਂ, ਦਲਿਤਾਂ ਅਤੇ ਕਮਿਊਨਿਸਟਾਂ ਸਮੇਤ ਅਗਾਂਹਵਧੂ ਤਾਕਤਾਂ ਨੂੰ ਇਸ ਕਰਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਇਹ ਅਧਿਕਾਰਾਂ ਦੀ ਮੰਗ ਕਰਦੇ ਹਨ। ਇਹ ਹਿੱਸੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਿਚ ਇਜ਼ਾਫ਼ੇ, ਰੁਜ਼ਗਾਰ ਰਹਿਤ ਵਿਕਾਸ, ਦਿਨੋਦਿਨ ਵਧ ਰਹੀ ਸਮਾਜੀ ਬੇਚੈਨੀ ਅਤੇ ਆਪਣੇ ਸ਼ਾਸਨ ਦੀ ਨਾਕਾਮੀ ਬਾਰੇ ਸਵਾਲ ਨਾ ਉਠਾ ਸਕਣ ਇਸ ਲਈ ਰਾਸ਼ਟਰਵਾਦ ਦਾ ਅੰਧਕਾਰ ਫੈਲਾਉਣਾ ਇਨ੍ਹਾਂ ਲਈ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਆਰ.ਐੱਸ.ਐੱਸ. ਦੀ ਯੁੱਧਨੀਤਕ ਗੇਮ ਨੂੰ ਸਮਝਣਾ ਜ਼ਰੂਰੀ ਹੈ, ਉਹ ਮੁਸਲਮਾਨਾਂ ਨੂੰ ਇਸ ਲਈ ਸਬਕ ਸਿਖਾਉਣਾ ਚਾਹੁੰਦੇ ਹਨ ਕਿਉਂਕਿ ਮੁਸਲਮਾਨਾਂ ਨੇ ਧਰਮਬਦਲੀ ਰਾਹੀਂ ਦਲਿਤਾਂ ਨੂੰ ਸਮਾਜਿਕ ਬਰਾਬਰੀ ਦੇਣ ਦੀ ਕੋਸ਼ਿਸ਼ ਕੀਤੀ ਸੀ ਜੋ ਮਨੂ ਸਮਰਿਤੀ ਦੇ ਪੈਰੋਕਾਰਾਂ ਨੂੰ ਹਰਗਿਜ਼ ਮਨਜ਼ੂਰ ਨਹੀਂ। ਉਨ੍ਹਾਂ ਕਿਹਾ ਕਿ 15 ਅਗਸਤ ਉੱਪਰ ਦੇਸ਼ ਦੇ ਲੋਕਾਂ ਨਾਲ ਇਸ ਤੋਂ ਵੱਡਾ ਮਜ਼ਾਕ ਕੀ ਹੋ ਸਕਦਾ ਹੈ ਕਿ ਗੋਰਖਪੁਰ ਵਿਚ ਪੰਜ ਦਰਜਨ ਤੋਂ ਉੱਪਰ ਬੱਚਿਆਂ ਨੇ ਆਕਸੀਜਨ ਖ਼ਤਮ ਹੋਣ ਨਾਲ ਦਮ ਤੋੜਿਆ ਹੋਵੇ ਅਤੇ ਪ੍ਰਧਾਨ ਮੰਤਰੀ ਵਿਸ਼ੇਸ਼ ਪੁਸ਼ਾਕ ਨਾਲ ਬਣ -ਠਣਕੇ ਤਰੱਕੀ ਦੇ ਦਮਗੱਜੇ ਮਾਰੇ। ਇਸ ਮੌਕੇ ਸਭਾ ਦੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਵਲੋਂ ਲੋਕ ਨਾਟਕਕਾਰ ਪ੍ਰੋਫੈਸਰ ਔਲਖ ਦੇ ਯੋਗਦਾਨ ਦੀ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਮਾਜ ਦੀ ਜ਼ਮੀਨ ਨਾਲ ਜੁੜਕੇ ਨਾਟਕਾਂ ਦੀ ਸਿਰਜਣਾ ਕੀਤੀ ਅਤੇ ਲੋਕਾਂ ਦੇ ਅਹਿਸਾਸਾਂ ਨੂੰ ਜ਼ਬਾਨ ਦੇਕੇ ਸੰਵਾਦ ਰਚਾਇਆ । ਉਨ੍ਹਾਂ ਕਿਹਾ ਕਿ ਸਮਾਜ ਨੂੰ ਬਦਲਣ ਲਈ ਨਾਟਕ ਕਰਨਾ ਉਨ੍ਹਾਂ ਦਾ ਉਦੇਸ਼ ਸੀ। ਅੱਜ ਦੇ ਹਾਲਾਤ ਵਿਚ ਜਮਹੂਰੀ ਹੱਕਾਂ ਦਾ ਅਹਿਸਾਸ ਬਹੁਤ ਅਹਿਮ ਚੀਜ਼ ਹੈ। ਇਹ ਚੇਤਨਾ ਫੈਲਾਉਣਾ ਹੀ ਲੋਕ ਨਾਟਕਕਾਰ ਦਾ ਸੁਨੇਹਾ ਸੀ ਉਨ੍ਹਾਂ ਦੀ ਚੇਤਨਾ ਦੀ ਮਸ਼ਾਲ ਨੂੰ ਬੁਲੰਦ ਰੱਖਣ ਦੀ ਲੋੜ ਹੈ। ਇਸ ਮੌਕੇ ਪ੍ਰੋਫੈਸਰ ਮਲੇਰੀ ਵਲੋਂ ਪੇਸ਼ ਕੀਤੇ ਮਤਿਆਂ ਵਿਚ ਵਿਚਾਰਾਂ ਦੀ ਆਜ਼ਾਦੀ ਉੱਪਰ ਹੋ ਰਹੇ ਹਮਲਿਆਂ ਅਤੇ ਚਿੰਤਕਾਂ ਵਿਰੋਧੀ ਫਾਸ਼ੀਵਾਦੀ ਮਾਹੌਲ ਉੱਪਰ ਚਿੰਤਾ ਜ਼ਾਹਿਰ ਕੀਤੀ ਗਈ ਅਤੇ ਹਿੰਦੂ ਫਾਸ਼ੀਵਾਦ ਦੇ ਸਾਂਝੇ ਵਿਰੋਧ ਨਾਲ ਇਕਮੁੱਠਤਾ ਪ੍ਰਗਟਾਈ ਗਈ। ਗੋਰਖਪੁਰ ਵਿਚ ਬੱਚਿਆਂ ਦੀ ਮੌਤ ਉੱਪਰ ਦੁੱਖ ਦਾ ਇਜ਼ਹਾਰ ਕਰਦਿਆਂ ਸਿਹਤ ਸੇਵਾਵਾਂ ਦੇ ਨਿੱਜੀਕਰਨ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਗਿਆ। ਇਕ ਹੋਰ ਮਤੇ ਰਾਹੀਂ ਟਰੇਡ ਯੂਨੀਅਨ ਆਗੂਆਂ ਨੂੰ ਸਿੱਖਿਆ ਮੰਤਰੀ ਦੇ ਖ਼ਿਲਾਫ਼ ਪ੍ਰਦਰਸ਼ਨ ਨੂੰ ਲੈਕੇ ਜਾਰੀ ਕੀਤੇ ਨੋਟਿਸਾਂ ਨੂੰ ਜਮਹੂਰੀ ਹੱਕ ਉੱਪਰ ਹਮਲਾ ਕਰਾਰ ਦਿੱਤਾ ਗਿਆ। ਕੁਝ ਹੋਰ ਅਹਿਮ ਮਤੇ ਵੀ ਪਾਸ ਕੀਤੇ ਗਏ। ਹਰਬੰਸ ਸੋਨੂ, ਸੁਰਜੀਤ ਭੱਠਲ, ਵਿਜੈ ਨਰਾਇਣ ਵਲੋਂ ਗੀਤ ਪੇਸ਼ ਕੀਤੇ ਗਏ। ਪ੍ਰੋਫੈਸਰ ਸ਼ਮਸੁਲ ਇਸਲਾਮ ਵਲੋਂ ਵੀ ਅਖ਼ੀਰ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਗੀਤ ਪੇਸ਼ ਕੀਤਾ ਗਿਆ ਜਿਸ ਨੂੰ ਸਮੂਹ ਹਾਜ਼ਰੀਨ ਵਲੋਂ ਆਵਾਜ਼ ਦਿੱਤੀ ਗਈ। ਸਟੇਜ ਦਾ ਸੰਚਾਲਨ ਜ਼ਿਲ੍ਹਾ ਪ੍ਰਧਾਨ ਜਸਵੰਤ ਜੀਰਖ ਵਲੋਂ ਕੀਤਾ ਗਿਆ। ਇਸ ਮੌਕੇ ਜਮਹੂਰੀ ਅਗਾਂਹਵਧੂ ਸ਼ਖ਼ਸੀਅਤਾਂ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ, ਕਰਨਲ ਜੇਐੱਸ ਬਰਾੜ, ਡਾ. ਸੁਖਦੇਵ ਸਿੰਘ, ਡਾ. ਸੁਖਪਾਲ ਸਿੰਘ, ਪ੍ਰੋਫੈਸਰ ਆਰ.ਪੀ.ਸਭਰਵਾਲ, ਪ੍ਰੋਫੈਸਰ ਪ੍ਰੇਮ ਪ੍ਰਕਾਸ਼, ਪੀ.ਐੱਸ. ਯੂ. ਅਤੇ ਹੋਰ ਵਿਦਿਆਰਥੀ ਨੌਜਵਾਨ ਜਥੇਬੰਦੀਆਂ ਅਤੇ ਮਜ਼ਦੂਰ ਜਥੇਬੰਦੀਆਂ ਦੇ ਆਗੂ, ਪਲਸ ਮੰਚ ਦੀ ਸੂਬਾਈ ਟੀਮ, ਸੀਨੀਅਰ ਪੱਤਰਕਾਰ ਰਾਜੀਵ ਖੰਨਾ (ਕੈਚ ਨਿਊਜ਼) ਅਤੇ ਸ਼ਿਵਇੰਦਰ ਸਿੰਘ (ਸੰਪਾਦਕ ਸੂਹੀ ਸਵੇਰ), ਐਡਵੋਕੇਟ ਨਰਿੰਦਰ ਸਿੰਘ, ਐਡਵੋਕੇਟ ਗੁਰਚਰਨਜੀਤ ਸਿੰਘ, ਐਡਵੋਕੇਟ ਹਰਪ੍ਰੀਤ ਸਿੰਘ ਤੋਂ ਇਲਾਵਾ, ਸਭਾ ਦੇ ਸਮੂਹ ਸੂਬਾ ਕਮੇਟੀ ਮੈਂਬਰ ਅਤੇ ਜ਼ਿਲ੍ਹਾ ਇਕਾਈਆਂ ਦੇ ਸਰਗਰਮ ਆਗੂ ਹਾਜ਼ਰ ਸਨ।

# ਵਾਰਤਾ ਸ਼ਹੀਦ ਭਗਤ ਸਿੰਘ ਦੀ ਤਸਵੀਰ ਦੀ

- ਗੁਰਬਚਨ ਭੁੱਲਰ

ਭਗਤ ਸਿੰਘ ਦੀ ਇਕ ਬਹੁਤ ਪ੍ਰਚੱਲਿਤ ਤਸਵੀਰ ਜੋ ਅਨੇਕ ਥਾਈਂ, ਰਸਾਲਿਆਂ, ਅਖ਼ਬਾਰਾਂ ਤੇ ਪੁਸਤਕਾਂ ਵਿਚ ਛਪ ਚੁੱਕੀ ਅਤੇ ਲੱਗਭਗ ਹਰ ਕਿਸੇ ਨੇ ਦੇ...ਖੀ ਹੋਈ ਹੈ। ਬਾਂਸ ਦੀ ਚੁਗਾਠ ਵਾਲੀ ਵਾਣ ਦੀ ਢਿੱਲੀ ਜਿਹੀ ਮੰਜੀ ਉੱਤੇ ਭਗਤ ਸਿੰਘ ਬੈਠਾ ਹੈ। ਖੱਬੇ ਹੱਥ ਵਿਚ ਹੱਥਕੜੀ, ਜਿਸ ਦਾ ਲੰਮਾਂ ਸੰਗਲ ਉਹਦੇ ਗੋਡੇ 'ਤੇ ਪੱਟ ਉੱਤੇ ਪਿਆ ਹੋਇਆ ਹੈ । ਉਸ ਦਾ ਸੱਜਾ ਹੱਥ ਇਸ ਸੰਗਲ ਨਾਲ ਬੇਧਿਆਨੇ ਹੀ ਖੇਡ ਰਿਹਾ ਹੈ। ਨੰਗੇ ਸਿਰ ਦੇ ਵਿਚਕਾਰ ਢਿੱਲਾ ਜਿਹਾ ਜੂੜਾ ਅਤੇ ਗਿੱਚੀ ਉੱਤੇ ਵਾਲ ਖਿੰਡੇ ਹੋਏ ਹਨ। ਲੂਈ ਦਾੜ੍ਹੀ ਅਤੇ ਫੁੱਟਦੀ ਮੁੱਛ, ਜਿੰਨੀ 19-20 ਸਾਲ ਦੇ ਗੱਭਰੂ ਦੇ ਹੁੰਦੀ ਹੈ। ਲੱਤਾਂ ਅਤੇ ਪੈਰ ਨੰਗੇ ਹਨ। ਜੁੱਤੀ ਕਿਤੇ ਪਰ੍ਹੇ ਪਈ ਹੋਈ ਵੀ ਦਿਖਾਈ ਨਹੀਂ ਦਿੰਦੀ। ਵੱਟੋ-ਵੱਟ ਹੋਇਆ ਮੈਲ਼ਾ, ਖੁੱਲ੍ਹੇ ਲਮਕਦੇ ਕਫ਼ਾਂ ਤੇ ਮੈਲੈ ਕਾਲਰਾਂ ਵਾਲਾ ਕਮੀਜ਼, ਜੋ ਸੱਜੇ ਮੋਢੇ ਤੋਂ ਹੇਠਾਂ ਪਾਟਿਆ ਹੋਇਆ ਹੈ। ਪਿੱਛੇ ਪੱਕੀਆਂ ਇੱਟਾਂ ਦੀ ਕੰਧ ਹੈ। ਭਗਤ ਸਿੰਘ ਖੱਬੇ ਵੱਲ ਨੂੰ ਮੂੰਹ ਕਰਕੇ ਬੈਠਾ ਹੋਇਆ, ਜਿਵੇਂ ਕਿਸੇ ਨਾਲ ਗੱਲਾਂ ਕਰ ਰਿਹਾ ਹੋਵੇ।

ਵੀਹ ਪੱਚੀ ਸਾਲ ਪੁਰਾਣੀ ਗੱਲ ਹੈ। ਇਕ ਦਿਨ ਮੈਂ ਆਪਣੇ ਮਿੱਤਰ-ਪਰਿਵਾਰ ਨੂੰ ਮਿਲਣ ਗਿਆ ਤਾਂ ਪਰਿਵਾਰ ਦੇ ਬਜ਼ੁਰਗ ਭਾਈਆ ਜੀ ਮਿਲਖਾ ਸਿੰਘ ਨਿੱਝਰ ਦੇ ਹੱਥਾਂ ਵਿਚ ਪੰਜਾਬੀ ਰਸਾਲਾ ਸੀ। ਉਸ ਵਿਚ ਭਗਤ ਸਿੰਘ ਦੀ ਇਸੇ ਤਸਵੀਰ ਨਾਲ ਇਕ ਲੇਖ ਛਪਿਆ ਹੋਇਆ ਸੀ। ਉਸ ਵਿਚ ਇਹ ਸ਼ਬਦ ਲਿਖੇ ਹੋਏ ਸਨ, "ਇਹ ਤਸਵੀਰ ਬਾਅਦ ਵਿਚ ਕਿਸੇ ਸੀ.ਆਈ.ਡੀ. ਦੇ ਬੰਦੇ ਨੇ ਭਗਤ ਸਿੰਘ ਦੇ ਪਰਿਵਾਰ ਨੂੰ ਲਿਆ ਕੇ ਦਿੱਤੀ।"

ਭਾਈਆ ਜੀ ਨੇ ਘਰ ਅੰਦਰ ਪੈਰ ਰੱਖਦਿਆਂ ਹੀ ਮੈਨੂੰ ਗੁੱਸੇ ਨਾਲ ਕਿਹਾ, "ਐਹ ਦੇਖ, ਤੇਰੇ ਰਸਾਲਿਆਂ ਵਾਲੇ ਕੀ ਲਿਖੀ ਜਾਂਦੇ ਨੇ?" ਉਹ ਆਪ ਸੁਤੰਤਰਤਾ ਸੰਗਰਾਮੀਏਂ ਤਾਮਰ-ਪੱਤਰ ਵਿਜੇਤਾ ਸਨ। ਮੈਂ ਉਨ੍ਹਾਂ ਦੇ ਦੱਸੇ ਵਾਕ ਨੂੰ ਰਸਾਲੇ ਵਿਚੋਂ ਪੜ੍ਹ ਕੇ ਸਵਾਲੀਆ ਨਜ਼ਰਾਂ, ਉਨ੍ਹਾਂ ਦੇ ਚਿਹਰੇ 'ਤੇ ਗੱਡ ਦਿੱਤੀਆਂ। ਉਹ ਆਪਣੇ ਬੋਲਾਂ ਵਿਚ ਗੁੱਸੇ ਦੇ ਨਾਲ ਹੀ ਮਾਣ ਭਰ ਕੇ ਕਹਿਣ ਲੱਗੇ, "ਪਤਾ, ਇਸ ਤਸਵੀਰ ਦੀ ਇਕੋ ਇਕ ਕਾਪੀ ਭਗਤ ਸਿੰਘ ਦੇ ਪਰਿਵਾਰ ਨੂੰ ਕਿਸ ਨੇ ਦਿੱਤੀ, ਜਿੱਥੋਂ ਇਹ ਅੱਗੇ ਪ੍ਰਚੱਲਿਤ ਹੋਈ ? ਮੈਂ ਦਿੱਤੀ !... ਇਹ ਰਸਾਲਿਆਂ ਵਾਲੇ ਸੀ.ਆਈ.ਡੀ. ਨੇ ਦਿੱਤੀ ਲਿਖੀ ਜਾਂਦੇ ਨੇ।"

ਮੇਰੀ ਉਤਸੁਕਤਾ ਵਧਣੀ ਸੁਭਾਵਿਕ ਸੀ। ਮੈਂ ਪਰ੍ਹੇ ਪਈ ਕੁਰਸੀ ਖਿੱਚ ਕੇ ਭਾਈਆ ਜੀ ਦੀ ਕੁਰਸੀ ਦੇ ਨੇੜੇ ਕਰਦਿਆਂ ਕਿਹਾ, "ਅਖ਼ਬਾਰਾਂ-ਰਸਾਲਿਆਂ ਦਾ ਕੀ ਭਾਇਆ ਜੀ, ਜੋ ਕੁਝ ਕੋਈ ਲਿਖ ਕੇ ਭੇਜ ਦਿੰਦਾ, ਉਹ ਛਾਪ ਦਿੰਦੇ ਨੇ। ਪਰ ਤੁਸੀਂ ਇਸ ਤਸਵੀਰ ਦੀ ਕਹਾਣੀ ਸੁਣਾਓ। ਤੁਹਾਨੂੰ ਇਹ ਕਿੱਥੋਂ ਮਿਲੀ ?"

ਉਹ ਇਹ ਕਹਿੰਦੇ ਹੋਏ ਕੁਰਸੀ ਤੋਂ ਉੱਠ ਖਲੋਤੇ, "ਇਹ ਤਸਵੀਰ ਤਾਂ ਅਸਲ ਵਿਚ ਅੱਧੀ, ਪਹਿਲਾਂ ਮੈਂ ਤੈਨੂੰ ਪੂਰੀ ਲਿਆ ਕੇ ਦਿਖਾ ਦੇਵਾਂ।" ਤੇ ਉਹ ਅੰਦਰੋਂ ਰੁਮਾਲ ਵਿਚ ਬੱਝੀ ਹੋਈ ਕਾਪੀਆਂ ਦੀ ਪੋਟਲੀ ਲਿਆਏ। ਇਸ ਵਿਚ ਕੈਮਰੇ ਦੀ ਲਾਹੀ ਹੋਈ ਅਸਲ ਤਸਵੀਰ ਸੀ। ਪੂਰੀ ਤਸਵੀਰ ਵਿਚ ਭਗਤ ਸਿੰਘ ਦੇ ਜੂੜੇ ਦੀ ਸੇਧ ਤੱਕ ਟੀਪ ਕੀਤੀ ਹੋਈ ਕੰਧ ਹੈ। ਉਸ ਤੋਂ ਉੱਪਰਲੀ ਕੰਧ ਦੀਆਂ ਇੱਟਾਂ, ਬਿਨਾਂ ਟੀਪ ਤੋਂ ਸੱਖਣੀਆਂ ਦਿਖਾਈ ਦਿੰਦੀਆਂ ਹਨ। ਚੌਂਕੜੇ ਦੀ ਬੁਣਤੀ ਵਿਚ ਬੁਣੀ ਹੋਈ ਮੁੰਜ ਦੀ ਮੰਜੀ ਦੀਆਂ ਕਈ ਥਾਈਂ ਟੁੱਟ ਕੇ ਲਮਕਦੀਆਂ ਰੱਸੀਆਂ ਹਵਾਲਾਤੀ ਮਾਹੌਲ ਦੀ ਨੀਰਸਤਾ ਵਿਚ ਵਾਧਾ ਕਰਦੀਆਂ ਹਨ। ਥੋਥਾ ਬਾਂਸ ਵੱਢ ਕੇ ਪਾਇਆ ਹੋਇਆ ਸਰ੍ਹਾਣੇ ਵੱਲ ਦਾ ਸੇਰਵਾ ਆਪਣੀ ਇਕੋ ਸੱਖਣੀ ਅੱਖ ਨਾਲ ਦੇਖ ਰਿਹਾ ਹੈ। ਢਿਲਕੀਆਂ ਹੋਈਆਂ ਚੂਲਾਂ ਅਤੇ ਕੁਝ ਕੁਝ ਟੇਢੇ ਹੋਏ ਪਾਵੇ, ਸ਼ਾਇਦ ਉਸ ਸਮੇਂ ਦੇ ਅੰਗਰੇਜ਼ ਸਾਮਰਾਜ ਦੀ ਹਾਲਤ ਦੇ ਪ੍ਰਤੀਕ ਹਨ।

ਮੰਜੀ ਦੇ ਪੁਆਂਦ ਦੇ ਬਰਾਬਰ ਇਕ ਵੱਡੇ ਦਰਖ਼ਤ ਦਾ ਮੋਟਾ ਪੋਰਾ ਹੈ । ਦਰਖ਼ਤ ਕੋਲ ਇਕ ਵੇਲ ਦਾ ਹੇਠਲਾ ਨਿਪੱਤਰਾ ਹਿੱਸਾ ਹੈ। ਦਰਖ਼ਤ ਅਤੇ ਵੇਲ ਦੀ ਹਰਿਆਲੀ ਫ਼ੋਟੋ ਫਰੇਮ ਤੋਂ ਉਤਾਂਹ ਰਹਿ ਗਈ ਹੈ। ਦਰਖ਼ਤ ਅਤੇ ਮੰਜੀ ਦੇ ਵਿਚਕਾਰ ਬੈਂਤ ਦੀ ਬੁਣੀ ਹੋਈ ਲੱਕੜ ਦੀ, ਬਾਹਾਂ ਵਾਲੀ ਭਾਰੀ ਕੁਰਸੀ 'ਤੇ ਵਡੇਰੀ ਉਮਰ ਦਾ ਇਕ ਆਦਮੀ ਬੈਠਾ ਹੋਇਆ ਹੈ। ਸਾਧਾਰਨ ਜਿਹੀ ਬੰਨ੍ਹੀ ਹੋਈ ਸਫ਼ੈਦ ਪੱਗੜੀ, ਸਫ਼ੈਦ ਕੁੜਤਾ ਤੇ ਸਫ਼ੈਦ ਪੋਠੋਹਾਰੀ ਸਲਵਾਰ, ਫੀਤਿਆਂ ਵਾਲੇ ਬੇਪਾਲਿਸ਼ ਪੁਰਾਣੇ ਬੂਟ, ਹੱਥ ਦੀਆਂ ਉਂਗਲਾਂ ਇਕ ਦੂਜੇ ਵਿਚ ਫਸਾਈਆਂ ਹੋਈਆਂ, ਖੁੱਲ੍ਹੀ ਛੱਡੀ ਹੋਈ ਲੱਗਭਗ ਧੌਲੀ ਦਾੜ੍ਹੀ। ਭਗਤ ਸਿੰਘ ਅਧੂਰੀ ਤਸਵੀਰ ਵਿਚ ਕਿਸੇ ਵਿਅਕਤੀ ਨਾਲ ਗੱਲ ਕਰਦਾ ਦਿਸਦਾ।

"ਇਹ ਤਾਂ ਕੋਈ ਧਾਰਮਿਕ ਪੁਰਸ਼ ਲਗਦਾ", ਮੈਂ ਭਾਈਆ ਜੀ ਨੂੰ ਆਖਦਾ ਹਾਂ।

"ਨਹੀਂ, ਇਹ ਕੋਈ ਧਾਰਮਿਕ ਪੁਰਸ਼ ਨਹੀਂ। ਮੈਂ ਇਹਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਇਹ ਸੀ.ਆਈ.ਡੀ. ਦਾ ਡੀ.ਐੱਸ.ਪੀ. ਗੋਪਾਲ ਸਿੰਘ ਨੁਸ਼ਹਿਰਾ ਪੰਨੂੰਆਂ ਪਿੰਡ ਦਾ ਰਹਿਣ ਵਾਲਾ ਸੀ ਇਹ।"

ਸਰ੍ਹਾਣੇ ਵੱਲ ਗੋਪਾਲ ਸਿੰਘ ਦੀ ਕੁਰਸੀ ਵਰਗੀ ਇਕ ਹੋਰ ਕੁਰਸੀ ਖਾਲੀ ਪਈ ਏ। ਸ਼ਾਇਦ ਪੁੱਛਗਿੱਛ ਵਿਚ ਸ਼ਾਮਿਲ ਇਕ ਹੋਰ ਅਧਿਕਾਰੀ ਉੱਠ ਕੇ ਕਿਧਰੇ ਚਲਾ ਗਿਆ ਜਾਂ ਸ਼ਾਮਲ ਹੋਣ ਲਈ ਆਉਣ ਵਾਲਾ।

"ਇਹ ਤਸਵੀਰ ਕਿਸ ਮੌਕੇ ਦੀ ?" ਮੈਂ ਇਹ ਸਵਾਲ ਕੀਤਾ। ਭਾਈਆ ਜੀ ਮਿਲਖਾ ਸਿੰਘ ਨੇ ਦੱਸਿਆ ਕਿ ਇਹ ਤਸਵੀਰ 1927 ਦੀ ਹੈ। ਨੌਜਵਾਨ ਭਾਰਤ ਸਭਾ ਦੀਆਂ ਸਰਗਰਮੀਆਂ ਉਸ ਸਮੇਂ ਲਗਾਤਾਰ ਤੇਜ਼ ਹੋ ਰਹੀਆਂ ਸਨ। ਭਗਤ ਸਿੰਘ ਨੂੰ ਇਸੇ ਕਾਰਨ ਪੁੱਛਗਿੱਛ ਲਈ ਫੜਿਆ ਗਿਆ ਸੀ ਅਤੇ ਲਾਹੌਰ ਦੀ ਰੇਲਵੇ ਸਟੇਸ਼ਨ ਨੇੜਲੀ ਹਵਾਲਾਤ ਵਿਚ ਤਿੰਨ ਹਫ਼ਤੇਦੇ ਕਰੀਬ ਰੱਖਿਆ ਗਿਆ ਸੀ। ਹਵਾਲਾਤ ਦੇ ਵਿਹੜੇ ਵਿਚ ਦਰਖ਼ਤ ਹੇਠ ਉਸ ਤੋਂ ਕਈ ਵਾਰ ਪੁੱਛਗਿੱਛ ਕੀਤੀ ਗਈ ਸੀ।

ਮੈਂ ਭਗਤ ਸਿੰਘ ਦੇ ਢਿੱਲੇ ਜੂੜੇ, ਨੰਗੇ ਪੈਰਾਂ ਅਤੇ ਖ਼ਾਸ ਕਰਕੇ ਪਾਟੇ ਹੋਏ ਵੱਟੋ-ਵੱਟ ਕਮੀਜ਼ ਦਾ ਜ਼ਿਕਰ ਕਰਦਿਆਂ ਕੁੱਟ-ਮਾਰ ਬਾਰੇ ਪੁੱਛਿਆ। ਭਾਈਆ ਜੀ ਦਾ ਕਹਿਣਾ ਸੀ, "ਨਹੀਂ, ਉਸ ਸਮੇਂ ਉਹ ਕਿਸੇ ਵਿਸ਼ੇਸ਼ ਦੋਸ਼ ਕਾਰਨ ਨਹੀਂ ਸੀ ਫੜਿਆ ਗਿਆ। ਸਰਕਾਰ ਨੌਜਵਾਨ ਲਹਿਰ ਦੀਆਂ ਅਤੇ ਭਗਤ ਸਿੰਘ ਦੀਆਂ ਸੰਭਾਵਨਾਵਾਂ ਤੋਂ ਡਰਦੀ ਸੀ। ਉਸ ਮੌਕੇ ਉਸ ਨੂੰ ਕੁੱਟਿਆ-ਮਾਰਿਆ ਨਹੀਂ ਸੀ ਗਿਆ। ਹਾਂ, ਪੁੱਛਗਿੱਛ ਵਾਰ-ਵਾਰ ਹੋਈ ਸੀ ਅਤੇ ਫੇਰ ਉਸ ਨੂੰ ਛੱਡ ਦਿੱਤਾ ਗਿਆ ਸੀ।"

ਭਾਈਆ ਜੀ ਨੇ ਇਸ ਸਾਰੀ ਜਾਣਕਾਰੀ ਦਾ ਆਧਾਰ ਵੀ ਦੱਸਿਆ। ਉਹ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਅਗਸਤ 1922 ਤੋਂ ਫਰਵਰੀ 1923 ਤੱਕ ਮਿੰਟਗੁਮਰੀ ਕੈਂਪ ਜੇਲ੍ਹ ਵਿਚ ਕੈਦ ਕੱਟ ਚੁੱਕੇ ਸਨ। ਦੁਬਾਰਾ ਉਹ ਬੱਬਰ ਅਕਾਲੀ ਲਹਿਰ ਵਿਚ ਗ੍ਰਿਫ਼ਤਾਰ ਹੋਏ ਸਨ। ਹਾਈ ਕੋਰਟ ਨੇ 19 ਜਨਵਰੀ 1926 ਨੂੰ ਉਨ੍ਹਾਂ ਨੂੰ ਬਰੀ ਤਾਂ ਕਰ ਦਿੱਤਾ, ਪਰ ਪਿੰਡ ਵਿਚ ਨਜ਼ਰਬੰਦੀ ਦਾ ਹੁਕਮ ਸੁਣਾ ਦਿੱਤਾ। 1927 ਵਿਚ ਜਦੋਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਵਿਰੁੱਧ ਬਗ਼ਾਵਤੀ ਸਰਗਰਮੀ ਕਾਰਨ ਸਾਜ਼ਿਸ਼ ਕੇਸ ਬਣਿਆ ਤਾਂ ਭਾਈਆ ਜੀ ਨੂੰ ਕਮੇਟੀ ਦੇ ਪੱਖ ਵਿਚ ਗਵਾਹੀ ਦੇਣ ਲਈ ਡੀ.ਸੀ. ਸਦਰ ਦੀ ਮਾਰਫ਼ਤ ਤਲਬ ਕੀਤਾ ਗਿਆ ਸੀ। ਡੀ.ਸੀ. ਦੀ ਚਿੱਠੀ ਤਾਂ ਸੰਮਨ ਦੇ ਨਾਲ ਹੀ ਅਹਿਲਮੱਦ ਨੇ ਰੱਖ ਲਈ, ਉੱਧਰ ਲਾਹੌਰ ਸਟੇਸ਼ਨ ਉੱਤੇ ਟਿਕਟਾਂ ਲੈ ਰਹੇ ਭਾਈਆ ਜੀ ਨੂੰ ਸੀ.ਆਈ.ਡੀ. ਦੇ ਹੌਲਦਾਰ ਆਤਮਾ ਸਿੰਘ ਨੇ ਪਛਾਣ ਲਿਆ। ਉਹ ਜਾਣਦਾ ਸੀ ਕਿ ਇਨ੍ਹਾਂ ਨੂੰ ਪਿੰਡ ਵਿਚ ਨਜ਼ਰਬੰਦ ਕੀਤਾ ਗਿਆ। ਕੋਈ ਲਿਖਤੀ ਸਬੂਤ ਕੋਲ ਨਾ ਹੋਣ ਕਾਰਨ, ਉਸ ਨੇ ਇਨ੍ਹਾਂ ਦੀ ਜ਼ੁਬਾਨੀ ਗੱਲ ਉੱਤੇ ਇਤਬਾਰ ਕਰਨ ਤੋਂ ਇਨਕਾਰ ਕਰ ਦਿੱਤਾ। ਇੰਜ ਨਜ਼ਰਬੰਦੀ ਦਾ ਘੇਰਾ ਤੋੜਨ



ਦੇ ਦੋਸ਼ ਵਿਚ ਇਨ੍ਹਾਂ ਨੂੰ ਲਾਹੌਰ ਦੀ ਹਵਾਲਾਤ ਵਿਚ ਧੱਕ ਦਿੱਤਾ ਗਿਆ। ਇਨ੍ਹਾਂ ਨੂੰ ਜਿਸ ਕੋਠੜੀ ਵਿਚ ਰੱਖਿਆ ਗਿਆ, ਸਬੱਬ ਨਾਲ ਉਸ ਦੇ ਨਾਲ ਵਾਲੀ ਕੋਠੜੀ ਵਿਚ ਭਗਤ ਸਿੰਘ ਬੰਦ ਸੀ। ਭਾਈਆ ਜੀ ਨੂੰ ਪੜਤਾਲ ਪੂਰੀ ਹੋਣ ਤੱਕ, ਦੋ ਹਫ਼ਤੇਉੱਥੇ ਬੰਦ ਰੱਖਿਆ ਗਿਆ। ਭਾਈਆ ਜੀ ਨੇ ਦੱਸਿਆ, "ਉਸ ਸਮੇਂ ਮੈਂ ਉਹਨੂੰ ਕਈ ਵਾਰ ਪੁੱਛਗਿੱਛ ਲਈ ਉੱਥੇ ਬੈਠਿਆ ਦੇਖਿਆ ਸੀ।"

ਉਨ੍ਹਾਂ ਇਹ ਵੀ ਕਿਹਾ, "ਭਗਤ ਸਿੰਘ ਉਸ ਸਮੇਂ ਅਜੇ ਪ੍ਰਸਿੱਧ ਨਹੀਂ ਸੀ ਹੋਇਆ। ਮੈਨੂੰ ਇਹ ਵੀ ਨਹੀਂ ਸੀ ਪਤਾ ਕਿ ਉਹ ਕਿਸ ਦੋਸ਼ ਵਿਚ ਫੜਿਆ ਗਿਆ। ਇਕ ਵਾਰ ਹਵਾਲਾਤ ਵਿਚ ਗੱਲ ਕਰਨ ਦਾ ਮੌਕਾ ਮਿਲਦਿਆਂ ਮੈਂ, ਸੋਹਣਾ-ਸੂਖਮ ਜਿਹਾ ਮੁੰਡਾ ਦੇਖ ਕੇ ਆਖਿਆ, "ਚੰਮ ਬੜਾ ਲਾਹੁੰਦੇ ਹੁੰਦੇ ਨੇ, ਕੁੱਟਦੇ ਮਾਰਦੇ ਨੇ... ਤੂੰ ਕਿਸ ਕਾਰਨ ਫ਼ਸਿਆ ?" ਅੱਗੋਂ ਭਗਤ ਸਿੰਘ ਨੇ ਬਾਂਹ ਮੂਹਰੇ ਕਰਦਿਆਂ ਕਿਹਾ, "ਐਹ ਚਮੜੀ ਸਾੜ ਕੇ ਦੇਖ ਲਈ ਹੈ। ਇਸ ਨਾਲੋਂ ਬਹੁਤੀ ਤਕਲੀਫ਼ ਤਾਂ ਨਹੀਂ ਨਾ ਹੋਣ ਲੱਗੀ।" ਉਸ ਨਾਲ ਮੇਰੀ ਇਹ ਗੱਲਬਾਤ ਅਜੇ ਵੀ ਮੇਰੇ ਕੰਨਾਂ ਵਿਚ ਗੂੰਜ ਰਹੀ।

ਭਗਤ ਸਿੰਘ ਇਨ੍ਹਾਂ ਨਾਲੋਂ ਪਹਿਲਾਂ ਹਵਾਲਾਤ ਵਿਚ ਆਇਆ ਸੀ ਤੇ ਹਫ਼ਤਾ ਕੁ ਪਹਿਲਾਂ ਹੀ ਛੱਡ ਦਿੱਤਾ ਗਿਆ ਸੀ। ਭਾਈਆ ਜੀ ਕਹਿਣ ਲੱਗੇ, "ਜਾਂਦਾ ਹੋਇਆ ਉਹ ਮੈਨੂੰ ਮਿਲ ਕੇ ਗਿਆ। ਇਨ੍ਹਾਂ ਦਿਨਾਂ ਵਿਚ ਉਸ ਦੀ ਦੇਸ਼ ਭਗਤੀ, ਦ੍ਰਿੜ੍ਹਤਾ ਤੇ ਦਲੇਰੀ ਨੇ ਮੈਨੂੰ ਬੜਾ ਹੀ ਪ੍ਰਭਾਵਿਤ ਕਰ ਦਿੱਤਾ ਸੀ।"

ਮੈਂ ਉਤਾਵਲਤਾ ਨਾਲ ਪੁੱਛਿਆ, "ਪਰ ਭਾਈਆ ਜੀ, ਇਹ ਤਸਵੀਰ ਤੁਹਾਡੇ ਹੱਥ ਕਿਵੇਂ ਲੱਗੀ, ਕਦੋਂ ਲੱਗੀ ਅਤੇ ਕਿੱਥੋਂ ਲੱਗੀ ?"

"ਲੈ ਇਹ ਵੀ ਸੁਣ !" ਉਨ੍ਹਾਂ ਇਕ ਵਾਰ ਫਿਰ ਤਸਵੀਰ ਵੱਲ ਦੇਖਦਿਆਂ ਕਿਹਾ, "ਇਹ 1930 ਦੀ ਗੱਲ ਹੈ । ਮੈਂ ਉਨ੍ਹੀਂ ਦਿਨੀਂ ਵਕੀਲ ਰਘੂਨਾਥ ਸਹਾਏ ਕੋਲ ਮੁਨਸ਼ੀ ਵਜੋਂ ਕੰਮ ਕਰ ਰਿਹਾ...। ਉਹ ਪਹਿਲਾਂ ਸਾਡੇ ਬੱਬਰਾਂ ਦੇ ਮੁਕੱਦਮੇ ਲੜ ਚੁੱਕਾ ਸੀ ਅਤੇ ਹੁਣ ਸਾਂਡਰਸ ਕੇਸ ਨਾਲ ਸਬੰਧਿਤ ਵਕੀਲ ਮੰਡਲੀ ਵਿਚੋਂ ਇਕ ਸੀ। ਇਕ ਦਿਨ ਅਸੀਂ ਮਿਸਲਾਂ ਦੀ ਘੋਖ ਲਈ ਗਏ। ਇਕ ਫ਼ਾਈਲ ਵਿਚ ਇਹ ਤਸਵੀਰ ਲੱਗੀ ਹੋਈ ਸੀ। ਲਾਹੌਰ ਦੀ ਹਵਾਲਾਤ ਦੇ ਵਿਹੜੇ 'ਚ ਭਗਤ ਸਿੰਘ ਦੀ ਪੁੱਛਗਿੱਛ ਦਾ ਦ੍ਰਿਸ਼, ਜੋ ਕਿ ਮੇਰੀ ਕੋਠੜੀ ਵਿਚੋਂ ਦਿਸਦਾ ਹੁੰਦਾ ਸੀ, ਮੈਂ ਝੱਟ ਪਛਾਣ ਗਿਆ ਕਿ ਇਹ ਤਾਂ ਉਸ ਸਮੇਂ ਦੀ ਤਸਵੀਰ ਹੈ । ਉਸ ਸਮੇਂ ਸਰਕਾਰ ਨੇ ਚੋਰੀ, ਇਹ ਤਸਵੀਰ ਲਾਹ ਕੇ ਫ਼ਾਈਲ ਵਿਚ ਰੱਖ ਲਈ ਸੀ। ਭਗਤ ਸਿੰਘ ਦੀ ਉਸ ਸਮੇਂ ਦੀ ਪ੍ਰਸਿੱਧੀ ਵੱਲ ਅਤੇ ਸਾਂਡਰਸ ਕੇਸ ਵੱਲ ਦੇਖਦਿਆਂ, ਮੈਨੂੰ ਫੁਰਨਾ ਫੁਰਿਆ ਕਿ ਇਹ ਤਾਂ ਬਹੁਤ ਅਹਿਮ ਤਸਵੀਰ ਹੈ । ਮੈਂ ਅੱਗਾ-ਪਿੱਛਾ ਦੇਖ ਕੇ ਇਹ ਤਸਵੀਰ ਫ਼ਾਈਲ ਵਿਚੋਂ ਖਿੱਚ ਕੇ ਪਜਾਮੇ ਦੇ ਨੇਫ਼ੇ ਵਿਚ ਟੁੰਗ ਲਈ। ਮਿਸਲਾਂ ਦੇਖ ਕੇ ਬਾਹਰ ਨਿਕਲਣ ਸਮੇਂ ਹੁਕਮ ਤਾਂ ਤਲਾਸ਼ੀ ਲੈਣ ਦਾ ਸੀ, ਪਰ ਰੋਜ਼ ਦਾ ਵਾਹ ਹੋਣ ਕਰਕੇ ਉਹ ਜੇਬਾਂ ਤੇ ਖੀਸੇ ਟੋਹ ਕੇ ਬਸ ਕਾਰਵਾਈ ਜਿਹੀ ਪੂਰੀ ਕਰ ਲੈਂਦੇ ਸਨ।" ਭਾਈਆ ਜੀ ਇੱਕਦਮ ਉਦਾਸ ਹੋ ਗਏ, "ਅਗਲੇ ਸਾਲ ਉਸ ਦੇਸ਼ ਭਗਤ ਹੀਰੇ ਨੂੰ ਫ਼ਾਂਸੀ ਹੋ ਗਈ ਅਤੇ ਇਹ ਤਸਵੀਰ ਮੈਂ ਘਰੇ ਲੁਕਾ ਛੱਡੀ।"

ਭਾਈਆ ਜੀ ਮਿਲਖਾ ਸਿੰਘ ਨਿੱਝਰ ਨੇ ਕੇਵਲ ਇਹ ਤਸਵੀਰ ਬਾਹਰ ਲੈ ਆਉਣ ਦਾ ਸ਼ੁਭ ਕਾਰਜ ਹੀ ਨਹੀਂ ਕੀਤਾ, ਉਨ੍ਹਾਂ ਵਕੀਲ ਰਘੂਨਾਥ ਸਹਾਏ ਦੇ ਦਫ਼ਤਰ ਵਿਚ ਦੋ ਵੱਡ ਅਕਾਰੀ ਜਿਲਦਾਂ ਦੇ ਰੂਪ ਵਿਚ ਪਈਆਂ ਬੱਬਰ ਅਕਾਲੀ ਕੇਸ ਦੇ ਅੰਗਰੇਜ਼ੀ ਵਿਚ ਛਪੇ ਹੋਏ ਮੁਕੰਮਲ ਰਿਕਾਰਡ ਦੀਆਂ ਕਾਪੀਆਂ ਵਿਚੋਂ ਇਕ ਕਾਪੀ ਵੀ ਲਿਆ ਕੇ ਸਾਂਭ ਲਈ ਸੀ।

ਮਗਰੋਂ ਉਨ੍ਹਾਂ ਬੱਬਰ ਲਹਿਰ ਵਿਚ ਸ਼ਾਮਿਲ ਰਹੇ ਹੋਣ ਕਰਕੇ ਆਪਣੀਆਂ ਯਾਦਾਂ ਅਤੇ ਇਸ ਰਿਕਾਰਡ ਦੇ ਆਧਾਰ ਉੱਤੇ ਲਹਿਰ ਦਾ ਪ੍ਰਮਾਣਿਕ ਇਤਿਹਾਸ ਲਿਖਿਆ। 'ਬੱਬਰ ਅਕਾਲੀ ਲਹਿਰ ਦਾ ਇਤਿਹਾਸ' ਨਾਂਅ ਦਾ 500 ਪੰਨੇ ਦਾ ਇਹ ਗ੍ਰੰਥ, ਨਵਯੁੱਗ ਪਬਲਿਸ਼ਰਜ਼, ਦਿੱਲੀ ਨੇ 1986 ਵਿਚ ਪ੍ਰਕਾਸ਼ਤ ਕੀਤਾ ਸੀ।

ਮੈਂ ਪੁੱਛਿਆ, "ਤੁਸੀਂ ਇਹ ਤਸਵੀਰ ਭਗਤ ਸਿੰਘ ਦੇ ਪਰਿਵਾਰ ਨੂੰ ਕਦੋਂ ਦਿੱਤੀ ?"

ਭਾਈਆ ਜੀ ਨੇ ਦੱਸਿਆ, "ਇਹ 1950 ਦੀ ਗੱਲ ਹੈ । ਭਗਤ ਸਿੰਘ ਦੇ ਭਰਾ ਕੁਲਬੀਰ ਸਿੰਘ ਇਕ ਦਿਨ ਆਦਮਪੁਰ ਦੁਆਬਾ ਦੇ ਬੱਸ ਅੱਡੇ ਵਿਚ ਖਲੋਤੇ ਸਨ। ਮੈਂ ਉਨ੍ਹਾਂ ਨੂੰ ਜਾਣਦਾ ਸੀ, ਪਰ ਉਹ ਮੈਨੂੰ ਨਹੀਂ ਸਨ ਜਾਣਦੇ। ਮੈਂ ਆਪਣੀ ਪਛਾਣ ਦੱਸ ਕੇ ਉਨ੍ਹਾਂ ਨੂੰ ਇਸ ਤਸਵੀਰ ਬਾਰੇ ਦੱਸਿਆ ਅਤੇ ਮਗਰੋਂ ਇਸ ਦੀ ਇਕ ਕਾਪੀ ਕਰਵਾ ਕੇ ਉਨ੍ਹਾਂ ਤੱਕ ਪੁੱਜਦੀ ਕਰ ਦਿੱਤੀ। ਉੱਥੋਂ ਇਹ ਅੱਗੇ ਪ੍ਰਚੱਲਿਤ ਹੋ ਗਈ।"

ਸੋਵੀਅਤ ਦੂਤਾਵਾਸ ਦੇ ਸੂਚਨਾ ਵਿਭਾਗ ਵਿਚ ਕੰਮ ਕਰਨ ਸਮੇਂ, ਇਕ ਦਿਨ ਮੈਂ ਆਪਣੇ ਇਕ ਸਹਿਕਰਮੀ ਮਿੱਤਰ ਦੇ ਕਮਰੇ ਵਿਚ ਗਿਆ ਤਾਂ ਉੱਥੇ ਇਕ ਓਪਰੇ ਸੱਜਣ ਬੈਠੇ ਸਨ। ਮੇਰੇ ਮਿੱਤਰ ਨੇ ਸਾਡੀ ਜਾਣ-ਪਛਾਣ ਕਰਵਾਈ। ਉਹ ਭਗਤ ਸਿੰਘ ਦੇ ਭਰਾਤਾ ਕੁਲਬੀਰ ਸਿੰਘ ਸਨ।

ਭਾਈਆ ਜੀ ਮਿਲਖਾ ਸਿੰਘ ਨਿੱਝਰ ਦੀ ਦੱਸੀ ਹੋਈ ਭਗਤ ਸਿੰਘ ਦੀ ਤਸਵੀਰ ਦੀ ਕਹਾਣੀ ਇੱਕਦਮ ਮੇਰੇ ਚੇਤੇ ਵਿਚ ਸੱਜਰੀ ਹੋ ਗਈ। ਮੈਂ ਸੋਚਿਆ ਕੁਲਬੀਰ ਸਿੰਘ ਤੋਂ ਵੀ ਤਸਵੀਰ ਬਾਰੇ ਪੁੱਛ ਲੈਣਾ ਚਾਹੀਦਾ ਹੈ । ਮੇਰਾ ਭਾਵ ਸੀ ਕਿ ਉਨ੍ਹਾਂ ਨੂੰ ਇਸ ਤਸਵੀਰ ਦੀ ਪ੍ਰਾਪਤੀ ਦਾ ਵਸੀਲਾ ਚੇਤੇ ਸੀ ਕਿ ਨਹੀਂ।

ਉਹ ਬੋਲੇ, "ਹਾਂ, ਇਹ ਤਸਵੀਰ ਸਾਨੂੰ ਮਿਲਖਾ ਸਿੰਘ ਨਿੱਝਰ ਤੋਂ ਹੀ ਪ੍ਰਾਪਤ ਹੋਈ ਸੀ। ਇਸ ਖਾਤਰ ਅਸੀਂ ਉਨ੍ਹਾਂ ਦੇ ਬਹੁਤ ਧੰਨਵਾਦੀ ਹਾਂ।" ਤੇ ਇਹ ਸ਼ਾਇਦ, ਸੁਤੰਤਰਤਾ-ਸੰਗਰਾਮੀਏ ਵਜੋਂ, ਸ਼ਹੀਦ ਭਗਤ ਸਿੰਘ ਦੀ ਕੈਮਰੇ ਦੀ ਸਾਨੂੰ ਪ੍ਰਾਪਤ ਇਕੋ ਇਕ ਤਸਵੀਰ।

## ਬਾਬਾ ਬੂਝਾ ਸਿੰਘ ਪ੍ਰਕਾਸ਼ਨ ਵੱਲੋਂ ਰਾਣਾ ਅਯੂਬ ਦੀ ਚਰਚਿਤ ਪੁਸਤਕ 'ਗੁਜਰਾਤ ਫਾਈਲਜ' ਪ੍ਰਕਾਸ਼ਿਤ

ਬਾਬਾ ਬੂਝਾ ਸਿੰਘ ਪ੍ਰਕਾਸ਼ਨ ਵੱਲੋਂ ਰਾਣਾ ਅਯੂਬ ਦੀ ਚਰਚਿਤ ਪੁਸਤਕ 'ਗੁਜਰਾਤ ਫਾਈਲਜ' ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਦਾ ਅਨੁਵਾਦ ਸ੍ਰੀ ਬੂਟਾ ਸਿੰਘ ਜੀ ਨੇ ਕੀਤਾ ਹੈ।

ਗੁਜਰਾਤ ਫ਼ਾਈਲਾਂ ਪੱਤਰਕਾਰ ਰਾਣਾ ਅਯੂਬ ਵਲੋਂ ਗੁਜਰਾਤ ਦੇ ਫ਼ਸਾਦਾਂ, ਫਰਜ਼ੀ ਮੁਕਾਬਲਿਆਂ ਅਤੇ ਸੂਬੇ ਦੇ ਗ੍ਰਹਿ ਮੰਤਰੀ ਹਰੇਨ ਪਾਂਡਿਆ ਦੇ ਕਤਲ ਦੀ ਭੇਸ ਵਟਾਕੇ ਕੀਤੀ ਛਾਣਬੀਣ ਦਾ ਵੇਰਵਾ ਹੈ ਜਿਸ ਨਾਲ ਚੌਂਕਾ ਦੇਣ ਵਾਲੇ ਇੰਕਸ਼ਾਫ ਸਾਹਮਣੇ ਆਉਂਦੇ ਹਨ। ਅਮਰੀਕਨ ਫਿਲਮ ਇੰਸਟੀਚਿਊਟ ਕਾਨਜ਼ਰਵੇਟਰੀ ਦੀ ਇਕ ਫਿਲਮਸਾਜ਼, ਮੈਥਿਲੀ ਤਿਆਗੀ, ਬਣਕੇ ਰਾਣਾ ਨੇ ਗੁਜਰਾਤ ਦੇ ਉਨ੍ਹਾਂ ਨੌਕਰਸ਼ਾਹਾਂ ਅਤੇ ਆਹਲਾ ਪੁਲਿਸ ਅਫ਼ਸਰਾਂ ਨਾਲ ਮੁਲਾਕਾਤਾਂ ਕੀਤੀਆਂ ਜੋ 2001 ਅਤੇ 2010 ਦਰਮਿਆਨ ਉਸ ਸੂਬੇ ਵਿਚ ਅਹਿਮ ਅਹੁਦਿਆਂ ਉੱਪਰ ਤਾਇਨਾਤ ਰਹੇ ਸਨ। ਸਟਿੰਗ ਓਪਰੇਸ਼ਨ ਦਾ ਇਹ ਉਤਾਰਾ ਰਾਜ ਅਤੇ ਇਸਦੇ ਅਧਿਕਾਰੀਆਂ ਦੀ ਮਨੁੱਖਤਾ ਵਿਰੁੱਧ ਜੁਰਮਾਂ ਵਿਚ ਮਿਲੀਭੁਗਤ ਦਾ ਭਾਂਡਾ ਭੰਨਦਾ ਹੈ। ਉਨ੍ਹਾਂ ਮਾਮਲਿਆਂ ਬਾਰੇ, ਜੋ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ



ਸੱਤਾਧਾਰੀ ਹੋਣ ਅਤੇ ਉਨ੍ਹਾਂ ਦੇ ਗੁਜਰਾਤ ਤੋਂ ਦਿੱਲੀ ਤਕ ਪਹੁੰਚਣ ਦੇ ਸਫ਼ਰ ਦੇ ਨਾਲੋ ਨਾਲ ਚੱਲਦੇ ਹਨ, ਸਨਸਨੀਖੇਜ਼ ਖ਼ੁਲਾਸੇ ਕਰਦੀ ਹੋਈ ਇਹ ਕਿਤਾਬ ਉਨ੍ਹਾਂ ਲੋਕਾਂ ਦੀ ਜ਼ੁਬਾਨੀ ਗੁਜਰਾਤ ਦੇ ਸੱਚ ਨੂੰ ਦਬਾਉਣ ਦੀ ਦਾਸਤਾਨ ਬਿਆਨ ਕਰਦੀ ਹੈ ਜਿਨ੍ਹਾਂ ਨੇ ਜਾਂਚ ਕਮਿਸ਼ਨਾਂ ਅੱਗੇ ਬਿਆਨ ਦੇਣ ਸਮੇਂ ਕੁਝ ਵੀ ਚੇਤੇ ਨਾ ਹੋਣ ਦਾ ਖੇਖਣ ਕੀਤਾ ਸੀ ਪਰ ਸਟਿੰਗ ਰਿਕਾਰਡਿੰਗ ਵਿਚ ਉਨ੍ਹਾਂ ਨੇ ਕੁਝ ਵੀ ਨਹੀਂ ਛੁਪਾਇਆ। ਉਨ੍ਹਾਂ ਦੇ ਬਿਆਨ ਇਸ ਅਨੂਠੀ ਕਿਤਾਬ ਦਾ ਅਧਾਰ ਹਨ।

ਕਿਤਾਬ ਵਿਚੋਂ ਕੁਝ ਅੰਸ਼ ਹੇਠ ਲਿਖੇ ਹਨ :-

ਸੰਨ 2002 ਦੌਰਾਨ ਗੁਜਰਾਤ ਵਿੱਚ ਵਾਪਰੀਆਂ ਪ੍ਰੇਸ਼ਾਨ ਕਰਨ ਵਾਲੀਆਂ ਘਟਨਾਵਾਂ ਅਤੇ ਫਰਜ਼ੀ ਮੁਕਾਬਲਿਆਂ ਦੀ ਕਥਾ ਦੇ ਸੱਚ ਦੀ ਇਹ ਪੇਸ਼ਕਾਰੀ ਧੂਹ-ਪਾਊ ਹੈ। ਲੇਖਿਕਾ ਅਨੁਸਾਰ ਇਸ ਕਿਤਾਬ ਵਿੱਚ ਪਾਠਕ ਨੂੰ ਹਾਸਲ ਹੁੰਦੀ ਦ੍ਰਿਸ਼ਟੀ ਉਹ ਹੈ ਜੋ ਜਾਸੂਸੀ ਕੈਮਰੇ ਦੇ ਲੈਂਜ ਅਤੇ ਜਾਸੂਸੀ ਮਾਈਕ੍ਰੋਫ਼ੋਨ ਮੁਹੱਈਆ ਕਰਾਉਂਦੇ ਹਨ ਜਿੰਨਾਂ ਦਾ ਇਸਤੇਮਾਲ ਲੰਮਾ ਸਮਾਂ ਚੱਲਣ ਵਾਲੇ ਸਟਿੰਗ ਓਪਰੇਸ਼ਨ ਵਿੱਚ ਸਾਫ਼ ਤੌਰ ਤੇ ਕੀਤਾ ਗਿਆ। ਇਸ ਦਾ ਫ਼ੈਸਲਾ ਪਾਠਕ ਨੇ ਕਰਨਾ ਹੈ, ਕਿ ਇਸ ਕਿਤਾਬ ਵਿੱਚ ਪੇਸ਼ ਕੀਤੀ ਸਮੱਗਰੀ ਤੱਥਾਂ ਦੀ ਨੁਮਾਇੰਦਗੀ ਕਰਦੀ ਹੈ, ਜਾਂ ਘਟਨਾਵਾਂ ਨੂੰ ਮਹਿਜ਼ ਭਵਿੱਖ ਦੇ ਇਕ ਮੁਕਾਮ ਤੋਂ ਦੇਖਣ ਦੀ ਦ੍ਰਿਸ਼ਟੀ ਹੈ। ਦਸੰਬਰ 1992 ਜਨਵਰੀ 1993 ਦੌਰਾਨ ਮੁੰਬਈ ਵਿੱਚ ਜੋ ਫ਼ਸਾਦਾਂ ਅਤੇ ਹਿੰਸਕ ਘਟਨਾਵਾਂ ਦਾ ਸਿਲਸਿਲਾ ਚੱਲਿਆ ਉਹਨਾਂ ਦੀ ਜਾਂਚ ਲਈ ਬਣਾਏ ਜਾਂਚ ਕਮਿਸ਼ਨ ਦੇ ਦੁਖਦਾਈ ਅਨੁਭਵ, ਅਤੇ ਉਹਨਾਂ ਫ਼ਸਾਦਾਂ ਦੇ ਪੀੜਤਾਂ ਪ੍ਰਤੀ ਜ਼ਾਹਰਾ ਬੇਪ੍ਰਵਾਹੀ ਨੂੰ ਦੇਖਕੇ ਮਹਿਸੂਸ ਹੁੰਦਾ ਹੈ। ਕਿ ਰਾਜ ਮਸ਼ੀਨਰੀ ਅਤੇ ਸੰਵਿਧਾਨਕ ਅਹਿਲਾਕਾਰਾਂ ਨੂੰ ਐਸੇ ਫ਼ਸਾਦਾਂ ਦੇ ਕਾਰਨਾਂ ਦੀ ਛਾਣਬੀਣ ਕਰਨ ਅਤੇ ਢੁੱਕਵੇਂ ਉਪਾਅ ਕਰਨ ਲਈ ਵਧੇਰੇ ਗੰਭੀਰਤਾ ਦਿਖਾਉਣੀ ਹੋਵੇਗੀ ਤਾਂ ਜੋ ਇਹ ਮੁੜ ਕਦੇ ਨਾ ਵਾਪਰਨ।

# ਤਰਕਸ਼ੀਲ ਸੁਸਾਇਟੀ ਦੀ ਪਿਕਨਿਕ 'ਚ ਭਾਰੀ ਰੌਣਕਾਂ



ਬਰੈਂਪਟਨ/ਹਰਜੀਤ ਬੇਦੀ

ਨਾਰਥ ਅਮੈਰਕਿਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਦੀ ਸਾਲਾਨਾ ਪਰਿਵਾਰਕ ਪਿਕਨਿਕ 20 ਅਗਸਤ ਦਿਨ ਐਤਵਾਰ ਨੂੰ ਮਾਲਟਨ ਦੇ ਵਾਈਲਡ ਵੁੱਡ ਪਾਰਕ ਵਿੱਚ ਹੋਈ। ਮੁੱਖ ਕੁਆਰਡੀਨੇਟਰ ਬਲਰਾਜ ਛੋਕਰ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਬੱਚਿਆਂ ਸਮੇਤ ਹਰ ਉਮਰ ਅਤੇ ਵਰਗ ਦੇ ਲੋਕ ਸ਼ਾਮਲ ਹੋਏ। ਹਾਜ਼ਰੀਨ ਦੁਪਹਿਰ ਦੇ 12 ਵਜੇ ਤੋਂ 5 ਵਜੇ ਤੱਕ ਲਗਾਤਾਰ ਖਾਣ ਪੀਣ, ਬੱਚਿਆਂ ਦੀਆਂ ਖੇਡਾਂ, ਵਾਲੀਬਾਲ ਦਾ ਮੈਚ ਅਤੇ ਹੋਰ ਮਨੋਰੰਜਕ ਕਿਰਿਆਵਾਂ ਦਾ ਆਨੰਦ ਮਾਣਦੇ ਰਹੇ। ਸਾਲ 2005 ਵਿੱਚ ਤਰਕਸ਼ੀਲ ਸੁਸਾਇਟੀ ਦੀ ਪਹਿਲੀ ਪਿਕਨਿਕ ਵੀ ਇਸੇ ਪਾਰਕ ਤੋਂ ਸ਼ੁਰੂ ਹੋਈ ਸੀ। ਇਤਫਾਕ ਦੀ ਗੱਲ ਕਿ ਉਸੇ ਤਰ੍ਹਾਂ ਇਸ ਪਿਕਨਿਕ ਵਿੱਚ ਵੀ ਬਹੁਤ ਹੀ ਸੁਆਦਲਾ ਅਤੇ ਵੰਨ-ਸੁਵੰਨਾ ਖਾਣਾ ਸੁਸਾਇਟੀ ਦੇ ਵਾਲੰਟੀਅਰਾਂ ਨੇ ਆਪ ਤਾਜ਼ਾ ਤਿਆਰ ਕਰ ਕੇ ਮਹਿਮਾਨਾਂ ਦੀ ਮੇਜ਼ਬਾਨੀ ਕੀਤੀ। ਜਿਸ ਦੀ ਮਹਿਮਾਨਾਂ ਵਲੋਂ ਭਰਪੂਰ ਸ਼ਲਾਘਾ ਕੀਤੀ ਗਈ।

ਇਸ ਪਿਕਨਿਕ ਵਿੱਚ ਬਹੁਤ ਹੀ ਚਾਅ, ਹੁਲਾਸ ਅਤੇ ਉਤਸ਼ਾਹ ਨਾਲ ਤਰਲੋਕ ਮੁਲ੍ਹੀ ਦੀ ਨਿਗਰਾਨੀ ਹੇਠ ਹਰਬੰਸ ਸਿੰਘ ਮੱਲ੍ਹੀ, ਬਲਬੀਰ ਕੌਰ ਮੱਲ੍ਹੀ, ਨਿਰਮਲ ਸੰਧੂ, ਨਛੱਤਰ ਬਦੇਸ਼ਾ, ਕੁਲਦੀਪ ਚਾਹਲ, ਸੁਰਿੰਦਰ ਘੁੰਮਣ, ਹਰਿੰਦਰ ਹੁੰਦਲ, ਮਿਸਜ਼ ਬਲਜੀਤ ਬੈਂਸ, ਟੋਨੀ, ਹਰਜੀਤ ਬੇਦੀ ਕੁਲਵਿੰਦਰ ਬੜੈਚ, ਮਿਸਜ਼ ਅਤੇ ਮਿਃ ਜਗਦੀਸ਼ ਜਾਂਗੜਾ, ਓਂਕਾਰ ਤੱਖੜ ਅਤੇ ਸੁਖਦੇਵ ਚਾਹਲ ਨੇ ਖਾਣਾ ਤਿਆਰ ਕਰਨ ਅਤੇ ਵਰਤਾਉਣ ਵਿੱਚ ਯੋਗਦਾਨ ਪਾਇਆ। ਪਿਕਨਿਕ ਦੌਰਾਨ ਵੱਖ ਵੱਖ ਉਮਰ ਗਰੁੱਪਾਂ ਦੇ ਬੱਚਿਆਂ ਦੀਆਂ ਦੌੜਾਂ, ਚਮਚਾ ਰੇਸ, ਤਿੰਨ ਟੰਗੀ ਦੌੜ, ਮਨੋਰੰਜਨ ਭਰੇ ਵਾਟਰ ਬੈਲੂਨ ਮੁਕਾਬਲੇ ਅਤੇ ਵਾਲੀਬਾਲ ਦਾ ਮੈਚ ਹੋਇਆ। ਪਹਿਲੀਆਂ ਤਿੰਨ ਪੁਜ਼ੀਸ਼ਨਾਂ ਤੇ ਰਹਿਣ ਵਾਲਿਆਂ ਨੂੰ ਟਰਾਫੀਆਂ ਇਨਾਮ ਵਜੋਂ ਦਿੱਤੀਆਂ ਗਈਆਂ ਅਤੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਮੈਡਲ ਦਿੱਤੇ ਗਏ। ਇਹਨਾਂ ਗੇਮਾਂ ਦੇ ਪ੍ਰਬੰਧ ਵਿੱਚ ਭਰਪੂਰ ਰੰਧਾਵਾ, ਡਾਃ ਹਰਦੀਪ ਸਿੰਘ, ਨਵਨੂਰ, ਸਮਰ, ਡਾਃ ਰਮਨ ਅਤੇ ਜੋਗਿੰਦਰ ਪੱਡਾ, ਸੋਹਣ ਢੀਂਡਸਾ, ਅਤੇ ਸੁਰਜੀਤ ਸਹੋਤਾ ਨੇ ਯੋਗਦਾਨ ਪਾਇਆ।

ਤਰਕਸ਼ੀਲ ਸੁਸਾਇਟੀ ਵਲੋਂ ਮਾਨ ਟਰੈਵਲਜ਼ ਦੇ ਅਮਰਜੀਤ ਮਾਨ, ਏ-ਵਨ ਟੈਕਸੀ ਦੇ ਪਾਲ ਸੇਖੋਂ, ਬੀ ਜੀ ਐਕਸ ਟਰਾਂਸਪੋਰਟ ਦੇ ਸੁਰਿੰਦਰ ਘੁੰਮਣ ਅਤੇ ਇੰਸ਼ੋਰੈਂਸ ਬਰੋਕਰ ਕੁਲਦੀਪ ਸੰਧੂ ਦਾ ਸਨਮਾਨ ਕੀਤਾ ਗਿਆ। ਸੁਸਾਇਟੀ ਵਲੋਂ ਰੈੱਡ ਵਿੱਲੋ ਕਲੱਬ ਦਾ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਬਹੁਤ ਸਾਰੇ ਪਰਿਵਾਰਾਂ ਤੋਂ ਬਿਨਾਂ ਵਰਿਆਮ ਸੰਧੂ, ਹਰਬੰਸ ਸਿੰਘ ਸਰੋਕਾਰ, ਡਾਃ ਤੇਜਪਾਲ, ਸੁਖਜਿੰਦਰ ਗਿੱਲ, ਹਜ਼ਾਰਾ ਸਿੰਘ, ਜੀਵਣ ਚਾਹਲ, ਪਰਮਜੀਤ ਬੜਿੰਗ, ਬਲਦੇਵ ਸਹਿਦੇਵ, ਸੁਖਦੇਵ ਸਿੰਘ ਧਾਲੀਵਾਲ, ਮਲੂਕ ਕਾਹਲੋਂ, ਤਲਵਿੰਦਰ ਮੰਡ,ਵਕੀਲ ਵਿਪਨ ਮੜ੍ਹੋਕ ਅਤੇ ਜਰਨੈਲ ਸਿੰਘ ਅਚਰਵਾਲ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ। ਡਾ. ਬਲਜਿੰਦਰ ਸੇਖੋਂ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਇਹ ਪਿਕਨਿਕ ਪਰਿਵਾਰਿਕ ਸਾਝਾਂ ਅਤੇ ਸਮਾਜਿਕ ਰਿਸ਼ਤਿਆਂ ਨੂੰ ਮਜਬੂਤ ਕਰਦੀ ਹੋਈ ਬਹੁਤ ਹੀ ਸਫਲ ਰਹੀ। ਸੁਸਾਇਟੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਬਲਰਾਜ ਛੋਕਰ 647-838-4749, ਨਿਰਮਲ ਸੰਧੂ 416-835-3450 , ਨਛੱਤਰ ਬਦੇਸ਼ਾ 647-267-3397 ਜਾਂ ਡਾਃ ਬਲਜਿੰਦਰ ਸੇਖੋਂ 905-781-1197 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਉੱਤਰੀ ਅਮਰੀਕਾ 'ਚ ਪੰਜਾਬੀ ਵਿਕੀਪੀਡਿਆ ਦੀ ਪਹਿਲੀ ਵਰਕਸ਼ਾਪ

- ਹਰਪ੍ਰੀਤ ਸੇਖਾ -

6 ਅਗਸਤ ਨੂੰ ਸਰੀ ਪਬਲਿਕ ਲਾਇਬ੍ਰੇਰੀ ਦੀ ਨਿਊਟਨ ਬ੍ਰਾਂਚ ਵਿੱਚ ਵਿੱਚ ਔਨਲਾਈਨ ਮੈਗਜ਼ੀਨ ਵਤਨ ਵੱਲੋਂ ਪੰਜਾਬੀ ਵਿਕੀਪੀਡਿਆ ਦੀ ਪਹਿਲੀ ਵਰਕਸ਼ਾਪ ਦਾ ਪ੍ਰਬੰਧ ਕੀਤਾ ਗਿਆ। ਉੱਤਰੀ ਅਮਰੀਕਾ ਵਿੱਚ ਪੰਜਾਬੀ ਵਿਕੀਪੀਡੀਆ ਬਾਰੇ ਇਸ ਤਰ੍ਹਾਂ ਦੀ ਇਹ ਪਹਿਲੀ ਵਰਕਸ਼ਾਪ ਸੀ।



ਵਰਕਸ਼ਾਪ ਦੇ ਸ਼ੁਰੂ ਵਿੱਚ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿੱਚ ਪੰਜਾਬੀ ਅਧਿਆਪਕ ਅਤੇ ਪੰਜਾਬੀ ਵਿਕੀਪੀਡਿਆ ਲਈ ਸਰਗਰਮੀ ਨਾਲ ਯੋਗਦਾਨ ਪਾ ਰਹੇ ਸੁਖਵੰਤ ਹੁੰਦਲ ਨੇ ਵਿਕੀਪੀਡਿਆ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ "ਵਿਕੀਪੀਡੀਆ ਇਸ ਸਮੇਂ ਗਿਆਨ ਹਾਸਲ ਕਰਨ, ਗਿਆਨ ਇਕੱਤਰ ਕਰਨ, ਗਿਆਨ ਸੰਭਾਲਣ ਵਿੱਚ ਇਕ ਇਨਕਲਾਬੀ ਤਬਦੀਲੀ ਲਿਆ ਰਿਹਾ ਹੈ। ਇਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ।"

ਪੰਜਾਬੀ ਵਿਕੀਪੀਡੀਏ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ, "ਇਸ ਦੀ ਮਹੱਤਤਾ ਨੂੰ ਸਮਝਾਉਣ ਲਈ ਮੈਂ ਵਿਕੀਪੀਡੀਆ ਦੇ ਬਾਨੀ ਜਿੰਮੀ ਵੇਲਜ਼ ਦੇ ਸ਼ਬਦਾਂ ਨੂੰ ਥੋੜ੍ਹਾ ਜਿਹਾ ਬਦਲ ਕੇ ਦੁਹਰਾਉਣਾ ਚਾਹੁੰਦਾ ਹਾਂ। ਕਲਪਨਾ ਕਰੋ ਕਿ ਦੁਨੀਆ ਦਾ ਸਾਰਾ ਗਿਆਨ ਪੰਜਾਬੀ ਵਿੱਚ ਉਪਲਬਧ ਹੋਵੇ ਅਤੇ ਇਸ ਗਿਆਨ ਤਕ ਹਰ ਪੰਜਾਬੀ ਦੀ ਪਹੁੰਚ ਹੋਵੇ। ਜਿਸ ਦਿਨ ਅਜਿਹਾ ਹੋਵੇਗਾ, ਉਹ ਦਿਨ ਪੰਜਾਬੀ ਲੋਕਾਂ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਲਈ ਇਕ ਮਾਣਮੱਤਾ ਦਿਨ ਹੋਵੇਗਾ। ਪੰਜਾਬੀ ਪੜ੍ਹ ਸਕਣ ਵਾਲਾ ਹਰ ਵਿਅਕਤੀ ਦੁਨੀਆ ਦੇ ਵਿਸ਼ਾਲ ਗਿਆਨ ਤੱਕ ਆਪਣੀ ਮਾਂ ਬੋਲੀ ਵਿੱਚ ਪਹੁੰਚ ਕਰ ਸਕੇਗਾ। ਆਮ ਪੰਜਾਬੀ ਬੰਦੇ ਕੋਲ ਉਨ੍ਹਾਂ ਲੋਕਾਂ ਨੂੰ ਚੁਣੌਤੀ ਦੇਣ ਲਈ ਸਾਧਨ ਹੋਵੇਗਾ ਜਿਹੜੇ ਲੋਕ ਗਿਆਨ ਨੂੰ ਮੁੱਠੀ ਭਰ ਲੋਕਾਂ ਦੀ ਮਲਕੀਅਤ ਰੱਖਣਾ ਚਾਹੁੰਦੇ ਹਨ। ਹਰ ਇਕ ਪੰਜਾਬੀ ਆਪਣੀ ਮਾਂ ਬੋਲੀ ਦੀ ਵਰਤੋਂ ਕਰਦਿਆਂ ਆਪਣੇ ਵਿਰਸੇ, ਆਪਣੇ ਇਤਿਹਾਸ ਅਤੇ ਪਿਛੋਕੜ ਨਾਲ ਜੁੜਨ ਦੇ ਨਾਲ ਨਾਲ ਦੁਨੀਆ ਦੇ ਗਿਆਨ ਨਾਲ ਜੁੜ ਸਕੇਗਾ ਅਤੇ ਉਸ ਲਈ ਦੁਨੀਆ ਨੂੰ ਵਿਸ਼ਵ ਨਜ਼ਰੀਏ ਨਾਲ ਦੇਖ ਸਕਣ ਦੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ।"

ਇਸ ਤੋਂ ਬਾਅਦ ਦਿੱਲੀ ਯੂਨੀਵਰਸਿਟੀ ਵਿੱਚ ਐਮ ਫਿੱਲ ਦੇ ਵਿਦਿਆਰਥੀ ਅਤੇ ਵਿਕੀਪੀਡੀਆ ਦੇ ਪ੍ਰਬੰਧਕ ਸਤਦੀਪ ਗਿੱਲ ਨੇ ਵਿਕੀਪੀਡਿਆ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬੋਲੀ ਨੂੰ ਬਚਾਉਣ ਲਈ ਵਿਕੀਪੀਡਿਆ ਬਹੁਤ ਮਹੱਤਵਪੂਰਨ ਟੂਲ ਹੈ ਅਤੇ ਅੱਜ ਦੇ ਇੰਟਰਨੈੱਟ ਦੇ ਯੁੱਗ ਵਿੱਚ ਪੰਜਾਬੀ ਲਈ ਇੰਟਰਨੈੱਟ ਉੱਤੇ ਆਪਣੀ ਥਾਂ ਬਣਾਉਣਾ ਜ਼ਰੂਰੀ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਵਿੱਕੀਪੀਡੀਏ ਉੱਪਰ ਜਾਣਕਾਰੀ ਪਾਉਣ ਦੇ ਵੱਖ ਵੱਖ ਪੱਖਾਂ ਬਾਰੇ ਦੱਸ ਕੇ ਵਿਕੀਪੀਡੀਆ ਉੱਪਰ ਜਾਣਕਾਰੀ ਪਾਉਣ ਦੀ ਮੁੱਢਲੀ ਟ੍ਰੇਨਿੰਗ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਸਮੇਂ 25 ਦੇ ਕਰੀਬ ਸੰਪਾਦਕ ਪੰਜਾਬੀ ਵਿਕੀਪੀਡੀਏ ਉੱਪਰ ਕੰਮ ਕਰ ਰਹੇ ਹਨ, ਜਿਹਨਾਂ ਵਿੱਚ ਬਹੁਤੇ 30 ਸਾਲਾਂ ਤੋਂ ਘੱਟ ਉਮਰ ਦੇ ਹਨ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬੀ ਵਿਕੀਪੀਡੀਏ ਦੀ ਤਰੱਕੀ ਲਈ ਸੰਪਾਦਕਾਂ ਦੀ ਗਿਣਤੀ ਵਿੱਚ ਹੋਰ ਵਾਧਾ ਹੋਣਾ ਜ਼ਰੂਰੀ ਹੈ।

ਫਿਰ ਉਨ੍ਹਾਂ ਨੇ ਵਿਕੀਪੀਡੀਆ ਦੇ ਸਹਿਯੋਗੀ ਪ੍ਰੋਜੈਕਟਾਂ - ਵਿਕਸ਼ਨਰੀ ਅਤੇ ਵਿਕੀ ਸ੍ਰੋਤ- ਬਾਰੇ ਦੱਸਿਆ। ਇਹ ਦੋਵੇਂ ਪ੍ਰੋਜੈਕਟ ਸ਼ੁਰੂਆਤੀ ਦੌਰ ਵਿੱਚ ਹਨ। ਵਿਕਸ਼ਨਰੀ ਪ੍ਰੋਜੈਕਟ ਇਕ ਬਹੁਭਾਸ਼ਾਈ ਡਿਕਸ਼ਨਰੀ ਬਣਾਉਣ ਦਾ ਪ੍ਰੋਜੈਕਟ ਹੈ ਅਤੇ ਵਿਕੀਸ੍ਰੋਤ ਪੰਜਾਬੀ ਕਿਤਾਬਾਂ ਨੂੰ ਪੀ ਡੀ ਐੱਫ ਅਤੇ ਲਿਖਤ ਦੇ ਫਾਰਮੈੱਟ ਵਿੱਚ ਆਨਲਾਈਨ ਪਾਉਣ ਦਾ ਪ੍ਰੋਜੈਕਟ ਹੈ ਤਾਂ ਕਿ ਇਹ ਕਿਤਾਬਾਂ ਦੁਨੀਆ ਭਰ ਵਿੱਚ ਲੋਕਾਂ ਤੱਕ ਪਹੁੰਚ ਸਕਣ। ਇਸ ਪ੍ਰੋਜੈਕਟ ਵਿੱਚ ਕਿਤਾਬਾਂ ਪਵਾਉਣ ਲਈ ਲੇਖਕਾਂ ਨੂੰ ਇਕ ਖਾਸ ਕਾਪੀਰਾਈਟ ਅਧੀਨ ਆਪਣੀਆਂ ਕਿਤਾਬਾਂ ਇਸ ਪ੍ਰੋਜੈਕਟ ਲਈ ਰਿਲੀਜ਼ ਕਰਨੀਆਂ ਪੈਣਗੀਆਂ।

ਇਸ ਵਰਕਸ਼ਾਪ ਵਿੱਚ 40 ਦੇ ਕਰੀਬ ਲੋਕਾਂ ਨੇ ਭਾਗ ਲਿਆ ਅਤੇ ਬਹੁਤ ਉਤਸ਼ਾਹ ਨਾਲ ਵਿਕੀਪੀਡੀਏ ਦੇ ਵੱਖ ਵੱਖ ਪੱਖਾਂ ਬਾਰੇ ਸਵਾਲ ਪੁੱਛੇ। ਇਸ ਤਰ੍ਹਾਂ ਦੇ ਦੋ-ਪਾਸੀ ਅਦਾਨ ਪ੍ਰਦਾਨ ਨੇ ਵਰਕਸ਼ਾਪ ਨੂੰ ਦਿਲਚਸਪ ਬਣਾਈ ਰੱਖਿਆ।

*ਚਰਚਾ ਇਉਂ ਵੀ ਹੁੰਦੀ ਐ*

# ਇਕ ਫੈਸਲਾ 28 ਮਾਰਚ 2005 ਨੂੰ - ਇਕ ਫੈਸਲਾ 28 ਅਗਸਤ 2017 ਨੂੰ




ਅਦਾਲਤਾਂ ਵੀ ਉਹੋ ਹੁੰਦੀਆਂ ਨੇ, ਫੈਸਲੇ ਵੀ ਉਹਨਾਂ ਜੱਜਾਂ ਨੇ ਹੀ ਸੁਨਾਉਣੇ ਹੁੰਦੇ ਨੇ ਪਰ ਫ਼ੈਸਲੇ ਸੁਣਨ ਵਾਲੇ ਸਾਰੇ ਉਹੀ ਨਹੀਂ ਹੁੰਦੇ। ਫ਼ੈਸਲੇ ਸੁਣਨ ਵਾਲਿਆਂ ਵਿੱਚ ਕਿਤੇ ਨੌਜਵਾਨ ਬੱਚੀਆਂ ਨਾਲ ਬਲਾਤਕਾਰ ਜਿਹੇ ਜੁਰਮ ਕਰਨ ਵਾਲੇ ਹੁੰਦੇ ਨੇ ਤੇ ਕਿਤੇ ਅਜਿਹੇ ਜੁਰਮਾਂ ਖ਼ਿਲਾਫ਼ ਲੜਨ ਵਾਲੇ ਹੁੰਦੇ ਨੇ। ਰੋਜ ਮਰ੍ਹਾ ਇਹ ਵਰਤਾਰਾ ਇਉਂ ਹੀ ਚਲਦਾ ਰਹਿੰਦੈ। ਪਰ ਹਰ ਕੇਸ ਦੀ ਵੀ ਫੈਸਲੇ ਦੀ ਆਪੋ-ਆਪਣੀ ਥਾਂ ਮਹੱਤਤਾ ਹੁੰਦੀ ਐ।

ਅੱਜ ਸਵੇਰ ਦਫਤਰ ਨਾਲ ਸਬੰਧਤ ਇੱਕ ਕੋਰਟ ਕੇਸ ਵਿੱਚ ਜਿਲ੍ਹਾ ਕਚਿਹਰੀ 'ਚ ਗਿਆ। ਕਚਿਹਰੀ ਜਾਈਏ ਤੇ ਵਕੀਲ ਸਾਥੀ ਜਗਜੀਤ ਢਿੱਲੋਂ ਨਾਲ ਗੱਲਬਾਤ ਨਾਂ ਹੋਵੇਂ ਅਧੂਰਾਪਣ ਜਿਹਾ ਮਹਿਸੂਸ ਹੁੰਦਾ ਰਹਿੰਦੈ। ਸਾਨੂੰ ਥੋੜਾ ਸਮਾਂ ਮਿਲਦੈ ਪਰ ਥੋੜੇ ਸਮੇਂ 'ਚ ਗੱਲਾਂ ਢੇਰ ਸਾਰੀਆਂ ਕਰ ਲਈ ਦੀਆਂ ਐ। ਅੱਜ ਭਖਵਾਂ ਵਿਸ਼ਾ ਸੀ ਕਿ ਗੁਰਮੀਤ ਰਾਮ ਰਹੀਮ ਵਾਲਾ ਮਾਜਰਾ। 25 ਅਗਸਤ ਨੂੰ ਗੁਰਮੀਤ ਰਾਮ ਰਹੀਮ ਨੂੰ ਦੋਸ਼ੀ ਕਰਾਰ ਦੇਣ ਤੋਂ ਬਾਅਦ ਸਮੁੱਚੇ ਹਰਿਆਣਾ ਖਾਸ ਕਰ ਪੰਚਕੂਲਾ ਵਿਖੇ ਸ਼ਾਤੀ ਦੇ ਪੁਜਾਰੀਆਂ ਵੱਲੋਂ ਜੋ ਨੰਗਾ ਤਾਂਡਵ ਨਾਚ ਨੱਚਿਆ ਗਿਆ, ਉਸ ਦਾ ਜ਼ਿਕਰ ਕਰਦਿਆਂ ਜਗਜੀਤ ਢਿੱਲੋਂ ਜੀ ਦੇ ਇਹ ਕਹਿਣ ਕਿ "ਜੱਜ ਇਹ ਸਾਰੀ ਵਾਰਦਾਤ ਫੈਸਲੇ ਵਿੱਚ ਦਰਜ ਕਰੇਗਾ" ਨੇ ਨਾਲ ਦੀ ਨਾਲ ਹੀ ਚੇਤੇ ਕਰਵਾ ਦਿੱਤਾ 28 ਮਾਰਚ 2005 ਦਾ ਦਿਨ ਜਿਸ ਦਿਨ ਬਰਨਾਲਾ ਦੀ ਸ਼ੈਸ਼ਨ ਕੋਰਟ ਨੇ ਵੱਡਾ ਮਾਅਰਕਾ ਮਾਰਦਿਆਂ ਕਿਰਨਜੀਤ ਮਹਿਲਕਲਾਂ ਲੋਕ ਸੰਘਰਸ਼ ਦੀ ਅਗਵਾਈ ਕਰਨ ਵਾਲੇ ਤਿੰਨੇ ਲੋਕ ਆਗੂਆਂ ਮੇਰੇ ਸਮੇਤ ਮਨਜੀਤ ਧਨੇਰ ਅਤੇ ਪ੍ਰੇਮ ਕੁਮਾਰ ਨੂੰ ਗੰਦੇ ਕੀੜੇ ਦਲੀਪੇ ਦੇ ਕਤਲ ਕੇਸ 'ਚ ਉਮਰ ਕੈਦ ਦੀ ਸਜਾ ਸੁਣਾ ਦਿੱਤੀ ਸੀ। ਉਸ ਫੈਸਲੇ ਵਿੱਚ ਜੱਜ ਨੇ ਆਪਣੇ ਹੁਕਮ ਵਿੱਚ 'ਜਮਾਤੀ ਜੰਗ' (class struggle) ਵਾਲੀ ਗੱਲ ਦਰਜ ਕੀਤੀ ਸੀ। ਉਸ ਦਾ ਕਹਿਣਾ ਸੀ ਕਿ ਕਿਉਂਕਿ 'ਤੁਸੀਂ ਜੱਜ ਦੇ ਫੈਸਲਾ ਸੁਨਾਉਣ ਤੋਂ ਬਾਅਦ ਨਾਹਰੇ ਲਗਾਏ ਸੀ, ਇਸ ਦਾ ਅਰਥ ਹੈ ਕਿ ਤੁਸੀਂ ਰਾਜਸੱਤਾ ਦੇ ਖ਼ਿਲਾਫ਼ ਇਕ ਜੰਗ ਛੇੜੀ ਹੋਈ ਹੈ'। ਥੋੜੇ ਸਮੇਂ ਦੀ ਚਰਚਾ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪੁੱਜੇ ਕਿ ਸਾਨੂੰ ਆਪਣੇ ਕੀਤੇ 'ਤੇ ਕੋਈ ਪਛਤਾਵਾ ਨਹੀਂ ਸੀ। ਅਸੀਂ ਜੱਜ ਵੱਲੋਂ ਫੈਸਲਾ ਸੁਣਾਏ ਜਾਣ ਤੋਂ ਬਾਅਦ ਵੀ ਲੋਕ ਸੰਘਰਸ਼ ਜਾਰੀ ਰੱਖਣ ਦਾ ਹਿੱਕ ਠੋਕਵਾਂ ਐਲਾਨ ਕੀਤਾ ਸੀ ਜੋ ਅੱਜ ਤੱਕ ਹੋਰ ਵੱਧ ਵੇਗ ਨਾਲ ਅੱਗੇ ਵਧ ਰਿਹਾ ਹੈ। ਸਾਡਾ ਫੈਸਲੇ ਵਿੱਚ ਜਮਾਤੀ ਜੰਗ ਵਾਲੀ ਇਹ ਗੱਲ ਦਰਜ ਕਰਵਾਉਣਾ ਪ੍ਰਾਪਤੀ ਸੀ। ਅਸੀਂ ਗਰਮੀਤ ਰਾਮ ਰਹੀਮ ਵਾਂਗ ਅਦਾਲਤ ਵਿੱਚ ਗਿੜਗਿੜਾਏ ਤਾਂ ਨਹੀਂ ਨਰਮੀ ਵਰਤਣ ਦੀਆਂ ਲੇਲੜੀਆਂ ਤਾਂ ਨਹੀਂ ਕੱਢੀਆਂ। ਸਾਬਕਾ ਸਰਪੰਚ ਸੁਖਪੁਰਾ ਬਾਈ ਮੰਗੇ ਹੋਰੀਂ ਇਸ ਥੋੜੇ ਸਮੇਂ ਦੀ ਚਰਚਾ ਬਹੁਤ ਉਤਸੁਕਤਾ ਨਾਲ ਸੁਣ ਰਹੇ ਸਨ। ਇਹ ਹੁੰਦਾ ਐ ਫੈਸਲੇ ਫੈਸਲੇ 'ਚ ਫਰਕ।

## ਸਹਾਇਤਾ ਰਾਸ਼ੀ

ਕੈਨੇਡਾ ਦੀ ਫੇਰੀ ਦੌਰਾਨ ਰਾਣਾ ਅਯੂਬ ਲੇਖਿਕਾ 'ਗੁਜਰਾਤ ਫਾਈਲ' ਅਨਾਟਮੀ ਆਫ਼ ਕਵਰ ਅੱਪ ਟੋਰਾਂਟੋ ਨਿਵਾਸੀਆਂ ਨੂੰ ਵੀ ਉਸਦੇ ਵਿਚਾਰ ਸੁਣਨ ਦਾ ਮੌਕਾ ਪ੍ਰਾਪਤ ਹੋਇਆ ਜਿਸ ਵਿਚ ਉਸ ਨੇ 1984 ਸਿੱਖਾਂ ਦਾ, 2002 ਵਿਚ ਗੁਜਰਾਤ ਕਤਲੇਆਮ ਅਤੇ ਆਦੀ ਵਾਸੀਆਂ ਦੇ ਦੋਹਰੇ ਕਤਲ ਅਤੇ ਤਸ਼ੱਦਦ ਦੀ ਵਿਸਥਾਰ ਨਾਲ ਵਿਆਖਿਆ ਕੀਤੀ। ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਜਿਨ੍ਹਾਂ ਨੇ ਆਰਥਿਕ ਮਦਦ ਕੀਤੀ ਅਦਾਰਾ 'ਸਰੋਕਾਰਾਂ ਦੀ ਆਵਾਜ਼' ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ।

| | |
|---|---|
| 1. Vipendeep Marook (Marook Law Office) | $250.00 |
| 2. Jaspal Grewal & Baljinder Lailna (Greater Toronto Mortgages) | $250.00 |
| 3. Inderjit Bal (Brampton crematorium visitation center ) | $250.00 |
| 4. Kuldip Chahal (Peet Insurance Service) | $200.00 |
| 5. Daljit Singh Gaidhu (Skydome Group Of Companies) | $100.00 |
| 6. Puran Singh Pandhi | $100.00 |
| 7. Beldev Singh AULKH | $100.00 |
| 8. Darshan Singh Grewal | $100.00 |
| 9. Master Balbir Gill | $100.00 |
| 10. Sukhdev Sidhwan | $100.00 |
| 11. Surinder Gill | $100.00 |
| 12. Resham Singh Dosanjh | $50.00 |
| 13. Sherdaljit Singh Dhillion | $50.00 |
| 14. Mehar Singh Thandhi | $50.00 |
| 15. Jarnail Singh Acharwal | $50.00 |

# ਜੈਨਸਿਸ ਪਾਰਕ 'ਚ ਬਣਨ ਵਾਲੇ ਘਰਾਂ ਦਾ ਲੋਕਾਂ ਵਲੋਂ ਵਿਰੋਧ ਜਾਰੀ

## ਜੈਨਸਿਸ ਪਾਰਕ ਬਚਾਓ ਕਮੇਟੀ ਵਲੋਂ ਸਿਟੀ ਅਧਿਕਾਰੀਆਂ 'ਤੇ ਅਣਗਹਿਲੀ ਦਾ ਦੋਸ਼



ਕੈਲਗਰੀ : ਜੈਨਸਿਸ ਸੈਂਟਰ ਦੇ ਨਾਲ਼ ਲੱਗਦੇ ਹਰੇ-ਭਰੇ ਪਾਰਕ ਉਪਰ ਬਣਨ ਵਾਲ਼ੇ ਘਰਾਂ ਦੀ ਤਜਵੀਜ਼ ਦਾ ਸਥਾਨਿਕ ਲੋਕਾਂ ਵਲੋਂ ਲਗਾਤਾਰ ਵਿਰੋਧ ਜਾਰੀ ਹੈ। ਕੈਲਗਰੀ ਸਿਟੀ ਕੌਂਸਿਲ ਵਲੋਂ 15 ਅਤੇ 17 ਅਗਸਤ ਨੂੰ ਜੈਨਸਿਸ ਸੈਂਟਰ ਵਿੱਚ ਓਪਨ ਹਾਊਸ ਰੱਖਕੇ ਇਸ ਬਾਰੇ ਸਥਾਨਿਕ ਲੋਕਾਂ ਦੇ ਵਿਚਾਰ ਪੁੱਛੇ। ਜੈਨਸਿਸ ਪਾਰਕ ਬਚਾਓ ਕਮੇਟੀ ਦੇ ਸੱਦੇ ਤੇ ਇਸ ਸੈਸ਼ਨ ਵਿੱਚ ਲੋਕ ਵੱਡੀ ਗਿਣਤੀ ਵਿੱਚ ਪੁੱਜੇ ਅਤੇ ਲਿਖਤੀ ਰੂਪ ਵਿੱਚ ਘਰ ਬਣਾਉਣ ਦੀ ਤਜਵੀਜ਼ ਦਾ ਵਿਰੋਧ ਕੀਤਾ। 15 ਅਗਸਤ ਦਾ ਸੈਸ਼ਨ ਸ਼ਾਮ ਨੂੰ ਹੋਣ ਕਰਕੇ ਇਸ ਵਿੱਚ ਲੋਕ ਵੱਡੀ ਗਿਣਤੀ ਵਿੱਚ ਪੁੱਜੇ। ਹਾਲ ਦੇ ਬਾਹਰ ਸਿਟੀ ਵਲੋਂ ਇੱਕ ਸੁਝਾਅ ਬਕਸਾ ਰੱਖਿਆ ਗਿਆ ਸੀ ਜਿਸ ਵਿੱਚ ਲੋਕਾਂ ਨੇ ਇਹਨਾਂ ਘਰਾਂ ਬਾਰੇ ਆਪਣੇ ਲਿਖਤੀ ਵਿਚਾਰ ਰੱਖੇ। ਇਸ ਤੋਂ ਬਾਅਦ ਮਲਟੀਪਰਪਜ਼ ਹਾਲ ਅੰਦਰ ਲੋਕਾਂ ਨੂੰ ਜਾਣਕਾਰੀ ਮੁੱਹਈਆ ਕਰਵਾਈ ਗਈ। ਇਸ ਸਾਰੀ ਪ੍ਰਕਿਰਿਆ ਦਾ ਜੈਨਸਿਸ ਪਾਰਕ ਬਚਾਓ ਕਮੇਟੀ ਵਲੋਂ ਵਿਰੋਧ ਕੀਤਾ ਗਿਆ। ਕਮੇਟੀ ਵਲੋਂ ਸਰਬਦੀਪ (ਪਰੀਤ) ਬੈਦਵਾਨ ਅਤੇ ਗੁਰਮੀਤ ਭਾਟੀਆ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਸਿਟੀ ਕੌਂਸਿਲ ਵਲੋਂ ਲੋਕਾਂ ਦੀ ਹਾਜ਼ਰੀ ਦੇਖਣ ਲਈ ਕੋਈ ਵੀ ਰਜਿਸਟਰ ਨਹੀਂ ਲਗਾਇਆ ਗਿਆ, ਸਿੱਟੇ ਵਜੋਂ ਸਿਟੀ ਕੌਂਸਿਲ ਕੋਲ਼ ਹਾਜ਼ਰ ਲੋਕਾਂ ਦਾ ਕੋਈ ਰਿਕਾਰਡ ਨਹੀਂ ਸੀ। ਕਮੇਟੀ ਨੇ ਇਹ ਵੀ ਦੱਸਿਆ ਕਿ ਜਿਹੜੇ ਫਾਰਮਾਂ ਉਪਰ ਲੋਕਾਂ ਦੀ ਰਾਏ ਲਈ ਗਈ ਉਸ ਵਿੱਚ ਵੀ ਕਈ ਖਾਮੀਆਂ ਨਜ਼ਰ ਆਈਆਂ। ਇਹਨਾਂ ਫਾਰਮਾਂ ਵਿੱਚ ਲੋਕਾਂ ਤੋਂ ਪੁੱਛੇ ਗਏ ਸਵਾਲਾਂ ਨੂੰ ਸਹੀ ਵਰਗਾਂ ਵਿੱਚ ਨਹੀਂ ਵੰਡਿਆ ਗਿਆ ਸੀ ਜਿਸ ਕਰਕੇ ਲੋਕ ਰਾਏ ਬਾਰੇ ਸਹੀ ਵੇਰਵੇ ਇੱਕਤਰ ਨਹੀਂ ਹੋ ਸਕੇ। ਦਿਲਸਚਪ ਗੱਲ ਇਹ ਵੀ ਰਹੀ ਕਿ ਇਹਨਾਂ ਫਾਰਮਾਂ ਵਿੱਚ ਲੋਕਾਂ ਦੇ ਰਿਹਾਇਸ਼ੀ ਪਤੇ ਅਤੇ ਫੋਨ ਨੰਬਰ ਦਾ ਕੋਈ ਵੀ ਕਾਲਮ ਨਹੀਂ ਸੀ।

ਸਿਟੀ ਕੌਂਸਿਲ ਨੇ ਇਹਨਾਂ ਸੈਸ਼ਨਾਂ ਵਿੱਚ ਲੋਕਾਂ ਦੀ ਰਾਏ ਲੈਣ ਦੀ ਬਜਾਏ ਘਰਾਂ ਦੀ ਜਾਣਕਾਰੀ ਦੇਣ ਉਪਰ ਜਿਆਦਾ ਜ਼ੋਰ ਲਾਇਆ ਤੇ ਹਾਲ ਵਿੱਚ ਘਰਾਂ ਦੀ ਜਾਣਕਾਰੀ ਬਾਰੇ ਬੈਨਰ ਜ਼ਿਆਦਾ ਨਜ਼ਰ ਆਏ। ਜੈਨਸਿਸ ਪਾਰਕ ਕਮੇਟੀ ਨੇ ਇਹ ਵੀ ਦੋਸ਼ ਲਾਇਆ ਕਿ ਦੋਨਾਂ ਸੈਸ਼ਨਾਂ ਵਿੱਚ ਸਿਟੀ ਕੌਂਸਿਲ ਦੇ ਅਧਿਕਾਰੀ ਹੀ ਹਾਜ਼ਰ ਰਹੇ ਜਦ ਕਿ ਲੋਕਾਂ ਵਲੋ 'ਚੁਣੇ ਹੋਏ ਨੁਮਾਇੰਦੇ ਨਜ਼ਰ ਨਹੀਂ ਆਏ। ਪਹਿਲਾ ਸੈਸ਼ਨ ਸ਼ਾਮ ਨੂੰ ਹੋਣ ਕਰਕੇ ਲੋਕ ਵੱਡੀ ਗਿਣਤੀ ਵਿੱਚ ਪੁੱਜੇ ਜਦਕਿ 17 ਅਗਸਤ ਨੂੰ ਦੁਪਹਿਰ ਤੋਂ ਪਹਿਲਾਂ ਰੱਖੇ ਗਏ ਦੂਜੇ ਸੈਸ਼ਨ ਵਿੱਚ ਹਾਜ਼ਰੀਨਾਂ-ਮਾਤਰ ਰਹੀ। ਦੂਜੇ ਸੈਸ਼ਨ ਦਾ ਸਮਾਂ ਢੁੱਕਵਾਂ ਨਾ ਹੋਣ ਕਾਰਨ ਇਹ ਸਥਿਤੀ ਪੈਦਾ ਹੋਈ। ਪਰੀਤ ਬੈਦਵਾਨ ਨੇ ਦੱਸਿਆ ਕਿ ਇਹ ਜਗ੍ਹਾ ਸਪੈਸ਼ਲ ਰੀਕਰੇਸ਼ਨ ਜ਼ੋਨ ਅਧੀਨ ਆਉਂਦੀ ਜਿਸ ਕਰਕੇ ਇਸਨੂੰ ਸਿਰਫ ਖੇਡਣ ਅਤੇ ਵਰਜਿਸ਼ ਦੀਆਂ ਗਤੀਵਿਧੀਆਂ ਲਈ ਹੀ ਵਰਤਿਆ ਜਾ ਸਕਦਾ ਹੈ ਪਰ ਸਿਟੀ ਕੌਂਸਿਲ ਇਸ ਜਗ੍ਹਾ ਤੇ ਘਰ ਬਣਾਕੇ ਇਸ ਇਲਾਕੇ ਦੇ ਅੱਸੀ ਹਜ਼ਾਰ ਲੋਕਾਂ ਦੀ ਸਿਹਤ ਨਾਲ਼ ਖਿਲਵਾੜ ਕਰ ਰਹੀ ਹੈ। ਉਹਨਾਂ ਦੱਸਿਆ ਕਿ ਇਹਨਾਂ ਘਰਾਂ ਦੀ ਉਸਾਰੀ ਨੂੰ ਰੁਕਵਾਉਣ ਲਈ ਜੈਨਸਿਸ ਪਾਰਕ ਕਮੇਟੀ ਪੂਰੀ ਵਾਹ ਲਾਏਗੀ। ਗੁਰਮੀਤ ਭਾਟੀਆ ਨੇ ਸੈਸ਼ਨ ਵਿੱਚ ਸਾਰੇ ਲੋਕਾਂ ਦਾ ਧੰਨਵਾਦ ਕੀਤਾ।



**ਰਣਬੀਰ**

# ਕੈਨੇਡਾ ਵਿੱਚ ਵੀ ਮਜ਼ਦੂਰ ਸੁਰੱਖਿਅਤ ਨਹੀਂ



ਮਜ਼ਦੂਰ ਦੁਨੀਆਂ ਵਿੱਚ ਕਿਤੇ ਵੀ ਸੁਰੱਖਿਅਤ ਨਹੀਂ ਹਨ। ਕਿਤੇ ਇਹ ਅਸੁਰੱਖਿਆ ਮੁਕਾਬਲਤਨ ਘੱਟ ਹੈ ਅਤੇ ਕਤੇ ਵੱਧ। ਪਰ ਮਜ਼ਦੂਰਾਂ ਨੂੰ ਸੰਸਾਰ ਦੇ ਕੋਨੇ-ਕੋਨੇ ਵਿੱਚ ਕੰਮ ਦੀਆਂ ਬੁਰੀਆਂ ਹਾਲਤਾਂ ਦਾ ਸਾਹਮਣਾ ਕਰਨਾ ਪੈ ਰਹਾ ਹੈ। ਆਮ ਭਾਰਤੀਆਂ, ਖਾਸਕਰ ਪੰਜਾਬੀਆਂ ਦੇ ਸੁਪਨਿਆਂ ਦੇ ਦੇਸ਼ ਕੈਨੇਡਾ ਵਿੱਚ ਵੀ ਇਹੋ ਹਾਲ ਹੈ।

ਮਜ਼ਦੂਰਾਂ ਲਈ ਮੁਆਵਜੇ ਸਬੰਧੀ ਕੈਨੇਡਾ ਦੀ ਸਰਕਾਰੀ ਸੰਸਥਾ 'ਐਸੋਸੀਏਸ਼ਨ ਆਫ਼ ਵਰਕਰਜ਼ ਕੰਪਨਸੇਸ਼ਨ ਬੋਰਡਜ਼ ਆਫ਼ ਕਨਾਡਾ' ਦੇ ਅੰਕੜਿਆਂ ਮੁਤਾਬਿਕ ਸੰਨ 2015 ਵਿੱਚ ਕੰਮ ਦੀਆਂ ਥਾਵਾਂ 'ਤੇ ਹੋਏ ਹਾਦਸਿਆਂ ਵਿੱਚ 852 ਮਜ਼ਦੂਰਾਂ ਨੂੰ ਜਾਨ ਗਵਾਉਣੀ ਪਈ ਸੀ। ਇਹ ਅੰਕੜੇ ਤਾਂ ਸਿਰਫ਼ ਉਹਨਾਂ ਹਾਦਸਿਆਂ ਸਬੰਧੀ ਹਨ ਜਿਹਨਾਂ ਦੀ ਜਾਣਕਾਰੀ ਇਸ ਸਰਕਾਰੀ ਸੰਸਥਾ ਕੋਲ਼ ਪਹੁੰਚੀ ਹੈ ਤੇ ਇਹਨਾਂ 'ਚੋਂ ਵੀ ਉਹਨਾਂ ਹਾਦਸਿਆਂ ਸਬੰਧੀ ਇਹ ਅੰਕੜੇ ਹਨ, ਜਿਹਨਾਂ ਨੂੰ ਇਸ ਸਰਕਾਰੀ ਸੰਸਥਾਂ ਨੇ ਕੰਮ ਦੌਰਾਨ ਹਾਦਸਾ ਮੰਨਿਆ ਹੈ। ਅਸਲ ਵਿੱਚ ਇਸ ਤੋਂ ਕਿਤੇ ਵਧੇਰੇ ਮਜ਼ਦੂਰ ਕੰਮ ਦੌਰਾਨ ਮੌਤ ਦਾ ਸ਼ਿਕਾਰ ਹੋਏ ਹਨ। ਇਸ ਤੋਂ ਬਾਅਦ ਦੇ ਸਮੁੱਚੇ ਅੰਕੜੇ ਉਪਲਬਧ ਨਹੀਂ ਹਨ ਪਰ ਕੰਮ ਥਾਵਾਂ 'ਤੇ ਹਾਦਸਿਆਂ ਦੌਰਾਨ ਮਜ਼ਦੂਰਾਂ ਦੇ ਮਾਰੇ ਜਾਣ ਦੀਆਂ ਖ਼ਬਰਾਂ ਨਿਯਮਿਤ ਆਉਂਦੀਆਂ ਰਹੀਆਂ ਹਨ। ਕੁੱਝ ਦਿਨ ਪਹਿਲਾਂ ਹੀ 18 ਜੁਲਾਈ ਨੂੰ ਟੋਰੋਂਟੋ ਦੇ ਇੱਕ ਕਾਰਖ਼ਾਨੇ ਵਿੱਚ ਮਸ਼ੀਨ ਵਿੱਚ ਫਸ ਜਾਣ ਕਾਰਨ ਇੱਕ ਮਜ਼ਦੂਰ ਦੀ ਮੌਤ ਹੋ ਗਈ ਹੈ। ਸੰਨ 2015 ਵਿੱਚ ਕੈਨੇਡਾ ਵਿੱਚ ਕੰਮ ਨਾਲ਼ ਸਬੰਧੀ ਹਾਦਸਿਆਂ ਜਾਂ ਬਿਮਾਰੀਆਂ ਦੀਆਂ 2,32,629 ਘਟਨਾਵਾਂ ਹੋਈਆਂ ਹਨ, ਜਿਹਨਾਂ ਵਿੱਚ ਮਜ਼ਦੂਰਾਂ ਨੂੰ ਖਾਸਾ ਨੁਕਸਾਨ ਝੱਲਣਾ ਪਿਆ ਹੈ। ਜਿਵੇਂ ਕਿ ਮੌਤਾਂ ਦੇ ਸਬੰਧ ਵਿੱਚ ਜ਼ਿਕਰ ਕੀਤਾ ਜਾ ਚੁੱਕਾ ਹੈ, ਇਹ ਅੰਕੜੇ ਵੀ ਪੂਰੀ ਸੱਚਾਈ ਪੇਸ਼ ਨਹੀਂ ਕਰਦੇ। ਪਰ ਇਹਨਾਂ ਅੰਕੜਿਆਂ ਨੂੰ ਵੇਖ ਕੇ ਇਹ ਅੰਦਾਜ਼ਾ ਤਾਂ ਲਗਾਇਆ ਹੀ ਜਾ ਸਕਦਾ ਹੈ ਕਿ ਕੈਨੇਡਾ ਵਿੱਚ ਕੰਮ ਦੌਰਾਨ ਮਜ਼ਦੂਰਾਂ ਨੂੰ ਕਿਸ ਪੱਧਰ ਦੀ ਅਸੁਰੱਖਿਆ ਦਾ ਸਾਹਮਣਾ ਕਰਨਾ ਪੈਂਦਾ ਹੈ।

ਪੇਸ਼ਾਗਤ ਸਿਹਤ ਅਤੇ ਸੁਰੱਖਿਆ ਸਬੰਧੀ 'ਓ. ਐਚ. ਐਸ. ਕਨਾਡਾ' ਨਾਂ ਦੀ ਇੱਕ ਮੈਗਜ਼ੀਨ ਵਿੱਚ ਮਾਰਚ 2015 ਵਿੱਚ ਇੱਕ ਰਿਪੋਰਟ ਛਪੀ ਸੀ ਜਿਸ ਵਿੱਚ ਬੇਹੱਦ ਚਿੰਤਾਜਨਕ ਅੰਕੜੇ ਪੇਸ਼ ਕੀਤੇ ਗਏ ਸਨ। ਇਸ ਰਿਪੋਰਟ ਮੁਤਾਬਿਕ ਕੈਨੇਡਾ ਵਿੱਚ ਹਰ ਸਾਲ ਕੰਮ ਥਾਵਾਂ ਉੱਤੇ ਸਾਲਾਨਾ 40 ਹਜ਼ਾਰ ਮਜ਼ਦੂਰ ਤਿਲਕਣ ਕਾਰਨ ਸੱਟਾਂ ਦਾ ਸ਼ਿਕਾਰ ਹੁੰਦੇ ਹਨ। ਇਹਨਾਂ ਵਿੱਚੋਂ ਅਨੇਕਾਂ ਮੌਤ ਦੇ ਮੂੰਹ ਵਿੱਚ ਜਾ ਡਿੱਗਦੇ ਹਨ। ਇਹਨਾਂ ਹਾਦਸਿਆਂ ਕਾਰਨ ਮਜ਼ਦੂਰਾਂ ਨੂੰ ਸਰੀਰਕ ਅਤੇ ਆਰਥਿਕ ਨੁਕਸਾਨ ਝੱਲਣਾ ਪੈਂਦਾ ਹੈ। ਕੈਨੇਡਾ ਦੇ ਕਿਰਤ ਕਨੂੰਨਾਂ ਮੁਤਾਬਿਕ ਕੰਮ ਥਾਵਾਂ ਸੁਰੱਖਿਆ ਦੇ ਪ੍ਰਬੰਧ ਕਰਨੇ ਮਾਲਕਾਂ ਦੀ ਜ਼ਿੰਮੇਵਾਰੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਉਹਨਾਂ ਲਈ ਸਜ਼ਾਵਾਂ ਤੈਅ ਕੀਤੀਆਂ ਗਈਆਂ ਹਨ। ਪਰ ਜ਼ਿਆਦਾਤਰ ਮਾਮਲਿਆਂ ਵਿੱਚ ਅਨੇਕਾਂ ਚੋਰ-ਮੋਰੀਆਂ ਰਾਹੀਂ ਮਾਲਕ ਬਚ ਨਿਕਲ਼ਦੇ ਹਨ।

ਉਪਰੋਕਤ ਮੈਗਜ਼ੀਨ ਦਾ ਕਹਿਣਾ ਹੈ ਕਿ ਮਜ਼ਦੂਰ ਤਿਲਕਣ ਕਾਰਨ ਹਾਦਸਿਆਂ ਦਾ ਸ਼ਿਕਾਰ ਇਸ ਕਰਕੇ ਨਹੀਂ ਹੁੰਦੇ ਕਿ ਉਹ ਲਾਹਪ੍ਰਵਾਹ ਹਨ ਸਗੋਂ ਇਸ ਲਈ ਹੁੰਦੇ ਹਨ ਕਿਉਂਕਿ ਕੰਮ ਥਾਵਾਂ 'ਤੇ ਸੁਰੱਖਿਆ ਦੇ ਢੁਕਵੇਂ ਪ੍ਰਬੰਧ ਨਹੀਂ ਹਨ। ਜੇਕਰ ਫਰਸ਼, ਪੌੜੀਆਂ, ਪੈਦਲ-ਰਾਹ, ਟਰੱਕਾਂ-ਕਾਰਾਂ ਆਦਿ ਗੱਡੀਆਂ ਲਈ ਰਾਹ, ਆਦਿ ਠੀਕ ਤਰ੍ਹਾਂ ਬਣਾਏ ਜਾਣ, ਸਮੇਂ ਸਿਰ ਨਿਯਮਿਤ ਮੁਰੰਮਤ ਦਾ ਕੰਮ ਹੋਵੇ, ਹਾਦਸਿਆਂ ਦੇ ਕਾਰਨਾਂ ਬਾਰੇ ਅਤੇ ਇਹਨਾਂ ਨੂੰ ਦੂਰ ਕਰਨ ਬਾਰੇ ਗੰਭੀਰਤਾ ਨਾਲ ਸੋਚਿਆ ਵਿਚਾਰਿਆ ਜਾਵੇ ਅਤੇ ਢੁਕਵੇਂ ਕਦਮ ਪੁੱਟੇ ਜਾਣ ਤਾਂ ਹਾਦਸਿਆਂ ਤੋਂ ਬਚਿਆ ਜਾ ਸਕਦਾ ਹੈ। ਮਜ਼ਦੂਰ ਤਾਂ ਹਾਦਸਿਆਂ ਤੋਂ ਬਚਣ ਦੀ ਪੂਰੀ ਕੋਸ਼ਿਸ਼ ਕਰਦੇ ਹਨ ਪਰ ਸਰਮਾਏਦਾਰਾਂ ਵੱਲੋਂ ਸੁਰੱਖਿਆ ਦੇ ਪ੍ਰਬੰਧ ਨਹੀਂ ਕੀਤੇ ਜਾਂਦੇ।

ਕੈਨੇਡਾ ਵਿੱਚ ਮਜ਼ਦੂਰਾਂ ਦੀ ਅਸੁਰੱਖਿਆ ਦਾ ਘੇਰਾ ਹੋਰ ਵੀ ਵੱਡਾ ਹੈ। ਉਦਾਹਰਣ ਦੇ ਤੌਰ 'ਤੇ ਬਸ ਆਪਰੇਟਰਾਂ ਨੂੰ ਸਵਾਰੀਆਂ ਵੱਲੋਂ ਅਕਸਰ ਹਿੰਸਾ, ਉਹਨਾਂ ਉੱਤੇ ਥੁੱਕ-ਕੌਫੀ ਆਦਿ ਸੁੱਟੇ ਜਾਣ, ਗਾਲੀ-ਗਲੋਚ, ਆਦਿ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਉੱਤੇ ਹਥਿਆਰਾਂ ਨਾਲ਼ ਹਮਲੇ ਕਰ ਦਿੱਤੇ ਜਾਂਦੇ ਹਨ। ਵਿਨੀਪੈੱਗ ਵਿੱਚ, 14 ਫਰਵਰੀ 2015 ਨੂੰ, ਸ਼ਿਫਟ ਦੇ ਅੰਤ ਵਿੱਚ ਇਰਵਾਈਨ ਫਰੇਸਰ ਨਾਂ ਦੇ ਇੱਕ ਅਪਰੇਟਰ ਨੇ ਬਸ ਵਿੱਚ ਸੁੱਤੇ ਪਏ ਵਿਅਕਤੀ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਉੱਤੇ ਚਾਕੂ ਨਾਲ਼ ਹਮਲਾ ਕਰ ਦਿੱਤਾ ਗਿਆ। ਫਰੇਸਰ ਦੀ ਇਸ ਕਾਰਨ ਥੋੜ੍ਹੇ ਸਮੇਂ ਬਾਅਦ ਹੀ ਮੌਤ ਹੋ ਗਈ। ਬਸ ਆਪਰੇਟਰ ਅਜਿਹੇ ਹਾਦਸਿਆਂ ਕਾਰਨ ਡਰ ਦੀ ਹਾਲਤ ਵਿੱਚ ਹਨ। ਮਾਲਕਾਂ ਵੱਲੋਂ ਉਹਨਾਂ ਦੀ ਸੁਰੱਖਿਆ ਲਈ ਕੋਈ ਕਦਮ ਚੁੱਕੇ ਜਾ ਰਹੇ ਹੋਣਗੇ ਇਸਦਾ ਅਪਰੇਟਰਾਂ ਨੂੰ ਕੋਈ ਯਕੀਨ ਨਹੀਂ ਹੈ।

ਕੈਨੇਡਾ ਵਿੱਚ ਸਰਮਾਏਦਾਰ ਮਜ਼ਦੂਰਾਂ ਤੋਂ ਕਿਸ ਪ੍ਰਕਾਰ ਕੰਮ ਲੈਣਾ ਚਾਹੁੰਦੇ ਹਨ ਇਹ ਇੱਕ ਦਿਲ-ਕੰਬਾਊ ਘਟਨਾ ਤੋਂ ਸਮਝਿਆ ਜਾ ਸਕਦਾ ਹੈ। ਇੱਕ ਔਰਤ ਕਾਰ-ਡਰਾਈਵਰ ਨੂੰ ਜਣੇਪੇ ਲਈ ਹਸਪਤਾਲ ਵਿੱਚ ਦਾਖਲ ਹੋਣ ਤੋਂ ਐਨ ਪਹਿਲਾਂ ਸਵਾਰੀ ਨੂੰ ਉਸਦੀ ਮੰਜ਼ਿਲ ਤੱਕ ਪਹੁੰਚਾਉਣਾ ਪਿਆ ਸੀ। 'ਲਿਫ਼ਟ' ਨਾਂ ਦੀ ਰਾਈਡ-ਸ਼ੇਅਰ ਕੰਪਨੀ ਨੇ ਆਪਣੀ ਇਸ ਡਰਾਈਵਰ ਦੀ ਬਹਾਦਰੀ, ਕੰਮ ਭਾਵਨਾ ਦੀ ਪ੍ਰਸ਼ੰਸਾ ਦੇ ਪੁਲ਼ ਬੰਨ੍ਹਣ ਵਿੱਚ ਕੋਈ ਕਸਰ ਨਹੀਂ ਛੱਡੀ। ਪਰ ਇਹ ਕੋਈ ਬਹਾਦਰੀ ਜਾਂ ਕੰਮ-ਭਾਵਨਾ ਨਹੀਂ ਸੀ। ਇਹ ਉਸਦੀ ਮਜ਼ਬੂਰੀ ਸੀ, ਆਪਣੀ ਨੌਕਰੀ ਬਚਾਉਣ ਦੀ ਮਜ਼ਬੂਰੀ। ਆਪਣਾ ਗੁਜ਼ਾਰਾ ਚਲਾਉਣ ਦੀ ਮਜ਼ਬੂਰੀ,। ਆਪਣੇ ਆਉਣ ਵਾਲੇ ਬੱਚੇ ਦਾ ਢਿੱਡ ਭਰਨ ਦੀ ਮਜ਼ਬੂਰੀ। ਉਸਦੀ ਇਸ ਮਜ਼ਬੂਰੀ ਕਾਰਨ ਉਸਨੂੰ ਜਾਂ ਉਸਦੇ ਬੱਚੇ ਨੂੰ ਕੋਈ ਨੁਕਸਾਨ ਹੋ ਜਾਂਦਾ ਇਸਦੀ ਕੰਪਨੀ ਨੂੰ ਕੋਈ ਪਰਵਾਹ ਨਹੀਂ ਹੈ। ਉਸਨੂੰ ਤਾਂ ਬੱਸ ਕੰਮ-ਭਾਵਨਾ ਤੋਂ ਮਤਲਬ ਹੈ, ਭਾਵ ਮਜ਼ਦੂਰ ਕਿਵੇਂ ਵੀ, ਕੋਈ ਵੀ ਮੁਸੀਬਤ, ਤਕਲੀਫ ਝੱਲ ਕੇ, ਜ਼ਿੰਦਗੀ ਨੂੰ ਦਾਅ 'ਤੇ ਲਾ ਕੇ, ਸੱਟਾਂ ਖਾ ਕੇ, ਬਸ ਮੁਨਾਫ਼ਾ ਪੈਦਾ ਕਰਦੇ ਰਹਿਣ, ਬਸ ਮੁਨਾਫ਼ਾ ਪੈਦਾ ਕਰਦੇ ਰਹਿਣ।










# ਭਾਰਤੀ ਮੀਡੀਆ ਦਾ ਖੇਡਾਂ ਬਾਰੇ ਪੱਖ-ਪਾਤੀ ਵਰਤਾਰਾ

ਡਾ. ਸੁਖਦਰਸ਼ਨ ਸਿੰਘ ਚਹਿਲ
9779590575

ਦੁਨੀਆ ਦੇ ਬਹੁਤ ਸਾਰੇ ਮੁਲਕ ਅਜਿਹੇ ਹਨ, ਜਿੰਨ੍ਹਾਂ ਦਰਮਿਆਨ ਕਿਸੇ ਵੀ ਖੇਤਰ 'ਚ ਹੋਣ ਵਾਲੀ ਮੁਕਾਬਲੇਬਾਜ਼ੀ ਹਮੇਸ਼ਾਂ ਹੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ ਰਹਿੰਦੀ ਹੈ। ਅਜਿਹਾ ਹੀ ਭਾਰਤ ਅਤੇ ਪਾਕਿਸਤਾਨ ਦਰਮਿਆਨ ਵੱਖ-ਵੱਖ ਖੇਤਰਾਂ 'ਚ ਹੋਣ ਵਾਲੀ ਮੁਕਾਬਲੇਬਾਜ਼ੀ ਦੋਨਾਂ ਦੇਸ਼ਾਂ ਦੀ ਵੰਡ ਤੋਂ ਲੈ ਕੇ ਆਕਰਸ਼ਨ ਦਾ ਬਿੰਦੂ ਚੱਲੀ ਆ ਰਹੀ ਹੈ। ਇਸੇ ਸੰਦਰਭ 'ਚ ਭਾਰਤ-ਪਾਕਿ ਖੇਡ ਮੁਕਾਬਲੇ ਵੀ ਜੰਗ ਦੇ ਮੈਦਾਨ ਨਾਲੋਂ ਘੱਟ ਸਾਬਤ ਨਹੀਂ ਹੁੰਦੇ।ਹਾਲ ਹੀ ਵਿੱਚ ਇੰਨ੍ਹਾਂ ਦੋਨਾਂ ਮੁਲਕ ਦਰਮਿਆਨ ਹਾਕੀ ਅਤੇ ਕ੍ਰਿਕਟ ਦੇ ਮੈਚ ਖੇਡੇ ਗਏ, ਜਿੰਨ੍ਹਾਂ ਦਰਮਿਆਨ ਜੋ ਤੁਲ ਕ੍ਰਿਕਟ ਨੂੰ ਦਿੱਤਾ ਗਿਆ, ਉਨ੍ਹੀ ਤਵੱਜੋ ਹਾਕੀ ਵਾਲਿਆਂ ਨੂੰ ਨਹੀਂ ਦਿੱਤੀ ਗਈ। ਖਾਸ ਤੌਰ 'ਤੇ ਸਾਡੇ ਦੇਸ਼ ਦੇ ਸੰਚਾਰ ਸਾਧਨਾਂ ਵੱਲੋਂ ਕ੍ਰਿਕਟ ਮੈਚਾਂ ਨੂੰ ਜਿਸ ਤਰ੍ਹਾਂ ਪੇਸ਼ ਕੀਤਾ ਗਿਆ, ਉਸ ਤੋਂ ਜਾਪਿਆ ਕਿ ਦੋਨਾਂ ਦੇਸ਼ਾਂ ਵਿਚਕਾਰ ਜੰਗ ਲੱਗਣ ਵਾਲੀ ਹੈ।ਮੀਡੀਆ ਦੇ ਇਸ ਉਲਾਰ ਰਵਈਏ ਨੇ ਬਹੁਤ ਸਾਰੇ ਸੰਤੁਲਿਤ ਪਹੁੰਚ ਵਾਲੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਵੀ ਪਹੁੰਚਾਈ।

ਸ਼ੁਰੂਆਤ ਕਰਦੇ ਹਾਂ ਹਾਕੀ ਅਤੇ ਕ੍ਰਿਕਟ ਖੇਡ ਦੀ ਮੌਜੂਦਾ ਸਥਿਤੀ ਬਾਰੇ।ਉਲੰਪਿਕ ਖੇਡ ਦੁਨੀਆ 'ਚ ਹੋਣ ਵਾਲਾ ਸਭ ਤੋਂ ਵੱਡਾ ਅਤੇ ਵਕਾਰੀ ਖੇਡ ਸਮਾਗਮ ਹੈ। ਇਸ ਵਿੱਚ ਹਿੱਸਾ ਲੈਣਾ ਹਰੇਕ ਖਿਡਾਰੀ ਦੀ ਸਭ ਤੋਂ ਵੱਡੀ ਇੱਛਾ ਹੁੰਦੀ ਹੈ ਅਤੇ ਦੁਨੀਆ 'ਚ ਖੇਡਾਂ ਨਾਲ ਜੁੜੇ ਲੋਕਾਂ 'ਚੋਂ .001 ਪ੍ਰਤੀਸ਼ਤ ਲੋਕਾਂ ਨੂੰ ਹੀ ਉਲੰਪੀਅਨ ਕਹਾਉਣ ਦਾ ਮਾਣ ਮਿਲਦਾ ਹੈ। ਹਾਕੀ ਇੱਕ ਅਜਿਹੀ ਖੇਡ ਹੈ ਜੋ ਉਲੰਪਿਕ ਲਹਿਰ ਦੀਆਂ ਖੇਡਾਂ 'ਚ ਸ਼ਾਮਲ ਹੈ ਅਤੇ ਕਈ ਦਹਾਕਿਆਂ ਤੋਂ ਉਲੰਪਿਕ ਖੇਡਾਂ ਦਾ ਅਟੁੱਟ ਹਿੱਸਾ ਬਣੀ ਹੋਈ ਹੈ। ਦੂਸਰੀ ਗੱਲ ਇਸ ਖੇਡ ਨੂੰ ਖੇਡਣ ਵਾਲੇ ਮੁਲਕਾਂ ਦੀ ਗੱਲ ਕਰੀਏ ਤਾਂ ਹਾਕੀ 50 ਦੇ ਕਰੀਬ ਦੇਸ਼ਾਂ 'ਚ ਸਰਗਰਮੀ ਨਾਲ ਖੇਡੀ ਜਾ ਰਹੀ ਹੈ ਅਤੇ ਕੌਮਾਂਤਰੀ ਹਾਕੀ ਫੈਡਰੇਸ਼ਨ ਦੇ 135 ਦੇਸ਼ ਮੈਂਬਰ ਹਨ। ਇਸ ਖੇਡ ਦੇ ਉਲੰਪਿਕ, ਏਸ਼ੀਅਨ ਅਤੇ ਰਾਸ਼ਟਰਮੰਡਲ ਖੇਡਾਂ ਤੋਂ ਇਲਾਵਾ ਵਿਸ਼ਵ ਕੱਪ, ਵਿਸ਼ਵ ਲੀਗ, ਵਿਸ਼ਵ ਚੈਂਪੀਅਨਜ਼ ਟਰਾਫੀ, ਵੱਖ-ਵੱਖ ਮਹਾਂਦੀਪੀ ਕੱਪ ਅਤੇ ਚੈਂਪੀਅਨਸ਼ਿਪਸ ਅਤੇ ਆਲਮੀ ਪੱਧਰ ਦੀਆਂ ਲੀਗਜ਼ ਹੁੰਦੀਆਂ ਹਨ ਭਾਵ ਸਾਰਾ ਸਾਲ ਹਾਕੀ ਦੇ ਟੂਰਨਾਮੈਂਟ ਚੱਲਦੇ ਰਹਿੰਦੇ ਹਨ। ਹਾਕੀ 'ਚ ਜਿੱਥੋਂ ਤੱਕ ਭਾਰਤ ਦਾ ਸੁਆਲ ਹੈ। ਸਾਡੇ ਮੁਲਕ ਦੀ ਟੀਮ ਨੇ ਇੱਕ ਵਾਰ ਵਿਸ਼ਵ ਕੱਪ, 8 ਵਾਰ ਉਲੰਪਿਕ ਖੇਡਾਂ ਅਤੇ 3 ਵਾਰ ਏਸ਼ੀਅਨ ਚੈਂਪੀਅਨ ਬਣਨ ਦਾ ਮਾਣ ਪ੍ਰਾਪਤ ਕੀਤਾ ਹੈ। ਸਾਡੇ ਦੇਸ਼ ਦੇ ਲੱਗਭੱਗ ਸਾਰੇ ਹੀ ਰਾਜਾਂ 'ਚ ਇਹ ਖੇਡ ਖੇਡੀ ਜਾਂਦੀ ਹੈ। ਦੂਸਰੇ ਪਾਸੇ ਕ੍ਰਿਕਟ ਦੀ ਜੇਕਰ ਗੱਲ ਕਰੀਏ ਤਾਂ ਇਸ ਖੇਡ ਦੀ ਕੌਮਾਂਤਰੀ ਕ੍ਰਿਕਟ ਸੰਘ ਦੇ ਵੀ 105 ਮੈਂਬਰ ਹਨ ਪਰ ਸਰਗਰਮ ਮੈਂਬਰਾਂ ਦੀ ਗਿਣਤੀ ਸਿਰਫ 12 ਹੈ। ਇਹ ਖੇਡ ਲੱਗਭੱਗ 26 ਮੁਲਕਾਂ 'ਚ ਖੇਡੀ ਜਾਂਦੀ ਹੈ। ਪਰ ਟੈਸਟ ਕ੍ਰਿਕਟ ਖੇਡਣ ਦਾ ਦਰਜਾ ਸਿਰਫ 10 ਮੁਲਕਾਂ ਨੂੰ ਹੀ ਮਿਲਿਆ ਹੈ। ਇਸ ਖੇਡ ਦੇ ਕੌਮਾਂਤਰੀ ਟੂਰਨਾਮੈਂਟਾਂ 'ਚ ਵਿਸ਼ਵ ਕੱਪ, ਵਿਸ਼ਵ ਚੈਂਪੀਅਨਜ਼ ਟਰਾਫੀ ਤੇ ਏਸ਼ੀਆ ਕੱਪ ਸ਼ਾਮਲ ਹਨ। ਇਸ ਖੇਡ ਦੇ ਜਿਆਦਾਤਰ ਮੈਚ 12 ਦੇਸ਼ਾਂ ਦੀਆਂ ਟੀਮਾਂ ਦਰਮਿਆਨ ਲੜੀਆਂ ਦੇ ਰੂਪ 'ਚ ਖੇਡੇ ਜਾਂਦੇ ਹਨ।ਇਸ ਖੇਡ ਦੀਆਂ ਤਿੰਨ ਵੰਨਗੀਆਂ ਹਨ। ਇਸ ਦੇ ਨਾਲ ਟੀ-20 ਕ੍ਰਿਕਟ ਦੀਆਂ ਭਾਰਤ, ਵੈਸਟ ਇੰਡੀਜ਼ ਅਤੇ ਆਸਟਰੇਲੀਆ 'ਚ ਮੁੱਖ ਤੌਰ 'ਤੇ ਲੀਗਜ਼ ਖੇਡੀਆਂ ਜਾਂਦੀਆਂ ਹਨ। ਇਹ ਖੇਡ ਪੂਰੀ ਤਰ੍ਹਾਂ ਪੇਸ਼ੇਵਰ ਹੈ। ਹੁਣ ਗੱਲ ਕਰਦੇ ਹਾਂ ਹਾਕੀ ਅਤੇ ਕ੍ਰਿਕਟ ਦੀ ਭਾਰਤ 'ਚ ਸਥਿਤੀ ਬਾਰੇ। ਜਿੱਥੇ ਹਾਕੀ ਨੇ ਭਾਰਤ ਨੂੰ ਉਲੰਪਿਕ 'ਚ ਮਾਣ ਦਿਵਾਇਆ ਹੈ, ਉੱਥੇ ਕ੍ਰਿਕਟ ਵਾਲੇ ਇਸ ਮਾਮਲੇ 'ਚ ਜ਼ੀਰੋ ਹਨ। ਭਾਰਤ ਹਾਕੀ ਅਤੇ ਕ੍ਰਿਕਟ 'ਚ ਵਿਸ਼ਵ ਚੈਂਪੀਅਨ ਹੈ ਅਤੇ ਏਸ਼ੀਅਨ ਚੈਂਪੀਅਨ ਵੀ ਹੈ। ਜੇਕਰ ਪ੍ਰਾਪਤੀਆਂ ਦੀ ਗੱਲ ਕਰੀਏ ਤਾਂ ਹਾਕੀ ਵਾਲਿਆਂ ਦਾ ਹੱਥ ਉਪਰ ਹੈ। ਦੂਸਰੀ ਗੱਲ ਕਰਦੇ ਹਾਂ ਜੂਨ ਮਹੀਨੇ ਇੰਗਲੈਂਡ 'ਚ ਹੋਏ ਹਾਕੀ ਅਤੇ ਕ੍ਰਿਕਟ ਦੇ ਭਾਰਤ-ਪਾਕਿ ਮੈਚਾਂ ਦੀ। ਭਾਰਤੀ ਹਾਕੀ ਟੀਮ ਨੇ ਆਪਣੇ ਦੋਨੋਂ ਮੈਚ ਵੱਡੇ ਅੰਤਰ ਨਾਲ ਜਿੱਤੇ। ਸੰਨ 1982 ਦੀਆਂ ਏਸ਼ੀਅਨ ਖੇਡਾਂ ਦੌਰਾਨ ਭਾਰਤੀ ਟੀਮ ਪਾਕਿ ਤੋਂ 1-7 ਨਾਲ ਹਾਰੀ ਸੀ ਅਤੇ ਇਸ ਵੱਡੇ ਗੋਲ ਅੰਤਰ ਵਾਲੀ ਹਾਰ ਦਾ ਬਦਲਾ ਤਕਰੀਬਨ 35 ਸਾਲ ਬਾਅਦ ਭਾਰਤੀ ਹਾਕੀ ਟੀਮ ਨੇ ਇੰਗਲੈਂਡ 'ਚ ਹੋਏ ਵਿਸ਼ਵ ਹਾਕੀ ਲੀਗ ਸੈਮੀਫਾਈਨਲਜ਼ ਦੇ ਪੂਲ ਮੈਚ 'ਚ ਪਾਕਿ ਨੂੰ 7-1 ਨਾਲ ਹਰਾਕੇ ਲਿਆ ਅਤੇ ਫਿਰ ਦਰਜਾਬੰਦੀ ਮੈਚ 'ਚ ਵੀ ਭਾਰਤ ਨੇ ਪਾਕਿ ਨੂੰ 6-1 ਨਾਲ ਹਰਾਇਆ। ਪਰ ਕ੍ਰਿਕਟ ਵਾਲੇ ਪੂਲ ਮੈਚ ਤਾਂ ਸ਼ਾਨ ਨਾਲ ਜਿੱਤੇ ਅਤੇ ਫਾਈਨਲ ਮੁਕਾਬਲਾ ਬੁਰੀ ਤਰ੍ਹਾਂ ਹਾਰ ਗਏ। ਇਸ ਤਰ੍ਹਾਂ ਪਹਿਲੀ ਵਾਰ ਖੇਡ ਇਤਿਹਾਸ 'ਚ ਵਿਦੇਸ਼ੀ ਧਰਤੀ 'ਤੇ ਭਾਰਤ ਅਤੇ ਪਾਕਿ ਦਰਮਿਆਨ ਹਾਕੀ ਤੇ ਕ੍ਰਿਕਟ ਦੇ ਵੱਖ-ਵੱਖ ਖੇਡਾਂ ਦੇ ਟੂਰਨਾਮੈਂਟਾਂ 'ਚ ਸਮਾਂਤਰ ਦੋ-ਦੋ ਮੈਚ ਹੋਏ। ਜਿਨ੍ਹਾਂ 'ਚ ਹਾਕੀ ਵਾਲਿਆਂ ਨੇ ਤਿਰੰਗੇ ਦੀ ਸ਼ਾਨ ਵਧਾਈ। ਅਜਿਹੀ ਸਥਿਤੀ 'ਚ ਵੀ ਮੀਡੀਆ ਦੇ ਵੱਖ-ਵੱਖ ਸਾਧਨਾਂ ਨੇ ਹਾਕੀ ਵਾਲਿਆਂ ਦੀਆਂ ਜਿੱਤਾਂ ਨੂੰ ਬਰਾਬਰ ਦੀ ਤਵੱਜੋ ਦੇਣ ਦੀ ਬਜਾਏ ਕ੍ਰਿਕਟ ਦੀ ਹਾਰ ਨੂੰ ਵੀ ਵੱਧ-



ਚੜ੍ਹ ਕੇ ਕਵਰੇਜ ਦਿੱਤੀ। ਜਿਸ ਤੋਂ ਮੀਡੀਆ ਦੇ ਉਲਾਰੂ ਰਵਈਏ ਦਾ ਪ੍ਰਗਟਾਵਾ ਹੁੰਦਾ ਹੈ ਅਤੇ ਕੌਮੀਅਤ ਦੀ ਭਾਵਨਾ ਨੂੰ ਵੀ ਠੇਸ ਪਹੁੰਚਦੀ ਹੈ। ਜੋ ਵੀ ਵਿਅਕਤੀ ਕੌਮਾਂਤਰੀ ਮੰਚ ਤੋਂ ਦੇਸ਼ ਲਈ ਮਾਣ ਲੈ ਕੇ ਆਉਂਦਾ ਹੈ ਉਹ ਮੀਡੀਆ ਅਤੇ ਲੋਕਾਂ ਤੋਂ ਬਰਾਬਰ ਦੇ ਸਤਿਕਾਰ ਦੇ ਹੱਕਦਾਰ ਹਨ। ਪਰ ਹਾਕੀ ਵਾਲਿਆਂ ਨਾਲ ਹੋਈ ਵਿਤਕਰੇਬਾਜ਼ੀ ਸਾਡੇ ਮੀਡੀਆ ਦੇ ਪੱਖ-ਪਾਤੀ ਅਤੇ ਪੇਸ਼ੇਵਰ ਹੋਣ ਦਾ ਸਬੂਤ ਦਿੰਦੀ ਹੈ। ਇਸ ਪੱਖਪਾਤੀ ਰਵੱਈਏ ਦਾ ਸਭ ਤੋਂ ਵੱਡਾ ਕਾਰਨ ਪੈਸਾ ਹੀ ਹੈ। ਕ੍ਰਿਕਟ ਪੂਰੀ ਤਰ੍ਹਾਂ ਪੇਸ਼ੇਵਰ ਖੇਡ ਹੈ। ਇਸ ਖੇਡ ਦੇ ਸੰਚਾਲਕਾਂ ਨੇ ਇਸ ਨੂੰ ਬਹੁਤ ਹੀ ਪੇਸ਼ੇਵਰ ਅੰਦਾਜ 'ਚ ਸਮੇਂ ਦੇ ਹਾਣ ਦਾ ਬਣਾਕੇ ਰੱਖਿਆ ਹੈ। ਭਾਵ ਕ੍ਰਿਕਟ ਸੰਚਾਲਕਾਂ ਨੇ ਮੀਡੀਆ ਦੇ ਹਰੇਕ ਸਾਧਨ ਦੀ ਪੂਰੀ ਵਰਤੋਂ ਕੀਤੀ ਹੈ ਅਤੇ ਇਸ ਦੇ ਪ੍ਰਚਾਰ 'ਚ ਕਦੇ ਕਸਰ ਨਹੀਂ ਛੱਡੀ। ਜਿਸ ਕਾਰਨ ਇਹ ਖੇਡ ਸਾਡੇ ਦੇਸ਼ 'ਚ ਇੱਕ ਧਰਮ ਬਣ ਚੁੱਕੀ ਹੈ ਅਤੇ ਦੇਸ਼ ਦਾ ਹਰੇਕ ਨਾਗਰਿਕ ਇਸ ਬਾਰੇ ਥੋੜ੍ਹੀ-ਬਹੁਤੀ ਸੂਝ ਰੱਖਦਾ ਹੈ। ਜਿਸ ਕਾਰਨ ਕ੍ਰਿਕਟ ਸਾਡੇ ਦੇਸ਼ ਦੇ ਹਰੇਕ ਬਰਾਂਡ ਲਈ ਪ੍ਰਚਾਰ ਦਾ ਸਭ ਤੋਂ ਵੱਡਾ ਸਾਧਨ ਬਣ ਚੁੱਕੀ ਹੈ। ਹਾਕੀ ਵਾਲਿਆਂ ਨੇ ਪਿਛਲੇ ਕੁਝ ਸਾਲਾਂ ਤੋਂ ਹੀ ਇਸ ਪਾਸੇ ਧਿਆਨ ਦਿੱਤਾ ਹੈ। ਪਰ ਜਿਸ ਤਰ੍ਹਾਂ ਕ੍ਰਿਕਟ ਸੰਚਾਲਕ ਮੀਡੀਆ 'ਤੇ ਪੈਸਾ ਲਗਾ ਰਹੇ ਹਨ, ਉਨ੍ਹਾਂ ਹਾਕੀ ਵਾਲੇ ਨਹੀਂ ਕਰ ਰਹੇ। ਜਿਸ ਕਰਕੇ ਵੀ ਸਿਰਫ ਪੈਸੇ ਨਾਲ ਪੁਲਾਂਘ ਪੁੱਟਣ ਵਾਲਾ ਸਾਡੇ ਦੇਸ਼ ਦਾ ਮੀਡੀਆ ਕੌਮੀਅਤ ਅਤੇ ਦੇਸ਼ ਦੇ ਮਾਣ ਸਤਿਕਾਰ ਨੂੰ ਭੁੱਲ ਕੇ ਸਿਰਫ ਧਨ ਦੀ ਬਰਸਾਤ ਕਾਰਨ ਹੀ ਕ੍ਰਿਕਟ ਜਿੰਨ੍ਹੀ ਕਿਸੇ ਵੀ ਖੇਡ ਨੂੰ ਤਰਜੀਹ ਨਹੀਂ ਦੇ ਰਿਹਾ।

# ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 10ਵੀਂ ਵਾਰ ਮਾਕਾ ਟਰਾਫੀ ਜਿੱਤੀ

ਖੇਡਾਂ ਦੇ ਖੇਤਰ 'ਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਪਿਛਲੇ ਡੇਢ ਦਹਾਕੇ ਤੋਂ ਦੇਸ਼ ਦੀ ਅੱਵਲ ਨੰਬਰ ਯੂਨੀਵਰਸਿਟੀ ਬਣੀ ਹੋਈ ਹੈ ਜਿਸ ਸਦਕਾ ਇਹ ਯੂਨੀਵਰਸਿਟੀ ਖੇਡਾਂ ਦੇ ਖੇਤਰ 'ਚ ਦੇਸ਼ ਦੀ ਸਰਵੋਤਮ ਯੂਨੀਵਰਸਿਟੀ ਨੂੰ ਦਿੱਤੀ ਜਾਣ ਵਾਲੀ ਮੌਲਾਨਾ ਅਬੁਲ ਕਲਾਮ ਅਜ਼ਾਦ (ਮਾਕਾ) ਟਰਾਫੀ ਸੈਸ਼ਨ 2016-17 ਦੀ ਮਾਕਾ ਟਰਾਫੀ ਜਿੱਤ ਲਈ ਹੈ। ਯੂਨੀਵਰਸਿਟੀ ਦੇ ਨਵ ਨਿਯੁਕਤ ਉਪ ਕੁਲਪਤੀ ਬੀ.ਐਸ.ਘੁੰਮਣ ਨੇ ਇਸ ਪ੍ਰਾਪਤੀ ਲਈ ਖੇਡ ਵਿਭਾਗ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਹੈ। ਇਹ ਯੂਨੀਵਰਸਿਟੀ ਜਿੱਥੇ ਕੁੱਲ ਹਿੰਦ ਅੰਤਰਵਰਸਿਟੀ ਮੁਕਾਬਲਿਆਂ 'ਚ ਦੇਸ਼ ਦੀ ਅੱਵਲ ਨੰਬਰ ਵਰਸਿਟੀ ਬਣੀ ਹੋਈ ਹੈ, ਉੱਥੇ ਕੌਮੀ ਚੈਂਪੀਅਨਸ਼ਿਪਾਂ 'ਚ ਵੀ ਇਸ ਦੇ ਖਿਡਾਰੀ ਪੰਜਾਬ ਲਈ ਤਗਮੇ ਜਿੱਤ ਰਹੇ ਹਨ। ਕੌਮਾਂਤਰੀ ਪੱਧਰ 'ਤੇ ਵੀ ਇਸ ਵਰਸਿਟੀ ਦੇ ਖਿਡਾਰੀ ਦੇਸ਼ ਦੀ ਨੁਮਾਇੰਦਗੀ ਕਰਕੇ, ਤਗਮੇ ਜਿੱਤ ਰਹੇ ਹਨ। ਪਿਛਲੇ ਮਹੀਨੇ ਇਸ ਵਰਸਿਟੀ ਦੇ ਤੀਰਅੰਦਾਜ਼ ਅਮਨਜੀਤ ਸਿੰਘ ਮੱਲੜ੍ਹੀ ਨੇ ਵਿਸ਼ਵ ਚੈਂਪੀਅਨ ਬਣ ਕੇ ਨਵਾਂ ਇਤਿਹਾਸ ਸਿਰਜਿਆ ਹੈ।



ਪੰਜਾਬੀ ਯੂਨੀਵਰਸਿਟੀ ਦੀਆਂ ਖੇਡਾਂ ਦੇ ਖੇਤਰ 'ਚ ਸਥਿਰਤਾ ਨਾਲ ਆ ਰਹੀਆਂ ਪ੍ਰਾਪਤੀਆਂ ਪਿੱਛੇ ਵਰਸਿਟੀ ਵੱਲੋਂ ਖਿਡਾਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਅਤੇ ਯੋਜਨਾਬੰਦੀ ਛੁਪੀ ਹੋਈ ਹੈ। ਆਪਣੇ ਪੱਧਰ 'ਤੇ ਖੇਡ ਵਿੰਗ ਸਥਾਪਤ ਕਰਨ ਵਾਲੀ ਇਹ ਦੇਸ਼ ਦੀ ਇਕਲੌਤੀ ਯੂਨੀਵਰਸਿਟੀ ਹੈ। ਜੇਤੂ ਖਿਡਾਰੀਆਂ, ਸੰਚਾਲਕਾਂ ਤੇ ਕੋਚਾਂ ਨੂੰ ਚੰਗੇ ਨਕਦ ਪੁਰਸਕਾਰ ਦੇਣਾ ਵੀ ਇਸ ਵਰਸਿਟੀ ਦੇ ਹਿੱਸੇ ਆਇਆ ਹੈ। ਖਿਡਾਰੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਅਨੁਸਾਰ ਸਹੂਲਤਾਂ ਅਤੇ ਵਧੀਆ ਕੋਰਸਾਂ 'ਚ ਦਾਖਲੇ ਦਿੱਤੇ ਜਾਂਦੇ ਹਨ। ਇਸ ਦੇ ਨਾਲ ਹੀ ਪੰਜਾਬੀ ਯੂਨੀਵਰਸਿਟੀ ਵੱਲੋਂ ਆਪਣੇ ਕੋਚਾਂ ਅਤੇ ਕਾਲਜਾਂ ਦੇ ਖੇਡ ਸੰਚਾਲਕਾਂ ਵੱਲੋਂ ਚਲਾਈਆਂ ਜਾਣ ਵਾਲੀਆਂ ਖੇਡ ਸਰਗਰਮੀਆਂ ਦੇ ਨਾਲ ਹੀ ਸਪੋਰਟਸ ਅਥਾਰਿਟੀ ਆਫ ਇੰਡੀਆ, ਖੇਡ ਵਿਭਾਗ ਪੰਜਾਬ ਅਤੇ ਪੰਜਾਬ ਇੰਸਟੀਚਿਊਟ ਆਫ ਸਪੋਰਟਸ ਦੇ ਕੋਚਾਂ ਦੀਆਂ ਸੇਵਾਵਾਂ ਦਾ ਵੀ ਪੂਰਾ ਫਾਇਦਾ ਉਠਾਇਆ ਜਾ ਰਿਹਾ ਹੈ। ਕੌਮੀ ਪੱਧਰ ਦੇ ਟੂਰਨਾਮੈਂਟਾਂ ਦੀ ਮੇਜਬਾਨੀ ਕਰਨ ਅਤੇ ਜੇਤੂ ਖਿਡਾਰੀਆਂ ਦੇ ਸਵਾਗਤ ਕਰਨ ਦੇ ਜੋ ਮਿਆਰ ਪੰਜਾਬੀ ਵਰਸਿਟੀ ਨੇ ਸਥਾਪਤ ਕੀਤੇ ਹਨ, ਉਹ ਖੇਡਾਂ ਦੇ ਖੇਤਰ 'ਚ ਮਾਰਗਦਰਸ਼ਕ ਬਣਨਯੋਗ ਹਨ। ਇਸ ਵਾਰ ਪੰਜਾਬੀ ਵਰਸਿਟੀ ਦੇ ਖਿਡਾਰੀਆਂ ਨੇ ਕੌਮਾਂਤਰੀ ਪੱਧਰ 'ਤੇ 7 ਸੋਨ ਅਤੇ 2 ਚਾਂਦੀ ਦੇ ਤਗਮੇ ਜਿੱਤੇ। ਕੌਮੀ ਚੈਂਪੀਅਨਸ਼ਿਪਾਂ ਦੇ ਟੀਮ ਵਰਗ 'ਚ ਇਸ ਵਰਸਿਟੀ ਦੇ ਖਿਡਾਰੀਆਂ ਨੇ 28 ਸੋਨ, 20 ਚਾਂਦੀ ਅਤੇ 18 ਕਾਂਸੀ ਦੇ ਤਗਮੇ ਜਿੱਤੇ। ਰਾਸ਼ਟਰੀ ਚੈਂਪੀਅਨਸ਼ਿਪਾਂ ਦੇ ਵਿਆਕਤੀਗਤ ਮੁਕਾਬਲਿਆਂ 'ਚ 7 ਸੋਨ, 10 ਚਾਂਦੀ ਅਤੇ 15 ਕਾਂਸੀ ਦੇ ਤਗਮੇ ਜਿੱਤੇ।ਕੁੱਲ ਹਿੰਦ ਅੰਤਰ ਵਰਸਿਟੀ ਮੁਕਬਲਿਆਂ ਦੇ ਟੀਮ ਮੁਕਾਬਲਿਆਂ 'ਚ ਪੰਜਾਬੀ ਵਰਸਿਟੀ ਨੇ 38 ਸੋਨ, 34 ਚਾਂਦੀ ਅਤੇ 15 ਕਾਂਸੀ ਦੇ ਤਗਮੇ ਜਿੱਤੇ। ਇਨ੍ਹਾਂ ਮੁਕਾਬਲਿਆਂ ਦੇ ਵਿਆਕਤੀਗਤ ਵਰਗ 'ਚ 53 ਸੋਨ, 30 ਚਾਂਦੀ ਅਤੇ 49 ਕਾਂਸੀ ਦੇ ਤਗਮੇ ਜਿੱਤੇ। ਇਸ ਤੋਂ ਇਲਾਵਾ ਬਹੁਤ ਸਾਰੇ ਖਿਡਾਰੀਆਂ ਨੇ ਚੌਥਾ ਸਥਾਨ ਵੀ ਪ੍ਰਾਪਤ ਕੀਤਾ। ਇਸ ਤਰ੍ਹਾਂ ਪੰਜਾਬੀ ਯੂਨੀਵਰਟਿਸੀ ਨੇ ਮਾਕਾ ਟਰਾਫੀ ਲਈ ਦੇਸ਼ ਭਰ ਦੀਆਂ ਯੂਨੀਵਰਸਿਟੀਆਂ 'ਚੋਂ ਸਭ ਤੋਂ ਵਧੇਰੇ 89635 ਅੰਕਾਂ ਨਾਲ ਜਿੱਤੀ ਹੈ। ਪੰਜਾਬੀ ਯੂਨੀਵਰਸਿਟੀ ਦੀ ਖੇਡ ਨਿਰਦੇਸ਼ਕਾ ਡਾ. ਗੁਰਦੀਪ ਕੌਰ ਰੰਧਾਵਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਵਰਸਿਟੀ ਕੋਲ ਖੇਡ ਢਾਂਚੇ ਦੀ ਦੇਸ਼ ਦੀਆਂ ਹੋਰਨਾਂ ਵਰਸਿਟੀਆਂ ਦੇ ਮੁਕਾਬਲੇ ਕਾਫੀ ਘਾਟ ਹੈ ਪਰ ਉਨ੍ਹਾਂ ਦੀ ਯੋਜਨਾਬੰਦੀ ਅਤੇ ਹੋਰਨਾਂ ਵਿਭਾਗਾਂ ਤੋਂ ਸਹਿਯੋਗ ਲੈਣ ਦੀ ਪ੍ਰਕਿਰਿਆ ਨੇ ਇੱਕ ਵੱਡੀ ਟੀਮ ਵਾਲਾ ਕੰਮ ਕੀਤਾ ਹੈ। ਯੂਨੀਵਰਸਿਟੀ ਦੇ ਉੱਚ ਅਧਿਕਾਰੀਆਂ ਦੀ ਸਰਪ੍ਰਸਤੀ 'ਚ ਇਸ ਟੀਮ ਦੇ ਯਤਨਾਂ ਸਦਕਾ ਹੀ ਮਾਲਵੇ ਦੀ ਪ੍ਰਤੀਨਿਧਤਾ ਕਰਨ ਵਾਲੀ ਪੰਜਾਬੀ ਯੂਨੀਵਰਸਿਟੀ, ਪੰਜਾਬ ਦਾ ਮਾਣ ਬਣ ਚੁੱਕੀ ਹੈ।



# ਸੁਰਿੰਦਰ ਲਾਇਨਜ਼ ਹਾਕੀ ਟੂਰਨਾਮੈਂਟ 'ਚ ਯੂਨਾਈਟਿਡ ਬ੍ਰਦਰਜ਼ ਦੀ ਖਿਤਾਬੀ ਜਿੱਤ

## ਜੂਨੀਅਰ ਵਰਗ 'ਚ ਸੁਰਿੰਦਰ ਲਾਇਨਜ਼ ਕਲੱਬ ਦੀ ਝੰਡੀ



**ਸੁਖਵੀਰ ਗਰੇਵਾਲ**

ਸਰੀ: ਸੁਰਿੰਦਰ ਲਾਇਨਜ਼ ਹਾਕੀ ਕਲੱਬ ਵਲੋਂ10ਵਾਂ ਕੌਮਾਂਤਰੀ ਹਾਕੀ ਟੂਰਨਾਮੈਂਟ ਇਸ ਵਾਰ 25 ਅਗਸਤ ਤੋਂ ਲੈ ਕੇ 27 ਅਗਸਤ ਤੱਕ ਸਰੀ ਦੇ ਟਮੈਨਵਿਸ ਪਾਰਕ ਵਿੱਚ ਕਰਵਾਇਆ ਗਿਆ। ਪ੍ਰਬੰਧਕੀ ਕਮੇਟੀ ਨੇ ਕਲੱਬ ਦੇ ਮਰਹੂਮ ਮੈਂਬਰ ਸੁਰਿੰਦਰ ਸਿੰਘ ਨੂੰ ਇਹ ਟੂਰਨਾਮੈਂਟ ਸਮਰਪਿਤ ਕਰਕੇ ਉਸ ਨਾਲ਼ ਸਦੀਵੀ ਸਾਂਝ ਦੀ ਮਿਸਾਲ ਰੱਖੀ ਹੈ। ਕਲੱਬ ਦੇ ਜੂਨੀਅਰ ਪ੍ਰੋਗਰਾਮ ਦੀ ਨੀਂਹ ਸੁਰਿੰਦਰ ਦੀ ਸੋਚ ਕਰਕੇ ਹੀ ਰੱਖੀ ਗਈ ਸੀ ਜਿਸ ਸਦਕਾ ਹੁਣ ਇਸ ਕਲੱਬ ਦੇ ਜੂਨੀਅਰ ਖਿਡਾਰੀ ਕੈਨੇਡਾ ਪੱਧਰ ਤੇ ਨਾਮਣਾ ਖੱਟ ਰਹੇ ਹਨ। ਇਹ ਜੂਨੀਅਰ ਪ੍ਰੋਗਰਾਮ ਮਹਿੰਦਰ ਸਿੰਘ ਬੈਨੀਪਾਲ ਦੀ ਨਿਗਰਾਨੀ ਹੇਠ ਸਫਲਤਾਪੂਰਵਕ ਚੱਲ ਰਿਹਾ ਹੈ। ਇਸ ਟੂਰਨਾਮੈਂਟ ਦੀ ਖਾਸੀਅਤ ਇਹ ਹੈ ਕਿ ਇਸ ਵਿੱਚ ਸਾਬਕਾ ਖਿਡਾਰੀਆਂ ਤੋਂ ਲੈ ਕੇ ਨਵੇਂ ਖਿਡਾਰੀਆਂ ਤੱਕ ਹਰੇਕ ਨੂੰ ਆਪਣੀ ਖੇਡ ਕਲਾ ਦਿਖਾਉਣ ਦਾ ਮੌਕਾ ਮਿਲਦਾ ਹੈ।

ਸਭ ਤੋਂ ਸਿਖਰਲੇ ਪ੍ਰੀਮੀਅਰ ਵਰਗ ਵਿੱਚ ਉਹ ਖਿਡਾਰੀ ਖੇਡਦੇ ਹਨ ਜਿਹਨਾਂ ਦੀ ਖੇਡ ਹੁਣ ਸਿਖਰ ਉਪਰ ਹੈ ਤੇ ਜਿਹੜੇ ਨਵੀਂ ਉਮਰ ਦੇ ਖਿਡਾਰੀਆਂ ਲਈ ਮਾਰਗ ਦਰਸ਼ਕ ਬਣਦੇ ਹਨ। ਪ੍ਰੀਮੀਅਰ ਵਰਗ ਵਿੱਚ ਯੂਨਾਈਟਿਡ ਬ੍ਰਦਰਜ਼ ਅਤੇ ਸੁਰਿੰਦਰ ਲਾਇਨਿਜ਼ ਦੀਆਂ ਟੀਮਾਂ ਫਾਈਨਲ ਵਿੱਚ ਪੁੱਜੀਆਂ। ਦਰਸ਼ਕਾਂ ਨੇ ਇਹ ਮੈਚ ਸਾਹ ਰੋਕ ਕੇ ਦੇਖਿਆ। ਨਿਰਧਾਰਿਤ ਸਮੇਂ ਤੱਕ ਗੋਲ ਰਹਿਤ ਬਰਾਬਰੀ ਤੋਂ ਬਾਅਦ ਮੈਚ ਟਾਈਬ੍ਰੇਕਰ ਤੱਕ ਪੁੱਜਿਆ। ਇਸ ਟਾਈਬ੍ਰੇਕਰ ਵਿੱਚ ਯੂਨਾਈਟਿਡ ਬ੍ਰਦਰਜ਼ ਦੀ ਟੀਮ ਬਾਜ਼ੀ ਮਾਰ ਗਈ ਕਿਉਂਕਿ ਇਸ ਟੀਮ ਵਲੋਂ ਕੈਨੇਡਾ ਦੀ ਟੀਮ ਦਾ ਗੋਲ ਕੀਪਰ ਡੇਵਿਡ ਕਾਰਟਰ ਖੇਡ ਰਿਹਾ ਸੀ। ਉਸ ਦੀ ਬਾਜ਼ ਅੱਖ ਅੱਗੇ ਵਿਰੋਧੀ ਟੀਮ ਦੇ ਸਾਰੇ ਮਨਸੂਬੇ ਫੇਲ੍ਹ ਸਾਬਿਤ ਹੋਏ ਤੇ ਇਹ ਖਿਤਾਬ ਯੂਨਾਈਟਿਡ ਬ੍ਰਦਰਜ਼ ਦੀ ਝੋਲੀ ਜਾ ਪਿਆ। ਚੰਗੀ ਕਾਰਗੁਜ਼ਾਰੀ ਲਈ ਇਸ ਵਰਗ ਵਿੱਚ ਕੁਝ ਵਿਅਕਤੀਗਤ ਇਨਾਮ ਵੀ ਦਿੱਤੇ ਗਏ। ਯੂਨਾਈਟਿਡ ਬ੍ਰਦਰਜ਼ ਦੇ ਸੁੱਖੀ ਪਨੇਸਰ ਨੂੰ ਟੂਰਨਾਮੈਂਟ ਦਾ ਐਮ.ਵੀ.ਪੀ. ਐਲਾਨਿਆ ਗਿਆ। ਡੇਵਿਡ ਕਾਰਟਰ (ਯੂਨਾਈਟਿਡ ਬ੍ਰਦਰਜ਼) ਟੂਰਨਾਮੈਂਟ ਦਾ ਬਿਹਤਰੀਨ ਗੋਲਕੀਪਰ ਬਣਿਆ। ਇਸੇ ਤਰ੍ਹਾਂ ਸੁਰਿੰਦਰ ਲਾਇਨਜ਼ ਦੇ ਗੁਰਮੇਲ ਸਿੰਘ ਨੂੰ ਬਿਹਤਰੀਨ ਫੁੱਲਬੈਕ ਅਤੇ ਯੂਨਾਈਟਿਡ ਬ੍ਰਦਰਜ਼ ਦੇ ਬਲਰਾਜ ਪਨੇਸਰ ਨੂੰ ਬਿਹਤਰੀਨ ਫਾਰਵਰਡ ਐਲਾਨਿਆ ਗਿਆ।

**ਸੋਸ਼ਲ ਵਰਗ** : ਸਾਬਕਾ ਖਿਡਾਰੀਆਂ ਨੂੰ ਖੇਡ ਮੈਦਾਨ ਨਾਲ਼ ਜੋੜੀ ਰੱਖਣ ਲਈ ਸੋਸ਼ਲ ਵਰਗ ਬਹੁਤ ਹੀ ਵਧੀਆ ਉਪਰਾਲਾ ਹੈ। ਇਸ ਵਾਰੀ ਦੀਪਕ ਠਾਕੁਰ, ਪ੍ਰਭਜੋਤ ਸਿੰਘ (ਦੋਵੇਂ ਉਲੰਪੀਅਨ) ਅਤੇ ਬਲਜੀਤ ਸਿੰਘ ਨੇ ਟੂਰਨਾਮੈਂਟ ਵਿੱਚ ਹਾਜ਼ਰੀ ਲਵਾਈ।ਇਸ ਵਰਗ ਵਿੱਚ ਯੂਬਾ ਬ੍ਰਦਰਜ਼ ਦੀ ਟੀਮ ਨੇ ਪਹਿਲਾ ਅਤੇ ਫੀਨਕਸ ਸਕੌਰਪੀਅਨ ਨੇ ਦੂਜਾ ਸਥਾਨ ਹਾਸਲ ਕੀਤਾ।

**ਜੂਨੀਅਰ ਵਰਗ** : ਅੰਡਰ-18 ਉਮਰ ਵਰਗ ਦਾ ਫਾਈਨਲ ਮੈਚ ਬਹੁਤ ਹੀ ਦਿਲਚਸਪ ਸੀ। ਜੈਸਨ ਧਾਲੀਵਾਲ ਅਤੇ ਨਵਨ ਸ਼ਰਮਾ ਦੇ ਸ਼ਾਨਦਾਰ ਗੋਲ਼ਾਂ ਸਦਕਾ ਸੁਰਿੰਦਰ ਲਾਇਨਜ਼ ਨੇ ਇਹ ਮੁਕਾਬਲਾ ਪੈਂਥਰਜ਼ ਕਲੱਬ ਕੋਲ਼ੋਂ 2-1 ਦੇ ਫਰਕ ਨਾਲ਼ ਜਿੱਤ ਲਿਆ। ਪੈਂਥਰਜ਼ ਵਲੋਂ ਇੱਕੋ-ਇੱਕ ਗੋਲ਼ ਪਵਨ ਨੇ ਕੀਤਾ। ਅੰਡਰ-16 ਉਮਰ ਵਰਗ ਦਾ ਖਿਤਾਬ ਵੀ ਸੁਰਿੰਦਰ ਲਾਇਨਜ਼ ਦੇ ਹਿੱਸੇ ਆਇਆ। ਫਾਈਨਲ ਮੈਚ ਵਿੱਚ ਸੁਰਿੰਦਰ ਲਾਇਨਜ਼ ਕਲੱਬ ਨੇ ਪੈਂਥਰਜ਼ ਕਲੱਬ ਨੂੰ 2-0 ਦੇ ਫਰਕ ਨਾਲ਼ ਹਰਾਇਆ। ਜੇਤੂ ਟੀਮ ਵਲੋਂ ਤਾਜਬੀਰ ਅਤੇ ਮਨਵੀਰ ਮੱਲ੍ਹੀ ਨੇ ਇੱਕ-ਇੱਕ ਗੋਲ਼ ਕੀਤਾ।

ਕੁੜੀਆਂ ਦੇ ਵਰਗ ਵਿੱਚ ਇਲੀਟ ਕਲੱਬ ਨੇ ਪਹਿਲਾ ਅਤੇ ਇੰਡੀਆ ਕਲੱਬ ਨੇ ਦੂਜਾ ਸਥਾਨ ਪ੍ਰਾਪਤ ਕੀਤਾ। 45 ਸਾਲ ਤੋਂ ਵੱਧ ਉਮਰ ਦੇ ਵਰਗ ਵਿੱਚ ਯੂਨਾਈਟਿਡ ਬ੍ਰਦਰਜ਼ ਨੂੰ ਪਹਿਲਾ ਅਤੇ ਸੁਰਿੰਦਰ ਲਾਇਨਜ਼ ਕਲੱਬ ਨੂੰ ਦੂਜਾ ਸਥਾਨ ਮਿਲਿਆ। ਵਾਲੀਬਾਲ (ਸ਼ੂਟਿੰਗ) ਮੁਕਾਬਲੇ ਵਿੱਚੋਂ ਸੁਰਿੰਦਰ ਲਾਇਨਜ਼ ਨੇ ਪਹਿਲਾ ਅਤੇ ਫਰੈਂਡਜ਼ ਐਬਸਫੋਰਡ ਕਲੱਬ ਨੇ ਦੂਜਾ ਸਥਾਨ ਹਾਸਿਲ ਕੀਤਾ ਜਦ ਕਿ ਵਾਲੀਬਾਲ (ਸਮੈਸ਼ਿੰਗ) 'ਚੋਂ ਸਰੀ ਯੂਨਾਈਟਿਡ ਫਰੈਂਡਜ਼ ਅਤੇ ਸੁਰਿੰਦਰ ਲਾਇਨਜ਼ ਕਲੱਬ ਦੀਆਂ ਟੀਮਾਂ ਕ੍ਰਮਵਾਰ ਪਹਿਲੇ ਅਤੇ ਦੂਜਾ ਸਥਾਨ ਤੇ ਰਹੀਆਂ। 65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ ਦੌੜ ਵਿੱਚੋਂ ਹਰਦੀਪ ਸਿੰਘ ਸੰਧੂ ਨੇ ਪਹਿਲਾ, ਮੋਹਣੀ ਨੇ ਦੂਜਾ ਅਤੇ ਅਮਰਜੀਤ ਸਿੰਘ ਨੇ ਤੀਜਤ ਸਥਾਨ ਪ੍ਰਾਪਤ ਕੀਤਾ। ਸਮਾਪਤੀ ਸਮਾਗਮ ਦੌਰਾਨ ਸ਼ਾਨ-ਏ-ਪੰਜਾਬ ਆਰਟਸ ਕਲੱਬ ਵਲੋਂ ਪੇਸ਼ ਕੀਤੇ ਭੰਗੜੇ ਨੇ ਵਾਹਵਾ-ਵਾਹਵਾ ਖੱਟੀ।

ਸਮਾਪਤੀ ਸਮਾਗਮ ਵਿੱਚ ਨਾਮੀ ਫਿਲਮੀ ਹਸਤੀਆਂ ਰਾਣਾ ਰਣਬੀਰ, ਹੌਬੀ ਧਾਲੀਵਾਲ ਤੋਂ ਇਲਾਵਾ ਜੀਵਨ ਸਿੱਧੂ ਨੇ ਵੀ ਹਾਜ਼ਰੀ ਭਰੀ। ਸੁਰਿੰਦਰ ਲਾਇਨਜ਼ ਕਲੱਬ ਵਲੋਂ ਜਸਵੀਰ ਸਿੰਘ ਜੱਸਾ ਸਰਾਂ ਨੇ ਮੀਡੀਆ ਅਤੇ ਸਾਰੇ ਸਪਾਂਸਰਾਂ ਤੋਂ ਇਲਾਵਾ ਰਾਜਾ ਧਾਲੀਵਾਲ਼ (ਵਰਲਡ ਫਾਈਨੈਂਸ਼ਲ ਗਰੁੱਪ), ਕੇ. ਟੀ. ਐਲ. ਟਰਕਿੰਗ ਤੋਂ ਤਨਜੀਤ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ। ਫਾਈਨਲ ਮੈਚ ਮੌਕੇ ਸੁੱਖੀ ਬਾਠ, ਡਾ. ਭੁਰਜੀ ਨੇ ਵੀ ਹਾਜ਼ਰੀ ਭਰੀ। ਟੂਰਨਾਮੈਂਟ ਦੀ ਸਫਲਤਾ ਵਿੱਚ ਸੁਰਿੰਦਰ ਲਾਇਨਜ਼ ਕਲੱਬ ਦੀ ਵਲੰਟੀਅਰ ਟੀਮ ਪੂਰਰ ਜਜ਼ਬੇ ਨਾਲ਼ ਕੰਮ ਕੀਤਾ। ਇਸ ਟੀਮ ਵਿੱਚ ਹਰਵਿੰਦਰ ਹੇਅਰ, ਮਹਿੰਦਰ ਬੈਨੀਪਾਲ, ਲੱਕੀ ਵੜਿੰਗ, ਗੁਰਿੰਦਰ ਹੁੰਦਲ, ਗੁਰਨਾਮ ਮਾਨ, ਜੈਸ ਗਰੇਵਾਲ, ਕਾਕਾ ਸੇਖੋਂ ਅਤੇ ਜੀਵਨ ਸਿੱਧੂ ਦੇ ਨਾਂ ਵਰਨਣਯੋਗ ਹਨ।

# 9 ਸਤੰਬਰ ਨੂੰ ਹੋਣ ਵਾਲੇ 8ਵੇਂ ਤਰਕਸ਼ੀਲ ਨਾਟਕ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ ਤੇ

## ਜੈਨਸਿਸ ਸੈਂਟਰ ਦੇ ਫੀਚਰ ਜਿੰਮ 'ਚ ਹੋਵੇਗਾ ਸਮਾਗਮ, 18 ਸਾਲ ਤੋਂ ਘੱਟ ਉਮਰ ਲਈ ਦਾਖਲਾ ਮੁਫਤ



ਕੈਲਗਰੀ : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਅੱਠਵਾਂ ਸਲਾਨਾ ਤਰਕਸ਼ੀਲ ਨਾਟਕ ਸਮਾਗਮ 9 ਸਤੰਬਰ ਨੂੰ ਇੱਥੋਂ ਦੇ ਜੈਨਸਿਸ ਸੈਂਟਰ ਦੇ ਫੀਚਰ ਜਿੰਮ ਵਿੱਚ ਕਰਵਾਇਆ ਜਾਵੇਗਾ। ਇਹ ਸਮਾਗਮ ਹਰ ਸਾਲ ਦੀ ਤਰਾਂ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਸਹਿਯੋਗ ਨਾਲ਼ ਕਰਵਾਇਆ ਜਾਵੇਗਾ। ਇਸ ਸਬੰਧੀ ਸਮੁੱਚੀ ਟੀਮ ਵਲੋਂ ਤਿਆਰੀਆਂ ਜ਼ੋਰਾਂ ਤੇ ਚੱਲ ਰਹੀਆਂ ਹਨ।

ਐਸੋਸੀਏਸ਼ਨ ਦੀ ਕਾਰਜਕਰਨੀ ਕਮੇਟੀ ਦੀ ਮੀਟਿੰਗ ਦੌਰਾਨ ਦੀ ਮਹੀਨੇ ਸਮਾਗਮ ਦੀ ਤਿਆਰੀ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਸੋਹਨ ਮਾਨ, ਜੀਤਮਹਿੰਦਰ, ਹਰਚਰਨ ਸਿੰਘ ਪਰਹਾਰ, ਮਾਸਟਰ ਭਜਨ ਗਿੱਲ, ਗੋਪਾਲ ਕਾਉਂਕੇ, ਗੁਰਦਿਆਲ ਸਿੰਘ ਖਹਿਰਾ, ਕਮਲਪ੍ਰੀਤ ਪੰਧੇਰ, ਨਵਕਿਰਨ ਢੁੱਡੀਕੇ, ਹਰੀਪਾਲ, ਬੱਚਿਤਰ ਗਿੱਲ, ਸੁਖਵੀਰ ਗਰੇਵਾਲ ਅਤੇ ਗੁਰਿੰਦਰ ਬਰਾੜ ਨੇ ਇਸ ਮੀਟਿੰਗ ਵਿੱਚ ਸ਼ਾਮਲ ਹੋ ਕੇ ਤਿਆਰੀਆਂ ਦਾ ਜਾਇਜ਼ਾ ਲਿਆ। ਮੀਟਿੰਗ ਇਹ ਫੈਸਲਾ ਲਿਆ ਗਿਆ ਕਿ ਫਰੀ ਪੰਜਾਬੀ ਕਲਾਸਾਂ ਪੜ੍ਹਾਉਣ ਵਾਲ਼ੇ ਸਾਰੇ ਵਲੰਟੀਅਰ ਅਧਿਆਪਕਾਂ ਨੂੰ ਇਸ ਸਲਾਨਾ ਸਮਾਗਮ ਦੌਰਾਨ ਸਨਮਾਨਿਤ ਕੀਤਾ ਜਾਵੇਗਾ। ਨਾਟਕ ਟੀਮ ਅਤੇ ਕੋਰੀਓਗਰਾਫੀ ਵਿੱਚ ਭਾਗ ਲੈਣ ਵਾਲ਼ੇ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਮੀਟਿੰਗ ਦੌਰਾਨ ਸਾਰੇ ਸਪਾਸਰਾਂ ਅਤੇ ਮੀਡੀਆ ਵਲੋਂ ਮਿਲ ਰਹੇ ਸਹਿਯੋਗ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਕਮਲਪ੍ਰੀਤ ਪੰਧੇਰ ਨੇ ਦੱਸਿਆ ਕਿ ਇਸ ਵਾਰ ਸਮਾਗਮ ਵਿੱਚ ਹਰਕੇਸ਼ ਚੌਧਰੀ ਦੁਆਰਾ ਲਿਖਿਆ ਅਤੇ ਨਿਰਦੇਸ਼ਿਤ ਨਾਟਕ 'ਪਾਉਣ ਪੈੜਾਂ ਜੋ ਪੈਰ' ਖੇਡਿਆ ਜਾਵੇਗਾ। ਇਹ ਨਾਟਕ ਕਿਸਾਨ ਖੁਦਕੁਸ਼ੀਆਂ ਬਾਰੇ ਹੈ ਅਤੇ ਇਹ ਸੁਨੇਹਾ ਦੇਵੇਗਾ ਕਿ ਸਿਰਫ ਖੁਦਕੁਸ਼ੀ ਹੀ ਇਸ ਸਮਸਿਆ ਦਾ ਹੱਲ ਨਹੀਂ। ਦੂਜਾ ਨਾਟਕ 'ਤੇ ਦੇਵ ਪੁਰਸ਼ ਹਾਰ ਗਏ' ਬਾਬਿਆਂ ਉਪਰ ਕਰਾਰੀ ਚੋਟ ਮਾਰੇਗਾ। ਨਾਟਕ ਟੀਮ ਵਿੱਚ ਇਸ ਵਾਰ ਗੁਰਿੰਦਰ ਬਰਾੜ, ਜਸ਼ਨਪ੍ਰੀਤ ਗਿੱਲ, ਅਮਨ ਗਿੱਲ, ਕਮਲ ਸਿੱਧੂ, ਨਵਕਿਰਨ ਢੁੱਡੀਕੇ, ਕੁਸਮ ਸ਼ਰਮਾ ਅਤੇ ਜੱਸ ਲੰਮ੍ਹੇ ਵੱਖ-ਵੱਖ ਭੂਮਿਕਾਵਾਂ ਵਿੱਚ ਦਿਖਾਈ ਦੇਣਗੇ। ਕੈਲਗਰੀ ਦੇ ਜੰਮਪਲ਼ ਬੱਚੇ 'ਕਿਸ ਨੂੰ ਵਤਨ ਕਹੂੰਗਾ' ਨਾਂ ਕੋਰਿਓਗਰਾਫੀ ਤੋਂ ਇਲਾਵਾ ਹੋਰ ਕਈ ਉਸਾਰੂ ਵੰਨਗੀਆਂ ਰਾਹੀਂ ਇਸ ਸਮਾਗਮ ਦਾ ਹਿੱਸਾ ਬਣਨਗੇ। ਸ਼ਹੀਦ ਭਗਤ ਸਿੰਘ ਲਾਇਬਰੇਰੀ ਵਲੋਂ ਪੁਸਤਕ ਪ੍ਰਦਰਸ਼ਨੀ ਲਗਾਈ ਜਾਵੇਗੀ। ਮਾਸਟਰ ਭਜਨ ਨੇ ਦੱਸਿਆ ਕਿ ਇਸ ਵਾਰ ਸਮਾਗਮ ਲੋਕਾਂ ਦੀ ਮੰਗ ਤੇ ਜੈਨਸਿਸ ਸੈਂਟਰ ਦੇ ਵੱਡੇ ਹਾਲ ਫੀਚਰ ਜਿੰਮ ਵਿੱਚ ਕਰਵਾਇਆ ਜਾਵੇਗਾ। 9 ਸਤੰਬਰ ਨੂੰ ਇੱਕ ਵਜੇ ਇਸ ਹਾਲ ਦੇ ਦਰਵਾਜੇ ਖੋਲ ਦਿੱਤੇ ਜਾਣਗੇ। ਪਹਿਲਾ ਨਾਟਕ ਠੀਕ ਡੇਢ ਵਜੇ ਨਾਟਕ ਸ਼ੁਰੂ ਹੋ ਜਾਵੇਗਾ। ਇਸ ਵਾਰ 18 ਸਾਲ ਤੱਕ ਦੇ ਬੱਚਿਆਂ ਦੀ ਕੋਈ ਟਿਕਟ ਨਹੀਂ ਲੱਗੇਗੀ ਪਰ ਬਾਕੀਆਂ ਲਈ ਟਿਕਟ ਸਿਰਫ 10 ਡਾਲਰ ਰੱਖੀ ਗਈ ਹੈ। ਟਿਕਟਾਂ ਲੈਣ ਦੇ ਚਾਹਵਾਨ ਸਿੱਖ ਵਿਰਸਾ ਦੇ ਦਫਤਰ ਤੋਂ ਟਿਕਟਾਂ ਖਰੀਦ ਸਕਦੇ ਹਨ ਜਾਂ ਫੋਨ ਨੰਬਰ 403-250-8898 ਤੇ ਸਪੰਰਕ ਕਰ ਸਕਦੇ ਹਨ। ਸਮਾਗਮ ਸਬੰਧੀ ਹੋਰ ਜਾਣਕਾਰੀ ਲਈ ਮਾਸਟਰ ਭਜਨ ਨਾਲ਼ ਫੋਨ ਨੰਬਰ 403-455-4220 ਤੇ ਸੰਪਰਕ ਕੀਤਾ ਜਾ ਸਕਦਾ ਹੈ।






### ਕਰਜ਼ਾ-ਪੀੜਤ ਕਿਸਾਨਾਂ ਦਾ ਰੋਹ ਭਖਿਆ

# ਮਹਾਂ ਰੈਲੀ 'ਚ ਹਜ਼ਾਰਾਂ ਔਰਤਾਂ ਸਮੇਤ ਲਾ-ਮਿਸਾਲ ਇਕੱਠ, ਕਰਜ਼ਾ-ਮੁਕਤੀ ਲਈ 22 ਸੰਤਬਰ ਤੋਂ ਮੋਤੀ ਮਹਿਲ ਪਟਿਆਲਾ ਅੱਗੇ ਪੰਜ ਰੋਜ਼ਾ ਦਿਨ ਰਾਤ ਧਰਨੇ ਦਾ ਐਲਾਨ





ਕਰਜ਼ੇ/ਖ਼ੁਦਕੁਸ਼ੀਆਂ/ਕੁਰਕੀਆਂ ਤੋਂ ਮੁਕਤੀ ਅਤੇ ਰੁਜ਼ਗਾਰ ਪ੍ਰਾਪਤੀ ਵਰਗੇ ਅਹਿਮ ਮੁੱਦਿਆਂ ਨੂੰ ਲੈ ਕੇ ਪੰਜਾਬ ਦੀਆਂ 7 ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਅੱਜ ਇੱਥੇ ਦਾਣਾ ਮੰਡੀ 'ਚ ਕੀਤੀ ਗਈ ਕਰਜ਼ਾ-ਮੁਕਤੀ ਮਹਾਂ ਰੈਲੀ 'ਚ ਹਜ਼ਾਰਾਂ ਔਰਤਾਂ ਸਮੇਤ 50,000 ਤੋਂ ਉੱਪਰ ਕਿਸਾਨਾਂ-ਮਜ਼ਦੂਰਾਂ ਦਾ ਲਾ-ਮਿਸਾਲ ਇਕੱਠ ਹੋਇਆ। 8-9 ਏਕੜਾਂ ਦੇ ਵਿਸ਼ਾਲ ਪੰਡਾਲ ਨੂੰ ਰੋਹ-ਭਰੇ ਨਾਹਰਿਆਂ ਨਾਲ ਗੁੰਜਾ ਰਹੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਨ ਵਾਲੇ ਮੁੱਖ ਬੁਲਾਰਿਆਂ ਵਿੱਚ ਭਾ: ਕਿ: ਯੂ (ਏਕਤਾ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ; ਭਾ: ਕਿ: ਯੂ: ਏਕਤਾ (ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ; ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ; ਕਿਸਾਨ ਸੰਘਰਸ਼ ਕਮੇਟੀ ਦੇ ਕਨਵੀਨਰ ਕੰਵਲਪ੍ਰੀਤ ਸਿੰਘ ਪੰਨੂ; ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਪ੍ਰਧਾਨ ਸ਼ਿੰਦਰ ਸਿੰਘ ਨੱਥੂਵਾਲਾ; ਭਾ: ਕਿ: ਯੂ: (ਕ੍ਰਾਂਤੀਕਾਰੀ) ਦੇ ਪ੍ਰਧਾਨ ਸੁਰਜੀਤ ਸਿੰਘ ਫੂਲ; ਕਿਸਾਨ ਸੰਘਰਸ਼ ਕਮੇਟੀ (ਆਜ਼ਾਦ) ਦੇ ਪ੍ਰਧਾਨ ਹਰਜਿੰਦਰ ਸਿੰਘ ਟਾਂਡਾ ਅਤੇ ਔਰਤ ਕਿਸਾਨ ਆਗੂ ਹਰਵਿੰਦਰ ਕੌਰ ਬਿੰਦੂ ਸ਼ਾਮਲ ਸਨ।

ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਨਿਭਾਈ। ਸਾਂਝੇ ਘੋਲ ਦੀ ਤਰਜਮਾਨੀ ਕਰਦਿਆਂ ਸਮੂਹ ਬੁਲਾਰਿਆਂ ਨੇ ਕਿਸਾਨ ਖ਼ੁਦਕੁਸ਼ੀਆਂ ਰੋਕਣ ਲਈ ਭਖਦੇ ਕਿਸਾਨੀ ਮਸਲੇ ਤੁਰੰਤ ਹੱਲ ਕਰਨ ਦੀ ਵਜ਼ਾਹਤ ਕਰਦਿਆਂ ਕੈਪਟਨ ਸਰਕਾਰ ਦੀ ਇਸ ਗੱਲੋਂ ਜ਼ੋਰਦਾਰ ਨਿਖੇਧੀ ਕੀਤੀ ਕਿ ਉਹ ਕਰਜ਼ਾ-ਪੀੜਤ ਸਮੂਹ ਕਿਸਾਨਾਂ ਦੇ ਹਰ ਕਿਸਮ ਦੇ ਕਰਜ਼ੇ ਖ਼ਤਮ ਕਰਨ ਦੇ ਆਪਣੇ ਚੋਣ-ਵਾਅਦੇ ਤੋਂ ਪਿੱਛੇ ਹਟ ਕੇ ਛੋਟੇ/ਸੀਮਾਂਤ ਕਿਸਾਨਾਂ ਦੇ ਸਿਰਫ ਫਸਲੀ ਕਰਜ਼ੇ 2 ਲੱਖ ਤੱਕ ਮਾਫ਼ ਕਰਨ ਦੇ ਫੋਕੇ ਐਲਾਨ ਤੱਕ ਸਿਮਟ ਕੇ ਰਹਿ ਗਈ ਹੈ। ਜੋ ਪੰਜਾਬ ਦੇ ਕਿਸਾਨਾਂ ਨਾਲ ਵਾਅਦਾ ਖਿਲਾਫ਼ੀ ਹੈ। ਸੜਕਾਂ 'ਤੇ ਰੁਲ ਰਹੇ 50 ਲੱਖ ਦੇ ਕਰੀਬ ਬੇਰੁਜ਼ਗਾਰਾਂ ਨੂੰ ਪੱਕਾ ਰੁਜ਼ਗਾਰ ਦੇਣ ਦੇ ਵਾਅਦੇ ਬਾਰੇ ਵੀ ਮੁਜਰਮਾਨਾ ਚੁੱਪ ਧਾਰ ਰੱਖੀ ਹੈ। ਕਰਜ਼ਿਆਂ ਬਦਲੇ ਕੁਰਕੀਆਂ ਦਾ ਦੌਰ ਬਾ-ਦਸਤੂਰ ਜਾਰੀ ਹੈ। ਉਨ੍ਹਾਂ ਨੇ ਕੇਂਦਰ ਦੀ ਮੋਦੀ ਸਰਕਾਰ ਦੀ ਵੀ ਜੰਮ ਕੇ ਅਲੋਚਨਾ ਕੀਤੀ ਅਤੇ ਕਿਹਾ ਕਿ ਕਿਸਾਨ ਕਰਜ਼ਾ-ਮੁਕਤੀ ਲਈ ਪੰਜਾਬ ਨੂੰ ਵਿਸ਼ੇਸ਼ ਪੈਕੇਜ਼ ਦੇਣ ਤੋਂ ਅਤੇ ਸਵਾਮੀਨਾਥਨ ਰਿਪੋਰਟ ਅਨੁਸਾਰ ਫਸਲਾਂ ਦੇ ਭਾਅ ਦੇਣ ਤੋਂ ਇਨਕਾਰ ਕਰਨ ਦੇ ਨਾਲ-ਨਾਲ ਖੇਤੀ ਸਬਸਿਡੀਆਂ ਦਾ ਭੋਗ ਪਾਉਣ ਵਾਲੀ ਨੀਤੀ ਧਾਰਨ ਰਾਹੀਂ ਧੜਾ-ਧੜ ਖ਼ੁਦਕੁਸ਼ੀਆਂ ਦਾ ਸ਼ਿਕਾਰ ਹੋ ਰਹੇ ਕਿਸਾਨਾਂ-ਮਜ਼ਦੂਰਾਂ ਦੇ ਜ਼ਖਮਾਂ 'ਤੇ ਲੂਣ ਭੁੱਕਿਆ ਗਿਆ ਹੈ। ਬੁਲਾਰਿਆਂ ਨੇ ਮੰਗ ਕੀਤੀ ਕਿ ਕਰਜ਼ੇ ਮੋੜਨੋਂ ਅਸਮੱਰਥ ਸਮੂਹ ਕਿਰਤੀ ਕਿਸਾਨਾਂ ਦੇ ਹਰ ਕਿਸਮ ਦੇ ਕਰਜ਼ਿਆਂ 'ਤੇ ਲਕੀਰ ਮਾਰੀ ਜਾਵੇ ਅਤੇ 2 ਲੱਖ ਦੀ ਨਿਗੂਣੀ ਰਾਹਤ ਦਾ ਨੋਟੀਫੀਕੇਸ਼ਨ ਤੁਰੰਤ ਜਾਰੀ ਕੀਤਾ ਜਾਵੇ। ਕਰਜ਼ਾ ਲੈਣ ਸਮੇਂ ਕਿਸਾਨਾਂ ਦੀ ਮਜਬੂਰੀ ਦਾ ਨਜਾਇਜ਼ ਫਾਇਦਾ ਉਠਾ ਕੇ ਹਾਸਲ ਕੀਤੇ ਦਸਖਤ/ਅੰਗੂਠੇ ਵਾਲੇ ਖਾਲੀ ਚੈੱਕ/ਪ੍ਰੋਨੋਟ/ਅਸ਼ਟਾਮ ਬੈਂਕਾਂ ਤੇ ਆੜ੍ਹਤੀਆਂ ਕੋਲੋਂ ਤੁਰੰਤ ਵਾਪਸ ਕਰਵਾਏ ਜਾਣ। ਅੱਗੇ ਤੋਂ ਇਹਨਾਂ ਦਸਤਾਵੇਜ਼ਾਂ ਸਮੇਤ ਵਹੀ-ਖਾਤਿਆਂ ਦੀ ਕਾਨੂੰਨੀ ਮਾਨਤਾ ਰੱਦ ਕੀਤੀ ਜਾਵੇ ਅਤੇ ਪਹਿਲਾਂ ਚੱਲ ਰਹੇ ਕੋਰਟ ਕੇਸ ਵਾਪਸ ਲਏ ਜਾਣ। ਜਬਰੀ ਕਰਜ਼ਾ-ਵਸੂਲੀ ਖਾਤਰ ਕੁਰਕੀਆਂ/ਨਿਲਾਮੀਆਂ, ਗ੍ਰਿਫਤਾਰੀਆਂ, ਪੁਲੀਸ-ਦਖਲ ਅਤੇ ਫੋਟੋਆਂ ਸਮੇਤ ਡੀਫਾਲਟਰ ਲਿਸਟਾਂ ਵਰਗੇ ਹੱਥਕੰਡਿਆਂ 'ਤੇ ਪਾਬੰਦੀ, ਵਿਆਜ-ਪਰ-ਵਿਆਜ ਤੇ ਮੂਲਧਨ ਤੋਂ ਵੱਧ ਵਿਆਜ ਵਸੂਲਣ 'ਤੇ ਪਾਬੰਦੀ ਅਤੇ ਸੂਦਖੋਰੀ ਕਿੱਤਾ ਲਸੰਸ ਲਾਜ਼ਮੀ ਬਣਾਉਣ ਵਾਲਾ ਕਰਜ਼ਾ ਕਾਨੂੰਨ ਤੁਰੰਤ ਬਣਾਇਆ ਜਾਵੇ। ਜਾਨਲੇਵਾ ਕਰਜ਼ੇ ਮੁੜ ਚੜ੍ਹਨੋਂ ਰੋਕਣ ਲਈ ਬਦਲਵੀਆਂ ਖੇਤੀ-ਪੱਖੀ ਨੀਤੀਆਂ ਦੇ ਅੰਗ ਵਜੋਂ ਸਾਰੀਆਂ ਹੀ ਖੇਤੀ ਜਿਣਸਾਂ ਦੇ ਲਾਭਕਾਰੀ ਸਮਰਥਨ ਮੁੱਲ ਡਾ. ਸਵਾਮੀਨਾਥਨ ਦੀ ਸਿਫਾਰਿਸ਼ ਅਨੁਸਾਰ ਮਿੱਥੇ ਜਾਣ ਤੇ ਪੂਰੀ ਖਰੀਦ ਦੀ ਗਾਰੰਟੀ ਕੀਤੀ ਜਾਵੇ। ਲਾਗਤ ਖਰਚੇ ਘਟਾਉਣ ਲਈ ਅੰਨ੍ਹੇ ਕਾਰਪੋਰੇਟ ਮੁਨਾਫ਼ਿਆਂ 'ਤੇ ਰੋਕ ਲਾਈ ਜਾਵੇ। ਘਟੀਆ ਬੀਜਾਂ/ਦਵਾਈਆਂ/ਖਾਦਾਂ ਵਗੈਰਾ ਤੋਂ ਇਲਾਵਾ ਬਿਜਲੀ ਦੇ ਮਾੜੇ ਪ੍ਰਬੰਧਾਂ ਜਾਂ ਕੁਦਰਤੀ ਆਫ਼ਤਾਂ ਦੁਆਰਾ ਬਰਬਾਦ ਹੋਈਆਂ ਫ਼ਸਲਾਂ ਦਾ ਮੁਆਵਜਾ ਔਸਤ ਝਾੜ ਦੇ ਪੂਰੇ ਮੁੱਲ ਦੇ ਬਰਾਬਰ ਦਿੱਤਾ ਜਾਵੇ। ਕਰਜ਼ਿਆਂ ਤੇ ਆਰਥਿਕ ਤੰਗੀਆਂ ਤੋਂ ਪੀੜਤ ਖ਼ੁਦਕੁਸ਼ੀਆਂ ਦਾ ਸ਼ਿਕਾਰ ਹੋਏ ਕਿਸਾਨਾਂ ਦੇ ਵਾਰਸਾਂ ਨੂੰ 10-10 ਲੱਖ ਰੁਪਏ, 1-1 ਸਰਕਾਰੀ ਨੌਕਰੀ ਤੇ ਸਮੁੱਚੇ ਕਰਜ਼ੇ 'ਤੇ ਲੀਕਰ ਦੀ ਫੌਰੀ ਰਾਹਤ ਤੁਰੰਤ ਦਿੱਤੀ ਜਾਵੇ। ਪੰਜਾਬ ਦੇ ਪੜ੍ਹੇ-ਲਿਖੇ ਤੇ ਅਨਪੜ੍ਹ ਪੇਂਡੂ ਬੇਰੁਜ਼ਗਾਰਾਂ ਨੂੰ ਪੱਕੀ ਨੌਕਰੀ ਤੁਰੰਤ ਦਿੱਤੀ ਜਾਵੇ ਅਤੇ ਉਸਤੋਂ ਪਹਿਲਾਂ ਗੁਜ਼ਾਰੇਯੋਗ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਸਮੂਹ ਆਬਾਦਕਾਰ ਤੇ ਮੁਜਾਰੇ ਕਿਸਾਨਾਂ ਨੂੰ ਹਰ ਕਿਸਮ ਦੀ ਕਾਬਜ਼ ਜ਼ਮੀਨ ਦੇ ਮਾਲਕੀ ਹੱਕ ਤੁਰੰਤ ਦਿੱਤੇ ਜਾਣ। ਹਰ ਤਰ੍ਹਾਂ ਦੇ ਅਵਾਰਾ ਪਸ਼ੂਆਂ/ਕੁੱਤਿਆਂ ਦਾ ਸਥਾਈ ਹੱਲ ਕੀਤਾ ਜਾਵੇ। ਕਣਕ/ਝੋਨੇ ਦਾ ਨਾੜ/ਪਰਾਲੀ ਸਾੜਨ 'ਤੇ ਪਾਬੰਦੀ/ਜੁਰਮਾਨੇ ਲਾਉਣ ਦਾ ਫੈਸਲਾ ਰੱਦ ਕੀਤਾ ਜਾਵੇ। ਫ਼ਸਲੀ ਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਹੋਰ ਫ਼ਸਲਾਂ ਤੋਂ ਵਧੇਰੇ ਆਮਦਨ ਦੀ ਗਾਰੰਟੀ ਕੀਤੀ ਜਾਵੇ ਅਤੇ ਬਦਲਵੇਂ ਸੰਭਾਲ-ਪ੍ਰਬੰਧਾਂ ਲਈ 2500 ਰੁਪਏ ਪ੍ਰਤੀ ਏਕੜ ਰਾਹਤ ਦਿੱਤੀ ਜਾਵੇ। ਖਾਦਾਂ, ਕੀਟ/ਨਦੀਨਨਾਸ਼ਕਾਂ, ਖੇਤੀ ਸੰਦਾਂ ਤੇ ਕਲ-ਪੁਰਜ਼ਿਆਂ ਸਮੇਤ ਹੋਰ ਖੇਤੀ ਲਾਗਤਾਂ 'ਤੇ ਲਾਇਆ ਜੀ.ਐਸ.ਟੀ. ਖਤਮ ਕੀਤਾ ਜਾਵੇ। ਉਕਤ ਮੰਗਾਂ ਦਾ ਤਸੱਲੀਬਖਸ਼ ਨਿਪਟਾਰਾ ਨਾ ਕੀਤਾ ਗਿਆ ਤਾਂ ਸਾਂਝੇ ਕਰਜ਼ਾ-ਮੁਕਤੀ ਘੋਲ ਦੇ ਅਗਲੇ ਪੜਾਅ 'ਤੇ 22 ਸਤੰਬਰ ਤੋਂ ਮੁੱਖ ਮੰਤਰੀ ਦੀ ਰਿਹਾਇਸ਼ ਮੋਤੀ ਮਹਿਲ ਪਟਿਆਲਾ ਅੱਗੇ ਪੰਜ ਰੋਜ਼ਾ ਦਿਨ-ਰਾਤ ਧਰਨਾ ਲਾਇਆ ਜਾਵੇਗਾ। ਜੇਕਰ ਫਿਰ ਵੀ ਟਾਲ-ਮ-ਟੋਲ ਜਾਰੀ ਰਹੀ ਤਾਂ ਮੌਕੇ 'ਤੇ ਫੈਸਲਾ ਕੀਤਾ ਜਾਵੇਗਾ। ਬੁਲਾਰਿਆਂ ਨੇ ਪੂਰੇ ਦੇਸ਼ 'ਚ ਫੈਲਾਈ ਜਾ ਰਹੀ ਫਿਰਕਾਪ੍ਰਸਤ ਤੇ ਜ਼ਾਤ-ਪਾਤੀ ਹਿੰਸਾਵਾਦੀ ਨਫ਼ਰਤ ਅਤੇ ਵਾਲ ਕੱਟੇ ਜਾਣ ਵਰਗੀਆਂ ਬੇ-ਬੁਨਿਆਦ ਅਫਵਾਹਾਂ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਇਸ ਸਮੁੱਚੇ ਵਰਤਾਰੇ ਨੂੰ ਸੱਤਾਧਾਰੀਆਂ ਦੀਆਂ ਗਿਣੀਆਂ ਮਿੱਥੀਆਂ ਸਾਜ਼ਿਸ਼ਾਂ ਕਿਹਾ ਜਿਹਨਾਂ ਦਾ ਮਕਸਦ ਸੰਘਰਸ਼ ਭਖਾ ਰਹੇ ਕਿਸਾਨਾਂ ਮਜ਼ਦੂਰਾਂ ਦੇ ਉੱਸਰ ਰਹੇ ਵਿਸ਼ਾਲ ਏਕੇ ਨੂੰ ਖਿੰਡਾਉਣਾ ਅਤੇ ਆਮ ਜਨਤਾ ਦਾ ਧਿਆਨ ਅਸਲੀ ਮੁੱਦਿਆਂ ਤੋਂ ਪਾਸੇ ਤਿਲਕਾਉਣਾ ਹੈ। ਉਨ੍ਹਾਂ ਸਮੂਹ ਕਿਸਾਨਾਂ ਮਜ਼ਦੂਰਾਂ ਨੂੰ ਅਜਿਹੀਆਂ ਚਾਲਾਂ ਤੋਂ ਖਬਰਦਾਰ ਰਹਿਣ ਦਾ ਸੱਦਾ ਦਿੱਤਾ। ਇਕੱਠ ਨੂੰ ਸੰਬੋਧਨ ਕਰਨ ਵਾਲੇ ਹੋਰ ਬੁਲਾਰਿਆਂ 'ਚ ਦਾਤਾਰ ਸਿੰਘ, ਮਨਜੀਤ ਸਿੰਘ ਧਨੇਰ, ਇੰਦਰਜੀਤ ਸਿੰਘ ਕੋਟ ਬੁੱਢਾ, ਝੰਡਾ ਸਿੰਘ ਜੇਠੂਕੇ, ਦਲਵਿੰਦਰ ਸਿੰਘ ਸ਼ੇਰ ਖਾਂ, ਬਲਦੇਵ ਸਿੰਘ ਜੀਰਾ ਅਤੇ ਹਰਜੀਤ ਸਿੰਘ ਝੀਡਾ ਸ਼ਾਮਿਲ ਸਨ।

# ਤਿੰਨ ਤਲਾਕ : ਧਰਮ ਤੋਂ ਵਧੇਰੇ ਰਿਵਾਇਤ ਦਾ ਮਾਮਲਾ

ਤਿੰਨ ਤਲਾਕ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਦ ਇੱਕ ਨਵੀਂ ਬਹਿਸ ਛਿੜ ਗਈ ਹੈ? ਸੰਘ ਪਰਿਵਾਰ ਅਤੇ ਓਹਨਾਂ ਦੇ ਇਸ਼ਾਰਿਆਂ ਤੇ ਨੱਚਣ ਵਾਲਾ ਮੀਡੀਆ ਕੱਲ ਤੋਂ ਹੀ ਇਸ ਫੈਸਲੇ ਦਾ ਗੁਣਗਾਨ ਕਰਨ 'ਚ ਲੱਗਾ ਹੋਇਆ ਹੈ। ਇਸ ਤਰ੍ਹਾਂ ਸੰਘੀ ਖੁਦ ਨੂੰ ਮੁਸਲਿਮ ਔਰਤਾਂ ਦੇ ਦਰਦਮੰਦਾਂ ਵਜੋਂ ਪੇਸ਼ ਕਰ ਰਹੇ ਹਨ। ਪਰ ਕੁਝ ਸੁਹਿਰਦ ਲੋਕ ਵੀ ਇਸ ਫੈਸਲੇ ਦੀ ਹਿਮਾਇਤ 'ਚ ਨਿੱਤਰ ਆਏ ਹਨ, ਉਹ ਇਸਨੂੰ ਮੁਸਲਿਮ ਔਰਤਾਂ ਲਈ ਇੱਕ ਵਰਦਾਨ ਵਜੋਂ ਪੇਸ਼ ਕਰ ਰਹੇ ਹਨ।

ਇਹ ਫੈਸਲਾ ਸਹੀ ਹੈ ਜਾਂ ਗਲਤ ਉਸਤੋਂ ਵੀ ਵਧੇਰੇ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਫੈਸਲਾ ਕਿਓਂ ਹੋਇਆ? ਰਾਸ਼ਟਰੀ ਸਵੈ ਸੇਵਕ ਸੰਘ ਭਾਰਤ ਨੂੰ ਇੱਕ ਰਾਸ਼ਟਰ ਬਣਾਉਣਾ ਚਾਹੁੰਦਾ ਹੈ, ਜਿਸਤੇ ਹਿੰਦੂ ਰਹੁ ਰੀਤਾਂ ਥੋਪੀਆਂ ਜਾ ਸਕਣ। ਇਸ ਲਈ ਓਹ ਕਈ ਦਹਾਕਿਆਂ ਤੋਂ ਭਾਰਤ ਲਈ ਸਾਂਝੇ ਸਿਵਲ ਕੋਡ 'ਦੀ ਮੰਗ ਕਰਦਾ ਆਇਆ ਹੈ? ਤਿੰਨ ਤਲਾਕ ਦਾ ਖਾਤਮਾ ਵੀ ਇਸੇ ਕੋਡ ਦਾ ਅੰਗ ਹੈ। ਤਿੰਨ ਤਲਾਕ ਦਾ ਖਾਤਮਾ ਭਾਰਤ ਨੂੰ ਇਕ ਰਾਸ਼ਟਰ ਬਣਾਉਣ ਦੀ ਦਿਸ਼ਾ 'ਚ ਇਹ ਸੰਘ ਦਾ ਪਹਿਲਾ ਕਦਮ ਹੈ। ਹੁਣ ਓਹਨਾਂ ਦਾ ਅਗਲਾ ਨਿਸ਼ਾਨਾ ਸੰਵਿਧਾਨ ਦੀ ਧਾਰਾ 351 ਹੈ, ਜਿਸ ਤਹਿਤ ਜੰਮੂ ਅਤੇ ਕਸ਼ਮੀਰ ਨੂੰ ਕੁਝ ਵਿਸ਼ੇਸ਼ ਹੱਕ ਮਿਲੇ ਹੋਏ ਹਨ।

ਤਿੰਨ ਤਲਾਕ ਦਾ ਮਾਮਲਾ ਧਰਮ ਤੋਂ ਵਧੇਰੇ ਰਿਵਾਇਤ ਦਾ ਮਾਮਲਾ ਹੈ। ਇਸਲਾਮ ਧਰਮ ਦੇ ਜਾਣਕਾਰ ਵਿਦਵਾਨਾਂ ਦਾ ਕਹਿਣਾ ਹੈ ਕਿ ਕੁਰਾਨ ਅਜੇਹੀ ਕਿਸੇ ਰੀਤ ਦੀ ਗੱਲ ਨਹੀਂ ਕਰਦੀ। ਨਿਸ਼ਚੇ ਹੀ ਅਜੇਹੀਆਂ ਰਿਵਾਇਤਾਂ ਦਾ ਖਾਤਮਾ ਜ਼ਰੂਰੀ ਹੈ ਪਰ ਅਜਿਹੀਆਂ ਰਵਾਇਤਾਂ ਦਾ ਖਾਤਮਾ ਜਮਹੂਰੀ ਢੰਗ ਨਾਲ ਭਾਵ ਲੋਕਾਂ ਨੂੰ ਸਿਖਿਅਤ ਕਰਕੇ ਅਤੇ ਓਹਨਾਂ ਨੂੰ ਭਰੋਸੇ 'ਚ ਲੈ ਕੇ ਹੋਣਾ ਚਾਹੀਦਾ ਹੈ। ਸਿਰਫ ਕਨੂੰਨੀ ਹੇਰ ਫੇਰ ਨਾਲ ਲੋਕਾਂ ਦੇ ਅਸਲ ਜੀਵਨ 'ਚ ਕੋਈ ਗੁਣਾਤਮਕ ਫਰਕ ਨਹੀਂ ਪੈਂਦਾ।

ਸਾਨੂੰ ਕੋਰਟ ਦੇ ਫੈਸਲੇ ਦੀ ਹਮਾਇਤ ਜਾਂ ਵਿਰੋਧ 'ਚ ਉਲਝਣ ਨਾਲੋਂ ਉਸ ਪਿਛੇ ਕੰਮ ਕਰਦੇ ਅਸਲ ਕਾਰਕਾਂ ਦਾ ਪਰਦਾਫਾਸ਼ ਕਰਨਾ ਚਾਹੀਦਾ ਹੈ।

ਬਿਨਾਂ ਸ਼ੱਕ ਤਿੰਨ ਤਲਾਕ ਇੱਕ ਨਾਰੀ ਵਿਰੋਧੀ ਰਿਵਾਇਤ ਹੈ। ਪਰ ਕਈ ਤਰ੍ਹਾਂ ਦੀਆਂ ਨਾਰੀ ਵਿਰੋਧੀ ਰਿਵਾਇਤਾਂ ਸਿਰਫ ਮੁਸਲਿਮ ਭਾਈਚਾਰੇ 'ਚ ਹੀ ਨਹੀਂ ਹੋਰਾਂ ਭਾਈਚਾਰਿਆਂ 'ਚ ਵੀ ਹਨ। ਉਦਾਹਰਨ ਵਜੋਂ ਕਾਨੂੰਨੀ ਤੌਰ 'ਤੇ ਕੁੜੀਆਂ ਪਰਿਵਾਰ ਦੀ ਜਾਇਦਾਦ 'ਚ ਬਰਾਬਰ ਦੀਆਂ ਹਿੱਸੇਦਾਰ ਹਨ, ਪਰ ਕਿੰਨੀਆਂ ਕੁ ਕੁੜੀਆਂ ਨੂੰ ਇਹ ਕਨੂੰਨੀ ਹੱਕ ਮਿਲਦਾ ਹੈ। ਭਰੂਣ ਹੱਤਿਆ ਵੀ ਅਜੇਹਾ ਹੀ ਇੱਕ ਮਾਮਲਾ ਹੈ। ਮੁਸਲਮਾਨਾ ਬਾਰੇ ਅਕਸਰ ਅਜਿਹਾ ਪ੍ਰਚਾਰ ਕੀਤਾ ਜਾਂਦਾ ਹੈ ਕਿ ਉਹ ਗੈਰ ਜਮਹੂਰੀ, ਆਧੁਨਿਕਤਾ ਵਿਰੋਧੀ, ਮਧ ਯੁਗੀ ਕਦਰਾਂ ਕੀਮਤਾਂ ਨਾਲ ਚਿੰਬੜੇ ਰਹਿਣ ਵਾਲੇ, ਜਾਬਰ ਹਨ। ਪਰ ਅਸੀਂ ਦੇਖਿਆ ਹੈ ਕਿ ਅਫਗਾਨਿਸਤਾਨ, ਇਰਾਕ, ਇਰਾਨ, ਲੀਬਿਆ ਆਦਿ ਇਸਲਾਮਿਕ ਦੇਸ਼ਾਂ 'ਚ ਦੂਜੀ ਸੰਸਾਰ ਜੰਗ ਤੋਂ ਬਾਦ ਕੁਝ ਦਹਾਕੇ ਕਾਫੀ ਆਧੁਨਿਕ ਮਹੌਲ ਸੀ। ਔਰਤਾਂ ਤੇ ਮੱਧਯੁਗੀ ਪਾਬੰਦੀਆਂ ਨਹੀਂ ਸਨ। ਇਹ ਤਾਂ ਸਾਮਰਾਜੀਆਂ ਨੇ ਦਖਲ ਦੇਕੇ ਉਥੇ ਧਾਰਮਿਕ ਮੂਲਵਾਦੀਆਂ ਨੂੰ ਅੱਗੇ ਲਿਆਂਦਾ। ਇਸ ਕਰਨ ਅੱਜ ਇਹ ਮੁਲਕ ਵਧੇਰੇ ਪਿਛਾਖੜੀ ਨਜਰ ਆਉਂਦੇ ਹਨ। ਹੁਣੇ ਹੁਣੇ ਕਈ ਇਸਲਾਮਿਕ ਦੇਸ਼ਾਂ 'ਚ ਹੋਏ ਸਰਵੇਖਣਾਂ 'ਚ ਵੀ ਇਹ ਗੱਲ ਸਾਹਮਣੇ ਆਈ ਹੈ ਕਿ ਜ਼ਿਆਦਾਤਰ ਇਸਲਾਮਕ ਦੇਸ਼ਾਂ ਦੇ ਲੋਕ ਉਥੇ ਇਸਲਾਮੀ ਰਾਜ ਦੇ ਖਿਲਾਫ਼ ਹਨ ਅਤੇ ਇੱਕ ਧਰਮ ਨਿਰਪਖ ਰਾਜ ਦੇ ਹੱਕ 'ਚ ਹਨ। ਸਾਡੇ ਦੇਸ਼ 'ਚ ਸੰਘੀ ਮੁਸਲਮਾਨਾਂ ਬਾਰੇ ਹੱਦ ਦਰਜੇ ਦਾ ਘਟੀਆ ਪ੍ਰਚਾਰ ਕਰਨ 'ਚ ਰੁਝੇ ਰਹਿੰਦੇ ਹਨ। ਹੁਣ ਤਿੰਨ ਤਲਾਕ ਤੇ ਸੁਪਰੀਮ ਕੋਰਟ ਦਾ ਫੈਸਲਾ ਸੰਘੀਆਂ ਲਈ ਮੁਸਲਿਮ ਵਿਰੋਧੀ ਪ੍ਰਚਾਰ ਦਾ ਨਵਾਂ ਹਥਿਆਰ ਹੈ।

ਸੰਘ ਨੇ ਦੇਸ਼ ਤੇ ਆਪਦਾ ਫਾਸੀਵਾਦੀ ਏਜੰਡਾ ਥੋਪਣ ਦਾ ਇਹ ਨਵਾਂ ਢੰਗ ਅਪਣਾਇਆ ਹੈ ਕਿ ਆਪਣੇ ਹੀ ਕਿਸੇ ਵਿਅਕਤੀ ਤੋਂ ਕੋਰਟ 'ਚ ਪਟੀਸ਼ਨ ਦਾਖਲ ਕਰਵਾ ਕੇ ਕੋਰਟ ਰਾਹੀਂ ਆਪਦੇ ਮਨਭਾਉਂਦੇ ਫੈਸਲੇ ਕਰਵਾਏ ਜਾਣ। ਜੇਕਰ ਇਹ ਕੰਮ ਸਰਕਾਰ ਕਰੇਗੀ ਤਾਂ ਉਹਨਾਂ ਦੀ ਪਾਰਟੀ ਦੀ ਸਰਕਾਰ ਦੀ ਬਦਨਾਮੀ ਹੋਵੇਗੀ ਤੇ ਲੋਕ ਅਜੇਹੇ ਫੈਸਲਿਆਂ ਨੂੰ ਵਧੇਰੇ ਸ਼ੱਕ ਦੀ ਨਜ਼ਰ ਨਾਲ ਦੇਖਣਗੇ। ਜੇਕਰ ਕੋਰਟ ਅਜੇਹੇ ਫ਼ੈਸਲੇ ਕਰੇਗੀ ਤਾਂ ਇਹਨਾਂ ਫੈਸਲਿਆਂ ਦਾ ਵਿਰੋਧ ਕਰਨ ਵਾਲਿਆਂ ਤੇ ਦੇਸ਼ਧ੍ਰੋਹੀ ਹੋਣ ਦਾ ਠੱਪਾ ਜੜਨਾ ਸੌਖਾ ਹੋ ਜਾਵੇਗਾ। ਉਹਨਾ ਬਾਰੇ ਖਾਸ ਕਰ ਮੁਸਲਮਾਨਾਂ ਬਾਰੇ ਇਹ ਪ੍ਰਚਾਰ ਕਰਨਾ ਸੌਖਾ ਹੋ ਜਾਵੇਗਾ ਕਿ ਦੇਖੋ ਇਹ ਤਾਂ ਇਸ ਦੇਸ਼ ਦੇ ਕਨੂੰਨ ਨੂੰ ਵੀ ਨਹੀਂ ਮੰਨਦੇ, ਇਹ ਪਾਕਿਸਤਾਨ ਪੱਖੀ ਹਨ। ਤਿੰਨ ਤਲਾਕ ਵਾਂਗ ਹੀ ਉਹਨਾਂ ਇੱਕ ਪਟੀਸ਼ਨ 351 ਬਾਰੇ ਵੀ ਦਾਖਲ ਕਰ ਰੱਖੀ ਹੈ।

# 'ਇਹ ਕੈਸੀ ਅਜ਼ਾਦੀ' ਵਿਸ਼ੇ ਸੈਮੀਨਾਰ ਦਾ ਆਯੋਜਨ



ਸ਼ਹੀਦ ਕਰਤਾਰ ਸਿੰਘ ਸਰਾਭਾ ਲਾਇਬ੍ਰੇਰੀ ਭੂੰਦੜੀ ਵਿਖੇ "ਇਹ ਕੈਸੀ ਅਜ਼ਾਦੀ" ਵਿਸ਼ੇ ਤੇ "ਪੇਂਡੂ ਮਜ਼ਦੂਰ ਯੂਨੀਅਨ" ਦੇ ਆਗੂ ਡਾ.ਸੁਖਦੇਵ ਭੂੰਦੜੀ ਅਤੇ ਸ਼ਿੰਦਰਪਾਲ ਸਿੰਘ ਅਤੇ "ਸ਼ਹੀਦ ਭਗਤ ਸਿੰਘ ਨੌਜਵਾਨ ਵਿਚਾਰ ਮੰਚ" ਦੇ ਆਗੂ ਹਰਮਨ ਲੀਹਾਂ, ਰਘਵੀਰ ਗੋਰਾਹੂਰ ਅਤੇ ਇਲਾਕੇ ਦੇ ਸੂਝਵਾਨ ਕਾਰਕੁਨਾਂ ਦੀ ਬੈਠਕ ਹੋਈ? ਸਭ ਤੋਂ ਪਹਿਲਾਂ ਉਸ ਦਿਨ ਦੇ ਫਿਰਕੂ ਅੱਗ ਦੇ ਸ਼ਿਕਾਰ ਹੋਏ ਲੋਕਾਂ ਨੂੰ ਸਰਧਾਂਜਲੀ ਦਿੱਤੀ ਗਈ। ਬਾਅਦ ਵਿੱਚ ਸਾਥੀ ਸੁਰਿੰਦਰ ਸ਼ਰਮਾ ਨੇ ਦੱਸਿਆ ਕਿ 1947 ਤੋਂ ਬਾਅਦ ਗੋਰੇ ਅੰਗਰੇਜਾਂ ਦੀ ਥਾਂ ਤੇ ਕਾਲੇ ਅੰਗਰੇਜ਼ਾਂ ਨੇ ਰਾਜ ਗੱਦੀ ਸੰਭਾਲੀ ਅਤੇ ਸਾਮਰਾਜ ਨਾਲ ਸਮਝੌਤਾ ਕਰਕੇ ਸਰਮਾਏਦਾਰੀ ਪ੍ਰਬੰਧ ਸਿਰਜਿਆ। ਡਾ. ਸੁਖਦੇਵ ਭੂੰਦੜੀ ਨੇ ਦੱਸਿਆ ਕਿ ਕਿਵੇਂ 1947 ਵਿਚ ਭਾਰਤੀ ਹਾਕਮਾਂ ਨੇ ਸੱਤਾ ਸੰਭਾਲੀ ਅਤੇ ਸਰਮਾਏਦਾਰੀ ਦਾ ਨਿਰਮਾਣ ਕੀਤਾ? ਅੱਜ ਦੇ ਭਾਰਤੀ ਹਾਕਮ ਸਾਮਰਾਜ ਨਾਲ ਯਾਰੀ ਪਾਕੇ ਮਜ਼ਦੂਰਾਂ, ਗਰੀਬ ਕਿਸਾਨਾਂ, ਨੌਜਵਾਨਾਂ ਅਤੇ ਔਰਤਾਂ ਦੀ ਲੁੱਟ ਖਸੁੱਟ ਕਰ ਰਹੇ ਹਨ। ਅੱਜ ਦੋ ਭਾਰਤ ਇੱਕ ਕਿਰਤੀ ਲੋਕਾਂ ਦਾ ਭਾਰਤ ਅਤੇ ਦੂਜਾ ਸਰਮਾਏਦਾਰਾਂ ਦਾ ਭਾਰਤ ਹੋਂਦ ਵਿਚ ਆ ਚੁੱਕਾ ਹੈ। ਅੱਜ ਸਿਰਫ ਮਜ਼ਦੂਰ ਜਮਾਤ ਦੀ ਅਗਵਾਈ ਵਿੱਚ ਇਨਕਲਾਬੀ ਕਮਿਊਨਿਸਟ ਪਾਰਟੀ ਦੁਆਰਾ ਇਨਕਲਾਬ ਕਰਕੇ ਮਜ਼ਦੂਰਾਂ,ਗਰੀਬ ਕਿਸਾਨਾਂ ਲਈ ਸਮਾਜਵਾਦ ਉਸਾਰ ਕੇ ਭਲਾ ਹੋ ਸਕਦਾ ਹੈ। ਫਿਰ ਉਹਨਾਂ ਆਰ. ਐਸ. ਐਸ ਦੀਆਂ ਕੱਟੜ ਹਿੰਦੂਤਵਵਾਦੀ ਨੀਤੀਆਂ ਬਾਰੇ ਦੱਸਿਆ। ਅੰਤ ਵਿੱਚ ਸਵਾਲ ਵੀ ਕੀਤੇ ਗਏ ਜਿਨ੍ਹਾਂ ਦੇ ਜਵਾਬ ਦਲੀਲਬਾਜ਼ੀ ਨਾਲ ਦਿੱਤੇ ਗਏ। ਅੱਗੇ ਵਾਸਤੇ ਵੀ ਅਜਿਹੇ ਪ੍ਰੋਗਰਾਮ ਕਰਨ ਦਾ ਵਾਅਦਾ ਕੀਤਾ। ਇਸ ਸਮੇਂ ਅਕਾਸ਼ ਭੂਮਾਲ, ਯੋਗੇਸ਼ ਗੋਇਲ, ਜਗਦੀਸ਼ ਭੂੰਦੜੀ, ਰਣਵੀਰ ਗੋਰਾਹੂਰ, ਮੁਕੇਸ਼ ਗਰਗ, ਜਸਪਾਲ ਗੋਰਾਹੂਰ, ਚਿਮਨ ਭੂੰਦੜੀ, ਜਸਵੀਰ ਲੀਹਾਂ, ਮੇਜਰ ਸਿੰਘ ਫੌਜੀ, ਅਸ਼ੋਕ ਕੁਮਾਰ, ਸੁਖਵਿੰਦਰ ਹੰਬੜਾ, ਲਾਲ ਸਿੰਘ ਆਦਿ ਸ਼ਾਮਲ ਸਨ।

# ਚੰਡੀਗੜ੍ਹ ਅਤੇ ਮੋਦੀ ਦੇ 'ਸਮਾਰਟ ਸਿਟੀ' ਪ੍ਰੋਜੈਕਟ



ਅਮਨਦੀਪ

ਚੰਡੀਗੜ੍ਹ ਦੀ ਸੁਖਨਾ ਝੀਲ ਦੇ ਨਜ਼ਾਰਿਆਂ, ਸੈਕਟਰ 17 ਦੀਆਂ ਰੌਣਕਾਂ ਅਤੇ ਰੋਜ਼ ਗਾਰਡਨ ਦੀਆਂ ਬਹਾਰਾਂ ਦੀ ਚਰਚਾ ਅਕਸਰ ਹੀ ਪੰਜਾਬੀ ਗਾਣਿਆਂ ਵਿੱਚ ਹੁੰਦੀ ਹੈ। ਅਜਿਹੇ ਗੀਤ ਚੰਡੀਗੜ੍ਹ ਵਿੱਚ ਧਨੀ ਪਰਿਵਾਰਾਂ ਦੇ ਕਾਕਿਆਂ ਦੀ ਅੱਯਾਸ਼ੀ ਦੇ ਗੋਗੇ ਗਾਉਂਦੇ ਹਨ। ਪਰ ਪੰਜਾਬੀ ਗਾਇਕੀ ਬਾਰੇ ਵਿਚਾਰ ਕਦੇ ਫੇਰ ਸਹੀ ਅੱਜ ਅਸੀਂ ਇਸ ਦੇ ਗੀਤਾਂ ਦਾ ਲੰਬੇ ਅਰਸੇ ਤੋਂ ਕੇਂਦਰ ਬਣੇ ਸ਼ਹਿਰ ਚੰਡੀਗੜ ਬਾਰੇ ਗੱਲ ਕਰਾਂਗੇ। ਮੈਨੂੰ ਅੱਜ ਵੀ ਯਾਦ ਹੈ ਪੰਜ ਸਾਲ ਪਹਿਲਾਂ ਮੈਂ ਜਦੋਂ ਪਹਿਲੀ ਵਾਰੀ ਚੰਡੀਗੜ ਪੜਨ ਲਈ ਆਇਆ ਸੀ। ਚੌੜੀਆਂ ਅਤੇ ਸਾਫ਼ ਸੁਥਰੀਆਂ ਸੜਕਾਂ, ਆਲੀਸ਼ਾਨ ਘਰ, ਤਾਜ਼ੀ ਅਤੇ ਸਾਫ਼ ਹਵਾ, ਹਰੇ-ਭਰੇ ਬਾਗ਼, ਸੜਕਾਂ ਦੇ ਆਸੇ-ਪਾਸੇ ਅਤੇ ਹੋਰ ਖ਼ਾਲੀ ਥਾਂ 'ਤੇ ਇਸ ਦੇ ਹੁਸਨ ਨੂੰ ਹੋਰ ਹਸੀਨ ਬਣਾਉਣ ਵਾਲੇ ਹਜ਼ਾਰਾਂ ਕਿਸਮਾਂ ਦੇ ਰੁੱਖ ਜਿਨਾਂ ਵਿਚੋਂ ਕਈ ਬਹਾਰ ਆਉਣ 'ਤੇ ਪੀਲੇ, ਜਾਮਨੀ, ਚਿੱਟੇ, ਲਾਲ, ਗੁਲਾਬੀ, ਰੰਗ-ਬਰੰਗੇ ਫੁੱਲਾਂ ਨਾਲ ਖਿੜ ਉੱਠਦੇ। ਕਦੇ-ਕਦੇ ਇਸ ਦੇ ਸੁਹੱਪਣ ਨੂੰ ਨਿਹਾਰਨ ਦਾ ਜੀ ਚਾਹੁੰਦਾ। ਆਮ ਸ਼ਹਿਰਾਂ ਵਾਂਗ ਇੱਥੇ ਭੀੜ-ਭੜੱਕਾ ਅਤੇ ਰੌਲ਼ਾ-ਰੱਪਾ ਵੀ ਨਹੀਂ ਹੈ। ਬੱਸ ਕਦੇ-ਕਦੇ ਬੁਲਟ ਵਾਲੇ ਕਾਕੇ ਪਟਾਕਿਆਂ ਨਾਲ ਸ਼ਾਂਤੀ ਭੰਗ ਕਰਦੇ ਤਾਂ ਉਨਾਂ 'ਤੇ ਤਲਖ਼ੀ ਆਉਂਦੀ ਹੈ, ਉਂਝ ਇੱਥੇ ਕਾਫ਼ੀ ਸਕੂਨ ਭਰਿਆ ਜੀਵਨ ਹੈ। ਹਸਪਤਾਲਾਂ-ਸਕੂਲਾਂ, ਬਿਜਲੀ-ਪਾਣੀ, ਰਾਤ ਨੂੰ ਸੜਕਾਂ ਤੇ ਰੌਸ਼ਨੀ, ਆਵਾਜਾਈ ਦੇ ਸਾਧਨ, ਇੱਥੇ ਸਭ ਸਹੂਲਤਾਂ ਦਾ ਵੀ ਚੰਗਾ ਪ੍ਰਬੰਧ ਹੈ। ਇਸ ਖ਼ੂਬਸੂਰਤ ਸ਼ਹਿਰ ਨੇ ਇੱਕ ਦਮ ਮਨ ਨੂੰ ਭਾਅ ਲਿਆ ਸੀ। ਇੰਝ ਲੱਗਦਾ ਕਿ ਇਹ ਸ਼ਹਿਰ ਕਿੰਨੇ ਰੀਝਾਂ ਨਾਲ ਬਣਾਇਆ ਹੋਇਆ ਹੈ, ਇੱਥੇ ਕਿਸੇ ਚੀਜ਼ ਦੀ ਕਮੀ ਨਹੀਂ ਜਾਪਦੀ।

ਜਦੋਂ ਕਦੇ ਚੰਡੀਗੜ੍ਹ ਤੋਂ ਬਾਹਰ ਆਉਣਾ-ਜਾਣਾ ਹੁੰਦਾ ਹੈ ਤਾਂ ਇਸ ਟਾਪੂ ਦੀਆਂ ਹੱਦਾਂ ਸਾਫ਼ ਦਿਖਾਈ ਦਿੰਦੀਆਂ ਹਨ। ਲੁਧਿਆਣਾ, ਜਲੰਧਰ ਜਾਂਦੇ ਹੋਏ ਵੇਰਕਾ ਚੌਂਕ ਲੰਘਦੇ ਹੀ ਇਹ ਸੁੱਖ-ਸੁਵਿਧਾ ਵਾਲ਼ਾ ਜੀਵਨ ਪਿੱਛੇ ਛੁੱਟ ਜਾਂਦਾ ਹੈ ਅਤੇ ਸਭ ਕੁੱਝ ਘੜਮੱਸ ਭਰਿਆ ਤੇ ਬੇਤਰਤੀਬ ਲੱਗਦਾ ਹੈ। ਪਟਿਆਲਾ, ਦਿੱਲੀ ਜਾਂਦੇ ਹੋਏ ਟ੍ਰਿਬਿਊਨ ਚੌਕ ਟੱਪਦੇ ਹੀ ਮਨ ਬੇਚੈਨ ਜਿਹਾ ਹੋਣ ਲੱਗਦਾ ਹੈ। ਇੱਕ ਅਦਿੱਖ ਲਕੀਰ ਹੈ ਜਿਸ ਦੇ ਇੱਕ ਪਾਸੇ ਸਭ ਸਹੂਲਤਾਂ ਤੇ ਦੂਜੇ ਪਾਸੇ ਬਿਜਲੀ, ਪਾਣੀ ਦੀ ਸਪਲਾਈ, ਪਾਣੀ ਦਾ ਨਿਕਾਸ, ਸੜਕਾਂ, ਹਰ ਬੁਨਿਆਦੀ ਚੀਜ਼ ਵੀ ਖਸਤਾ ਹਾਲ ਹੈ। ਆਖ਼ਰ ਬਾਕੀ ਸ਼ਹਿਰਾਂ ਤੇ ਪਿੰਡਾਂ ਨੂੰ ਕਿਉਂ ਨਹੀਂ ਚੰਡੀਗੜ੍ਹ ਵਾਂਗ ਸੰਵਾਰਿਆ ਜਾਂਦਾ? ਬਾਕੀ ਇਲਾਕਿਆਂ ਦੀ ਗ਼ਰੀਬੀ ਤੇ ਕੰਗਾਲੀ ਵੇਖ ਕੇ ਇਹ ਸਵਾਲ ਸਹਿਜੇ ਹੀ ਜ਼ਿਹਨ ਵਿੱਚ ਉੱਠਦੇ ਹਨ।

ਚੰਡੀਗੜ੍ਹ ਵਿੱਚ ਵੀ ਪਹਿਲਾਂ ਆਮ ਜੀਵਨ ਦੇ ਬਦਹਾਲੀ ਭਰੇ ਕੁੱਝ ਦਿਲ ਟੁੰਬਵੇਂ ਦ੍ਰਿਸ਼ ਹੁੰਦੇ ਸਨ। ਪਰ ਹੁਣ ਇਹ ਸਭ ਚੰਡੀਗੜ੍ਹ ਵਿਚੋਂ ਖ਼ਤਮ ਹੋ ਰਿਹਾ ਹੈ। ਮੈਨੂੰ ਯਾਦ ਹੈ, 43 ਸੈਕਟਰ ਦੇ ਬੱਸ ਅੱਡੇ ਨੇੜੇ ਇੱਕ ਮਜ਼ਦੂਰਾਂ ਦੀ ਬਸਤੀ ਸੀ ਜਿਸ ਨੂੰ '5 ਨੰਬਰ ਕਲੋਨੀ' ਕਿਹਾ ਜਾਂਦਾ ਸੀ। ਇਹ ਉਨ੍ਹਾਂ ਮਜ਼ਦੂਰਾਂ ਦੀ ਬਸਤੀ ਸੀ ਜਿਨ੍ਹਾਂ ਨੇ ਚੰਡੀਗੜ੍ਹ ਸ਼ਹਿਰ ਦੀ ਉਸਾਰੀ ਕੀਤੀ ਹੈ। ਉਹ ਰੋਜ਼ਾਨਾ ਇਸ ਸ਼ਹਿਰ ਦਾ ਹਜ਼ਾਰਾਂ ਟਨ ਕੂੜਾ ਬਾਹਰ ਢੋ ਕੇ ਸ਼ਹਿਰ ਸਾਫ਼ ਕਰਦੇ, ਤਾਜ਼ੇ ਫਲ, ਸਬਜ਼ੀਆਂ ਘਰਾਂ ਵਿੱਚ ਢੋਂਦੇ, ਰਿਕਸ਼ਿਆਂ, ਆਟੋਆਂ ਵਿੱਚ ਲੋਕਾਂ ਨੂੰ ਢੋਂਦੇ, ਕੋਠੀਆਂ ਵਿੱਚ ਸਫ਼ਾਈ ਕਰਦੇ, ਦੁਕਾਨਾਂ 'ਤੇ ਕੰਮ ਕਰਦੇ, ਦਿਹਾੜੀਆਂ ਕਰਦੇ, ਰੇੜੀ-ਫੜੀ ਲਾਉਂਦੇ, ਇਸ ਸ਼ਹਿਰ ਦੀਆਂ ਲੋੜਾਂ ਪੂਰੀਆਂ ਕਰਦੇ ਤੇ ਇਸ ਨੂੰ ਚਲਾਉਂਦੇ ਹਨ। ਕਿਸੇ ਤਰਾਂ ਉਨਾਂ ਨੇ ਇੱਟ-ਇੱਟ ਜੋੜ ਕੇ ਆਪਣੀਆਂ ਕੁੱਲੀਆਂ ਬਣਾਈਆਂ ਸਨ। ਪਰ ਇੱਥੇ ਚੰਡੀਗੜ੍ਹ ਦੇ ਬਾਕੀ ਸੈਕਟਰਾਂ ਵਾਂਗ ਕੋਈ ਸਹੂਲਤਾਂ ਨਹੀਂ ਸਨ। ਕਦੇ-ਕਦੇ ਆਟੋ-ਰਿਕਸ਼ੇ ਵਿੱਚ ਕਲੋਨੀ ਨੇੜਲੀ ਸੜਕ ਤੋਂ ਦੀ ਲੰਘਣਾ ਪੈਂਦਾ ਤਾਂ ਸਾਰੇ ਯਾਤਰੀਆਂ ਨੂੰ ਗੰਦੀ ਬਦਬੂ ਨਾਲ ਘੁਟਨ ਹੋਣ ਲਗਦੀ ਸੀ ਅਤੇ ਸਾਰੇ ਨੱਕ 'ਤੇ ਰੁਮਾਲ ਰੱਖ ਕੇ ਥੋੜਾ ਦੇਰ ਔਖਾ ਸਾਹ ਲੈਂਦੇ ਸੀ। ਪਰ ਹੁਣ ਓਥੋਂ ਲੰਘਣ 'ਤੇ ਨੱਕ ਨਹੀਂ ਢਕਣਾ ਪੈਂਦਾ। ਚੰਡੀਗੜ੍ਹ ਪ੍ਰਸ਼ਾਸਨ ਨੇ ਹੁਣ ਇਸ 'ਗੰਦਗੀ' ਨੂੰ 'ਸਾਫ਼' ਕਰ ਦਿੱਤਾ ਹੈ। ਸਿਰਫ਼ ਇਹੀ ਨਹੀਂ 5 ਨੰਬਰ ਕਾਲੋਨੀ ਵਰਗੀਆਂ ਜੋ ਹੋਰ ਕਈ ਬਸਤੀਆਂ ਸੀ ਉਨਾਂ ਵਿਚੋਂ ਜ਼ਿਆਦਾਤਰ ਦਾ ਚੰਡੀਗੜ ਵਿੱਚੋਂ ਸਫ਼ਾਇਆ ਕੀਤਾ ਜਾ ਚੁੱਕਾ ਹੈ। ਦਸੰਬਰ ਦੀ ਇੱਕ ਕੜਾਕੇ ਦੀ ਠੰਢ ਵਾਲ਼ੀ ਸਵੇਰ ਜਦੋਂ ਲੋਕ ਸੂਰਜ ਚੜਨ ਦੀ ਉਡੀਕ ਕਰ ਰਹੇ ਸੀ ਉਦੋਂ ਉਨਾਂ ਦੀਆਂ ਝੁੱਗੀਆਂ ਉੱਤੇ ਬੁਲਡੋਜ਼ਰ ਚਾੜ ਦਿੱਤੇ ਗਏ। ਪੁਲਸ ਨੇ ਬੈਰੀਕੇਡ ਲਾਕੇ ਬੇਘਰੇ ਲੋਕਾਂ ਨੂੰ ਆਸ-ਪਾਸ ਦੇ ਪਿੰਡਾਂ ਵਿੱਚ ਪਨਾਹ ਲੈਣ ਤੋਂ ਵੀ ਰੋਕਿਆ। ਹਜ਼ਾਰਾਂ ਲੋਕ ਆਪਣੇ ਬੱਚਿਆਂ ਸਮੇਤ ਦੋ-ਚਾਰ ਰਾਤਾਂ ਸੜਕਾਂ 'ਤੇ ਕੱਟ ਕੇ ਕੋਈ ਹੀਲਾ ਨਾ ਹੁੰਦਾ ਵੇਖ ਸ਼ਹਿਰ ਛੱਡ ਕੇ ਜਾਣ ਲਈ ਮਜ਼ਬੂਰ ਹੋ ਗਏ। ਅਸਲ ਵਿੱਚ ਹੁਣ ਜਦੋਂ ਸ਼ਹਿਰ ਉੱਸਰ ਗਿਆ ਹੈ ਤਾਂ ਪਹਿਲਾਂ ਆਪ ਹੀ ਲੋੜ ਵਿੱਚੋਂ ਵਸਾਈ ਹਜ਼ਾਰਾਂ ਦੀ ਮਜ਼ਦੂਰ ਅਬਾਦੀ ਦੀ ਹੁਣ ਇਹਨਾਂ ਨੂੰ ਲੋੜ ਨਹੀਂ। ਦੂਜੀ ਗੱਲ ਇਹ ਹੈ ਕਿ ਜਿਸ ਉਜਾੜ ਜ਼ਮੀਨ 'ਤੇ ਉਹ ਵਸੇ ਸੀ ਸ਼ਹਿਰ ਦੀ ਉਸਾਰੀ ਤੋਂ ਬਾਅਦ ਉਸ ਦੀ ਕੀਮਤ ਹੁਣ ਅਰਬਾਂ ਦੀ ਹੋ ਗਈ ਹੈ ਜਿੱਥੇ ਹੁਣ ਆਲੀਸ਼ਾਨ ਇਮਾਰਤਾਂ ਉਸਾਰੀਆਂ ਜਾਣਗੀਆਂ। ਇਸ ਲਈ ਉਨਾਂ ਨੂੰ ਰਿਹਾਇਸ਼ ਦੇ ਸਾਰੇ ਸਰਕਾਰੀ ਕਾਗ਼ਜ਼ਾਤ ਹੋਣ ਦੇ ਬਾਵਜੂਦ ਵੀ ਗੈਰ ਕਨੂੰਨੀ ਕਬਜ਼ਾ ਕਹਿਕੇ ਉਜਾੜ ਦਿੱਤਾ ਗਿਆ। ਜਿੰਨੀ ਕ ਮਜ਼ਦੂਰ ਅਬਾਦੀ ਦੀ ਸ਼ਹਿਰ ਨੂੰ ਲੋੜ ਹੈ ਉਨੀ ਕ ਅਬਾਦੀ ਨੂੰ ਪ੍ਰਸ਼ਾਸਨ ਨੇ ਆਪਣਾ ਦਿਆਲੂ ਪੁਣਾ ਦਿਖਾਉਂਦੇ ਹੋਏ ਚੰਡੀਗੜ ਦੇ ਸੈਕਟਰਾਂ ਦੀਆਂ ਹੱਦਾਂ ਤੋਂ ਦੂਰ ਚਾਰਦੀਵਾਰੀ ਕਰਕੇ ਇੱਕ ਕਾਲੋਨੀ ਦੇ ਦਿੱਤੀ ਹੈ ਜਿੱਥੇ ਚਾਰ ਮੰਜ਼ਲਾਂ ਇਮਾਰਤਾਂ ਵਿੱਚ 8-10 ਜੀਆਂ ਦੇ ਪਰਵਾਰਾਂ ਨੂੰ 8-10 ਫੁੱਟ ਦੇ ਖੁੱਡੇ ਕਿਰਾਏ 'ਤੇ ਦੇ ਦਿੱਤੇ ਗਏ ਹਨ। ਮਜ਼ਦੂਰਾਂ ਦੀਆਂ ਬਸਤੀਆਂ ਸ਼ਾਇਦ ਇਸ ਸ਼ਹਿਰ ਦੀ ਤਾਜ਼ੀ ਹਵਾ ਦੂਸ਼ਿਤ ਕਰਦੀਆਂ ਸਨ, ਉਨਾਂ ਦੀਆਂ ਨੰਗੀਆਂ ਇੱਟਾਂ ਵਾਲੀਆਂ ਇਮਾਰਤਾਂ ਨਾਲ ਚੰਡੀਗੜ ਦਾ ਸ਼ਿੰਗਾਰ ਫਿੱਕਾ ਪੈ ਜਾਂਦਾ ਸੀ। ਖ਼ਬਰੇ ਤਾਂਹੀਓਂ ਉਨਾਂ ਲਈ ਇੱਥੇ ਕੋਈ ਜਗਾ ਨਹੀਂ ਹੈ। ਸੱਚਮੁੱਚ, ਇਹ ਸ਼ਹਿਰ ਬਹੁਤ ਰੀਝਾਂ ਨਾਲ਼ ਬਣਾਇਆ ਹੋਇਆ ਹੈ।

ਪਰ ਉਹ ਆਮ ਲੋਕ ਜਿਨਾਂ ਲਈ ਇਸ ਸ਼ਹਿਰ ਵਿਚ ਕੋਈ ਜਗਾ ਨਹੀਂ ਹੈ ਉਨ੍ਹਾਂ ਲਈ ਵਿਕਾਸ ਕਦੋਂ ਹੋਵੇਗਾ? 2014 ਵਿੱਚ ਦੇਸ਼ ਦੇ ਆਮ ਲੋਕਾਂ ਨੇ ਵਿਕਾਸ ਦੇ ਵਾਅਦਿਆਂ 'ਤੇ ਭਰੋਸਾ ਕਰ ਕੇ ਭਾਜਪਾ ਨੂੰ ਵੋਟਾਂ ਪਾਈਆਂ। 3 ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਅਤੇ ਵਿਕਾਸ ਦੇ ਹਾਲੇ ਵੀ ਦਾਅਵੇ ਹੋ ਰਹੇ ਹਨ। ਪਰ ਇਹ ਵਿਕਾਸ ਕਿਸ ਦਾ ਹੈ? ਮੋਦੀ ਸਰਕਾਰ ਨੇ ਸੱਤਾ ਸਾਂਭਦੇ ਹੀ 'ਸਮਾਰਟ ਸਿਟੀ' ਸਬੰਧੀ ਪ੍ਰੋਜੈਕਟ ਦਾ ਉਦਘਾਟਨ ਕੀਤਾ ਸੀ। ਦੇਸ਼ ਦੇ 59 ਸ਼ਹਿਰਾਂ ਨੂੰ ਇਸ ਪ੍ਰੋਜੈਕਟ ਵਿੱਚ ਸ਼ਾਮਲ ਕੀਤਾ ਗਿਆ ਜਿਸ ਵਿੱਚ ਚੰਡੀਗੜ੍ਹ ਵੀ ਸ਼ਾਮਲ ਹੈ। ਮੋਦੀ ਦੇ ਸਮਾਰਟ ਸਿਟੀ ਵਿੱਚ ਸਾਫ਼-ਸਫ਼ਾਈ ਦਾ ਪੂਰਾ ਪ੍ਰਬੰਧ, ਚੌਵੀ ਘੰਟੇ ਬਿਜਲੀ-ਪਾਣੀ, ਚੌੜੀਆਂ ਤੇ ਸੋਹਣੀਆਂ ਸੜਕਾਂ, ਸੀਵਰੇਜ ਨਿਕਾਸੀ ਦਾ ਪ੍ਰਬੰਧ, ਸਮਾਰਟ ਟਰਾਂਸਪੋਰਟ, ਟਰੈਫ਼ਿਕ ਅਤੇ ਸਟਰੀਟ ਲਾਈਟਾਂ, ਝੁੱਗੀਆਂ-ਝੌਂਪੜੀਆਂ ਦਾ ਸਫ਼ਾਇਆ, ਨਿਵਾਸੀਆਂ ਨੂੰ ਪੂਰੇ ਸਮਾਰਟ ਸਿਟੀ ਵਿੱਚ ਵਾਈਫਾਈ ਇੰਟਰਨੈੱਟ ਦੀ ਸੁਵਿਧਾ, ਸਕੂਲ, ਕਾਲਜ, ਯੂਨੀਵਰਸਿਟੀਆਂ, ਹਸਪਤਾਲ, ਥੀਏਟਰ, ਪਾਰਕ ਆਦਿ ਹਰ ਤਰਾਂ ਦੀ ਸੁਵਿਧਾ ਹਾਸਲ ਹੋਵੇਗੀ।

ਉਂਝ ਤਾਂ ਚੰਡੀਗੜ੍ਹ ਵਿੱਚ ਲਗਭਗ ਇਹ ਸਾਰੀਆਂ ਸਹੂਲਤਾਂ ਪਹਿਲਾਂ ਹੀ ਉਪਲਬਧ ਹਨ। ਕੁੱਝ ਚੀਜ਼ਾਂ ਤਾਂ ਲੋੜ ਤੋਂ ਵੱਧ ਹੀ ਹਨ। ਜਿਵੇਂ ਕਿ ਚੰਡੀਗੜ ਵਿੱਚ ਸਵੇਰੇ ਸ਼ਾਮ ਪਾਣੀ ਦੀ ਸਪਲਾਈ ਹੁੰਦੀ ਹੈ ਜਿਸ ਕਾਰਨ ਕੁਲੀਨ ਸੈਕਟਰਾਂ ਵਿੱਚ ਰੋਜ਼ਾਨਾ ਪ੍ਰਤੀ ਵਿਅਕਤੀ 1000 ਲੀਟਰ ਤੋਂ ਵੱਧ ਪਾਣੀ ਇਸਤੇਮਾਲ ਹੁੰਦਾ ਹੈ। ਇਹ ਪੀਣ ਵਾਲ਼ੇ ਪਾਣੀ ਦੀ ਦੁਰਵਰਤੋਂ ਲਾਅਨ ਅਤੇ ਬਾਗ਼ਾਂ ਦੀ ਸਿੰਚਾਈ ਲਈ ਅਤੇ ਗੱਡੀਆਂ ਧੋਣ ਲਈ ਕੀਤੀ ਜਾਂਦੀ ਹੈ। ਅਤੇ ਆਮ ਸੈਕਟਰਾਂ ਵਿੱਚ ਪ੍ਰਤੀ ਵਿਅਕਤੀ 400 ਲੀਟਰ ਪਾਣੀ ਦੀ ਖਪਤ ਕੀਤੀ ਜਾਂਦੀ ਹੈ। ਹਾਲੇ ਇਸ ਨੂੰ ਪਾਣੀ ਦੀ ਕਿੱਲਤ ਦੱਸਿਆ ਜਾਂਦਾ ਹੈ। ਜਦਕਿ ਸ਼ਹਿਰ ਦੀ ਪ੍ਰਤੀ ਵਿਅਕਤੀ ਘਰੇਲੂ ਲੋੜ 252 ਲੀਟਰ ਹੈ। ਹੁਣ ਹੋਰ ਪਾਣੀ ਹਾਸਲ ਕਰ ਕੇ ਕੁੱਝ ਸੈਕਟਰਾਂ ਵਿੱਚ ਚੌਵੀ ਘੰਟੇ ਸਪਲਾਈ ਕੀਤਾ ਜਾਵੇਗਾ। ਇਹ CPHEEO (Central Public Health Engineering and Environment Organisation) ਦੇ ਨਿਯਮ ਦੀ ਉਲੰਘਣਾ ਹੈ ਜਿਸ ਮੁਤਾਬਿਕ ਪ੍ਰਤੀ ਵਿਅਕਤੀ 135 ਲੀਟਰ ਪਾਣੀ ਨਿਰਧਾਰਿਤ ਹੈ।


ਚੌਵੀ ਘੰਟੇ ਬਿਜਲੀ, ਸੀਵਰੇਜ ਸਿਸਟਮ, ਸੜਕਾਂ, ਟਰੈਫ਼ਿਕ ਅਤੇ ਸਟਰੀਟ ਲਾਈਟਾਂ, ਪਾਰਕਾਂ, ਹਰ ਪ੍ਰਬੰਧ ਮੌਜੂਦ ਹੈ। ਜ਼ਿਆਦਾਤਰ ਸੈਕਟਰਾਂ ਵਿਚ ਇੱਕ ਤੋਂ ਵੱਧ ਚੰਗੇ ਸਰਕਾਰੀ ਸਕੂਲ, ਜਿਨਾਂ ਤੋਂ ਇਲਾਵਾ ਦਰਜਨਾਂ ਮਹਿੰਗੇ ਪ੍ਰਾਈਵੇਟ ਸਕੂਲ ਵੀ ਹਨ। ਉੱਚ ਸਿੱਖਿਆ ਲਈ ਪੰਜਾਬ ਯੂਨੀਵਰਸਿਟੀ ਅਤੇ ਦਰਜਨਾਂ ਕਾਲਜ, ਸਿਹਤ ਸਹੂਲਤਾਂ ਲਈ ਆਮ ਡਿਸਪੈਂਸਰੀਆਂ ਤੋਂ ਇਲਾਵਾ ਤਿੰਨ ਵੱਡੇ ਸਰਕਾਰੀ ਹਸਪਤਾਲ ਹਨ। ਹਾਲਾਂਕਿ ਦੂਰ-ਦੁਰਾਡੇ ਖੇਤਰਾਂ ਤੋਂ ਵੀ ਲੋੜਵੰਦ ਲੋਕਾਂ ਦੀ ਆਮਦ ਹੋਣ ਕਰ ਕੇ ਇਹਨਾਂ ਸੰਸਥਾਵਾਂ ਵਿਚ ਸਹੂਲਤਾਂ ਕੁੱਝ ਔਖੀਆਂ ਮਿਲਦੀਆਂ ਹਨ ਅਤੇ ਇਹਨਾਂ ਵਿੱਚ ਸੁਧਾਰ ਦੀ ਲੋੜ ਹੈ। ਪਰ ਸਮਾਰਟ ਸਿਟੀ ਪ੍ਰੋਜੈਕਟ ਦਾ ਇਹਨਾਂ ਅਸਲ ਲੋੜਾਂ ਪ੍ਰਤੀ ਕੋਈ ਸਰੋਕਾਰ ਨਹੀਂ ਹੈ। ਫੇਰ ਆਖ਼ਰ ਕਿਹੜੀਆਂ 'ਸਮਾਰਟ' ਸਹੂਲਤਾਂ ਦੇ ਲਈ ਹਜ਼ਾਰਾਂ ਕਰੋੜਾਂ ਰੁਪਏ ਖ਼ਰਚ ਕੀਤੇ ਜਾਣਗੇ ਅਤੇ ਇਸ ਦਾ ਲਾਭ ਕਿਸ ਨੂੰ ਹੋਵੇਗਾ?

ਕਿਹਾ ਜਾ ਰਿਹਾ ਹੈ ਕਿ ਚੰਡੀਗੜ ਨੂੰ 'ਸਮਾਰਟ ਸਿਟੀ' ਬਣਾਉਣ ਦੇ ਲਈ 5,856.75 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਇਹ ਖਰਚਾ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਪਹਿਲਾ ਹੈ 'ਇਲਾਕਾ ਅਧਾਰਤ ਵਿਕਾਸ' ਜਿਸ ਤਹਿਤ ਸ਼ਹਿਰ ਦਾ ਇੱਕ ਖ਼ਾਸ ਅਤੇ ਛੋਟਾ ਜਿਹਾ ਇਲਾਕਾ ਵਿਕਾਸ ਲਈ ਚੁਣਿਆ ਗਿਆ ਹੈ ਅਤੇ ਦੂਜਾ ਹਿੱਸਾ ਹੈ 'ਪੂਰੇ ਸ਼ਹਿਰ ਦਾ ਵਿਕਾਸ'। ਮੋਦੀ ਦੇ ਹਰ ਸਮਾਰਟ ਸਿਟੀ ਪ੍ਰੋਜੈਕਟ ਵਿੱਚ ਹਜ਼ਾਰਾਂ ਕਰੋੜਾਂ ਦੇ ਫ਼ੰਡਾਂ ਦਾ 90% ਤੋਂ ਵੱਧ ਹਿੱਸਾ 'ਇਲਾਕਾ ਅਧਾਰਤ ਵਿਕਾਸ' ਦੇ ਨਾਮ 'ਤੇ ਸ਼ਹਿਰ ਦੇ 3% ਤੋਂ ਵੀ ਘੱਟ ਇਲਾਕੇ 'ਤੇ ਕੀਤਾ ਜਾ ਰਿਹਾ ਹੈ। ਦਰਅਸਲ ਇਹ ਸਾਰੇ ਸਮਾਰਟ ਬਣਨ ਜਾ ਰਹੇ ਸ਼ਹਿਰ ਪਹਿਲਾਂ ਹੀ ਬਹੁਤ ਵਿਕਸਿਤ ਹਨ ਅਤੇ ਇਹਨਾਂ ਦੇ ਵੀ ਸਿਰਫ਼ ਉਹੀ ਛੋਟੇ ਜਿਹੇ ਇਲਾਕੇ ਹੀ ਸਮਾਰਟ ਬਣਨਗੇ ਜਿੱਥੇ ਪਹਿਲਾਂ ਹੀ ਕਾਫ਼ੀ ਸਹੂਲਤਾਂ ਦਾ ਪ੍ਰਬੰਧ ਹੈ। ਇਹ ਇਲਾਕੇ ਧਨਾਢ ਅਤੇ ਉੱਚ-ਮੱਧਵਰਗੀ ਅਬਾਦੀ ਦੇ ਰਿਹਾਇਸ਼ ਅਤੇ ਅੱਯਾਸ਼ੀ ਦੇ ਅੱਡੇ ਹਨ। ਚੰਡੀਗੜ੍ਹ ਵਿੱਚ 'ਪੂਰੇ ਸ਼ਹਿਰ ਦਾ ਵਿਕਾਸ' ਯੋਜਨਾ ਲਈ ਸਿਰਫ਼ 201 ਕਰੋੜ ਰੁਪਏ ਵਰਤੇ ਜਾਣਗੇ। ਇਸ ਨਾਲ ਸਰਕਾਰੀ ਕਾਗ਼ਜ਼ੀ ਕੰਮ ਆਨਲਾਈਨ ਕਰਨਾ, ਕੈਮਰੇ ਲਾਉਣੇ ਅਤੇ ਸਮਾਰਟ ਟਰਾਂਸਪੋਰਟ ਚਲਾਉਣਾ (ਜੀ ਨਹੀਂ ਕੋਈ ਬਹੁਤਾ ਨਵਾਂ ਟਰਾਂਸਪੋਰਟ ਚਲਾਉਣਾ ਨਹੀਂ ਸਗੋਂ ਮੁੱਖ ਤੌਰ 'ਤੇ ਸਿਰਫ਼ ਚੱਲ ਰਹੇ ਨੂੰ 'ਸਮਾਰਟ' ਬਣਾਉਣਾ) ਹੈ। ਬਾਕੀ 5,655 ਕਰੋੜ 'ਇਲਾਕਾ ਅਧਾਰਤ ਵਿਕਾਸ' ਯੋਜਨਾ ਲਈ ਰਾਖਵਾਂ ਹੈ। ਇਸ ਦੇ ਤਹਿਤ ਚਾਰ ਸੈਕਟਰਾਂ (17, 22, 35, 43) ਵਿੱਚ ਬਿਜਲੀ, ਪਾਣੀ ਅਤੇ ਟਰਾਂਸਪੋਰਟ ਉੱਤੇ 722 ਕਰੋੜ ਖ਼ਰਚਿਆ ਜਾਵੇਗਾ। ਅਤੇ ਬਾਕੀ ਬਚਿਆ ਸਾਰਾ 4,932.5 ਕਰੋੜ ਸੈਕਟਰ 43 ਵਿੱਚ ਆਲੀਸ਼ਾਨ ਹੋਟਲ, ਕਾਫ਼ੀ ਹਾਊਸ, ਰੈਸਟੋਰੈਂਟ, ਆਰਟ ਗੈਲਰੀਆਂ, ਸ਼ਾਪਿੰਗ ਮੌਲ ਅਤੇ ਹੋਰ ਅੱਯਾਸ਼ੀ ਦੇ ਅੱਡੇ ਉਸਾਰਨ ਦੇ ਲਈ ਖ਼ਰਚਿਆ ਜਾਵੇਗਾ। ਮਤਲਬ ਕਿ 87% ਫ਼ੰਡ 0.87% ਇਲਾਕੇ ਲਈ। ਇਹ ਸੱਚਾਈ ਸਿਰਫ਼ ਚੰਡੀਗੜ ਦੀ ਨਹੀਂ ਹੈ, ਮੋਦੀ ਦੇ ਸਾਰੇ 'ਸਮਾਰਟ' ਸ਼ਹਿਰਾਂ ਦੀ ਇਹੋ ਕਹਾਣੀ ਹੈ। ਇੱਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਚੰਡੀਗੜ੍ਹ ਅਤੇ ਬਾਕੀ ਸ਼ਹਿਰਾਂ ਵਿਚ ਇਹ ਬੇਲੋੜਾ ਖਰਚਾ ਇਸ ਲਈ ਨਹੀਂ ਕੀਤਾ ਜਾ ਰਿਹਾ ਕਿਉਂਕਿ ਅਸਲ ਸੁਵਿਧਾਵਾਂ ਪਹਿਲਾਂ ਹੀ ਭਰਪੂਰ ਹਨ। ਉਂਝ ਤਾਂ ਇਹਨਾਂ ਚੁਣਵੇਂ ਸ਼ਹਿਰਾਂ ਨੂੰ ਛੱਡ ਕੇ ਹੋਰ ਸਾਰੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਨੂੰ ਬੁਨਿਆਦੀ ਸਹੂਲਤਾਂ ਦੀ ਵੀ ਬਹੁਤ ਘਾਟ ਹੈ ਜਿਸ ਨੂੰ ਸਰਕਾਰ ਨੇ ਬਿਲਕੁਲ ਅਣਡਿੱਠ ਕਰ ਕੇ ਰੱਬ ਆਸਰੇ ਛੱਡ ਦਿੱਤਾ ਹੈ। ਪਰ ਇਹਨਾਂ 'ਸਮਾਰਟ' ਬਣਾਏ ਜਾ ਰਹੇ ਸ਼ਹਿਰਾਂ ਦੇ ਵੀ ਜ਼ਿਆਦਾ ਇਲਾਕੇ ਅਤੇ ਆਮ ਲੋਕ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ। 'ਸਮਾਰਟ ਸਿਟੀ' ਆਮ ਲੋਕਾਂ ਲਈ ਹੈ ਹੀ ਨਹੀਂ, ਇਹ ਸਿਰਫ਼ ਅਮੀਰਾਂ ਨੂੰ ਇੱਕ ਹੋਰ ਸੌਗਾਤ ਹੈ। ਕੁੱਝ ਲੋਕ ਹਾਲੇ ਵੀ ਇਹ ਕਹਿੰਦੇ ਹਨ ਕਿ ਇਹਨਾਂ ਵਿਕਸਤ ਇਲਾਕਿਆਂ ਨੂੰ ਅਤਿ ਵਿਕਸਿਤ ਕਰ ਕੇ ਇਹਨਾਂ ਵਿਚੋਂ ਵਿਕਾਸ ਡੁੱਲਣ ਲੱਗ ਪਵੇਗਾ ਅਤੇ ਫਿਰ ਉਹ ਵਿਕਾਸ ਰਿਸ-ਰਿਸ ਕੇ ਆਮ ਲੋਕਾਂ ਤਕ ਆਵੇਗਾ। ਇਹ ਮੱਧਵਰਗੀ ਲੋਕਾਂ ਨੂੰ ਸਮਾਰਟ ਸਿਟੀ ਦੇ ਨਾਮ 'ਤੇ ਸਰਕਾਰ ਤੇ ਮੀਡੀਆ ਵੱਲੋਂ ਦਿਖਾਏ ਸੁਨਹਿਰੇ ਸੁਪਨਿਆਂ ਦਾ ਹੀ ਅਸਰ ਹੈ ਕਿ ਅਜਿਹੇ ਲੋਕ ਹਾਲੇ ਵੀ ਅੱਖਾਂ ਮੀਟ ਕੇ ਸੁੱਤੇ ਪਏ ਹਨ।

ਕੌਣ ਕਹਿੰਦਾ ਹੈ ਕਿ ਇਹ ਧਰਤੀ ਕੰਗਾਲ ਹੈ? ਗੱਲ ਸਿਰਫ਼ ਏਨੀ ਹੈ ਕਿ ਅੱਜ ਇਸ ਦਾ ਧਨ-ਦੌਲਤ ਇਸ ਦੇ ਜਾਇਆਂ ਲਈ ਨਹੀਂ ਹੈ। 'ਸਮਾਰਟ ਸਿਟੀ' ਪ੍ਰੋਜੈਕਟ ਰਾਹੀਂ ਜਨਤਾ ਦੇ ਲੱਖਾਂ-ਕਰੋੜਾਂ ਰੁਪਏ ਨਾਲ ਨਿੱਜੀ ਕੰਪਨੀਆਂ ਦੀ ਮਹਿੰਗੀ ਤਕਨੀਕ ਖ਼ਰੀਦ ਕੇ ਅੱਯਾਸ਼ੀ ਦੇ ਟਾਪੂਆਂ ਦੀ ਉਸਾਰੀ ਕਰਕੇ ਲੋਕਾਂ ਦਾ ਪੈਸਾ ਸਰਮਾਏਦਾਰਾਂ ਦੀਆਂ ਥਾਲ਼ੀਆਂ ਵਿੱਚ ਪਰੋਸਿਆ ਜਾ ਰਿਹਾ ਹੈ। ਇਸ ਨਾਲ ਆਮ ਲੋਕਾਂ ਅਤੇ ਪਰਜੀਵੀ ਜੋਕਾਂ ਵਿਚਲੀ ਖੱਡ ਹੋਰ ਡੂੰਘੀ ਹੋ ਰਹੀ ਹੈ। ਇਹ ਕੇਹਾ ਪ੍ਰਬੰਧ ਹੈ ਜਿੱਥੇ ਪਹਿਲਾਂ ਹੀ ਹਰ ਸ਼ੈਅ ਹੈ ਉੱਥੇ ਸਭ ਕੁੱਝ ਲੁਟਾਇਆ ਜਾ ਰਿਹਾ ਹੈ? ਅਤੇ ਇਸ ਧਰਤੀ ਨੂੰ ਧਨਵਾਨ ਬਣਾਉਣ ਵਾਲੇ ਲੋਕ, ਸੁੱਖ-ਸੁਵਿਧਾ ਅਤੇ ਅਮੀਰੀ ਦੇ ਟਾਪੂ ਆਪਣੇ ਹੱਥੀਂ ਉਸਾਰਨ ਵਾਲ਼ੇ ਲੋਕ ਆਪ ਗ਼ਰੀਬੀ ਦੇ ਮਹਾਂਸਾਗਰ ਵਿੱਚ ਕੰਗਾਲੀ ਦਾ ਸੰਤਾਪ ਹੰਢਾ ਰਹੇ ਹਨ।

# ਜਾਨਲੇਵਾ ਬ੍ਰੇਨ ਅਟੈਕ ਕਿਉਂ ਹੁੰਦਾ ਹੈ?

ਡਾ: ਅਜੀਤਪਾਲ ਸਿੰਘ ਐਮ.ਡੀ



ਅਚਾਨਕ ਤੁਹਾਡੇ ਗੁਆਂਢ ਵਿੱਚ ਕਿਸੇ ਜਵਾਨ ਔਰਤ ਦੀ ਮੌਤ ਹੋ ਜਾਂਦੀ ਹੈ। ਤੁਸੀ ਸੌਂਦੇਂ ਜਾਗਦੇ, ਉਠਦੇ ਬਹਿੰਦੇ ਇਹ ਸੋਚਦੇ ਰਹਿੰਦੇ ਹੋ ਕਿ ਕਿਤੇ ਉਸ ਨੇ ਆਤਮ ਹੱਤਿਆ ਤਾਂ ਨਹੀ ਕੀਤੀ ਹੈ। ਫਿਰ ਤੋਂ ਇਕ ਵਾਰੀ ਸੋਚੋ ਕਿ ਕਿਤੇ ਉਸ ਦਾ ਕੋਈ ਹੋਰ ਕਾਰਣ ਤਾਂ ਨਹੀਂ ਹੈ ਇਸ ਤਰ੍ਹਾਂ ਦਾ ਮੁੱਦਾ ਕਈ ਵਾਰੀ ਬਹੁਤ ਹੀ ਗੰਭੀਰ ਰੂਪ ਲੈਂ ਲੈਂਦਾ ਹੈ ਅਤੇ ਬੰਦੇ ਨੂੰ ਸੋਚਣ ਤੇ ਮਜ਼ਬੂਰ ਕਰ ਦਿੰਦਾ ਹੈ। ਦੇਖਿਆ ਜਾਵੇ ਤਾਂ ਇਹ ਇਕ ਤਰ੍ਹਾਂ ਨਾਲ ਬ੍ਰੇਨ ਅਟੈਕ ਵੀ ਹੋ ਸਕਦਾ ਹੈ। ਦੁਨੀਆਂ 'ਚ ਹਰ ਸਾਲ ਲਭਗਭ ਪੰਜ ਲੱਖ ਤੱਕ ਵਿਅਕਤੀ ਬ੍ਰੇਨ ਅਟੈਕ ਦੇ ਕਾਰਨ ਮਰ ਰਹੇ ਹਨ ਤੇ ਉਹਨਾਂ ਚੋ ਅੱਧੇ ਨੌਜਵਾਨ ਪੀੜਤ ਹਨ ਅਤੇ ਜਿਹਨਾਂ 'ਚੋ ਆਦਮੀਆ ਦੀ ਅਨੁਪਾਤ 3:2 ਹੈ ਅਤੇ ਬ੍ਰੇਨ ਅਟੈਕ ਦੀ ਮੁੱਖ ਵਜਾਹ ਹੈ ਦਿਮਾਗ ਤਕ ਸਹੀ ਢੰਗ ਨਾਲ ਬਲੱਡ ਸਪਲਾਈ ਨਾ ਹੋ ਸਕਣਾ। ਜੋ ਕਿਸੇ ਕਾਰਨ ਵਸ ਦਿਮਾਗ 'ਚ ਬਲੱਡ ਸਪਲਾਈ ਰੁੱਕ ਜਾਂਦੀ ਹੈ ਤਾਂ ਮਰੀਜ਼ ਅਕਸਰ ਬ੍ਰੇਨ ਅਟੈਕ ਦਾ ਸ਼ਿਕਾਰ ਹੋ ਸਕਦੇ ਹਨ। ਆਮ ਬੋਲਚਾਲ ਦੀ ਭਾਸ਼ਾ 'ਚ ਲਕਵਾ ਮਾਰ ਜਾਣਾ ਜਾ ਅਧਰੰਗ ਵੀ ਬ੍ਰੇਨ ਅਟੈਕ ਦਾ ਹੀ ਰੂਪ ਹਨ। ਕਈ ਵਾਰ ਅਜੇਹਾ ਵੀ ਵੇਖਿਆ ਗਿਆ ਹੈ ਕਿ ਬ੍ਰੇਨ ਅਟੈਕ ਦੇ ਲੱਛਣ ਬੰਦੇ ਨੂੰ ਨਹੀਂ ਦਿਸਦੇ ਹਨ ਜਿਸ ਨਾਲ ਉਹਨਾਂ ਦੀ ਅਣਦੇਖੀ ਹੋ ਜਾਂਦੀ ਹੈ। ਬ੍ਰੇਨ ਅਟੈਕ ਦੇ ਬਹੁਤ ਸਾਰੇ ਕੇਸ਼ਾਂ 'ਚ ਇਹ ਵੇਖਿਆ ਗਿਆ ਹੈ ਕਿ ਦਿਮਾਗ 'ਚ ਬਲੱਡ ਸਪਲਾਈ ਵਿਗੜ ਜਾਂਦੀ ਹੈ ਤੇ ਉਸ ਕਾਰਣ ਅਟੈਕ ਹੋ ਜਾਂਦਾ ਹੈ। ਬ੍ਰੇਨ ਅਟੈਕ 'ਚ ਜੋ ਬਹੁਤ ਹੀ ਆਮ ਜਗਾਹ ਹੁੰਦੀ ਹੈ, ਉਥੇ ਬ੍ਰੇਨ ਅਟੈਕ ਹੋ ਜਾਂਦਾ ਹੈ ਜੋ ਬਲੱਡ ਦੀਆਂ ਨਸ਼ਾ ਨਾਲ ਤਾਰਾਂ ਵਾਂਗੂ ਜੁੜੀ ਹੁੰਦੀ ਹੈ, ਉਸ ਨੂੰ ਸਰਕਲ ਆਫ ਵਿਗਸ ਵੀ ਕਹਿੰਦੇ ਹਨ। ਲਗਭਗ 35 ਸਾਲ ਦੀਆਂ ਔਰਤਾਂ ਨੂੰ ਇਸ ਦਾ ਖਤਰਾਂ ਵੱਧ ਬਣਿਆ ਰਹਿੰਦਾ ਹੈ। ਹਾਲਾਂ ਕਿ ਬਹੁਤ ਸਾਰੇ ਖੋਜ-ਪ੍ਰੀਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਔਰਤਾਂ ਚ ਮਰਦਾਂ ਦੀ ਤੁਲਨਾ ਵਿੱਚ ਦੁਗਣੀ ਤੇਜ਼ੀ ਨਾਲ ਬ੍ਰੇਨ ਅਟੈਕ ਹੋ ਰਿਹਾ ਹੈ। ਬਹੁਤ ਸਾਰੇ ਬ੍ਰੇਨ ਅਟੈਕ ਜੇ ਲੱਛਣ ਨਹੀਂ ਹੁੰਦੇ ਅਤੇ ਉਹ ਸਿਰਫ ਕਿਸੇ ਹੋਰ ਟੈਸਟ ਦੌਰਾਨ ਹੀ ਪਤਾ ਲੱਗ ਸਕਦੇ ਹਨ। ਖਾਸ ਕਰਕੇ ਅਸੰਭਧਿਤ ਹਾਲਤ 'ਚ ਬ੍ਰੇਨ ਅਟੈਕ 'ਚ ਬੰਦਾ ਹਮੇਸ਼ਾ ਸਿਰ ਦਰਦ ਨਾਲ ਪੀੜਤ ਰਹਿੰਦਾ ਹੈ।

**ਬ੍ਰੇਨ ਅਟੈਕ ਦੇ ਲੱਛਣ:-**

- ਸਿਰ ਦਰਦ ਦੇ ਨਾਲ ਹੀ ਜੀ ਕੱਚਾ ਹੋਣਾ ਜਾਂ ਉਲਟੀ, ਗਰਦਨ 'ਚ ਅਕੜਾਆ, ਪੱਠਿਆ 'ਚ ਕੰਮਜ਼ੋਰੀ, ਸਰੀਰ ਦੇ ਕਿਸੇ ਵੀ ਹਿੱਸੇ ਨੂੰ ਚਲਾਉਣ 'ਚ ਔਖ।
- ਨਜ਼ਰ 'ਚ ਫਰਕ ਪੈ ਜਾਣਾ।
- ਅੱਖ ਦੀ ਪਲਕ ਦਾ ਲਟਕਣਾ।
- ਸੁਸਤੀ, ਦੌਰਾ ਪੈਣਾ
- ਬੋਲਣ 'ਚ ਪ੍ਰੇਸ਼ਾਨੀ ਹੋਣੀ।
- ਇਸ ਤੋ ਇਲਾਵਾ ਅਜੇਹੇ ਹੀ ਬਹੁਤ ਸਾਰੇ ਲਛੱਣ ਹਨ ਜੋ ਆਪ ਰਕਤ ਵਹਿਨੀ ਪਰਤ ਨੂੰ ਕਮਜ਼ੋਰ ਕਰਦੇ ਹਨ। ਜਿਸ ਨਾਲ ਬ੍ਰੇਨ ਅਟੈਕ ਦਾ ਖਤਰਾ ਵਧ ਦਾ ਰਹਿੰਦਾ ਹੈ। ਬ੍ਰੇਨ ਅਟੈਕ ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਹੋਣਾ ਬਹੁਤ ਹੀ ਆਮ ਹੈ। ਨਾਲ ਹੀ ਇਹ ਕਦੀ ਵੀ ਕਿਸੇ ਨੂੰ ਵੀ ਹੈ ਸਕਦਾ ਹੈ। ਹੋਰ ਤਾਂ ਹੋਰ ਕਈ ਵਾਰ ਇਹ ਜਮਾਦੂਰ ਹੋ ਸਕਦੈ।

**ਔਰਤਾਂ 'ਚ ਬ੍ਰੇਨ ਅਟੈਕ ਵੱਧ ਹੋਣ ਦਾ ਕਾਰਣ:-**

ਇਸ ਖੇਤਰ 'ਚ ਮੌਤਾਂ ਦਰਦ ਦੀ ਗਿਣਤੀ ਕਾਫੀ ਦੇਖੀ ਜਾ ਰਹੀ ਹੈ। ਸਰਵੇ ਅਨੁਸਾਰ ਔਰਤਾ 'ਚ ਮਰਦ ਦੀ ਤੁਲਨਾ 'ਚ ਵੱਧ ਬ੍ਰੇਨ ਅਟੈਕ ਵੇਖਿਆ ਗਿਆ ਹੈ। ਜਿਸ ਨਾਲ ਸਾਡੇ ਸਾਹਮਣੇ ਸੁਆਲ ਇਹ ਹੈ ਕਿ ਆਖਰ ਔਰਤਾਂ 'ਚ ਇਸ ਦਾ ਖਤਰਾ ਵਧ ਕਿਉ ਦੇਖਿਆ ਜਾ ਰਿਹਾ। ਇਸ ਦਾ ਸੱਭ ਤੋ ਪਹਿਲਾ ਕਾਰਣ ਔਰਤਾਂ ਦੇ ਮੀਨੋਪਾਸ ਤੋਂ ਪਹਿਲਾ ਤੋਂ ਪਿਛੋਂ ਦੀ ਸਥਿਤੀ ਉਹਨਾਂ ਦੀ ਜਵਾਨੀ ਸਮੇਂ ਹਾਰਬਰ ਏਨੂਰਿਜ਼ਮ ਦੇ ਜੋੜ ਨੂੰ ਪ੍ਰਭਾਵਿਤ ਕਰਦਾ ਹੈ। ਕਈ ਖੋਜਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਇਸ ਦੇ ਇਕ ਕਾਰਣ ਚ ਇਸਟ੍ਰੋਜਨ ਵੀ ਕਾਫੀ ਹੱਦ ਤਕ ਜਿੰਮੇਵਾਰ ਹੈ। ਹਾਲਾਂ ਕਿ ਅਜੇ ਤਕ ਇਸ ਦਾ ਕੋਈ ਸਿੱਟਾ ਨਹੀਂ ਨਿਕਲ ਸਕਿਆ ਹੈ। ਪਰ ਇਸ ਦਾ ਸਿਰਫ ਇਕ ਹੀ ਕਾਰਣ ਪ੍ਰੀਖਣ ਪਿਛੋ ਨਿਕਲ ਕੇ ਆਉਦਾ ਹੈ ਅਤੇ ਉਹ ਹੈ ਇਸਟ੍ਰੋਜਨ ਤੇ ਏਨੀਰੁਜਿਮ ਦਾ ਸਾਫਤੋਰ ਤੇ ਇਕ ਦੂਜੇ ਨਾਲ ਜੁੜਿਆ ਸਬੰਧ ਦਾ ਹੋਣਾ। ਬਹੁਤ ਸਾਰੇ ਮਰੀਜ਼ ਲਗਭਗ 30ਫੀ ਸਦੀ ਦੇ ਕਰੀਬ ਇਸ ਤੋਂ ਨਹੀਂ ਬਚਦੇ। ਨਾਲ ਹੀ 50 ਫੀ ਸਦੀ ਤੋ ਵੱਧ ਮਰੀਜ਼ ਬਿਨਾ ਇਲਾਜ਼ ਦੇ ਇਕ ਮਹੀਨੇ ਤੋਂ ਵੱਧ ਨਹੀਂ ਬਚ ਸਕਦੇ ਹਨ ਕਿਉਕਿ ਏਨੂਰਿਜ਼ਮ ਵਿਚੋਂ ਲਹੂ ਵਗਣਾ ਦਬਾਰਾ ਸ਼ੁਰੂ ਹੋ ਜਾਂਦਾ ਹੈ। ਐਨਰਿਜ਼ਮ ਲਹੂ ਦਾ ਵਹਾਅ ਇਕ ਤਤਕਾਲਿਨ ਇਲਾਜ ਹੈ। ਏਜਿਓਗ੍ਰਾਫੀ ਅਤੇ ਜਲਦ ਏਨੂਰਿਜ਼ਮ ਇਲਾਜ ਨਾਲ ਦੁਬਾਰਾ ਖੂਨ ਵਹਾਅ ਹੋਣ ਵਾਲੀ ਪ੍ਰੇਸ਼ਾਨੀ ਦਾ ਐਨੂਰਿਜ਼ਮ ਹੀ ਇਕੋ ਇਕ ਪਹਿਚਾਣ ਹੈ। ਇਸ ਦੇ ਨਾਲ ਹੀ ਇਸ ਦਾ ਇਕ ਆਮ ਕਾਰਣ ਉਹ ਵੀ ਹੋ ਜਾਂਦਾ ਹੈ ਕਿ ਉਨ੍ਹਾਂ 'ਤੇ ਕੰਮ ਦਾ ਤੇ ਪੂਰੇ ਘਰ ਪ੍ਰਵੀਨ ਦਾ ਬੋਝ ਰਹਿੰਦਾ ਹੈ ਕਿ ਉਹਨਾਂ ਨੂੰ ਇਸ ਤੇ ਤਣਾਅ ਤੇ ਪ੍ਰਸ਼ਾਨੀਆ ਦਾ ਬੋਝ ਰਹਿੰਦਾ ਹੈ ਕਿ ਉਹਨਾਂ ਨੂੰ ਇਸ ਤੋਂ ਵੱਧ ਤੇ ਤਣਾਅ ਤੇ ਪ੍ਰੇਸ਼ਾਨੀਆ ਦਾ ਸਾਹਮਣਾ ਕਰਨਾ ਪੈਂਦਾਂ ਹੈ। ਜਿਸ ਦੇ ਕਾਰਣ ਉਹ ਆਪਣੇ ਵੱਲ ਧਿਆਨ ਨਹੀਂ ਦੇ ਸਕਦੀਆ ਹਨ ਤੇ ਆਪਣੀ ਤਕਲੀਫ ਨੂੰ ਛੁਪਾਈ ਰੱਖਦੀਆ ਹਨ ਕਿਉਂਕਿ ਜੇ ਮਰਦ ਨੂੰ ਹਲਕੀ ਵੀ ਪ੍ਰੇਸ਼ਾਨੀ ਜਾਂ ਸੱਟ ਲਗਦੀ ਹੈ ਤਾਂ ਉਸ ਨੂੰ ਵਧੀਆ ਤੋਂ ਵਧੀਆ ਇਲਾਜ ਦਿੱਤਾ ਜਾਂਦਾ ਹੈ ਤੇ ਉਸ ਦਾ ਬਚਾਅ ਕੀਤਾ ਜਾਂਦਾ ਹੈ ਪਰ ਉਥੇ ਜੇ ਕਿਸੇ ਔਰਤ ਦੇ ਨਾਲ ਅਜੇਹਾ ਕੁਝ ਹੁੰਦਾ ਹੈ ਤਾ ਉਸ ਨੂੰ ਨਜ਼ਰ ਅੰਦਾਜ਼ ਕਰ ਦਿਤਾ ਜਾਂਦਾ ਹੈ। ਜਿਸ ਦੇ ਸਿਟੇ ਵਜੋਂ ਉਸ ਨੂੰ ਸਮੇਂ ਸਿਰ ਇਲਾਜ ਨਾ ਮਿਲਣ ਕਾਰਣ ਉਹ ਪ੍ਰੇਸ਼ਾਨੀ ਇਕ ਘਾਤਕ ਰੋਗ ਬਣ ਜਾਂਦੀ ਹੈ।

**ਹੱਲ ਤੇ ਇਲਾਜ਼**

ਅਕਸਰ ਇਸ ਦਾ ਇਲਾਜ ਰਿਵਾਇਤੀ ਵਿਧੀ ਸਰਜਰੀ ਰਾਹੀਂ ਕੀਤਾ ਜਾਂਦਾ ਹੈ। ਸਰਜਰੀ ਅਜੇਹੀ ਪੁਰਾਣੀ ਤਕਨੀਕ ਹੈ ਜਿਸ ਵਿੱਚ ਦਿਮਾਗ 'ਚ ਸਰਜਰੀ ਇਲਾਜ ਕਰਕੇ ਨਸ਼ਟ ਹੋਈ ਨਸ਼ ਵਿੱਚ ਕਲਿਪ ਲਾ ਕੇ ਖੂਨ ਵਗਣ ਨੂੰ ਰੋਕਿਆ ਜਾਂਦਾ ਸੀ। ਇਸ 'ਚ ਖੂਨ ਵੀ ਬਹੁਤ ਵਗਦਾ ਸੀ ਤੇ ਟਰੋਮਾ (ਸੱਟ ਫੇਟ) ਵੀ ਜਾਂਦੀ ਸੀ ਪਰ ਉਥੇ ਇੰਡੋ ਤਕਨੀਕ 'ਚ ਡਾਕਟਰ ਪੈਰਾਂ 'ਚ ਛੋਟਾ ਜਿਹਾ ਸੁਰਾਖ ਕਰਕੇ ਕੈਥੇਟਰ ਦੀ ਵਧੀਆ ਕਿਸਮ ਦੀ ਕੈਥ ਨੂੰ ਕਥਿਤ ਨਸ਼ਟ ਨਸ਼ ਤੱਕ ਪਹੁੰਚਾਇਆ ਜਾਂਦਾ ਹੈ ਜੋ ਕਿ ਖੂਨ ਦੇ ਵਹਾਅ ਨੂੰ ਬੰਦ ਕਰ ਦਿੰਦੀ ਹੈ। ਇਹ ਕ੍ਰਿਆ ਨੂੰ ਕਵਾਅਲਿੰਗ ਕਿਹਾ ਜਾਂਦਾ ਹੈ ਇਸ ਦਾ ਫਾਇਦਾ ਇਹ ਹੈ ਕਿ ਇਸ ਨਾਲ ਅਪ੍ਰੇਸ਼ਨ ਪ੍ਰੀਕਿਆ ਘੱਟ ਹੁੰਦੀ ਹੈ ਤੇ ਕਾਫੀ ਹਿਸੇ ਨੂੰ ਬਹੁਤ ਘੱਟ ਨੁਕਸਾਨ ਪਹੁੰਚਦਾ ਹੈ ਇਕ ਮਾਈਕ੍ਰੋਕੈਥੀਟਰ (ਇਕ ਬਹੁਤ ਹੀ ਪਤਲੀ ਟਿਊਬ) ਨੂੰ ਪੈਰਾ ਦੀਆਂ ਰਕਤ ਵਹਿਨੀਆ ਰਾਹੀ ਦਿਮਾਗ ਦੇ ਏਨੂਰਿਜ਼ਮ 'ਚ ਰਖਿਆ ਗਿਆ ਹੈ। ਅਧੁਨਿਕ ਕਵਾਲਿੰਗ ਤਕਨੀਕ ਰਾਹੀਂ ਐਨੂਰਿਜ਼ਮ ਦਾ ਇਲਾਜ ਕੀਤਾ ਜਾਂਦਾ ਹੈ। ਇਸ ਅਮਲ ਨੂੰ ਕਵਾਅਲਿੰਗ ਕਹਿੰਦੇ ਹਨ। ਜਿਸ ਨਾਲ ਘੱਟੋ-ਘੱਟ ਖਤਰੇ ਤੇ ਬਿਹਤਰ ਸਿੱਟਾ ਉਭਰ ਕੇ ਆਇਆ ਹੈ। ਮਾਹਰਾ ਦਾ ਇਹ ਕਹਿਣਾ ਹੈ ਕਿ ਕਵਲਿੰਗ ਸਰਜਰੀ ਹੀ ਇਸ ਇਲਾਜ ਦਾ ਬੇਹਤਰ ਬਦਲ ਹੈ। ਹਾਲਾਂ ਕਿ ਇਸ ਇਲਾਜ ਦੀ ਸਹੀ ਜਾਣਕਾਰੀ ਨਾ ਹੋਣ ਦਾ ਕਾਰਣ ਹੀ ਸਾਡੇ ਦੇਸ਼ 'ਚ ਅਨੇਕਾ ਬੰਦੇ ਇਸ ਨੂੰ ਝਲ ਰਹੇ ਹਨ ਅਤੇ ਇਸ ਤਕਨੀਕ ਦਾ ਫਾਇਦਾ ਵੀ ਨਹੀਂ ਉਠਾ ਰਹੇ ਹਨ। ਹੁਣ ਆਧੁਨਿਕ ਇੰਟਰਵੈਸ਼ਨਲ ਦੇ ਨਾਲ ਇੰਡੋਵਸਕੂਲਰ ਤਕਨੀਕ 3-ਡੀ ਅਤੇ ਹੋਰ ਵਿਕਸਤ ਤਕਨੀਕ ਦੀ ਵਰਤੋਂ ਕਰ ਰਹੀ ਹੈ ਜਿਸ ਨਾਲ ਹੁਣ ਮਰੀਜ਼ਾ ਨੂੰ ਘੱਟ ਖਤਰੇ ਤੇ ਪ੍ਰੇਸ਼ਾਨੀ ਦੇ ਨਾਲ ਨਾਲ ਬਹੇਤਰ ਸਿੱਟੇ ਮਿਲ ਰਹੇ ਹਨ।

9815629301

## ਕੌੜੀ ਨਿੰਮ ਦੇ ਮਿੱਠੇ ਗੁਣ



- ਨਿੰਮ ਦੇ ਪੱਤਿਆਂ ਦਾ ਸ਼ਰਬਤ ਪੇਚਿਸ਼ ਵਿਚ ਫਾਇਦੇਮੰਦ ਹੈ।
- ਨਿੰਮ ਦੀ ਜੜ੍ਹ ਨੂੰ ਪੀਸ ਕੇ ਮੂੰਹ 'ਤੇ ਲਗਾਇਆ ਜਾਵੇ ਤਾਂ ਮੁਹਾਸੇ ਛੇਤੀ ਠੀਕ ਹੋ ਜਾਂਦੇ ਹਨ।
- ਕਬਜ਼ ਹੋਣ ਜਾਂ ਦਸਤ ਸਾਫ਼ ਨਾ ਹੋਣ 'ਤੇ ਨਿੰਮ ਦੇ 4-5 ਫੁੱਲ ਰਾਤ ਨੂੰ ਸੌਣ ਸਮੇਂ ਗਰਮ ਪਾਣੀ ਨਾਲ ਖਾਣ ਨਾਲ ਲਾਭ ਹੁੰਦਾ ਹੈ।
- ਨਿੰਮ ਦੇ ਪੱਤਿਆਂ ਦਾ ਰਸ ਦਿਨ ਵਿਚ ਦੋ ਵਾਰ ਅੱਧਾ-ਅੱਧਾ ਤੋਲਾ ਸੇਵਨ ਕਰਨ ਨਾਲ ਸ਼ੀਤ ਪਿੱਤ ਵਿਚ ਆਰਾਮ ਮਿਲਦਾ ਹੈ।
- ਸਰੀਰ ਵਿਚ ਜਲਣ ਹੋਣ 'ਤੇ ਨਿੰਮ ਦੇ ਕੋਮਲ ਪੱਤਿਆਂ ਨੂੰ ਪੀਸ ਕੇ ਪੂਰੇ ਸਰੀਰ 'ਤੇ ਮਲਣਾ ਚਾਹੀਦਾ ਹੈ।
- ਪੁਰਾਣੇ ਜ਼ਖ਼ਮ 'ਤੇ ਨਿੰਮ ਦੇ ਪੱਤਿਆਂ ਦੀ ਪੁਲਿਟਸ ਬਣਾ ਕੇ ਬੰਨ੍ਹਣ ਨਾਲ ਛੇਤੀ ਲਾਭ ਹੁੰਦਾ ਹੈ ਅਤੇ ਜ਼ਖ਼ਮ ਭਰਨ ਵਿਚ ਆਸਾਨੀ ਹੁੰਦੀ ਹੈ।
- ਨਿੰਮ ਦਾ ਤੇਲ ਫੋੜੇ-ਫਿਨਸੀਆਂ ਨੂੰ ਛੇਤੀ ਠੀਕ ਕਰਦਾ ਹੈ।
- ਨਿੰਮ ਦੇ ਪੱਤਿਆਂ ਨੂੰ ਜਲਾ ਕੇ ਸੁਆਹ ਨੂੰ ਮਿੱਠੇ ਤੇਲ ਦੇ ਨਾਲ ਮਿਲਾ ਕੇ ਲਗਾਉਣ ਨਾਲ ਖੁਜਲੀ ਛੇਤੀ ਹੀ ਠੀਕ ਹੁੰਦੀ ਹੈ।
- ਨਿੰਮ ਦੇ ਪੱਤਿਆਂ ਨੂੰ ਉਬਾਲ ਕੇ ਉਸ ਦੇ ਪਾਣੀ ਨਾਲ ਫੋੜੇ, ਜ਼ਖ਼ਮ ਆਦਿ ਧੋਣ ਨਾਲ ਲਾਭ ਹੁੰਦਾ ਹੈ।
- ਚੇਚਕ ਰੋਗ ਲਈ ਨਿੰਮ ਦੀ ਵਰਤੋਂ ਕਿਸੇ ਰਾਮਬਾਣ ਤੋਂ ਘੱਟ ਨਹੀਂ। ਇਸ ਦੀ ਵਰਤੋਂ ਹਰ ਤਰ੍ਹਾਂ ਨਾਲ ਕੀਤੀ ਜਾ ਸਕਦੀ ਹੈ। ਨਿੰਮ ਦੀ ਗਿਟਕ, ਬਹੇੜੇ ਦੇ ਬੀਜ ਅਤੇ ਹਲਦੀ ਡੇਢ-ਡੇਢ ਮਾਸਾ ਮਿਲਾ ਕੇ ਪੀਸ ਲਓ। 21 ਦਿਨ ਤੱਕ ਠੰਢੇ ਪਾਣੀ ਨਾਲ ਇਸ ਦਾ ਸੇਵਨ ਕਰਨ ਨਾਲ ਚੇਚਕ ਦਾ ਡਰ ਨਹੀਂ ਰਹਿੰਦਾ। ਨਿੰਮ ਦੇ 5-7 ਪੱਤਿਆਂ ਨੂੰ ਕਾਲੀ ਮਿਰਚ ਦੇ ਨਾਲ ਹਰ ਰੋਜ਼ ਸਵੇਰੇ-ਸ਼ਾਮ ਖਾਣ ਨਾਲ ਇਕ ਸਾਲ ਤੱਕ ਚੇਚਕ ਹੋਣ ਦਾ ਖ਼ਤਰਾ ਨਹੀਂ ਰਹਿੰਦਾ।

-ਮੀਨਾ ਜੈਨ ਛਾਬੜਾ




## ਕਰਜ਼ਾ ਮੁਕਤੀ- ਗਲ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲਾਂ ਵਿੱਚੋਂ ਨੀਰ ਵੱਗਿਆ

# ਖ਼ੁਦਕੁਸ਼ੀਆਂ ਦੇ ਵਧ ਰਹੇ ਦਰਦਨਾਕ ਵਰਤਾਰੇ ਬਾਰੇ ਸੰਵੇਦਨਸ਼ੀਲ ਪਹੁੰਚ ਜ਼ਰੂਰੀ



ਹਮੀਰ ਸਿੰਘ

ਪੰਜਾਬ ਦੇ ਮਸ਼ਹੂਰ ਕਵੀ ਸੰਤ ਰਾਮ ਉਦਾਸੀ ਜਦੋਂ ਜਨਤਕ ਸਟੇਜਾਂ ਉੱਤੇ ਕਿਸਾਨ ਅਤੇ ਖੇਤ ਮਜ਼ਦੂਰ ਦੀ ਹੋਣੀ ਦੀ ਦਾਸਤਾਨ ਨੂੰ ਬਿਆਨ ਕਰਦਾ ਗੀਤ, ਗਲ ਲੱਗ ਕੇ ਸੀਰੀ ਦੇ ਜੱਟ ਰੋਵੇ- ਬੋਹਲਾਂ ਵਿੱਚੋਂ ਨੀਰ ਵੱਗਿਆ, ਗਾਉਂਦੇ ਸਨ ਤਾਂ ਸਰੋਤਿਆਂ ਦੀਆਂ ਅੱਖਾਂ ਨਮ ਹੋਏ ਬਿਨਾਂ ਨਹੀਂ ਸਨ ਰਹਿੰਦੀਆਂ। ਇਹ ਉਹ ਸਮਾਂ ਸੀ ਜਦੋਂ ਕਿਸਾਨ ਅਤੇ ਮਜ਼ਦੂਰ ਤੰਗੀ-ਤੁਰਸੀ ਦਾ ਸ਼ਿਕਾਰ ਤਾਂ ਸਨ ਪਰ ਕਹਾਣੀ ਜੀਵਨ ਦੀ ਲੜਾਈ ਹਾਰ ਕੇ ਖ਼ੁਦਕੁਸ਼ੀਆਂ ਕਰਨ ਤੱਕ ਨਹੀਂ ਸੀ ਪੁੱਜੀ। ਕਿਸਾਨ ਆਪਣੇ ਕਰਜ਼ੇ ਦੀ ਭਿਣਕ ਕਿਸੇ ਨੂੰ ਨਹੀਂ ਸੀ ਲੱਗਣ ਦਿੰਦਾ। ਇਸ ਨੂੰ ਸਮਾਜ ਵਿੱਚ ਬੇਇਜ਼ਤੀ ਅਤੇ ਬੱਚਿਆਂ ਦੀ ਸ਼ਾਦੀ ਕਰਨ ਵਿੱਚ ਆਉਣ ਵਾਲੀ ਸਮਾਜਿਕ ਮੁਸ਼ਕਿਲ ਵਜੋਂ ਦੇਖਿਆ ਜਾਂਦਾ ਸੀ। ਹੁਣ ਜਦੋਂ ਪਾਣੀ ਸਿਰੋਂ ਪਾਰ ਹੋ ਗਿਆ ਹੈ ਤਾਂ ਉਹੀ ਕਿਸਾਨ ਅਤੇ ਮਜ਼ਦੂਰ ਕਰਜ਼ੇ ਦੇ ਸਾਰੇ ਪਰਦੇ ਲਾਹ ਕੇ ਹਰ ਇੱਕ ਦੇ ਸਾਹਮਣੇ ਰੱਖਣ ਲਈ ਮਜਬੂਰ ਹੈ। ਅਜਿਹੀ ਸਥਿਤੀ ਵਿੱਚ ਸਰਕਾਰਾਂ ਨੇ ਕਿਸਾਨ ਅਤੇ ਮਜ਼ਦੂਰ ਦੇ ਨਾਮ ਉੱਤੇ ਵੋਟਾਂ ਲਈਆਂ, ਸਰਕਾਰਾਂ ਬਣਾਈਆਂ ਅਤੇ ਪਰਨਾਲਾ ਉੱਥੇ ਦਾ ਉੱਥੇ ਰਿਹਾ।

ਦੋ ਦਹਾਕੇ ਪਹਿਲਾਂ ਤੱਕ ਵੀ ਦੇਸ਼ ਦੇ ਬਾਕੀ ਸੂਬੇ ਪੰਜਾਬ ਵਰਗਾ ਬਣਨਾ ਲੋਚਦੇ ਸਨ। ਅਨਾਜ ਦੇ ਅੰਬਾਰ ਲਗਾ ਕੇ ਦੇਸ਼ ਦਾ ਢਿੱਡ ਭਰਨ ਤੋਂ ਪੰਜਾਬ ਬਿਹਾਰ ਅਤੇ ਯੂਪੀ ਦੇ ਮਜ਼ਦੂਰਾਂ ਦੇ ਰੋਜ਼ਗਾਰ ਦਾਤਾ ਵਜੋਂ ਵੀ ਦੇਖਿਆ ਜਾਂਦਾ ਸੀ। ਹੁਣ ਉਹੀ ਪੰਜਾਬ ਆਪਣੀ ਹੋਣੀ ਉੱਤੇ ਹੰਝੂ ਵਹਾ ਰਿਹਾ ਹੈ। ਪੰਜਾਬ ਦਾ ਪਾਣੀ ਡਰਾਉਣੀ ਹਾਲਤ ਤੱਕ ਹੇਠਾਂ ਚਲਾ ਗਿਆ, ਆਬੋ ਹਵਾ ਖ਼ਰਾਬ ਹੋਣ ਨਾਲ ਬਿਮਾਰੀਆਂ ਵੱਲੋਂ ਪਸਾਰੇ ਜਾ ਰਹੇ ਪੈਰ ਅਤੇ ਮਿੱਟੀ ਵਿੱਚ ਛਿੜਕੀਆਂ ਜ਼ਹਿਰਾਂ ਨਾਲ ਜ਼ਹਿਰੀਲੀ ਹੋਈ ਧਰਤੀ ਸੂਬੇ ਦੀ ਬਰਬਾਦੀ ਦੀ ਕਹਾਣੀ ਬਿਆਨ ਕਰ ਰਹੀ ਹੈ। ਅਜਿਹੇ ਮੌਕੇ ਪੰਜਾਬ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਹੈ। ਕੁਦਰਤ ਅਤੇ ਮਨੁੱਖ ਵਿਰੋਧੀ ਵਿਕਾਸ ਦੇ ਮਾਡਲ ਦੇ ਚਲੱਦਿਆਂ ਸੁਭਾਵਿਕ ਹੀ ਖੇਤੀ ਦਾ ਮਾਡਲ ਵੀ ਇਸੇ ਸ਼ਿਕੰਜੇ ਵਿੱਚ ਜਕੜਿਆ ਗਿਆ ਹੈ। ਕਿਸਾਨ, ਮਜ਼ਦੂਰ ਅਤੇ ਪੇਂਡੂ ਅਰਥਵਿਵਸਥਾ ਉੱਤੇ ਨਿਰਭਰ ਹੋਰ ਛੋਟੇ ਕਿੱਤਿਆਂ ਵਾਲੇ ਲੋਕਾਂ ਦੀ ਲਾਚਾਰੀ ਵਾਲੀ ਸਥਿਤੀ ਦੇਖ ਕੇ ਕੁੱਝ ਫੌਰੀ ਰਿਆਇਤਾਂ ਰਾਹੀਂ ਵੋਟ ਲੈਣ ਦੀ ਰਣਨੀਤੀ ਅਖ਼ਤਿਆਰ ਕਰ ਲਈ ਹੈ। ਇਸ ਵਿੱਚ ਉਨ੍ਹਾਂ ਨੂੰ ਕਾਮਯਾਬੀ ਵੀ ਮਿਲੀ ਹੈ। ਕਿਸਾਨੀ ਦੇ ਨਾਮ ਉੱਤੇ ਖ਼ੂਬ ਸਿਆਸਤ ਹੋ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਕਰਜ਼ਾ ਮੁਕਤ ਕਰਨ ਦਾ ਵਾਅਦਾ ਕੀਤਾ। ਵਾਅਦੇ ਨੂੰ ਸਪਸ਼ਟ ਕਰਦਿਆਂ, ਬੈਂਕਾਂ, ਸਹਿਕਾਰੀ ਸਭਾਵਾਂ ਅਤੇ ਸ਼ਾਹੂਕਾਰਾਂ ਦੀ ਅਲੱਗ ਅਲੱਗ ਵਿਆਖਿਆ ਹੀ ਨਹੀਂ ਬਲਕਿ ਫਾਰਮ ਤੱਕ ਭਰਵਾ ਲਏ ਗਏ। ਸੂਬੇ ਦੇ ਕਿਸਾਨਾਂ ਸਿਰ ਔਸਤਨ 80 ਹਜ਼ਾਰ ਰੁਪਏ ਦਾ ਕਰਜ਼ਾ ਹੈ। ਖੇਤ ਮਜ਼ਦੂਰਾਂ ਸਿਰ ਵੀ ਚਾਰ ਹਜ਼ਾਰ ਕਰੋੜ ਤੋਂ ਵੱਧ ਦਾ ਕਰਜ਼ਾ ਹੈ। ਸਰਕਾਰ ਬਣਨ ਤੋਂ ਬਾਅਦ ਦਬਾਅ ਬਣਨਾ ਸੁਭਾਵਿਕ ਸੀ ਤਾਂ ਸਪਸ਼ਟ ਫੈਸਲੇ ਦੇ ਬਜਾਇ ਕਮੇਟੀ ਦਰ ਕਮੇਟੀ ਬਣਦੀ ਗਈ। ਸਰਕਾਰੀ, ਪ੍ਰਾਈਵੇਟ ਅਤੇ ਸਹਿਕਾਰੀ ਬੈਂਕਾਂ, ਸਹਿਕਾਰੀ ਸਭਾਵਾਂ ਸਮੇਤ ਸੰਸਥਾਗਤ ਕਰਜ਼ੇ ਦੀ ਮੁਆਫ਼ੀ ਬਾਰੇ ਸੁਝਾਅ ਦੇਣ ਲਈ ਡਾ. ਟੀ. ਹੱਕ ਦੀ ਅਗਵਾਈ ਵਿੱਚ ਕਮੇਟੀ ਬਣਾ ਦਿੱਤੀ। ਖ਼ੁਦਕੁਸ਼ੀ ਪੀੜਤ ਪਰਿਵਾਰ ਅਤੇ ਖੇਤ ਮਜ਼ਦੂਰ ਰਹਿਣ ਦਾ ਮੁੱਦਾ ਉੱਭਰਿਆ ਤਾਂ ਇੱਕ ਵਿਧਾਨ ਸਭਾ ਦੀ ਕਮੇਟੀ ਬਣਾ ਦਿੱਤੀ। ਸ਼ਾਹੂਕਾਰਾ ਕਰਜ਼ੇ ਨੂੰ ਛੱਡ ਦਿੱਤੇ ਜਾਣ ਦੇ ਮੁੱਦੇ ਕਰਕੇ ਤਿੰਨ ਮੰਤਰੀਆਂ ਨਵਜੋਤ ਸਿੱਧੂ, ਮਨਪ੍ਰੀਤ ਬਾਦਲ ਅਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਉੱਤੇ ਆਧਾਰਿਤ ਕਮੇਟੀ ਬਣਾ ਦਿੱਤੀ। ਇਸ ਕਮੇਟੀ ਨੇ ਤਾਂ ਮੀਟਿੰਗਾਂ ਹੀ ਹਾਈਕੋਰਟ ਵਿੱਚ ਜਨਹਿੱਤ ਪਟੀਸ਼ਨ ਦਾਇਰ ਹੋ ਜਾਣ ਤੋਂ ਬਾਅਦ ਸ਼ੁਰੂ ਕੀਤੀਆਂ ਹਨ। ਕੈਪਟਨ ਅਤੇ ਬਾਦਲ ਦੀਆਂ ਪਹਿਲੀਆਂ ਸਰਕਾਰਾਂ ਸਮੇਂ ਵੀ ਕਮੇਟੀਆਂ ਰਾਹੀਂ ਹੀ ਕੰਮ ਮਿੱਟੀ ਕਰਵਾ ਦਿੱਤਾ ਗਿਆ ਸੀ।

ਹੱਕ ਕਮੇਟੀ ਦੀ ਅੰਤ੍ਰਿਮ ਰਿਪੋਰਟ ਦੇ ਆਧਾਰ ਉੱਤੇ ਪੰਜ ਏਕੜ ਤੱਕ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਦਾ ਫਸਲੀ ਕਰਜ਼ਾ, ਢਾਈ ਏਕੜ ਤੱਕ ਵਾਲਿਆਂ ਦੇ ਕੁੱਲ ਕਰਜ਼ੇ ਚੋਂ ਦੋ ਲੱਖ ਰੁਪਏ ਮੁਆਫ਼ ਕਰਨ ਦਾ ਐਲਾਨ ਕਰ ਦਿੱਤਾ ਗਿਆ। ਇਸ ਨਾਲ 10.25 ਲੱਖ ਖਾਤਿਆਂ ਚੋਂ ਪੈਸਾ ਮੁਆਫ਼ ਹੋਣ ਦਾ ਅਨੁਮਾਨ ਪੇਸ਼ ਕੀਤਾ। ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦੇ ਐਲਾਨ ਸਮੇਤ ਕੁੱਲ 9500 ਕਰੋੜ ਰੁਪਏ ਦੀ ਜ਼ਰੂਰਤ ਸੀ। ਬਜਟ ਵਿੱਚ ਰੱਖੇ 1500 ਕਰੋੜ ਵਿੱਚੋਂ ਪੰਜ ਸੌ ਕਰੋੜ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਲਈ ਵੀ ਸੀ। ਖੇਤ ਮਜ਼ਦੂਰਾਂ ਦੇ ਅੰਕੜੇ ਨਾ ਹੋਣ ਦੇ ਬਹਾਨੇ ਨਾਲ ਫਿਲਹਾਲ ਕੁੱਝ ਨਹੀਂ ਕੀਤਾ ਗਿਆ। ਟਰਮ ਲੋਨ (ਮਿਆਦੀ ਕਰਜ਼ੇ) ਬਾਰੇ ਖਾਮੋਸ਼ੀ ਹੈ। ਸਹਾਇਕ ਧੰਦਿਆਂ ਦੇ ਕਰਜ਼ਿਆਂ ਬਾਰੇ ਕੋਈ ਗੱਲ ਨਹੀਂ।

ਪਹਿਲੀ ਕਿਸ਼ਤ ਨੂੰ ਲੈ ਕੇ ਹੀ ਮੁੱਖ ਮੰਤਰੀ ਕੇਂਦਰ ਸਰਕਾਰ ਦੇ ਚੱਕਰ ਕੱਢ ਰਹੇ ਹਨ ਕਿ ਦਸ ਹਜ਼ਾਰ ਕਰੋੜ ਕਰਜ਼ਾ ਨਵਾਂ ਲੈਣ ਦੀ ਇਜਾਜ਼ਤ ਦਿੱਤੀ ਜਾਵੇ। ਕੇਂਦਰ ਵਿੱਚ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਹਿ ਰਹੇ ਹਨ ਕਿ ਕੇਂਦਰ ਤੋਂ ਕਰਜ਼ਾ ਮੁਆਫੀ ਵਿਚੱ ਸਹਿਯੋਗ ਕਿਉਂ ਮੰਗਿਆ ਜਾ ਰਿਹਾ ਹੈ। ਆਪਣੇ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਦਰਦਨਾਕ ਮੌਤਾਂ ਤੋਂ ਵੀ ਵੱਧ ਹੇਜ ਕੇਂਦਰ ਸਰਕਾਰ ਦਾ ਕਿਉਂ ਹੈ? ਸੰਘੀ ਢਾਂਚੇ ਦੀ ਮੁਦਈ ਪਾਰਟੀ ਹੁਣ ਕੇਂਦਰ ਦੇ ਪੱਖੀ ਕਿਉਂ ਹੋ ਗਈ? ਕਾਰਪੋਰੇਟ ਦਾ ਕਰਜ਼ਾ ਮੁਆਫ਼ ਕਰਨ ਸਮੇਂ ਕੇਂਦਰ ਖ਼ੁਦ ਹੀ ਫੈਸਲਾ ਕਿਵੇਂ ਲੈ ਲੈਂਦਾ ਹੈ?

ਇੱਕ ਗੱਲ ਸਾਫ ਹੈ ਕਿ ਕੈਪਟਨ ਅਮਰਿੰਦਰ ਸਿੰਘ ਕਹਿਣ ਨੂੰ ਜੋ ਮਰਜ਼ੀ ਕਹਿਣ ਪਰ ਸਮੁੱਚਾ ਕਰਜ਼ਾ ਮੁਆਫ ਕਰਨ ਦੀ ਗੱਲ ਤੋਂ ਪਿੱਛੇ ਹਟ ਗਏ ਹਨ। ਸ਼ਾਹੂਕਾਰਾ ਕਰਜ਼ੇ ਦੀ ਮੁਆਫ਼ੀ ਤੋਂ ਤਾਂ ਉਨ੍ਹਾਂ ਉਸੇ ਸਮੇਂ ਪਿੱਠ ਘੁਮਾ ਲਈ ਸੀ ਜਦੋਂ ਸ਼ਾਹੂਕਾਰਾਂ ਦੀ ਸਟੇਜ਼ ਤੋਂ ਫਕਰ ਏ ਕੌਮ ਦਾ ਖ਼ਿਤਾਬ ਲੈਣ ਚਲੇ ਗਏ। ਕਿਸਾਨਾਂ- ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਤਾਂ ਇੱਕ ਤੋਂ ਵਧ ਕੇ ਪੰਜ ਤੱਕ ਪਹੁੰਚ ਚੁੱਕੀ ਹੈ। ਇਸ ਲਈ ਇਸ ਵੱਡੀ ਆਬਾਦੀ ਕੋਲ ਤਾਂ ਫ਼ਖ਼ਰ ਕਰਨ ਲਈ ਵੀ ਕੁੱਝ ਨਹੀਂ ਬਚਿਆ। ਪੰਜਾਬ ਨੂੰ ਮੁੜ ਕੇ ਸਰ ਛੋਟੂ ਰਾਮ ਵਰਗੇ ਕਿਸਾਨਾਂ ਦੇ ਹਮਦਰਦ ਅਤੇ ਠੋਸ ਫੈਸਲਾ ਕਰਨ ਵਾਲੇ ਆਗੂ ਦੀ ਦਰਕਾਰ ਹੈ। ਜਿਸ ਨੇ ਬਰਤਾਨਵੀ ਰਾਜ ਦੇ ਦੌਰਾਨ ਵੀ 1934 ਵਿੱਚ ਦਿਹਾਤੀ ਕਰਜ਼ਾ ਨਿਵਾਰਣ ਦਾ ਕਾਨੂੰਨ ਪਾਸ ਕਰਵਾ ਕੇ ਵਿਆਜ਼ ਦੀ ਦਰ ਨਿਸਚਤ ਕਰ ਦਿੱਤੀ, ਰੋਜ਼ੀ ਰੋਟੀ ਦੇ ਸਾਧਨ ਵਜੋਂ ਵਰਤੀ ਜਾਂਦੀ ਜ਼ਮੀਨ ਸਮੇਤ




ਹਰ ਚੀਜ ਦੀ ਕੁਰਕੀ ਉੱਤੇ ਰੋਕ ਲਗਾ ਦਿੱਤੀ ਅਤੇ ਦੁੱਗਣਾ ਪੈਸਾ ਮੋੜ ਦਿੱਤੇ ਜਾਣ ਉੱਤੇ ਕਰਜ਼ਾ ਵਾਪਸ ਆਇਆ ਸਮਝ ਲਿਆ ਗਿਆ। ਹੁਣ ਤੱਕ ਦੀ ਕਾਰਗੁਜ਼ਾਰੀ ਦੇ ਸੰਕੇਤ ਇਹੀ ਹਨ ਕਿ ਇਸ ਮੌਕੇ ਸਰ ਛੋਟੂ ਰਾਮ ਬਣਨ ਦੀ ਹੈਸੀਅਤ ਵਾਲਾ ਆਗੂ ਡਾਢਾ ਮੁਸ਼ਕਿਲ ਕੰਮ ਹੈ। ਖ਼ੁਦਕੁਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਦੀਆਂ ਅਰਜ਼ੀਆਂ ਵੀ ਤਕਨੀਕੀ ਘੁਣਤਰਬਾਜੀ ਕਾਰਨ ਰੱਦ ਹੋ ਰਹੀਆਂ ਹਨ। 1783 ਵਿੱਚੋਂ 1047 ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ। ਇਹ ਪ੍ਰਸ਼ਾਸਨਿਕ ਪੱਧਰ ਉੱਤੇ ਸੰਵੇਦਨਹੀਣ ਪਹੁੰਚ ਦੀ ਨਿਸ਼ਾਨੀ ਹੈ ਅਤੇ ਅਦਲੀ ਰਾਜੇ ਦਾ ਦਰਵਾਜ਼ਾ ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਲਈ ਬਹੁਤ ਦੂਰ ਦੀ ਕੌਡੀ ਬਣਿਆ ਹੋਇਆ ਹੈ।

ਸਰਕਾਰ ਜੇਕਰ ਚਾਹੇ ਤਾਂ ਕਈ ਫੈਸਲੇ ਬਿਨ੍ਹਾਂ ਪੈਸੇ ਵੀ ਲਏ ਜਾ ਸਕਦੇ ਹਨ। ਮਹਾਤਮਾ ਗਾਂਧੀ ਦਿਹਾਤੀ ਰੋਜ਼ਗਾਰ ਗਰੰਟੀ ਕਾਨੂੰਨ ਤਹਿਤ ਘੱਟੋ ਘੱਟ 100 ਦਿਨ ਦਾ ਕੰਮ ਸੰਵਿਧਾਨਕ ਅਧਿਕਾਰ ਹੋ ਗਿਆ ਹੈ। ਪੰਜ ਏਕੜ ਤੱਕ ਜ਼ਮੀਨ ਵਾਲੇ ਕਿਸਾਨ ਵੀ ਆਪਣੇ ਖੇਤ ਵਿੱਚ ਕੰਮ ਕਰਕੇ ਮਗਨਰੇਗਾ ਦੀ ਦਿਹਾੜੀ ਅਤੇ ਮਟੀਰੀਅਲ ਲਾਗਤ ਦਾ ਲਾਭ ਲੈ ਸਕਦੇ ਹਨ। ਜੇ ਸਭ ਨਹੀਂ ਤਾਂ ਖ਼ੁਦਕੁਸ਼ੀ ਪੀੜਤ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਨੂੰ ਸੌ ਦਿਨ ਦੇ ਕੰਮ ਦੀ ਗਰੰਟੀ ਕਿਉਂ ਨਹੀਂ ਹੋ ਸਕਦੀ? ਪੰਜਾਬ ਵਿੱਚ ਲਗਪਗ ਦਸ ਹਜ਼ਾਰ ਖ਼ੁਦਕੁਸ਼ੀਆਂ ਦੇ ਤੱਥ ਨੂੰ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਸਰਵੇਖਣਾਂ ਤਹਿਤ ਵੀ ਮੰਨਿਆ ਗਿਆ ਹੈ। ਇਸ ਵਿੱਚ ਤਾਂ ਪੈਸਾ ਮੰਗਣ ਦੀ ਵੀ ਲੋੜ ਨਹੀਂ, ਮੰਗ ਅਧਾਰਿਤ ਸਕੀਮ ਤਹਿਤ ਕੇਂਦਰ ਦੀ ਜ਼ਿੰਮੇਵਾਰੀ ਹੈ ਕਿ ਪੈਸਾ ਮਿਲੇ। ਪੰਜਾਬ ਵਿੱਚ ਕੰਮ ਦੇ ਦਿਨ ਮਜ਼ਦੂਰਾਂ ਲਈ ਵੀ ਘਟ ਰਹੇ ਹਨ। ਇਹ ਸੂਬਾ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਸੁਆਲੀਆ ਨਿਸ਼ਾਨ ਹੈ। ਇਸ ਤੋਂ ਇਲਾਵਾ ਮਗਨਰੇਗਾ ਵਿੱਚ ਹਰ ਪੰਜਾਹ ਜੌਬ ਕਾਰਡਾਂ ਪਿੱਛੇ ਇੱਕ ਮੇਟ, ਹਰ ਪਿੰਡ ਵਿੱਚ ਰੋਜ਼ਗਾਰ ਸੇਵਕ, 2500 ਜੌਬ ਕਾਰਡਾਂ ਪਿੱਛੇ ਜੇ.ਈ., ਸੋਸ਼ਲ ਆਡਿਟ ਟੀਮਾਂ ਸਮੇਤ ਹਜ਼ਾਰਾਂ ਨੌਕਰੀਆਂ ਪੇਂਡੂ ਖੇਤਰ ਵਿੱਚ ਦੇਣ ਦਾ ਬੰਦੋਬਸਤ ਹੈ। ਫਸਲੀ ਵੰਨ ਸੁਵੰਨਤਾ ਨੂੰ ਵੀ ਇਹ ਹੁੰਗਾਰਾ ਦੇ ਸਕਦੀ ਹੈ।

ਇਨ੍ਹਾਂ ਪਰਿਵਾਰਾਂ ਦੇ ਬੱਚਿਆਂ ਦੀ ਮੁਫ਼ਤ ਕੁਆਲਟੀ ਪੜ੍ਹਾਈ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਨੂੰ ਰੋਜ਼ਗਾਰ ਦੇ ਕਾਬਲ ਬਣਾਉਣ ਦੀ ਯੋਜਨਾ 2500 ਜੌਬ ਕਾਰਡਾਂ ਪਿੱਛੇ ਜੇ.ਈ., ਸੋਸ਼ਲ ਆਡਿਟ ਟੀਮਾਂ ਸਮੇਤ ਹਜ਼ਾਰਾਂ ਨੌਕਰੀਆਂ ਪੇਂਡੂ ਖੇਤਰ ਵਿੱਚ ਦੇਣ ਦਾ ਬੰਦੋਬਸਤ ਹੈ। ਫਸਲੀ ਵੰਨ ਸੁਵੰਨਤਾ ਨੂੰ ਵੀ ਇਹ ਹੁੰਗਾਰਾ ਦੇ ਸਕਦੀ ਹੈ। ਪਿੰਡਾਂ ਨੂੰ ਪਾਟੋਧਾੜ ਹੋਣ ਤੋਂ ਰੋਕਣ ਲਈ ਗ੍ਰਾਮ ਸਭਾਵਾਂ ਰਾਹੀਂ ਮਜ਼ਦੂਰਾਂ ਦੀ ਗਿਣਤੀ ਅਤੇ ਕਰਜ਼ੇ ਦਾ ਹਿਸਾਬ ਲਗਵਾ ਕੇ ਸਰਕਾਰ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਪੂਰੀ ਕਰ ਸਕਦੀ ਹੈ। ਹੁਣ ਤਾਂ ਸਮੁੱਚਾ ਪੰਚਾਇਤ ਵਿਭਾਗ ਅਤੇ ਸਰਕਾਰ ਗ੍ਰਾਮ ਸਭਾਵਾਂ ਕਰਨ ਦੀ ਸੰਵਿਧਾਨਕ ਜ਼ਿੰਮੇਵਾਰੀ ਤੋਂ ਅਜੇ ਕੋਹਾਂ ਦੂਰ ਹੈ। ਗ੍ਰਾਮ ਸਭਾਵਾਂ ਰਾਹੀਂ ਸਮਾਜਿਕ ਲਹਿਰਾਂ ਉਸਾਰ ਕੇ ਪਿੰਡਾਂ ਦੇ ਵਾਤਾਵਰਣ ਨੂੰ ਸੰਭਾਲਣ ਦਾ ਕੰਮ ਵਿਆਪਕ ਪੱਧਰ ਉੱਤੇ ਕੀਤਾ ਜਾ ਸਕਦਾ ਹੈ। ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਬੱਚਿਆਂ ਦੀ ਮੁਫ਼ਤ ਕੁਆਲਟੀ ਪੜ੍ਹਾਈ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਨੂੰ ਰੋਜ਼ਗਾਰ ਦੇ ਕਾਬਲ ਬਣਾਉਣ ਦੀ ਯੋਜਨਾ ਬਣਾਉਣਾ ਸ਼ਾਇਦ ਜ਼ਿਆਦਾ ਮੁਸ਼ਕਿਲ ਕੰਮ ਨਹੀਂ ਹੈ। ਇਸ ਫੌਰੀ ਰਾਹਤ ਨਾਲ ਉਮੀਦ ਬੱਝ ਸਕਦੀ ਹੈ ਅਤੇ ਨਵੇਂ ਸੁਪਨਿਆਂ ਦਾ ਆਗਾਜ਼ ਹੋ ਸਕਦਾ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਨੂੰ ਵੀ ਇਸ ਦਰਦਨਾਕ ਮਾਹੌਲ ਵਿੱਚ ਸੰਵੇਦਨਸ਼ੀਲ ਹੋਣ ਦੀ ਲੋੜ ਹੈ। ਇਸ ਲਈ ਇੱਕਜੁੱਟ ਹੋ ਕੇ ਕਿਸਾਨ ਅਤੇ ਮਜ਼ਦੂਰ ਨੂੰ ਸੰਕਟ ਵਿੱਚੋਂ ਕੱਢਣ ਲਈ ਕੇਂਦਰ ਉੱਤੇ ਦਬਾਅ ਬਣਾਇਆ ਜਾਵੇ। ਇਹ ਖੈਰਾਤ ਨਹੀਂ ਬਲਕਿ ਕਿਸਾਨਾਂ-ਮਜ਼ਦੂਰਾਂ ਦਾ ਹੱਕ ਹੈ।








HomeLife SilverCity
Realty Inc., Brokerage
EACH OFFICE INDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
905-913-8500
50 Cottrelle Blvd., Unit 29, Brampton
www.HomelifeSilvercityTeam.com
Team of OVER 350 Realtors
BALJIT GARCHA
AJIT GARCHA
www.homelifesilvercityteam.com